# ਔਰਤਾਂ ਦੀ ਦਸ਼ਾ ਤੇ ਦਿਸ਼ਾ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਔਰਤਾਂ ਦੀ ਦਸ਼ਾ ਤੇ ਦਿਸ਼ਾ**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2012

© ਲੇਖਕ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2012 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ–1
    - ਭਾਗ–2
    - ਭਾਗ–3
    - ਭਾਗ–4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ

# ਤਤਕਰਾ


1. ਸਾਮਰਾਜੀ ਪ੍ਰਬੰਦ ਬਨਾਮ ਔਰਤਾਂ 5
2. ਯੌਨ ਸੋਸ਼ਣ ਤੋਂ ਤੰਗ ਕੰਮਕਾਜੀ ਔਰਤਾਂ ਲਈ ਨਵਾਂ ਕਨੂੰਨ ਕੁਝ ਕਰੇਗਾ? 16
3. ਕੀ ਔਰਤਾਂ ਲਈ ਅਸੁਰਖਿਅਤ ਹੈ ਦਿੱਲੀ? 19
4. ਖਾਣ ਪੀਣ 'ਚ ਗਿਰਾਵਟ ਕਿੰਨੀ ਕੁ ਗੰਭੀਰ? 21
5. ਕਾਰੋਬਾਰੀ ਤਣਾਅ ਘੱਟ ਕਿਵੇਂ ਕਰੀਏ? 25
6. ਪਿਪਲੀ 'ਚ ਵਧਦਾ ਫੁਲਦਾ 'ਸਮਾਜਕ ਵਪਾਰ' 28
7. ਔਰਤ ਮਸਲੇ ਦਾ ਸਮਾਜਕ ਅਧਾਰ ਹੈ ਕੀ? 34
8. ਸ਼ੋਲਾਪੁਰ ਕਮਿਊਨ ਦੀ ਕਹਾਣੀ-ਤੱਥਾਂ ਦੀ ਜੁਬਾਨੀ 37
9. ਕੀ ਹੈ ਅਬਾਦੀ ਦਾ ਰਾਜਸੀ ਅਰਥਸ਼ਾਸਤਰ? 41
10. ਕੀ ਹੈ ਔਰਤ ਮਸਲੇ ਦਾ ਸਮਾਜਕ ਅਧਾਰ? 47
11. ਅਸੀਂ ਕਦੋਂ ਤਕ ਤਮਾਸ਼ਬੀਨ ਬਣੇ ਰਹਾਂਗੇ? 57
12. ਧਰਮ, ਅੰਧਵਿਸਵਾਸ਼ ਤੇ ਵਿਗਿਆਨ 63
13. ਮਾਸੂਮਾਂ ਦੇ ਖ਼ੂਨ ਨਾਲ ਲਿਖੀ ਜਾਂਦੀ ਇਬਾਰਤ - ਬਨਾਮ ਆਨਰ ਕਿਲਿੰਗ 70
14. ਮਿੰਨੀ ਕਹਾਣੀ - ਬੇਕਾਰ ਆਦਮੀ 76
15. ਪਿਛੜੇ ਵਰਗਾਂ ਨੂੰ ਵਰਤੋ ਅਤੇ ਸੁਟ ਦਿਉਂ ਕੀ ਇਹੋ ਹੈ ਬ੍ਰਾਹਮਣੀ..... 77
16. ਕੀ ਹੈ ਜਿਸਮ ਦੇ ਸੌਦਾਗਰਾਂ ਦਾ ਥੋਕ ਬਜ਼ਾਰ? 82
17. ਓ. ਬੀ. ਸੀ. ਦੇ ਵਿਕਾਸ 'ਚ ਮਰਦਮ ਸ਼ੁਮਾਰੀ ਦਾ ਰੋਲ 86
18. ਰਾਖਵੇਂਕਰਨ ਦੀ ਫਸਲ ਕੱਟਣ ਵਾਲੇ ਕੀ ਸਹੀ ਹਨ? 90
19. ਕੀ ਭਾਰਤ ਦੀ ਸੱਤ ਫੀਸਦੀ ਅਬਾਦੀ ਮਨੋਰੋਗੀ ਹੈ? 92
20. ਕਦੋਂ ਤੱਕ ਮੁਸਲਮਾਨ ਸਿਰਫ਼ ਵੋਟ ਬੈਂਕ ਹੀ ਬਣੇ ਰਹਿਣਗੇ? 98
21. ਪਿਛਾਖੜੀ ਵਿਚਾਰਾਂ ਨੂੰ ਦਫ਼ਨ ਕਰਨ ਦੀ ਲੋੜ ਕਿਉਂ? 103
22. ਕੀ ਕਰੀਏ ਕਮਰ ਦੇ ਦਰਦ ਦਾ ਹੱਲ? 105
23. ਕੀ ਗੋਡੇ ਬਦਲਣ ਨਾਲ ਖੁਸ਼ਹਾਲ ਬਣਦੀ ਹੈ ਜ਼ਿੰਦਗੀ? 108
24. ਸਾਹ ਦਮੇ ਦੀਆਂ ਬੀਮਾਰੀਆਂ 110
25. ਗੁਰੂ ਰਵਿਦਾਸ ਦੀ ਸ਼ਹੀਦੀ ਦਾ ਇਕ ਭੇਦ ਇਹ ਵੀ 114
26. ਕੀ ਹੈ ਅਲਰਜੀ? 117
27. ਮਰੀਜ਼ ਕਿੱਧਰ ਜਾਣ? ਇਲਾਜ ਲਈ 121
28. ਕੀ ਹਨ ਸੁਧਾਰ ਦੇ ਨੀਮ-ਹਕੀਮੀ ਨੁਸਖੇ? 126
29. ਕੀ ਡੂੰਘਾ ਹੋ ਰਿਹਾ ਹੈ ਵਿਸ਼ਵੀ ਆਰਥਿਕ ਸੰਕਟ 130
30. ਸਾਮਰਾਜੀ ਜਬਰ ਬਨਾਮ ਸੀਰੀਆ ਦਾ ਸੰਕਟ 137
31. ਹਿੱਸੇਦਾਰੀ ਵਾਲੀ ਜਮਹੂਰੀਅਤ-ਬੁਨਾਮ ਸਰਮਾਏਦਾਰੀ 141
32. ਪਿੱਛਾ ਕਰਦੀ ਦਹਿਸ਼ਤ ਕਦੋਂ ਤੱਕ? 146
33. ਅਰਬ ਲੋਕ-ਬਗਾਵਤ ਪਿਛੇ ਕੀ ਹਨ ਕਾਰਨ? 150
34. ਬੰਗਲਾ ਦੇਸ਼ ਬਨਾਮ ਮਜ਼ਦੂਰ ਲਹਿਰ 156
35. ਪੂੰਜੀ ਦੀ ਕੁਦਰਤ ਨਾਲ ਅੰਤਰਵਿਰੋਧਤਾਈ ਕੀ ਹੈ? 159

# ਸਾਮਰਾਜੀ ਪ੍ਰਬੰਦ ਬਨਾਮ ਔਰਤਾਂ

ਪੂੰਜੀਵਾਦੀ ਸਾਮਰਾਜ ਦੇ ਅਤਿਆਚਾਰ ਅਤੇ ਉਸ ਦੇ ਅਨਿਆਂ ਦਾ ਸ਼ਿਕਾਰ ਦੁਨੀਆਂ ਦੀਆਂ ਸਾਰੀਆਂ ਕਮਜ਼ੋਰ ਜਮਾਤਾਂ ਹੁੰਦੀਆਂ ਹਨ। ਸਾਮਰਾਜਵਾਦ ਦੀ ਬੁਨਿਆਦ ਹੀ ਇਹ ਹੈ ਕਿ ਇਹ ਆਪਣੇ ਫਾਇਦੇ ਲਈ ਕਮਜ਼ੋਰ ਵਰਗਾਂ ਦੀ ਲੁੱਟ ਕਰਦਾ ਹੈ। ਸਾਮਰਾਜ ਇਹ ਲੁੱਟ ਆਰਥਕ ਲਾਭ ਤੇ ਧਨ ਦੌਲਤ ਲਈ ਕਰਦਾ ਹੈ। ਗਰੀਬ ਦੇਸ਼, ਸਾਰੀ ਦੁਨੀਆਂ ਦੇ ਗਰੀਬ ਲੋਕ, ਆਦੀਵਾਸੀ, ਪਿਛੜੇ ਵਰਗ ਤੇ ਪੇਂਡੂ ਲੋਕ ਵਗੈਰਾ ਦੇ ਨਾਲ ਸਾਮਰਾਜੀ ਲੁੱਟ ਦਾ ਸ਼ਿਕਾਰ ਇਕ ਬੇਹੱਦ ਕਮਜ਼ੋਰ ਵਰਗ ਦੁਨੀਆਂ ਭਰ ਦੀਆਂ ਔਰਤਾਂ ਦਾ ਵਰਗ ਹੈ। ਆਰਥਕ ਲਾਭ ਤੇ ਦੌਲਤ ਦੀ ਹਵਸ਼ 'ਚ ਸਾਮਰਾਜ ਔਰਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਬਣਾਉਂਦਾ ਹੈ। ਉਨ੍ਹਾਂ 'ਤੇ ਦੁੱਗਣੇ ਤਿੱਗਣੇ ਕੰਮਾਂ ਦਾ ਬੋਝ ਪਾਉਂਦਾ ਹੈ। ਉਹਨਾਂ ਦੀਆਂ ਸਰੀਰਕ ਤੇ ਭਾਵਨਾਤਮਕ ਲੋੜਾਂ ਦਾ ਲਿਹਾਜ ਕੀਤੇ ਬਿਨਾਂ ਉਹਨਾਂ ਤੋਂ ਮਸ਼ੀਨ ਵਾਂਗੂੰ ਕੰਮ ਲੈਂਦਾ ਹੈ। ਉਹਨਾਂ 'ਤੇ ਸੈਕਸ ਸਬੰਧੀ ਅਤਿਆਚਾਰ ਕਰਦਾ ਹੈ। ਆਪਣੀਆਂ ਚੀਜ਼ਾਂ ਵੇਚਣ ਲਈ ਉਹਨਾਂ ਦੀ ਭਾਵਨਾਤਮਕ, ਆਰਥਕ ਤੇ ਸਰੀਰਕ ਲੁੱਟ ਕਰਦਾ ਹੈ। ਔਰਤ ਲੁੱਟ ਤੇ ਜਬਰ ਦਾ ਸ਼ਿਕਾਰ ਜਿੰਨੀ ਪ੍ਰਾਚੀਨ ਸਮਾਜਾਂ ਵਿਚ ਸੀ, ਉਸ ਤੋਂ ਕਿਤੇ ਵੱਧ ਜਬਰ ਤੇ ਲੁੱਟ ਦਾ ਸ਼ਿਕਾਰ ਨਵੇਂ ਪੂੰਜੀਵਾਦੀ ਸਮਾਜ 'ਚ ਹੈ। ਉਥੇ ਵੀ ਇਸ ਦੇ ਲਈ ਜ਼ਿੰਦਗੀ ਦੀਆਂ ਘੜੀਆਂ ਤੰਗ ਸਨ ਅਤੇ ਇਥੇ ਵੀ ਤੰਗ ਹੀ ਹਨ। ਉਥੇ ਵੀ ਉਹ ਪ੍ਰਾਚੀਨ ਸਮਾਜਕ ਰੀਤੀ ਰਿਵਾਜ਼ਾਂ ਅੱਗੇ ਮਜ਼ਬੂਰ ਸੀ ਅਤੇ ਖਾਮੋਸ਼ੀ ਨਾਲ ਜ਼ੁਲਮ ਦੀ ਚੱਕੀ 'ਚ ਪੀਸੀ ਜਾਂਦੀ ਸੀ ਅਤੇ ਇਥੇ ਵੀ ਅਧੁਨਿਕ ਸਭਿਅਤਾ ਦੇ ਸਭਿਆਚਾਰਕ ਮਾਪਦੰਡਾਂ ਅੱਗੇ ਉਹ ਮਜ਼ਬੂਰ ਹੈ ਅਤੇ ਜ਼ੁਲਮ ਦੀ ਚੱਕੀ 'ਚ ਪੀਸੀ ਜਾਂਦੀ ਹੈ। ਸਮਾਜ ਦੇ ਦੂਜੇ ਪੀੜਤ ਤੇ ਲੁੱਟੇ ਜਾਂਦੇ ਵਰਗ ਪੇਂਡੂ ਲੋਕ, ਗਰੀਬ ਜਨਤਾ, ਆਦੀਵਾਸੀ ਵਗੈਰਾ ਦੀ ਮਦਦ ਲਈ ਸੋਸ਼ਲਿਸਟ ਤੇ ਹੋਰ ਸੰਗਠਨ ਕੰਮ ਕਰ ਰਹੇ ਹਨ, ਪਰ ਔਰਤਾਂ ਦਾ ਸੱਚਾ ਹਿਤੈਸ਼ੀ ਕੋਈ ਨਹੀਂ ਹੈ। ਔਰਤਾਂ ਦੀ ਲੁੱਟ ਵਿਚ ਪੂੰਜੀਵਾਦੀ ਤੇ ਸਮਾਜਵਾਦੀ ਦੋਨੋ ਬਰਾਬਰ ਹਨ ਅਤੇ ਜੋ ਔਰਤ-ਸੰਗਠਨ ਉਹਨਾਂ ਦੀ ਹਮਦਰਦੀ ਦੇ ਦਾਅਵੇਦਾਰ ਹਨ ਉਹ ਸਭ ਤੋਂ ਵੱਧ ਇਸ ਜ਼ੁਲਮ ਲਈ ਰਾਹਾਂ ਪੱਧਰੀਆਂ ਕਰਦੀਆਂ ਹਨ। ਸਚਾਈ ਇਹ ਹੈ ਕਿ ਔਰਤ ਨੂੰ ਕਿਧਰੇ ਢੋਈ ਨਹੀਂ ਹੈ। ਨਵੀਂ ਪੂੰਜੀਵਾਦੀ ਪ੍ਰਣਾਲੀ ਨੂੰ ਆਪਣੀ ਸੇਵਾ ਲਈ ਮਜ਼ਦੂਰਾਂ ਤੇ ਕਰਮਚਾਰੀਆਂ ਦੀ ਇਕ ਵੱਡੀ ਫੌਜ ਦੀ ਲੋੜ ਸੀ। ਉਸ ਨੇ ਮੀਡੀਆ ਰਾਹੀਂ ਕੈਰੀਅਰ ਵੂਮੈਨ ਭਾਵ ਕੰਮਜਾਰੀ ਔਰਤਾਂ ਦਾ ਵਿਚਾਰ ਪੇਸ਼ ਕੀਤਾ ਪ੍ਰੀਵਾਰ ਤੇ ਪ੍ਰੀਵਾਰਿਕ ਜ਼ਿੰਦਗੀ ਦੀ ਅਹਿਮੀਅਤ ਘਟਾਈ। ਸ਼ਾਦੀ ਦੇ ਵਿਚਾਰ ਨੂੰ ਵੀ ਫਜ਼ੂਲ ਕਰਾਰ ਦਿੱਤਾ ਤੇ ਬਿਨਾਂ ਸ਼ਾਦੀ ਸਹਿਵਾਸ (Living in relation ship) ਤੇ ਬਿਨਾਂ ਸ਼ਾਦੀ ਜਿਣਸੀ ਜ਼ਿੰਦਗੀ ਭਾਵ ਸਹਿ ਜਵੀਨ (Casual Sex) ਵਰਗੇ ਰਿਵਾਜ਼ਾਂ ਨੂੰ ਹੱਲਾਸ਼ੇਰੀ ਦਿੱਤੀ। ਮਕਸਦ ਇਹ ਸੀ ਕਿ ਔਰਤਾਂ, ਪ੍ਰੀਵਾਰ ਤੇ ਬੱਚਿਆਂ ਦੇ ਝਮੇਲੇ 'ਚ ਪਏ ਬਿਨਾਂ ਉਹਨਾਂ ਦੀ ਖਿਦਮਤ ਲਈ ਹਮੇਸ਼ਾ ਤਿਆਰ ਬਰਤਿਆਰ ਰਹਿਣ। ਆਈ. ਟੀ. ਕੰਪਨੀਆਂ, ਕਾਲ ਸੈਂਟਰਾਂ, ਬੀ. ਪੀ. ਓ. ਇੰਡਸਟਰੀ ਵਗੈਰਾ 'ਚ ਇਹ ਤਹਿਸ਼ੁਦਾ ਪਾਲਸੀ ਮੌਜੂਦ ਹੈ ਕਿ ਹੇਠਲੀ ਪੱਧਰ ਦੀਆਂ ਨੌਕਰੀਆਂ ਲਈ ਔਰਤਾਂ ਨੂੰ ਤਰਜੀਹ ਦਿੱਤੀ ਜਾਵੇ। ਐਚ. ਆਰ. ਇਸ ਦਾ ਕਾਰਨ ਇਹ ਦੱਸਦੇ ਹਨ ਕਿ ਔਰਤ ਮਰਦਾਂ ਦੇ ਮੁਕਾਬਲੇ ਵੱਧ ਦੇਰ

ਤੱਕ ਡਟਕੇ ਤੇ ਬੈਠ ਕੇ ਕੰਮ ਕਰ ਸਕਦੀ ਹੈ। ਉਹ ਵੱਧ ਆਗਿਆਕਾਰੀ ਹੁੰਦੀ ਹੈ। ਉਹ ਘੱਟ ਤਨਖਾਹ ’ਤੇ ਵੀ ਤਿਆਰ ਹੋ ਜਾਂਦੀ ਹੈ ਅਤੇ ਛੁੱਟੀਆਂ ਘੱਟ ਲੈਂਦੀ ਹੈ ਇਹੀ ਵਜ੍ਹਾ ਹੈ ਕਿ ਆਈ. ਟੀ. ਈ. ਐਸ. (ITES) ਕੰਪਨੀਆਂ ’ਚ ਜੂਨੀਅਰ ਪੱਧਰ ’ਤੇ ਔਰਤਾਂ ਕੁਲ ਮੁਲਾਜ਼ਮਾਂ ਦਾ ਅੱਧੇ ਤੋਂ ਵੱਧ ਹਨ। ਜਦ ਕਿ ਕਾਲ ਸੈਂਟਰਾਂ ’ਚ ਉਹਨਾਂ ਦੀ ਗਿਣਤੀ 35% ਤੋਂ ਵੱਧ ਹੈ। ਵਿਸ਼ਵੀਕਰਨ ਦੇ ਦੌਰ ’ਚ ਇਹ ਕੰਪਨੀਆਂ ਔਰਤਾਂ ਦੀ ਕਿਸੇ ਲੋੜ ਦਾ ਲਿਹਾਜ ਨਹੀਂ ਕਰਦੀਆਂ। ਪਹਿਲਾਂ ਤੋਂ ਹੀ ਕਾਲ ਸੈਂਟਰਾਂ ’ਚ ਔਰਤਾਂ ਨਾਈਟ ਸ਼ਿਫਟਾਂ ’ਚ ਰਾਤ-ਰਾਤ ਭਰ ਕੰਮ ਕਰ ਰਹੀਆਂ ਸਨ। ਸੁਪਰੀਮ ਕੋਰਟ ਦੇ ਹਾਲ ਦੇ ਫੈਸਲੇ (2007) ਅਤੇ ਫੈਕਟਰੀਜ਼ ਐਕਟ ’ਚ ਕੀਤੀਆਂ ਗਈਆਂ ਸੋਧਾਂ ਪਿੱਛੋਂ ਰਹੀ ਸਹੀ ਰੁਕਾਵਟ ਵੀ ਖਤਮ ਹੋ ਗਈ। ਇਥੇ ਨਾ ਤਾਂ ਉਹਨਾਂ ਲਈ ਵਿਸ਼ੇਸ਼ ਸਹੂਲਤਾਂ ਦਾ ਖਿਆਲ ਕੀਤਾ ਜਾਂਦਾ ਹੈ, ਨਾ ਹੀ ਗਰਭ ਵਗੈਰਾ ਦੌਰਾਨ ਛੁੱਟੀਆਂ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ ਤੇ ਨਾ ਉਹਨਾਂ ਲਈ ਪ੍ਰਾਈਵੇਸੀ (ਪਰਦਾ) ਵਗੈਰਾ ਦਾ ਅਹਿਸਾਸ ਹੁੰਦਾ ਹੈ। ਰਾਤ-ਰਾਤ ਭਰ ਕੰਮ ਕਰਨ ਨਾਲ ਔਰਤਾਂ ਵਿਚ ਸਿਹਤ ਦੇ ਤਰ੍ਹਾਂ-ਤਰ੍ਹਾਂ ਦੇ ਮਸਲੇ ਪੈਦਾ ਹੁੰਦੇ ਹਨ। ਉਹਨਾਂ ਦੀਆਂ ਮਹਾਂਵਾਰੀਆਂ ਦਾ ਨਿਜ਼ਾਮ (ਮਾਸਕ ਧਰਮ ਚੱਕਰ) ਵਿਗੜ ਜਾਂਦਾ ਹੈ। ਸੰਸਾਰ ਸਿਹਤ ਸੰਸਥਾ (WHO) ਦੀ ਰਿਪੋਰਟ ਅਨੁਸਾਰ ਰਾਤ ਦੀਆਂ ਸ਼ਿਫਟਾਂ ’ਚ ਕੰਮ ਕਰਨ ਵਾਲੀਆਂ ਔਰਤਾਂ ਵਿਚ ਸਿਹਤ ਸੰਬੰਧੀ ਅਨੇਕਾਂ ਮੁਸ਼ਕਲਾਂ ਪੈਦਾ ਹੋ ਜਾਂਦੀਆਂ ਹਨ। ਉਹਨਾਂ ’ਚ ਉਨੀਂਦਰਾ, ਸੈਕਸ ਸਮਰਥਾ ’ਚ ਕਮੀ, ਥਕਾਵਟ, ਦਿਲ ਦੀਆਂ ਬੀਮਾਰੀਆਂ ਰਸਾਇਣਕ ਅਸੰਤੁਲਨ ਸਬੰਧੀ ਰੋਗਾਂ (Metabolic disorders) ਵਗੈਰਾ ਤੋਂ ਇਲਾਵਾ ਛਾਤੀ ਦੇ ਕੈਂਸਰ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਰਾਤ-ਰਾਤ ਭਰ ਉਹ ਮਰਦਾਂ ’ਚ ਬੈਠੀਆਂ ਰਹਿੰਦੀਆਂ ਹਨ ਅਤੇ ਤਰ੍ਹਾਂ-ਤਰ੍ਹਾਂ ਦੀ ਲੁੱਟ-ਘਸੁੱਟ ਦੀਆਂ ਸ਼ਿਕਾਰ ਹੁੰਦੀਆਂ ਹਨ। ਉਹਨਾਂ ਨੂੰ ਇਕੋ ਵੇਲੇ ਆਪਣੇ ਕੰਮ ’ਚ ਉਚ ਪੱਧਰ ਦਾ ਵੀ ਸਬੂਤ ਦੇਣਾ ਹੈ ਅਤੇ ਮਰਦ ਅਧਿਕਾਰੀਆਂ ਦੇ ਮਨ ਦੀ ਸੰਤੁਸ਼ਟੀ ਦਾ ਵੀ ਖਿਆਲ ਕਰਨਾ ਹੈ। ਅੱਜ ਦੀਆਂ ਕੰਪਨੀਆਂ ’ਚ ਇਕ ਔਰਤ ਕਰਮਚਾਰੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਕ ਹੀ ਸਮੇਂ ਔਰਤ-ਸੁੰਦਰਤਾ ਦੀ ਮੂਰਤੀ ਬਣੀ ਰਹੇ। ਸਭਿਅਕ ਤੇ ਸਰੀਫ ਔਰਤ ਤਰ੍ਹਾਂ ਵਿਹਾਰ ਕਰੇ। ਮਰਦ ਵਾਂਗੂੰ ਸੋਚੇ ਤੇ ਕੁੱਤੇ ਦੀ ਤਰ੍ਹਾਂ ਕੰਮ ਕਰੇ। ਸਿਤਮ ਜ਼ਰੀਫੀ ਇਹ ਹੈ ਕਿ ਉਹਨਾਂ ਪੀੜਤ ਤੇ ਲੁੱਟੀਂਦੀਆਂ ਔਰਤਾਂ ਨੂੰ ਆਪਣੇ ਮਸਲਿਆਂ ਦੇ ਹੱਲ ਦੇ ਜੁਲਮ ਖਿਲਾਫ ਮੁਜਾਹਰੇ ਦੇ ਮੌਕੇ ਹਾਸਲ ਨਹੀਂ ਹਨ। ਬਹੁਕੌਮੀ ਕੰਪਨੀਆਂ ਭਾਵੇਂ ਭਾਰਤ ਅੰਦਰ ਕੰਮ ਕਰਦੀਆਂ ਹਨ ਪਰ ਦੇਸ਼ ਦੇ ਕਨੂੰਨ ਅਨੁਸਾਰ ਕਰਮਚਾਰੀਆਂ ਨੂੰ ਯੂਨੀਅਨ ਬਣਾਉਣ ਤੇ ਸਮੂਹਕ ਤੌਰ ’ਤੇ ਆਪਣੇ ਮਸਲਿਆਂ ਦੇ ਹੱਲ ਦਾ ਮੌਕਾ ਨਹੀਂ ਦਿੰਦੀਆਂ। ਫੈਕਟਰੀ ਐਕਟ ਤੇ ਸ਼ਾਪਜ਼ ਐਂਡ ਇਸਟੈਬਲਿਸ਼ਮੈਂਟ ਐਕਟ ਦੀਆਂ ਬਹੁਤ ਸਾਰੀਆਂ ਧਾਰਾਵਾਂ ਤੋਂ ਉਹਨਾਂ ਨੂੰ ਵੱਖਰਾ ਰੱਖਿਆ ਗਿਆ ਹੈ। ਜੋ ਬਹੁਕੌਮੀ ਕੰਪਨੀਆਂ ਦਿਨੇ ਕੰਮ ਕਰਦੀਆਂ ਹਨ ਉਹ ਵੀ ਰਾਤ ’ਚ ਗਿਆਰਾਂ-ਗਿਆਰਾਂ ਵਜੇ ਤੱਕ ਉਹਨਾਂ ਨੂੰ ਕੰਮ ਕਰਨ ਲਈ ਮਜ਼ਬੂਰ ਕਰਦੀਆਂ ਹਨ। ਉਹਨਾਂ ਨੂੰ ਅਜਿਹੇ ਟੀਚੇ ਦਿੱਤੇ ਜਾਂਦੇ ਹਨ ਜਿਹਨਾਂ ਨੂੰ ਅੱਠ ਘੰਟਿਆਂ ਦੇ ਕਨੂੰਨੀ ਅਰਸੇ ’ਚ ਕੰਮ ਕਰਨਾ ਮੁਸ਼ਕਿਲ ਹੁੰਦਾ ਹੈ। ਪ੍ਰੋਜੈਕਟ ਨੂੰ ਪੂਰਾ ਕਰਨ ਦੇ ਦਿਨਾਂ ’ਚ ਤਾਂ ਕਦੀ ਸਾਰੀ-ਸਾਰੀ ਰਾਤ ਉਹਨਾਂ ਨੇ ਦਫ਼ਤਰ ’ਚ ਹੀ ਰਹਿਣਾ ਹੁੰਦਾ ਹੈ। ਜਿਹਨਾਂ ਕੰਪਨੀਆਂ ’ਚ ਬਕਾਇਦਾ ਨਾਈਟ ਸਿਫ਼ਟ ਹੁੰਦੀ ਹੈ, ਉਥੇ ਔਰਤਾਂ ਦੀ

ਸੁਰਖਿਆ ਦਾ ਪ੍ਰਬੰਧ ਘੱਟੋ-ਘੱਟ ਹੁੰਦਾ ਹੈ। ਪਰ ਦਿਨੇ ਕੰਮ ਕਰਨ ਵਾਲੀਆਂ ਕੰਪਨੀਆਂ 'ਚ ਸਹੂਲਤਾਂ ਵੀ ਨਹੀਂ ਹੁੰਦੀਆਂ। ਕਦੀ ਇਕੱਲੀ ਲੜਕੀ ਨੂੰ ਮਰਦਾਂ ਨਾਲ ਦਫਤਰ 'ਚ ਰਾਤ-ਰਾਤ ਭਰ ਕੰਮ ਕਰਨਾ ਪੈਂਦਾ ਹੈ। ਸਰਕਾਰ ਉਹਨਾਂ ਕੰਪਨੀਆਂ 'ਤੇ ਦੇਸ਼ ਦੇ ਲੇਬਰ ਕਨੂੰਨ ਲਾਗੂ ਹੀ ਨਹੀਂ ਕਰਦੀ। ਉਹਨਾਂ ਕੰਪਨੀਆਂ 'ਚ ਔਰਤਾਂ ਨੂੰ ਅਕਸਰ ਆਪਣੇ ਉਚ ਅਧਿਕਾਰੀਆਂ ਤੇ ਸਹਿਕਰਮੀਆਂ ਦੀ ਤਰਫੋਂ ਜਿਣਸੀ ਜ਼ਿਆਦਤੀਆਂ (ਯੌਨ ਸੋਸ਼ਣ) ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਿਛਲੇ ਕੁਝ ਸਾਲਾਂ 'ਚ ਬੀ. ਪੀ. ਓ. ਕੇਂਦਰਾਂ ਤੇ ਕਾਲ ਸੈਂਟਰਾਂ 'ਚ ਕਈ ਕੰਮ ਕਰਨ ਵਾਲੀਆਂ ਔਰਤਾਂ ਦੇ ਨਾਲ ਬਲਾਤਕਾਰ ਤੇ ਹੱਤਿਆ ਦੀਆਂ ਘਟਨਾਵਾਂ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਸਵੇਰ ਦੀਆਂ ਪਹਿਲੀਆਂ ਘੜੀਆਂ 'ਚ ਉਹਨਾਂ ਦੇ ਦਫਤਰ 'ਚ ਕੰਮ ਕਰਨ ਵਾਲੇ ਕਰਮਚਾਰੀ ਰਾਹੀਂ ਤਾਨੀਆ ਮਿਰਜਾ ਦਾ ਬਲਾਤਕਾਰ ਤੇ ਉਸ ਦਾ ਕਤਲ, ਐਚ ਪੀ ਕੰਪਨੀ 'ਚ ਕੰਮ ਕਰਨ ਵਾਲੀ ਪ੍ਰਤਿਭਾ ਮੂਰਤੀ ਦੀ ਉਸ ਦੀ ਕਾਰ ਦੇ ਡਰਾਈਵਰ ਵਲੋਂ ਹੱਤਿਆ ਅਤੇ ਦਿੱਲੀ 'ਚ ਇਕ ਤੋਂ ਪਿੱਛੋਂ ਦੂਜੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਜਾਹਿਰ ਕਰਦੀਆਂ ਹਨ ਕਿ ਅਸਲ 'ਚ ਹਾਲਾਤ ਕਿੰਨੇ ਖਰਾਬ ਹਨ। ਬਲਾਤਕਾਰ ਤੇ ਹੱਤਿਆ ਦੇ ਇੰਤਹਾਈ ਕਦਮਾਂ ਕਰਕੇ ਕੁਝ ਘਟਨਾਵਾਂ ਪ੍ਰੈਸ 'ਚ ਆ ਜਾਂਦੀਆਂ ਹਨ ਵਰਨਾ ਖਾਮੋਸ਼ ਯੌਨ ਲੁੱਟ ਤੇ ਜਬਰ ਅਕਸਰ ਥਾਵਾਂ ਤੇ ਇਕ ਨਿਯਮਤ ਕੰਮ ਹੈ। ਕਾਲ ਸੈਂਟਰਾਂ ਤੇ ਬੀ. ਪੀ. ਓ. ਕੇਂਦਰਾਂ 'ਚ ਕਾਲਜਾਂ ਤੋਂ ਨਿਕਲਣ ਵਾਲੇ ਬਿਲਕੁਲ ਨੌਜਵਾਨ ਲੜਕਿਆਂ ਤੇ ਲੜਕੀਆਂ ਨੂੰ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਉਹਨਾਂ ਨੌਜਵਾਨ ਲੜਕਿਆਂ ਨੂੰ ਰਾਤੋ ਰਾਤ ਭਰ ਸਜੀਆਂ ਸਜਾਈਆਂ ਤੇ ਅੱਧ ਨੰਗੀਆਂ ਲੜਕੀਆਂ ਨਾਲ ਬਿਠਾਇਆ ਜਾਂਦਾ ਹੈ। ਉਹਨਾਂ ਲੜਕਿਆਂ ਨੂੰ ਕਾਲ ਸੈਂਟਰਾਂ ਵਿਚ ਖੂਬਸੂਰਤ ਆਵਾਜ਼ ਤੇ ਦਿਲ ਭਰਮਾਊ ਲਹਿਜੇ ਅਤੇ ਅੰਦਾਜ ਦੀ ਖਾਸ ਤੌਰ 'ਤੇ ਟਰੇਨਿੰਗ ਦਿੱਤੀ ਜਾਂਦੀ ਹੈ। ਕੁਝ ਕਾਲ ਸੈਂਟਰ ਅਮਰੀਕੀ ਗਾਹਕਾਂ ਦੇ ਮਨੋਰੰਜਨ ਲਈ ਉਹਨਾਂ ਲੜਕੀਆਂ ਨੂੰ ਅਸ਼ਲੀਲ ਗੱਲਬਾਤ ਕਰਨ ਦੀ ਵੀ ਸਿਖਲਾਈ ਦਿੰਦੇ ਹਨ। ਫਿਰ ਰਾਤ ਭਰ ਅਮਰੀਕਾ ਦੇ ਕੋਨੇ-ਕੋਨੇ ਤੋਂ ਆਉਣ ਵਾਲੀਆਂ ਕਾਲਾਂ ਦਾ ਜੁਆਬ ਦੇਣ ਲਈ ਉਹਨਾਂ ਨੂੰ ਬਹੁਤ ਹੀ ਤਣਾਅ ਭਰੇ ਕੰਮ 'ਤੇ ਲੱਗੇ ਰਹਿਣਾ ਪੈਂਦਾ ਹੈ। ਇਸ ਮਹੌਲ 'ਚ ਜਿਣਸੀ ਜਜ਼ਬਾਤ (ਕਾਮ ਭਾਵਨਾਵਾਂ) ਦਾ ਬੇਕਾਬੂ ਹੋ ਜਾਣਾ ਮਮੂਲੀ ਗੱਲ ਹੈ। ਇਸ ਲਈ ਫਰਵਰੀ 2006 'ਚ ਕੀਤੇ ਗਏ ਇਕ ਅਧਿਐਨ ਅਨੁਸਾਰ ਨੋਇਡਾ ਦੇ ਇਕ ਕਾਲ ਸੈਂਟਰ 'ਚ 11 ਫੀਸਦੀ ਔਰਤ ਕਰਮਚਾਰੀਆਂ ਅਨੁਸਾਰ ਪੰਜ ਤੋਂ ਵਧ ਮਰਦਾਂ ਨੇ ਉਹਨਾਂ ਨਾਲ ਸਰੀਰਕ ਸਬੰਧ ਕਾਇਮ ਕੀਤਾ ਹੈ। ਜੰਗਲੀ ਪਾਰਟੀਆਂ (Wild Parties) ਦਾ ਉਹਨਾਂ ਕਰਮਚਾਰੀਆਂ 'ਚ ਬਹੁਤ ਰਿਵਾਜ ਪਾਇਆ ਗਿਆ ਉਹਨਾਂ ਪਾਰਟੀਆਂ 'ਚ ਇਕ ਹੀ ਰਾਤ 'ਚ ਲੜਕੇ ਤੇ ਲੜਕੀਆਂ ਕਈ-ਕਈ ਸਾਥੀਆਂ ਨਾਲ ਸਮੂਹਕ ਤੌਰ 'ਤੇ ਅਨੇਕ ਤਰ੍ਹਾਂ ਦੀਆਂ ਸੈਕਸ ਕਿਰਿਆਵਾਂ 'ਚ ਸ਼ਾਮਲ ਹੁੰਦੇ ਹਨ। ਮੁੰਬਈ 'ਚ ਕਾਲ ਸੈਂਟਰਾਂ 'ਚ ਕਰਮਚਾਰੀਆਂ 'ਚ ਕੀਤੇ ਗਏ ਇਕ ਸਰਵੇ ਅਨੁਸਾਰ 89 ਫੀਸਦੀ ਕਰਮਚਾਰੀ ਇਸ ਤਰ੍ਹਾਂ ਦੀਆਂ ਪਾਰਟੀਆਂ ਨੂੰ ਨਿਯਮਤ ਰੂਪ 'ਚ ਅਟੈਂਡ ਕਰਦੇ ਰਹਿੰਦੇ ਹਨ। ਵੱਡੀਆਂ ਕੰਪਨੀਆਂ 'ਚ ਸਫਾਈ ਦਾ ਕੰਮ ਕਰਨ ਵਾਲੇ ਕਰਮਚਾਰੀ ਦੱਸਦੇ ਹਨ ਕਿ ਉਨ੍ਹਾਂ ਨੂੰ ਵਾਰ-ਵਾਰ ਬਾਥਰੂਮ ਦੀ ਸਫਾਈ ਲਈ ਬੁਲਾਇਆ ਜਾਂਦਾ ਹੈ ਕਿਉਂਕਿ ਬਾਥਰੂਮ ਨਿਰੋਧਾਂ ਕਾਰਨ ਚੋਕ ਹੋ ਜਾਂਦੇ ਹਨ। ਵਾਲ ਸਟਰੀਟ ਜਰਨਲ ਨੇ ਸਾਵਧਾਨ ਕੀਤਾ ਹੈ ਕਿ ਕਾਲ ਸੈਂਟਰਸ

ਅਤੇ ਬੀ ਪੀ ਓ ਕੇਂਦਰ ਏਡਸ ਤੇ ਦੂਜੀਆਂ ਘਾਤਕ ਬੀਮਾਰੀਆਂ ਦੇ ਫੈਲਣ ਦਾ ਜਰੀਆ ਬਣ ਸਕਦੇ ਹਨ। ਇਹ ਸਭ ਬੇਹੂਦੀਆਂ ਇਸ ਕਲਚਰ ਦਾ ਅਟੁੱਟ ਅੰਗ ਹਨ। ਜੋ ਸਾਮਰਾਜਵਾਦ ਆਪਣਾ ਮਤਲਬ ਕੱਢਣ ਲਈ ਸਾਡੇ ਦੇਸ਼ 'ਚ ਫੈਲਾਅ ਰਿਹਾ ਹੈ। ਇਹਨਾਂ ਸਾਰੀਆਂ ਮੁਸੀਬਤਾਂ ਪਿੱਛੋਂ ਔਰਤਾਂ ਜੋ ਕਮਾਈ ਕਰਦੀਆਂ ਹਨ, ਉਸ 'ਤੇ ਉਹਨਾਂ ਦਾ ਕੋਈ ਹੱਕ ਨਹੀਂ ਹੁੰਦਾ। ਡਾ. ਪ੍ਰੋਮਿਲਾ ਕਪੂਰ ਦੀ ਖੋਜ ਅਨੁਸਾਰ ਮੱਧ ਤੇ ਉਚ ਮੱਧ ਵਰਗ 'ਚ ਕੰਮ ਕਰਨ ਵਾਲੀਆਂ ਔਰਤਾਂ ਦਾ ਆਪਣੀ ਆਮਦਨ 'ਤੇ ਕੋਈ ਅਖਤਿਆਰ ਨਹੀਂ ਹੁੰਦਾ। ਉਹਨਾਂ ਨੂੰ ਆਪਣੀ ਸਾਰੀ ਕਮਾਈ ਆਪਣੇ ਪਤੀ ਜਾਂ ਸਹੁਰਿਆਂ ਦੇ ਸੁਪਰਦ ਕਰਨੀ ਪੈਂਦੀ ਹੈ। ਉਹਨਾਂ ਨੂੰ ਆਫਿਸ ਦੇ ਮਸਲੇ ਵੀ ਝਲਣੇ ਪੈਂਦੇ ਹਨ ਤੇ ਘਰ ਦੇ ਮਸਲੇ ਵੀ। ਫਿਰ ਅਕਸਰ ਉਹਨਾਂ ਦੇ ਕਿਰਦਾਰ ਨਾਲ ਸਬੰਧਤ ਸ਼ੱਕ ਤੇ ਭਰਮ ਦੇ ਕਾਲੇ ਬੱਦਲ ਉਹਨਾਂ 'ਤੇ ਮੰਡਰਾਉਂਦੇ ਰਹਿੰਦੇ ਹਨ। ਪ੍ਰੋਮਿਲਾ ਕਪੂਰ ਨੇ ਇਕ ਲੇਡੀ ਡਾਕਟਰ ਦਾ ਕਿੱਸਾ ਲਿਖਿਆ ਹੈ ਜਿਸ ਨੂੰ ਉਸ ਦਾ ਪਤੀ ਰੋਜ਼ਾਨਾ ਦੇ ਖਰਚਿਆਂ ਲਈ ਉਸ ਦੀ ਆਮਦਨ ਵਿਚੋਂ ਸਿਰਫ਼ ਦੋ ਰੁਪਏ ਵਾਪਸ ਕਰਦਾ ਸੀ। ਕੰਮ ਦਾ ਇਹ ਬੋਝ ਤੇ ਚੌਮੁਖੀ ਲੜਾਈ ਸ਼ਹਿਰੀ ਔਰਤਾਂ ਨੂੰ ਮਾਨਸਿਕ ਰੋਗਾਂ ਦਾ ਸ਼ਿਕਾਰ ਬਣਾ ਰਹੀ ਹੈ। ਇਸ ਸਾਲ ਔਰਤ ਦਿਵਸ ਮੌਕੇ 'ਤੇ ਐਸੋਚਮ (ਜੋ ਸਾਡੇ ਦੇਸ਼ ਦੇ ਵਪਾਰਕ ਤੇ ਉਦਯੋਗਿਕ ਸੰਗਠਨਾਂ ਵਿਚੋਂ ਇਕ ਵੱਡਾ ਸੰਗਠਨ) ਨੇ ਇਕ ਖਾਸ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਇਸ ਰਿਪੋਰਟ ਅਨੁਸਾਰ ਸ਼ਹਿਰਾਂ ਵਿਚ ਕਾਰਪੋਰੇਟ ਸੈਕਟਰ ਕੰਪਨੀਆਂ 'ਚ ਕੰਮ ਕਰਨ ਵਾਲੀਆਂ ਔਰਤਾਂ ਦੀ ਦੋ ਤਿਹਾਈ ਤੋਂ ਵੱਧ ਗਿਣਤੀ (68%) ਜੀਵਨ ਸ਼ੈਲੀ ਨਾਲ ਸਬੰਧਤ ਬੀਮਾਰੀਆਂ ਦੀ ਸ਼ਿਕਾਰ ਹੈ। ਇਸ ਅਧਿਐਨ ਅਨੁਸਾਰ ਜਿਹਨਾਂ ਕੰਪਨੀਆਂ 'ਚ ਕੰਮ ਲਈ ਮਾਨਸਿਕ ਤਣਾਅ, ਕੰਮ ਕਰਨ ਦਾ ਲੰਬਾ ਅਰਸਾ, ਮਕਸਦ ਤੇ ਸਮਾਂ ਸੀਮਾ ਆਦਿ ਮੌਜੂਦ ਹਨ, ਉਥੇ 75% ਤੋਂ ਵੱਧ ਔਰਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਮਿਲੀਆਂ। ਰਿਪੋਰਟ 'ਚ ਕਿਹਾ ਗਿਆ ਹੈ ਕਿ ਮੀਡੀਆ ਤੇ ਕੇ. ਪੀ. ਓ. ਵਗੈਰਾ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਬੀਮਾਰੀਆਂ 'ਚ ਅਸਾਨੀ ਨਾਲ ਛੁੱਟੀ ਨਹੀਂ ਮਿਲਦੀ ਕੰਮ ਦੇ ਦਬਾਅ ਅਤੇ ਟੀਚਿਆਂ ਦੀ ਪ੍ਰਾਪਤੀ ਦੀ ਕੋਸ਼ਿਸ਼ 'ਚ 53% ਔਰਤਾਂ ਦੁਪਹਿਰ ਦਾ ਖਾਣਾ ਵੀ ਨਹੀਂ ਖਾ ਸਕਦੀਆਂ।

ਇਹਨਾਂ ਔਰਤ ਰੋਗੀਆਂ ਦੀ 77% ਗਿਣਤੀ ਡਾਕਟਰਾਂ ਕੋਲ ਵੀ ਨਹੀਂ ਜਾ ਸਕਦੀ। ਐਸੋਚਮ ਦੀ ਰਿਪੋਰਟ ਨੇ ਸਪਸ਼ਟ ਸ਼ਬਦਾਂ 'ਚ ਨੋਟ ਕੀਤਾ ਹੈ ਕਿ "ਕਾਰਪੋਰੇਟ ਦੀ ਔਰਤ ਕਰਮਚਾਰੀਆਂ 'ਚ ਘਰ ਤੇ ਕੰਮ ਦੀਆਂ ਉਲਝਣਾਂ 'ਚ ਸੰਤੁਲਨ ਦੀਆਂ ਕੋਸ਼ਿਸ਼ਾਂ' ਇਸ ਦੇ ਨਤੀਜ਼ਿਆਂ 'ਚ ਬਹੁਤ ਰੁਝੇਵੇਂ ਭਰੇ ਸਮਿਆਂ ਅਤੇ ਨਿਜੀ ਅਤੇ ਸਮਾਜਕ ਲੋਕਾਂ 'ਚ ਸੰਤੁਲਨ ਦੀ ਕੋਸ਼ਿਸ਼ ਉਹਨਾਂ ਨੂੰ ਆਪਣੀ ਸਿਹਤ ਨਜ਼ਰ ਅੰਦਾਜ਼ ਕਰਨ 'ਤੇ ਮਜ਼ਬੂਰ ਕਰਦੀਆਂ ਹਨ। ਸ਼ਹਿਰੀ ਔਰਤਾਂ 'ਚ ਉਨੀਂਦਰੇ ਦੀ ਬੀਮਾਰੀ ਤੇਜ਼ੀ ਨਾਲ ਵਧ ਰਹੀ ਹੈ। ਆਈ. ਟੀ. ਕਸਟਮਰ ਕੇਅਰ, ਐਚ ਆਰ ਵਗੈਰਾ ਵਰਗੇ ਤਣਾਅ ਭਰੇ ਪੇਸ਼ਿਆਂ ਨਾਲ ਜੁੜਣ ਵਿਚ ਵਾਧੇ ਕਾਰਨ ਔਰਤਾਂ 'ਚ ਮਰਦਾਂ ਦੇ ਮੁਕਾਬਲੇ ਉਨੀਂਦਰੇ ਦੀ ਬੀਮਾਰੀ ਡੇਢ ਗੁਣਾ ਵੱਧ ਹੈ। ਕੋਲਕਾਤਾ 'ਚ ਕੰਮ ਕਰਨ ਵਾਲੀਆਂ ਔਰਤਾਂ 'ਚ ਪਿਛਲੇ ਦਸ ਸਾਲਾਂ 'ਚ ਇਸ ਰੋਗ 'ਚ ਪੰਜ ਗੁਣਾ ਵਾਧਾ ਹੋ ਗਿਆ ਹੈ। ਕੰਮ ਦੇ ਲੰਬੇ ਤੇ ਥਕਾਅ ਦੇਣ ਵਾਲੇ ਦਿਨ ਪਿੱਛੋਂ ਬਿਸਤਰੇ 'ਚ ਜਾਂਦੀਆਂ ਹਨ। ਘੰਟਿਆਂ ਬੱਧੀ ਛੱਤ ਨੂੰ ਘੂਰਦੀਆਂ ਰਹਿੰਦੀਆਂ ਹਨ। ਘੜੀ ਦੀ ਟਿਕ-ਟਿਕ ਤੇ ਏਅਰ ਕੰਡੀਸ਼ਨ ਦੀ

ਹਲਕੀ ਆਵਾਜ਼ ਵੀ ਬਹੁਤ ਹੀ ਤਕਲੀਫ ਦੇਹ ਹੋ ਜਾਂਦੀ ਹੈ। ਅੱਧੀ ਰਾਤ ਪਿੱਛੋਂ ਮਜ਼ਬੂਰ ਹੋ ਕੇ ਉਠਦੀ ਹੈ ਅਤੇ ਨੀਂਦ ਦੀਆਂ ਗੋਲੀਆਂ ਖਾਂਦੀਆਂ ਹਨ। ਉਹਨਾਂ ਗੋਲੀਆਂ ਦੇ ਅਸਰ ਨਾਲ ਨੀਂਦ ਆਉਣ ਦਾ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਅਲਾਰਮ ਵਜਣ ਲੱਗਦਾ ਹੈ। ਫਿਰ ਤਣਾਅ ਨਾਲ ਭਰਿਆ ਥਕਾ ਦੇਣ ਵਾਲਾ ਦਿਨ ਤੇ ਉਸ ਤੋਂ ਬਾਅਦ ਫਿਰ ਇਕ ਉਨੀਂਦਰੇ ਭਰੀ ਰਾਤ, ਸਿਲਸਿਲਾ ਇਉਂ ਹੀ ਚਲਦਾ ਰਹਿੰਦਾ ਹੈ। ਮਾਨਸਿਕ ਰੋਗਾਂ ਤੋਂ ਇਲਾਵਾ ਇਹ ਸੂਰਤੇ ਉਨ੍ਹਾਂ ਔਰਤਾਂ ਨੂੰ ਨਸ਼ੀਲੀਆਂ ਦਵਾਈਆਂ ਦੀ ਪਨਾਹ ਲੈਣ ਲਈ ਮਜ਼ਬੂਰ ਕਰ ਰਹੀ ਹੈ। ਸੰਯੁਕਤ ਰਾਸ਼ਟਰ ਸੰਘ ਦੇ ਇਕ ਸਰਵੇ ਮੁਤਾਬਕ ਭਾਰਤ ਦੇ ਸ਼ਹਿਰੀ ਇਲਾਕਿਆਂ 'ਚ ਔਰਤਾਂ 'ਚ ਨਸ਼ੀਲੀਆਂ ਦਵਾਈਆਂ (ਡਰੱਗਸ) ਦੀ ਵਰਤੋਂ ਵਧ ਰਹੀ ਹੈ। 20 ਤੋਂ 30 ਸਾਲ ਦੀ ਉਮਰ 'ਚ ਇਹ ਔਰਤਾਂ ਇਨ੍ਹਾਂ ਨਸ਼ੀਲੀਆਂ ਦਵਾਈਆਂ ਦੀਆਂ ਆਦੀ ਹੋ ਜਾਂਦੀਆਂ ਹਨ ਅਤੇ ਅਲਕੋਹਲ ਤੋਂ ਇਲਾਵਾ ਡੇਰੋਇਨ, ਪ੍ਰਾਪੋਕਸੀਫਿਨ ਤੇ ਟਰੰਕਲਾਈ ਜਰਸ ਵਰਗੇ ਖਤਰਨਾਕ ਨਸ਼ੀਲੇ ਪਦਾਰਥਾਂ ਦੀਆਂ ਵੀ ਆਦੀ ਹੋ ਜਾਂਦੀਆਂ ਹਨ। ਇਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਔਰਤਾਂ 'ਚ ਨਵੀਂ ਦਿੱਲੀ 'ਚ ਹੈਰੋਇਨ ਦੀ ਵਰਤੋਂ ਸਭ ਤੋਂ ਵੱਧ ਹੈ ਅਤੇ ਚੇਨਈ ਵਰਗੇ ਰੂੜੀਵਾਦੀ ਸ਼ਹਿਰਾਂ ਵਿਚ ਵੀ ਔਰਤਾਂ ਇੰਨਾ ਡਰੱਗਸ ਵੱਲ ਖਿੱਚੀਆਂ ਜਾ ਰਹੀਆਂ ਹਨ। ਰਿਪੋਰਟ ਅਨੁਸਾਰ ਇਥੇ ਔਰਤਾਂ 'ਚ ਡਰੱਗਸ ਦੀ ਵਰਤੋਂ ਜ਼ਿਆਦਾਤਰ ਉਚੇ ਸਮਾਜਕ ਤੇ ਆਰਥਕ ਗਰੋਹਾਂ ਵਿਚ ਹੈ। ਉਕਤ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਡਾਇਜਾਪਾਮ ਤੇ ਅਲਪਰਾਜੋਲਮ ਵਰਗੀਆਂ ਦਵਾਈਆਂ ਦੀ ਵੀ ਉਚ ਸਿਖਿਆ ਹਾਸਲ ਅਤੇ ਆਰਥਕ-ਸਮਾਜਕ ਨਜ਼ਰੀਏ ਤੋਂ ਉਚ ਵਰਗੀ ਔਰਤਾਂ ਨਸ਼ੇ ਲਈ ਵਰਤਦੀਆਂ ਵੇਖੀਆਂ ਗਈਆਂ ਹਨ। ਔਰਤਾਂ ਨੂੰ ਮੰਡੀ ਦਾ ਸਾਧਨ ਤੇ ਨਾਰੀ-ਦੇਹ ਨੂੰ ਇਕ ਵਸਤੂ ਬਣਾ ਦਿੱਤਾ ਗਿਆ ਹੈ।

ਸਾਮਰਾਜਵਾਦ ਨੇ ਔਰਤ ਦੀ ਦੇਹ ਨੂੰ ਆਪਣਾ ਵਪਾਰ ਚਮਕਾਉਣ ਦਾ ਸਾਧਨ ਤੇ ਇਕ ਵਿਕਰੀਯੋਗ ਵਸਤੂ ਬਣਾ ਦਿੱਤਾ ਹੈ। ਇਸ ਬੇਹੂਦਗੀ ਦੀ ਖੇਡ ਵਿਚ ਸਾਮਰਾਜ ਦਾ ਸਭ ਤੋਂ ਵੱਡਾ ਵਫਾਦਾਰ ਤੇ ਮਦਦਗਾਰ ਇਹ ਮੀਡੀਆ ਹੈ। ਅਖਬਾਰਾਂ, ਰਸਾਲੇ, ਟੀ. ਵੀ., ਫਿਲਮ, ਇੰਟਰਨੈਟ ਹਰ ਥਾਂ ਔਰਤ ਇਕ ਹੀ ਰੂਪ 'ਚ ਨਜ਼ਰ ਆਉਂਦੀ ਹੈ। ਇਕ ਸੁੰਦਰ ਤੇ ਮਨਮੋਹਕ ਖਿਡੌਣੇ ਵਾਂਗੂ। ਜਿਸ ਤਰ੍ਹਾਂ ਖਿਡੌਣਾ ਦਿਲ ਬਹਿਲਾਉਣ ਵਾਲੀ ਇਕ ਵਸਤੂ ਹੈ, ਉਸੇ ਤਰ੍ਹਾਂ ਔਰਤ ਦਾ ਸਰੀਰ ਵੀ ਦਿਲ ਬਹਿਲਾਉਣ ਵਾਲੀ ਇਕ ਵਸਤੂ ਹੈ। ਉਸ ਦੀ ਦੇਹ ਨੂੰ ਵੱਧ ਤੋਂ ਵੱਧ ਨੰਗਾ ਰੱਖਿਆ ਜਾਂਦਾ ਹੈ। ਖੂਬ ਸਜਾਇਆ ਸੰਵਾਰਿਆ ਜਾਂਦਾ ਹੈ। ਹਰ ਤਰ੍ਹਾਂ ਦੀਆਂ ਚੀਜ਼ਾਂ ਦੀ ਇਸ਼ਤਿਹਾਰਬਾਜ਼ੀ ਤੇ ਵਿਕਰੀ ਲਈ ਉਸ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਖੂਬਸੂਰਤ ਰਿਸੈਪਸ਼ਨਿਸਟ ਫ੍ਰੰਟ ਆਫਿਸ ਦੇ ਮਨਮੋਹਕ ਇੰਨਟੀਰੀਅਰ ਦਾ ਲਾਜ਼ਮੀ ਅੰਗ ਹੈ। ਪਰਸਨਲ ਸੈਕਟਰੀਆਂ ਦੇ ਚੁੰਬਨ ਕਾਰਪੋਰੇਟ ਪਾਰਟੀਆਂ 'ਚ ਸ਼ਾਮਲ ਹਨ। ਔਰਤ ਦੀ ਤਸਵੀਰ ਤੋਂ ਬਿਨਾ ਕੋਈ ਵੀ ਇਸ਼ਤਿਹਾਰਬਾਜ਼ੀ ਪੂਰੀ ਹੀ ਨਹੀਂ ਹੁੰਦੀ ਹੈ। ਜੇ ਔਰਤ ਅਮਰੀਕਾ ਦੀ ਸੈਕਟਰੀ ਆਫ ਸਟੇਟ ਵੀ ਬਣ ਜਾਏ ਤਾਂ ਵੀ ਉਸ ਦਾ ਸਰੀਰ, ਡ੍ਰੈਸਿੰਗ ਤੇ ਫੈਸ਼ਨ ਧਿਆਨ ਦੇਣਯੋਗ ਹਨ। ਪਿਛਲੇ ਦਿਨਾਂ 'ਚ ਹਿਲੇਰੀ ਕਲਿੰਟਨ ਤੇ ਅਮਰੀਕੀ ਰਾਸ਼ਟਰਪਤੀ ਦੀ ਪਤਨੀ ਮਿਸ਼ਾਲ ਓਬਾਮਾ ਦੇ ਲਿਬਾਸ, ਸੁੰਦਰਤਾ ਤੇ ਸਟਾਈਲ ਆਦਿ ਜਿਸ ਤਰ੍ਹਾਂ ਦੁਨੀਆਂ ਭਰ ਦੇ ਅਖਬਾਰਾਂ 'ਚ ਬਹਿਸ ਦਾ ਵਿਸ਼ਾ ਰਹੇ। ਉਸ ਤੋਂ ਪਤਾ ਲੱਗਦਾ ਹੈ ਕਿ ਔਰਤ

ਕੁਝ ਵੀ ਬਣ ਜਾਵੇ ਇਸ ਉਪਭੋਗਤਾਵਾਦੀ (ਖਪਤਕਾਰੀ) ਸਮਾਜ 'ਚ ਇਕ ਖ਼ੂਬਸੂਰਤ ਖਿਡੌਣਾ ਹੀ ਹੈ। ਪੂਰੀ ਢੀਠਤਾਈ ਨਾਲ ਔਰਤਾਂ ਨੂੰ ਅਹੁਦੇ ਵੀ ਕਾਮਵਾਸ਼ਨਾ ਨੂੰ ਭੜਕਾਉਣ ਵਾਲੇ ਹੀ ਦਿੱਤੇ ਜਾਂਦੇ ਹਨ। ਅਵਾਰਾ ਨੌਜਵਾਨਾਂ ਦੀ ਔਰਤਾਂ 'ਤੇ ਇਸ਼ਾਰੇ ਕਸਣ ਦੀ ਆਦਤ ਨੂੰ ਸਭਿਅਕ ਸਮਝੀ ਜਾਣ ਵਾਲੀ ਦੁਨੀਆਂ ਨੇ ਵੀ ਅਪਣਾ ਲਿਆ ਹੈ। ਸੈਕਸੀ, ਬਿਮਬਾਸ (ਮੂਰਖ ਸੁੰਦਰੀ) ਹਾਸ (Hos ਇਕ ਤਰ੍ਹਾਂ ਦੀ ਗਾਲ) ਵਰਗੇ ਸ਼ਬਦ ਨਵੀਆਂ ਪੜ੍ਹੀਆਂ ਲਿਖੀਆਂ ਲੜਕੀਆਂ ਲਈ, ਹੁਣ ਸਾਡੇ ਦੇਸ਼ 'ਚ ਅਖਬਾਰਾਂ 'ਚ ਵੀ ਧੜੱਲੇ ਨਾਲ ਵਰਤੇ ਜਾਣ ਲੱਗੇ ਹਨ। 1999 'ਚ ਔਰਤਾਂ ਦੀ ਫੁਟਬਾਲ ਚੈਂਪੀਅਨ ਅਮਰੀਕੀ ਟੀਮ ਦੀ ਤਸਵੀਰ ਦੇ ਨਾਲ ਅਮਰੀਕੀ ਅਖਬਾਰਾਂ ਨੇ ਲੇਬਲ ਲਾਇਆ ਬੂਟਰਸ ਵਿਦ ਹੂਟਰਸ (Botters with Hooters)। ਇਕ ਛੇ ਸਾਲ ਦੀ ਬੱਚੀ ਦੀ ਟੀ ਸ਼ਰਟ ਤੇ ਲਿਖਿਆ ਸੀ 'ਲਿਟਲ ਹਾਟੀ' (Little Hottie) ਔਰਤਾਂ ਦੇ ਸਰੀਰ ਨੂੰ ਵਸਤੂ ਵਜੋਂ ਵਰਤਣ ਦਾ ਘ੍ਰਿਣਤ ਕੰਮ ਪ੍ਰੋਰਨੋਗ੍ਰਾਫੀ (ਅਸ਼ਲੀਲ ਸਾਹਿਤ, ਨੰਗੇ ਚਿਤਰਾਂ, ਵੀ ਡੀ ਓ ਫਿਲਮਸ ਆਦਿ) ਦੇ ਵਪਾਰ 'ਚ ਬਹੁਤ ਉਭਾਰ ਕੇ ਸਾਹਮਣੇ ਆਉਂਦਾ ਹੈ। ਪ੍ਰੋਰਨੋਗ੍ਰਾਫੀ ਆਰਥਕ ਸਮਾਜਵਾਦ ਲਈ ਬਹੁਤ ਲਾਭ ਦਾ ਸੌਦਾ ਹੈ। ਸਿਰਫ ਅਮਰੀਕਾ, ਜਪਾਨ ਤੇ ਸਾਊਥ ਕੋਰੀਆ ਮਿਲ ਕੇ 60 ਮਿਲੀਅਨ ਡਾਲਰ ਤੋਂ ਵੱਧ ਲਾਭ ਇਸ ਧੰਦੇ 'ਚ ਕਮਾਉਂਦੇ ਹਨ। ਔਰਤਾਂ ਦੇ ਸਰੀਰ ਨੂੰ ਵਸਤੂ ਵਜੋਂ ਵਰਤਣ ਦਾ ਘ੍ਰਿਣਿਤ ਕੰਮ ਪ੍ਰੋਰਨੋਗ੍ਰਾਫੀ 'ਤੇ ਪ੍ਰਤੀ ਸਕਿੰਡ 3 ਲੱਖ ਡਾਲਰ ਖਰਚ ਕੀਤੇ ਜਾਂਦੇ ਹਨ। ਬੇਹੱਦ ਅਸ਼ਲੀਲ ਨਾਵਲਾਂ ਦੀ ਅਮਰੀਕਾ 'ਚ ਵਿਕਰੀ "ਹਜ਼ਾਰ ਤੋਂ ਵੱਧ ਹੈ।" ਪ੍ਰੋਰਨੋਗ੍ਰਾਫੀ ਦੇ ਇਸ ਵਪਾਰ ਦੀ ਸੌਖ ਲਈ ਯੋਜਨਾਬੱਧ ਤਰੀਕੇ ਨਾਲ ਨੰਗੇਪਣ ਤੇ ਅਸ਼ਲੀਲਤਾ ਨਾਲ ਸਬੰਧਤ ਅਨੈਤਿਕ ਧਾਰਨਾਵਾਂ ਨੂੰ ਬਦਲਿਆ ਗਿਆ। ਨੰਗੇਪਣ ਨੂੰ ਇਕ 'ਫਿਤਰੀ ਕੈਫਿਅਤ' ਭਾਵ ਨੈਸਰਗਿਕ ਅਵਸਥਾ (Natural State) ਕਰਾਰ ਦਿੱਤਾ ਗਿਆ ਤੇ ਪੂਰੀ ਤਰ੍ਹਾਂ ਨੰਗੇ ਰਹਿਣ ਵਾਲੇ ਲੋਕਾਂ ਦੇ ਪ੍ਰੀਵਾਰ, ਕਲੱਬ, ਬਾਜ਼ਾਰ, ਏਅਰਲਾਈਨਸ, ਹੋਟਲ, ਮਨੋਰੰਜਨ ਸਥਾਨ ਵਗੈਰਾ-ਵਗੈਰਾ ਬਣਾਏ ਗਏ। ਉਹਨਾਂ ਨੂੰ ਕੁਦਰਤੀ (Naturlist) ਕਿਹਾ ਗਿਆ। ਕਈ ਦੇਸ਼ਾਂ ਦੇ ਕਨੂੰਨ ਬਦਲੇ ਗਏ। ਇਸ ਤਰ੍ਹਾਂ ਪੂਰੀ ਬੇਹਯਾਈ ਤੇ ਢੀਠਤਾਈ ਨਾਲ ਪੂੰਜੀਵਾਦੀ ਵਿਵਸਥਾ ਔਰਤ ਦੀ ਦੇਹ ਨੂੰ ਵੀ ਆਪਣੇ ਲਾਭ (ਮੁਨਾਫੇ) ਲਈ ਵਰਤ ਰਹੀ ਹੈ। ਕੁਝ ਲੇਖਕਾਂ ਨੇ ਇਸ ਵਪਾਰ ਨੂੰ ਵਾਜਬੀਅਤ ਮੁਹਈਆ ਕਰਨ ਲਈ ਪ੍ਰੋਰਨੋਗ੍ਰਾਫੀ ਤੇ ਏਰੋਟਿਕਾ (Erotika) 'ਚ ਫਰਕ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਅਨੁਸਾਰ ਕਿਸੇ ਲੜਕੀ ਦਾ ਨੰਗਾ ਚਿਤਰ ਬੇਢੰਗੇ ਤਰੀਕੇ ਨਾਲ ਲਿਆ ਜਾਵੇ ਤਾਂ ਇਹ ਪੋਰਨੋਗ੍ਰਾਫੀ ਹੈ ਪਰ ਇਕ ਕੁਸ਼ਲ ਚਿਤਰਕਾਰ ਆਪਣੀ ਕਲਾ ਦੀ ਕੁਸ਼ਲ ਤੇ ਕਲਾਤਮਕ ਵਰਤੋਂ ਕਰਕੇ ਕਲਾਤਮਕ ਤੌਰ 'ਤੇ ਨੰਗੀ ਤਸਵੀਰ ਖਿਚੇ ਤਾਂ ਇਹ 'ਏਰੋਟਿਕਾ' ਅਤੇ ਆਰਟ ਦਾ ਨਮੂਨਾ। ਇਸ ਲਈ ਸਭਿਆ ਹੈ। ਇਸ ਤਰ੍ਹਾਂ ਕਲਾਤਮਕ ਤੌਰ 'ਤੇ ਲਿਖੀਆਂ ਅਸ਼ਲੀਲ ਕਹਾਣੀਆਂ ਤੇ ਨਾਵਲ ਇਸ ਤਰ੍ਹਾਂ 'ਏਰੋਟਿਕ ਵੀਡੀਓਗ੍ਰਾਫੀ', 'ਏਰੋਟਿਕ ਫੋਟੋਗ੍ਰਾਫੀ' ਆਦਿ ਕਲਾ ਦੇ ਉਚ ਨਮੂਨੇ ਹਨ ਅਤੇ ਇਹਨਾਂ ਦਾ ਮਾਣ-ਸਨਮਾਨ ਨਾ ਕਰਨ ਵਾਲਾ ਅਤੇ ਕਲਾ ਦੇ ਮੁੱਲ ਨੂੰ ਨਾ ਪਹਿਚਾਨਣ ਵਾਲਾ ਮੂਰਖ, ਗੰਵਾਰ, ਉਜਡ, ਅਸਭਿਆ ਤੇ ਜੰਗਲੀ ਹੈ। ਇਸ ਸਮੇਂ ਕਈ ਵੱਡੀਆਂ ਵੱਡੀਆਂ ਕੰਪਨੀਆਂ ਇਸ ਕਲਾਤਮਕ ਰਚਨਾ (Artistic Art) ਦੇ ਨਿਰਮਾਣ ਰਾਹੀਂ ਮਨੁੱਖ ਤੇ ਸਭਿਆਚਾਰ ਦੀ ਨਿਰਸੁਆਰਥ ਸੇਵਾ' ਕਰਨ 'ਚ ਲੱਗੇ ਹੋਏ ਹਨ। ਨਗਨ ਚਿਤਰਕਲਾ (Nude Photography) ਇਕ ਸਥਾਈ

ਕਲਾ ਦੀ ਹੈਸੀਅਤ ਹਾਸਲ ਕਰ ਚੁੱਕੀ ਹੈ। ਜਿਸ ਦੇ ਬਕਾਇਦਾ ਸਲੇਬਸ ਮੌਜੂਦ ਹਨ। ਖਾਸ ਕਰਕੇ ਇਸ ਗੱਲ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ ਕਿ ਨੰਗੀਆਂ ਦੇਹਾਂ ਦੇ ਇਕ ਇਕ ਅੰਗ ਨੂੰ ਸਪਸ਼ਟ ਤੌਰ 'ਤੇ ਉਭਾਰਦਿਆਂ ਕਿਸ ਤਰ੍ਹਾਂ ਤਸਵੀਰਾਂ ਲਈਆਂ ਜਾਣ। 'ਪਲੇਅ ਬੁਆਏ' (Play Boy) ਵਰਗੀਆਂ ਕਈ ਪਤ੍ਰਿਕਾਵਾਂ ਇਹਨਾਂ ਤਸਵੀਰਾਂ ਦੇ ਜੋਰ ਹੇਠ ਹੀ ਕਾਇਮ ਹਨ। ਇੰਟਰਨੈਟ 'ਤੇ ਤਾਂ ਇਹ ਬਹੁਤ ਵੱਡਾ ਕਾਰੋਬਾਰ ਹੈ। ਹੁਣ ਤਾਂ ਆਜ਼ਾਦੀ ਦੇ ਕੱਟੜ ਹਮਾਇਤੀ ਵੀ ਇਸ ਗੱਲ ਨੂੰ ਮੰਨਣ ਲੱਗੇ ਹਨ ਕਿ ਪ੍ਰੋਰਨੋਗ੍ਰਾਫੀ ਬਲਾਤਕਾਰ ਦੀਆਂ ਘਟਨਾਵਾਂ ਨੂੰ ਜਨਮ ਦਿੰਦੀ ਹੈ। ਰੋਬਿਨ ਮਾਰਗਿਨ ਅਨੁਸਾਰ, 'ਪ੍ਰੋਰਨੋਗ੍ਰਾਫੀ ਸਿਧਾਂਤ ਹੈ ਅਤੇ ਬਲਾਤਕਾਰ ਇਸ ਦਾ ਅਮਲੀ ਰੂਪ। ਪ੍ਰੋਰਨੋਗ੍ਰਾਫੀ ਮਰਦਾਂ ਵੱਲੋਂ ਔਰਤਾਂ ਤੇ ਜਿਆਦਤੀਆਂ ਸਬੰਧੀ ਸੰਵੇਦਨਸ਼ੀਲਤਾ ਨੂੰ ਖਤਮ ਕਰ ਦਿੰਦੀ ਹੈ। ਬਲਾਤਕਾਰ ਦੇ ਅਪਰਾਧੀਆਂ ਦੀ ਕੇਸ ਸਟੱਡੀ ਤੋਂ ਪਤਾ ਲਗਦਾ ਹੈ ਕਿ ਪ੍ਰੋਰਨੋਗ੍ਰਾਫੀ ਦੀ ਪੈਦਾ ਕੀਤੀ ਸੰਵੇਦਨਹੀਣਤਾ ਦੀ ਵਜ੍ਹਾ ਕਈ ਸਮਝਦੇ ਰਹੇ ਕਿ ਦੁਨੀਆਂ ਦੀ ਹਰ ਔਰਤ ਬਲਾਤਕਾਰ ਦੀ ਇੱਛਕ ਰਹਿੰਦੀ ਹੈ। ਜੇ ਉਹ ਇਨਕਾਰ ਵੀ ਕਰਦੀ ਹੈ ਤਾਂ ਉਹ ਸਿਰਫ 'ਸੁੰਦਰੀ ਦੇ ਪ੍ਰੇਮਪਰਕ ਹਾਵ-ਭਾਵ ਹੀ' ਹਨ। ਇਨਕਾਰ ਔਰਤ ਦੀ ਅਦਾ ਹੈ ਅਤੇ ਜ਼ਿਦ ਤੇ ਜਬਰਦਸਤੀ ਮਰਦ ਦੀ ਅਦਾ। ਪ੍ਰੋਰਨੋਗ੍ਰਾਫੀ ਇਸ ਗੱਲ ਨੂੰ ਵੀ ਮਨ 'ਚ ਬਿਠਾਉਂਦੀ ਹੈ ਕਿ ਯੌਨ ਸਬੰਧ ਸਮੇਂ ਔਰਤ ਦੇ ਵੱਖ-ਵੱਖ ਅੰਗਾਂ ਨੂੰ ਕਸ਼ਟਦਾਇਕ ਛੇੜਛਾੜ ਯੌਨ ਅਮਲ ਦਾ ਅੰਗ ਤੇ ਉਹਨਾਂ ਲਈ ਕਾਮ ਉਕਸਾਉਣ ਰਾਹੀਂ ਆਨੰਦ ਪ੍ਰਾਪਤੀ ਦਾ ਸਾਧਨ ਹੈ। ਇਹ ਮਾਨਵਤਾ ਦੇ ਅਪਮਾਨ ਦੀ ਹੱਦ ਹੈ ਕਿ ਇਸ ਸਮੇਂ ਪ੍ਰੋਰਨੋਗ੍ਰਾਫੀ ਦੇ ਨਾਲ ਨਾਲ ਇੰਟਰਨੈਟ ਅਸਲੀ ਜਿਉਂਦੀਆਂ ਜਾਗਦੀਆਂ ਔਰਤਾਂ ਦੀ ਖਰੀਦ-ਵਿਕਰੀ ਇਕ ਵੱਡਾ ਬਾਜ਼ਾਰ ਬਣ ਗਈ ਹੈ। ਕਮਰਸ਼ੀਅਲ ਸੈਕਸ ਟੂਰ ਅਤੇ ਮੇਲ ਆਡਰ ਬ੍ਰਾਈਬਸ (Mail Order Bribes) ਇੰਟਰਨੈਟ ਦੇ ਜਾਣੇ ਪਹਿਚਾਣੇ ਕਾਰੋਬਾਰ ਹਨ। ਇਸ ਵਿਸ਼ੇ 'ਤੇ ਖੋਜ ਕਰਨ ਵਾਲੇ ਲਿਖਦੇ ਹਨ ਕਿ ਜਿਣਸਾਂ ਵਾਂਗੂੰ ਔਰਤਾਂ ਦੇ ਵੀ ਕੈਟਾਲਾਗ ਹਨ। ਨਾਵਾਂ ਦੇ ਨਾਲ ਉਹਨਾਂ ਦੀਆਂ ਤਸਵੀਰਾਂ ਰੰਗ ਰੂਪ ਦੇ ਵੇਰਵੇ, ਲੰਬਾਈ, ਵਜਣ, ਸਰੀਰ ਦੇ ਇਕ ਇਕ ਅੰਗ ਦਾ ਨਾਪ, ਇਥੋਂ ਤੱਕ ਕਿ ਯੌਨਾਂਗ ਦੀ ਸਖਤੀ ਤੇ ਨਰਮੀ, ਸਰੀਰ ਦੇ ਵੱਖ-ਵੱਖ ਹਿੱਸਿਆਂ 'ਤੇ ਮੌਜੂਦ ਦਾਗ-ਧੱਬਿਆਂ ਦਾ ਜ਼ਿਕਰ, ਖੁਸ਼ ਕਰਨ ਦੀ ਸੁਲਾਹੀਅਤ ਆਦਿ ਵੇਰਵਿਆਂ 'ਤੇ ਅਧਾਰਤ ਇਹ ਕੈਟਲਾਗ 'ਖਰੀਦਦਾਰਾਂ ਲਈ ਵੈਬਸਾਈਟ' 'ਤੇ ਮੁਹਈਆ ਹਨ, ਜਿਸ ਤਰ੍ਹਾਂ ਵਸਤੂ ਤੇ ਜਿਣਸਾਂ ਦੇ ਖਰੀਦਦਾਰ ਵਰਤਣ ਪਿੱਛੋਂ ਇੰਟਰਨੈਟ ਤੇ ਆਪਣੇ ਅਨੁਭਵ ਤੇ ਆਪਣੀ ਸਮੀਖਿਆ (Review) ਲਿਖਦੇ ਹਨ, ਉਹਨਾਂ ਬਦਕਿਸਮਤ ਔਰਤਾਂ ਦੇ ਖਰੀਦਦਾਰ ਵੀ ਉਹਨਾਂ ਨੂੰ ਵਰਤਣ ਪਿੱਛੋਂ ਤਸਵੀਰਾਂ ਤੇ ਵੀਡੀਓ ਦੇ ਨਾਲ ਆਪਣੇ ਅਨੁਭਵ ਬੇਹੱਦ ਸੂਖਮ ਵੇਰਵਿਆਂ ਨਾਲ ਲਿਖਦੇ ਹਨ ਤਾਂ ਕਿ ਅਗਲੇ ਖਰੀਦਦਾਰ 'ਅਨੁਭਵਾਂ' ਤੋਂ ਲਾਭ ਉਠਾ ਸਕਣ। ਵੇਸ਼ਵਾ ਬਿਰਤੀ ਦਾ ਰਿਵਾਜ ਹਮੇਸ਼ਾ ਤੋਂ ਰਿਹਾ ਹੈ। ਪਰ ਮਨੁੱਖੀ ਇਤਿਹਾਸ ਹਮੇਸ਼ਾ ਇਸ ਕਾਰੋਬਾਰ ਕਰਕੇ ਲਜਿਤ ਰਿਹਾ ਹੈ। ਇਸ ਕਾਰੋਬਾਰ ਨੂੰ ਸਮਾਜ ਨੇ ਕਦੇ ਵੀ ਪ੍ਰਵਾਨਗੀ ਨਹੀਂ ਦਿੱਤੀ ਹੈ। ਪਰ ਇਸ ਵਿਕਾਸਸ਼ੀਲ ਦੌਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਇਹ ਵਪਾਰ ਬਿਲਕੁਲ ਨੰਗਾ ਚਿੱਟਾ ਚਲਦਾ ਹੈ। ਇਹ ਬਕਾਇਦਾ ਲਾਇਸੰਸ ਪ੍ਰਾਪਤ ਕੰਪਨੀਆਂ ਹਨ ਜੋ ਆਪਣੇ ਆਪਣੇ ਦੇਸ਼ ਨੂੰ ਟੈਕਸ ਦਿੰਦੀਆਂ ਹਨ। ਸਟਾਕ ਮਾਰਕਿਟ 'ਚ ਰਜਿਸਟਡ ਹਨ। ਆਪਣੇ ਸ਼ੇਅਰ ਵੇਚਦੀਆਂ ਹਨ ਅਤੇ ਹਰ ਤਿਮਾਹੀ

ਆਪਣੇ ਹਿਸਾਬ ਦਾ ਲੇਖਾ-ਜੋਖਾ ਪ੍ਰਕਾਸ਼ਿਤ ਕਰਦੀਆਂ ਹਨ। ਆਪਣੇ-ਆਪਣੇ ਦੇਸ਼ 'ਚ ਉਹਨਾਂ ਦੇ ਕਾਰੋਬਾਰ ਬਕਾਇਦਾ ਕਨੂੰਨੀ ਕਾਰੋਬਾਰ ਹਨ। ਉਹਨਾਂ ਨੂੰ ਉਥੋਂ ਦੇ ਸਮਾਜ 'ਚ ਪੂਰੀ ਪ੍ਰਤਿਸ਼ਠਾ ਤੇ ਹਰਮਨ ਪਿਆਰਤਾ ਹਾਸਲ ਹੈ। ਜੋ ਦੇਸ਼ ਇਸ ਕਾਰੋਬਾਰ ਦੀ ਇਜਾਜ਼ਤ ਨਹੀਂ ਦਿੰਦੇ ਸਾਮਰਾਜ ਉਹਨਾਂ ਨੂੰ 'ਉਜੱਡ', 'ਅਸਭਿਅਕ', 'ਪਿਛੜੇ' ਤੇ 'ਮੱਧਯੁਗੀ' ਵਰਗੀਆਂ ਗਾਲਾਂ ਕੱਢਦਾ ਹੈ। ਕੀ ਔਰਤਾਂ ਦੇ ਅਪਮਾਨ ਤੇ ਲੁੱਟ ਦੇ ਇਸ ਰੂਪ ਤੋਂ ਸਾਡਾ ਸਮਾਜ ਵਾਕਿਫ ਹੈ? ਦੁਨੀਆਂ ਭਰ ਦੇ ਅਖਬਾਰਾਂ 'ਚ ਪਿਛਲੇ ਕੁਝ ਸਾਲਾਂ ਤੋਂ ਕਨੇਡਾ ਦੇ ਇਕ ਨਿਊਜ਼ ਚੈਨਲ ਦੀ ਬਹੁਤ ਚਰਚਾ ਹੈ। ਜਿਸ 'ਚ ਨਿਊਜ਼ ਰੀਡਰ ਦੇ ਰੀਪੋਰਟ ਅੱਧ ਨੰਗੀ ਹਾਲਤ 'ਚ ਖਬਰਾਂ ਪੜ੍ਹਦੀਆਂ ਹਨ। ਵਪਾਰ ਸਮੀਖਿਆ ਪੱਤਰਕਾਵਾਂ 'ਚ ਇਸ ਨੂੰ ਇਕ ਸਫਲ ਵਪਾਰ ਦੀ ਕੇਸ ਸਟੱਡੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਕੰਪਨੀ ਨੇ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ ਹੈ। ਇਹ ਹੈ ਸਫਲ ਵਪਾਰ ਦੀ ਪੂੰਜੀਵਾਦੀ ਧਾਰਨਾ। ਪਰਦੇ ਦਾ ਰਿਵਾਜ ਅਜਿਹੇ 'ਸਫਲ ਕਾਰੋਬਾਰ' ਦੀ ਜੜ੍ਹ ਵੱਢ ਦਿੰਦਾ ਹੈ। ਇਸ ਲਈ ਸਾਮਰਾਜ ਦੇ ਪਰਦੇ ਦੇ ਨਾਲ ਯੁੱਗਾਂ ਯੁਗਾਂਤਰਾਂ ਤੋਂ ਵੈਰ ਹੈ। ਇਹ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਜਮ੍ਹਾ ਕਰਕੇ ਸਾਰਾ ਜ਼ੋਰ ਦੁਨੀਆਂ ਨੂੰ ਇਹ ਸਮਝਾਉਣ ਲਈ ਲਾ ਰਿਹਾ ਹੈ ਕਿ ਪਰਦਾ ਔਰਤ ਦੀ ਗੁਲਾਮੀ ਹੈ। ਔਰਤਾਂ ਦੀ ਅਜ਼ਾਦੀ ਇਹ ਹੈ ਕਿ ਉਸ ਨੂੰ ਸਿਰ ਤੋਂ ਪੈਰਾਂ ਤੱਕ ਨੰਗਾ ਕਰਕੇ ਵੇਚਿਆ ਜਾਵੇ। ਪਿਛਲੇ ਦਹਾਕੇ 'ਚ ਸਾਰੀ ਦੁਨੀਆਂ 'ਚ ਅੰਦੋਲਨ ਸ਼ੁਰੂ ਹੋ ਗਿਆ ਸੀ ਕਿ ਵੇਸ਼ਵਾ ਬਿਰਤੀ ਤੇ ਦੇਹ ਵਪਾਰ ਨੂੰ ਕਨੂੰਨੀ ਮਾਨਤਾ ਦਿੱਤੀ ਜਾਵੇ। ਇਸ ਲਈ ਇਸ ਪੇਸ਼ੇ ਨੂੰ 'ਦੇਹ ਉਦਯੋਗ' ਦਾ ਨਾਂ ਦਿੱਤਾ ਗਿਆ। ਦਲਾਲ ਦੇਹ ਵਪਾਰੀ ਬਣ ਗਏ। 'ਵੇਸ਼ਵਾ ਘਰ (ਕੋਠਿਆਂ) ਕੰਪਨੀਆਂ ਦੀ ਹੈਸੀਅਤ 'ਚ ਰਜਿਸਟਰ ਹੋਣ ਲੱਗੇ ਅਤੇ ਜਾਹਿਰ ਹੈ ਕਿ ਮਜ਼ਬੂਰ ਔਰਤਾਂ ਹਾਲਾਤ ਜਾਂ ਜ਼ੁਲਮ-ਜਬਰ ਤੋਂ ਮਜ਼ਬੂਰ ਹੋ ਕੇ 'ਵਿਕਣ ਵਾਲੀ ਵਸਤੂ' (Commodity) ਭਾਵ ਭੋਗਣਯੋਗ ਬਣ ਗਈਆਂ। ਇਸ ਲਈ ਨਿਊਜ਼ੀਲੈਂਡ 'ਚ ਕਨੂੰਨੀ ਤੌਰ 'ਤੇ ਮਾਨਤਾ ਹਾਸਲ ਕਰਨ ਪਿੱਛੋਂ ਇਹ ਉਦਯੋਗ 25% ਸਲਾਨਾ ਦੀ ਦਰ ਨਾਲ ਤਰੱਕੀ ਕਰਨ ਲੱਗਿਆ ਅਤੇ ਨੀਦਰਲੈਂਡ ਦੀ ਪੂਰੀ ਵਿਵਸਥਾ ਦੇ 5% ਵਿਚ ਇਹ ਛਾ ਗਿਆ। ਨਿਊਜ਼ੀਲੈਂਡ ਤੇ ਆਸਟ੍ਰੇਲੀਆ (ਵਿਕਟੋਰੀਆ ਸੂਬਾ) ਵਿਚ ਵੀ ਇਸ ਨਾਲ ਮਿਲਦੀਆਂ ਜੁਲਦੀਆਂ ਹਾਲਤਾਂ ਹਨ। ਕੁਝ ਦੇਸ਼ਾਂ 'ਚ ਔਰਤਾਂ ਦੀ ਕੁਲ ਅਬਾਦੀ ਦਾ 1.5% ਕਾਰੋਬਾਰ ਦੇਹ-ਵਪਾਰ 'ਚ ਬਦਲ ਚੁਕਿਆ ਹੈ ਅਤੇ ਛੇ ਇਲਾਕਿਆਂ ਵਿਚ ਤਾਂ ਘਰੇਲੂ ਪੈਦਾਵਾਰ (ਜੀ ਡੀ ਪੀ) ਦਾ 14 ਫੀਸਦੀ ਇਸ ਕਾਰੋਬਾਰ ਤੋਂ ਹਾਸਲ ਹੁੰਦਾ ਹੈ। ਉਹਨਾਂ ਦੇਸ਼ਾਂ 'ਚ ਉਹਨਾਂ 'ਕੰਪਨੀਆਂ' ਦੇ ਅਨੇਕਾਂ ਸੰਗਠਨ ਹਨ। ਉਹਨਾਂ ਦੇ ਕਾਰਪੋਰੇਟ ਦਫ਼ਤਰ ਹਨ। ਵਪਾਰ-ਰਸਾਲਿਆਂ ਤੇ ਅਖਬਾਰਾਂ ਦੇ ਵਪਾਰ ਪੰਨਿਆਂ 'ਤੇ ਉਹਨਾਂ ਦੇ ਲਾਭ ਹਾਨੀ ਦਾ ਲੇਖਾ ਜੋਖਾ ਪ੍ਰਕਾਸ਼ਿਤ ਹੁੰਦਾ ਹੈ। ਨੀਦਰਲੈਂਡ 'ਚ 'ਕੋਠਿਆਂ' ਦਾ ਸੰਗਠਨ ਕਨੂੰਨੀ ਰੂਪ 'ਚ RBOA ਅਜਿਹੀ ਹੀ ਸੰਸਥਾ ਹੈ ਜਿਸ ਤਰ੍ਹਾਂ ਅਕਸਰ ਦੇਸ਼ਾਂ ਵਿਚ 'ਚੈਂਬਰਜ਼ ਆਫ ਕਾਮਰਸ' ਹੁੰਦੇ ਹਨ। ਇਹ ਸੰਸਥਾ ਪੂਰੀ ਢੀਠਤਾਈ ਨਾਲ ਵੈਬਸਾਈਟ ਬਣਾ ਕੇ ਕੰਮ ਕਰ ਰਹੀ ਹੈ। ਨਿਊਜ਼ੀਲੈਂਡ ਵਿਚ ਉਥੋਂ ਦੇ ਸਰਕਾਰੀ ਅੰਕੜਿਆਂ ਅਨੁਸਾਰ 383 'ਦੇਹ ਵਪਾਰ ਕੰਪਨੀਆਂ' ਅਤੇ 5932 ਸੈਕਸ ਵਰਕਰਸ ਵਿਚੋਂ ਅੱਧੇ ਤੋਂ ਵੱਧ 'ਸੈਕਸ ਬਿਜਨਸ' ਦੇ ਬਕਾਇਦਾ ਕਰਮਚਾਰੀ ਹਨ। ਨਿਊਜ਼ੀਲੈਂਡ 'ਚ ਇਸ 'ਬਿਜਨੈਸ' ਦੀ ਰਜਿਸਟਰੇਸ਼ਨ, ਆਡਿਟ, ਇੰਸਪੈਕਸ਼ਨ

ਆਦਿ ਦੀ ਬਕਾਇਦਾ ਸਰਕਾਰੀ ਪ੍ਰਣਾਲੀ ਮੌਜੂਦ ਹੈ। ਜਿਵੇਂ ਕਿਤੇ ਔਰਤਾਂ ਦੇ ਸਰੀਰ ਦਾ ਵਪਾਰ ਉਨਾ ਹੀ ਸਿਸ਼ਟਾਚਾਰ ਭਰਪੂਰ, ਜਾਇਜ਼ ਅਤੇ ਮਾਨਤਾ ਪ੍ਰਾਪਤ ਹੈ ਜਿੰਨਾ ਕਿ ਪਾਰਲੇ ਬਿਸਕੁਟ, ਟੇਕਸਟ ਜਾਂ ਲੁਈਸ ਫਿਲਿਪ ਦੀਆਂ ਕਮੀਜ਼ਾਂ ਦਾ। ਹਾਂ ਚਮੜੇ ਦੇ ਬਣੇ ਹੋਏ ਫਰਕੋਟ ਨਾ ਪਸੰਦੀਦਾ ਹੋ ਸਕਦੇ ਹਨ। ਕਿਉਂਕਿ ਇਸ ਨਾਲ ਜਾਨਵਰਾਂ ’ਤੇ ਜ਼ੁਲਮ ਹੁੰਦਾ ਹੈ। ਇਸ ਉਦਯੋਗ ਦੇ ਨਾਲ ਅੱਜ ਦੀ ਦੁਨੀਆਂ ’ਚ ਅਜਿਹੇ ਲੋਕਾਂ ਦੀ ਘਾਟ ਨਹੀਂ ਹੈ ਜੋ ਪੈਸਿਆਂ ਲਈ ਆਪਣੀਆਂ ਪਤਨੀਆਂ ਨੂੰ ਅਜਨਬੀਆਂ ਦੇ ਬੈਡਰੂਮਾਂ ’ਚ ਭੇਜਦੇ ਹਨ। ਸਾਡੇ ਦੇਸ਼ ’ਚ ਵੀ ਹੁਣ ਇਹ ਕਾਰੋਬਾਰ (ਅਨਪੜ੍ਹਾਂ ਤੇ ਗਰੀਬਾਂ ’ਚ ਨਹੀਂ ਬਲਕਿ ਉਚ ਸਿਖਿਆ ਪ੍ਰਾਪਤ ਵੱਡੀਆਂ ਕੰਪਨੀਆਂ ’ਚ ਨੌਕਰੀ ਕਰਨ ਵਾਲੇ ਧਨੀ ਤੇ ਸ਼ਹਿਰੀ ਪ੍ਰੋਫੈਸ਼ਨਲਾਂ ’ਚ) ਆਮ ਹੋ ਗਿਆ ਹੈ।

ਫੈਸ਼ਨ ਤੇ ਕਾਸਮੇਟਿਕਸ – ਪੂੰਜੀਵਾਦੀ ਪ੍ਰਣਾਲੀ ਵਲੋਂ ਔਰਤਾਂ ਦੀ ਲੁੱਟ ਦਾ ਇਕ ਹੋਰ ਖੇਤਰ ਸੁੰਦਰਤਾ ਵਸਤਾਂ ਅਤੇ ਫੈਸ਼ਨ ਹੈ। ਇਸ ਨਾਲ ਦੁਨੀਆਂ ਭਰ ਦੇ ਸਰਮਾਏਦਾਰਾਂ ਨੂੰ ਹਰ ਸਾਲ 19 ਬਿਲੀਅਨ ਡਾਲਰ ਦਾ ਲਾਭ ਹੁੰਦਾ ਹੈ। ਇਸ ਲਈ ਉਹ ਅਤਿਆਚਾਰ ਤੇ ਛਲ ਕਪਟ ਦੇ ਹਰ ਹਥਿਆਰ ਵਰਤਦੇ ਹਨ। ਸੁੰਦਰਤਾ ਮੁਕਾਬਲੇ, ਫੈਸ਼ਨ ਪਰੇਡ ਸੈਲੀ, ਬ੍ਰਿਟੀ ਕਲਚਰ, ਅੰਗਰੇਜ਼ੀ ਅਖਬਾਰਾਂ ਦੇ ਤਿੰਨ ਨੰਬਰ ਦੇ ਪੰਨੇ ਔਰਤਾਂ ਦੀਆਂ ਅਣਗਿਣਤ ਪੱਤਰਕਾਵਾਂ, ਟੀ. ਵੀ. ਸ਼ੋਅ ਅਤੇ ਰਿਆਲਟੀ ਸ਼ੋਅ ਆਦਿ ਉਹਨਾਂ ਹੱਥ ਕੰਡਿਆਂ ’ਚੋਂ ਕੁਝ ਕੁ ਹਨ। ਅਖਬਾਰਾਂ ਤੇ ਟੀ. ਵੀ. ਦੇ ਇਸ਼ਤਿਹਾਰਾਂ ਦਾ ਇਕ ਵੱਡਾ ਹਿੱਸਾ ਇਕ ਲਾਭ ਉਦਯੋਗ ਦੇ ਨਾਂ ਹੀ ਸਮਰਪਿਤ ਹੁੰਦਾ ਹੈ। ਛਲ-ਕਪਟ ਨਾਲ ਭਰੀ ਖੇਡ ਦਾ ਸ਼ਿਕਾਰ ਹੋ ਕੇ ਔਰਤਾਂ ਆਪਣੀ ਸਿਹਤ, ਸ਼ਾਂਤੀ ਤੇ ਅਮਨ ਚੈਨ ਸਭ ਕੁਝ ਬਰਬਾਦ ਕਰ ਰਹੀਆਂ ਹਨ। ਮਸ਼ਹੂਰ ਮਨੋਰੋਗ ਪਤ੍ਰਿਕਾ ‘ਸਾਈਕੋਲੋਜੀ ਟੂਡੇ’ ਨੇ ਇਕ ਮਨੋਰੋਗ ‘ਬਾਡੀ ਮੇਨੀਆ’ (Body Monia) ਦੀ ਪਹਿਚਾਣ ਕੀਤੀ ਹੈ ਜਿਸ ਦਾ ਸ਼ਿਕਾਰ ਇਹ ਔਰਤਾਂ ਹੋ ਰਹੀਆਂ ਹਨ। ਜੋ ਆਪਣੇ ਆਪ ਨੂੰ ਅਤਿ ਸੁੰਦਰ ਬਣਾਉਣ ਲਈ ਕਿਸੇ ਵੀ ਪੱਧਰ ’ਤੇ ਜਾਣ ਲਈ ਤਿਆਰ ਰਹਿੰਦੀਆਂ ਹਨ। ਪੂੰਜੀਪਤੀ ਜਮਾਤ ਸਭ ਤੋਂ ਪਹਿਲਾਂ ‘ਸੁੰਦਰਤਾ ਮੁਕਾਬਲਿਆਂ’ ਸੈਲੀਬਰਿਟੀਜ਼ ਅਤੇ ਪੇਜ ਥ੍ਰੀ ਰਾਹੀਂ ਕੁਝ ਖੂਬਸੂਰਤ ਔਰਤਾਂ ਨੂੰ ਮਾਡਲ ਵਜੋਂ ਪੇਸ਼ ਕਰਦਾ ਹੈ ਅਤੇ ਦੁਨੀਆਂ ਭਰ ਦੀਆਂ ਨੌਜਵਾਨ ਔਰਤਾਂ ’ਚ ਉਹਨਾਂ ਵਰਗਾ ਬਣਨ ਦਾ ਜਨੂੰਨ ਤੇ ਉਨਮਾਦੇ ਪੈਦਾ ਕਰਦਾ ਹੈ। ਇਹ ਜਨੂੰਨ ਸਰਮਾਏਦਾਰ ਜਮਾਤ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ ਜਨੂੰਨ ਦੇ ਅਧਾਰ ’ਤੇ ਉਹਨਾਂ ਦੇ ਅਰਬਾਂ ਡਾਲਰ ਦੇ ਉਦਯੋਗ ਦੀ ਪੂੰਜੀਵਾਦੀ ਇਮਾਰਤ ਖੜ੍ਹੀ ਹੁੰਦੀ ਹੈ। ਸ਼ੁਰੂਆਤ ਸਪਸ਼ਟ ਰੂਪ ’ਚ ਹਾਨੀਕਾਰਕ-ਮਹਿਸੂਸ ਨਾ ਹੋਣ ਵਾਲੀਆਂ ਕ੍ਰੀਮਾਂ, ਜੇਲੀਆਂ ਆਦਿ ਸੁੰਦਰਤਾ ਸਾਧਨਾਂ ਨਾਲ ਹੁੰਦੀ ਹੈ। ਅਣਗਿਣਤ ਕਿਸਮਾਂ ਦੇ ਲੋਸ਼ਨ, ਤੇਲ, ਕ੍ਰੀਮ, ਪਾਊਡਰ, ਲਿਪਸਟਿਕ, ਫਾਊਰੇਸ਼ੰਜ਼ ਪਾਲਿਸ਼, ਸੈਂਪੂ, ਡੀ ਓ, ਕੰਡੀਸ਼ਨਰ, ਵੈਕਸ ਆਦਿ ਔਰਤਾਂ ਨੂੰ ਵੇਚੇ ਜਾਂਦੇ ਹਨ ਸਿਰਫ ਅਮਰੀਕਾ ’ਚ 8 ਬਿਲੀਅਨ ਡਾਲਰ ਦੇ ਕਾਸਮੇਟਿਕਸ ਦੀ ਵਿਕਰੀ ਹੁੰਦੀ ਹੈ। ਇਸ ਰਕਮ ਦੇ ਤਿੰਨ ਚੌਥਾਈ ਹਿੱਸੇ (6 ਬਿਲੀਅਨ ਡਾਲਰ) ਦੇ ਨਾਲ ਦੁਨੀਆਂ ਦੇ ਸਾਰੇ ਅਨਪੜ੍ਹ ਲੋਕਾਂ ਦੀ ਸਿਖਿਆ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਹਨਾਂ ਕਾਸਮੈਟਿਕਸ ਦੀ ਤਿਆਰੀ ’ਚ ਸਰਮਾਏਦਾਰਾਂ ਨੂੰ ਔਰਤਾਂ ਦੀ ਸਿਹਤ ਤੇ ਉਹਨਾਂ ਦੀ ਜਾਨ ਦੀ ਰਾਖੀ ਤੇ ਸਲਾਮਤ ਨਾਲ ਕੋਈ ਦਿਲਚਸਪੀ ਨਹੀਂ ਹੁੰਦੀ। ਅਮਰੀਕਾ ’ਚ (ਇਥੋਂ ਆਉਣ

ਵਾਲੀਆਂ ਚੀਜ਼ਾਂ ਨੂੰ ਸਾਡੇ ਦੇਸ਼ 'ਚ ਬਿਨਾਂ ਕਿਸੇ ਜਾਂਚ ਪਰਖ ਦੇ ਕਬੂਲ ਕਰ ਲਿਆ ਜਾਂਦਾ ਹੈ) ਸੁੰਦਰਤਾ ਸਾਧਨਾਂ ਦੀ ਜਾਂਚ ਕਰਨ ਅਤੇ ਸਿਹਤ 'ਤੇ ਪੈਣ ਵਾਲੇ ਉਹਨਾਂ ਦੇ ਪ੍ਰਭਾਵਾਂ ਦਾ ਪਤਾ ਲਾਉਣ ਦਾ ਕੋਈ ਮੈਕਾਨਿਜਮ ਮੌਜੂਦ ਨਹੀਂ ਹੈ। ਫੂਡ ਐਂਡ ਡਰੱਗ ਐਡਮਿਨਸਟ੍ਰੇਸ਼ਨ (ਜੋ ਦਵਾਈਆਂ ਦੀ ਜਾਂਚ ਕਰਦੀ ਹੈ) ਦੇ ਕਾਰਜ ਖੇਤਰ 'ਚ ਇਹ ਦਵਾਈਆਂ ਨਹੀਂ ਆਉਂਦੀਆਂ ਅਤੇ ਇਹਨਾਂ ਨੂੰ ਜਾਂਚਣ ਪ੍ਰਖਣ ਦੀ ਕੋਈ ਪ੍ਰਣਾਲੀ ਵੀ ਨਹੀਂ ਹੈ। ਅਮਰੀਕਾ ਦੀ ਹੀ ਇਕ ਸੰਸਥਾ ਏ. ਡਬਲਯੂ ਜੀ ਦੀ ਰਿਪੋਰਟ ਅਨੁਸਾਰ ਇਹਨਾਂ ਕਾਸਮੈਟਿਕਸ 'ਚ ਕਈ ਜ਼ਹਿਰੀਲੇ ਤੱਤ ਇਥੋਂ ਤੱਕ ਕਿ ਕੈਂਸਰ ਪੈਦਾ ਕਰਨ ਵਾਲੇ ਰਸਾਇਣਕ ਪਦਾਰਥ ਪਾਏ ਜਾਂਦੇ ਹਨ। ਇਹ ਜ਼ਹਿਰੀਲੇ ਰਸਾਇਣਕ ਤੱਤ-Musks and Parabens, Tricloasan, Phathalets ਕੈਂਸਰ ਤੇ ਹਾਰਮੋਨ 'ਚ ਬਦਲਾਅ ਵਰਗੀਆਂ ਗੰਭੀਰ ਬੀਮਾਰੀਆਂ ਪੈਦਾ ਕਰਦੇ ਹਨ। ਇਹ ਲੜਕੀਆਂ ਰੋਜ਼ਾਨਾ ਔਸਤਨ 17 ਕਾਸਮੈਟਿਕਸ ਵਰਤਦੀਆਂ ਰਹੀਆਂ ਹਨ ਤੇ ਇਹਨਾਂ ਦੇ ਸਰੀਰ ਵਿਚ ਹਾਰਮੋਨਸ 'ਚ ਤਬਦੀਲੀ ਕਰਨ ਵਾਲੇ ਔਸਤਨ 13 ਰਸਾਇਣਕ ਤੱਤ (Chemicals) ਪਾਏ ਗਏ ਇਹ ਤੱਤ ਯੌਨ ਕਾਲ (adoles cence) 'ਚ ਹਾਰਮੋਨ 'ਚ ਤਬਦੀਲੀ, ਮਾਨਸਿਕ ਸਿਹਤ, ਜਨਣ-ਸਮਰਥਾ, ਹੱਡੀਆਂ ਦੇ ਵਧਣ ਵਰਗੇ ਕਈ ਮਾਮਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਅਮਰੀਕਾ ਦੀ ਹੀ ਇਕ ਹੋਰ ਸੰਸਥਾ ਨੇ ਗਾਹਕਾਂ ਦੇ ਮਾਰਗ ਦਰਸ਼ਨ ਲਈ ਹਾਨੀਕਾਰਕ ਰਸਾਇਣਕ ਤੱਤਾਂ ਤੋਂ ਬਣੀਆਂ ਕਾਸਮੈਟਿਕਸ ਦਾ ਇਕ ਡੈਂਟਾਬੇਸ ਤਿਆਰ ਕੀਤਾ ਹੈ। ਇਸ ਡੈਟਾਬੇਸ 'ਚ ਜਿਹਨਾਂ ਕੰਪਨੀਆਂ ਦੇ ਨਾਂ ਹਨ ਉਹਨਾਂ 'ਚ L, Ordeal, Procterd Gauidee, Conbe Inc. ਵਰਗੀਆਂ ਮਸ਼ਹੂਰ ਬਹੁਕੌਮੀ ਕੰਪਨੀਆਂ ਵੀ ਸ਼ਾਮਲ ਹਨ। ਜਿਹਨਾਂ ਦੀਆਂ ਵਸਤਾਂ ਸਾਡੇ ਦੇਸ਼ 'ਚ ਵੀ ਬਹੁਤ ਜ਼ਿਆਦਾ ਵਿਕਦੀਆਂ ਹਨ। ਇਹਨਾਂ ਵਸਤੂਆਂ ਨੂੰ ਜੀ ਭਰ ਕੇ ਵੇਚਣ ਤੇ ਆਪਣੀ ਝੋਲੀ ਭਰਨ ਪਿੱਛੋਂ ਬਿਊਟੀ ਇੰਡਸਟ੍ਰੀਜ਼ ਅਗਲੇ ਪੜਾਅ ਵੱਲ ਕਦਮ ਵਧਾਉਂਦੀ ਹੈ। ਜਿਸ 'ਚ ਵਾਰੀ ਆਉਂਦੀ ਹੈ ਵਜਨ ਘੱਟ ਕਰਨ ਦੀ। ਇਹਨਾਂ ਕੰਪਨੀਆਂ ਨੇ ਆਪਣੇ ਇਸ਼ਤਿਹਾਰਾਂ ਰਾਹੀਂ ਇਹ ਭਰਮ ਫੈਲਾਅ ਰਖਿਆ ਹੈ ਕਿ ਸੁੰਦਰ ਬਣਨ ਲਈ ਪਤਲਾ-ਪਤੰਗਾ ਤੇ ਲੰਬਾ ਹੋਣਾ ਜ਼ਰੂਰੀ ਹੈ। ਇਸ ਲਈ ਭਾਰ ਘਟਾਉਣ ਦਾ ਇਕ ਪੂਰਾ ਉਦਯੋਗ ਹਰ ਸ਼ਹਿਰ 'ਚ ਮੌਜੂਦ ਹੈ। ਉਸ ਵਲੋਂ ਬਣਾਏ ਤੇ ਵੰਡੇ ਜਾਂਦੇ ਸਾਧਨਾਂ 'ਚ ਜਿਗਰ ਨੂੰ ਤਬਾਹ ਕਰਨ ਵਾਲੀਆਂ ਗੋਲੀਆਂ ਸ਼ਾਮਲ ਹੁੰਦੀਆਂ ਹਨ। ਜਾਂ ਦਿਲ ਨੂੰ ਬਰਬਾਦ ਕਰਨ ਵਾਲੇ Menetermine ਨਾਂ ਦੇ ਰਸਾਇਣਕ ਤੱਤ 'ਤੇ ਅਧਾਰਿਤ ਦਵਾਈਆਂ। ਇਹ ਔਰਤਾਂ ਹੀ ਹਨ ਜੋ ਪਤਲੇ ਰਹਿਣ ਲਈ ਚੀਨੀ ਤੋਂ ਪ੍ਰਹੇਜ ਕਰਦੀਆਂ ਹਨ। ਸਾਡੇ ਦੇਸ਼ 'ਚ ਪਤਲੇ ਕਰਨ ਦੀ ਇੰਡਸਟਰੀ ਨਾਲ ਸਰਮਾਏਦਾਰ ਜਮਾਤ 2000 ਕਰੋੜ ਰੁਪਏ ਕਮਾ ਰਹੀ ਹੈ। ਪਹਿਲਾਂ ਜੰਕ ਫੂਡ ਖਿਲਾ ਖਿਲਾ ਕੇ ਮੋਟਾ ਕਰਦੀ ਹੈ ਤੇ ਉਸ ਤੋਂ ਵੀ ਕਰੋੜਾਂ ਰੁਪਏ ਕਮਾਉਂਦੀ ਹੈ। ਉਸ ਪਿੱਛੋਂ ਪਤਲੇ ਕਰਨ ਦੀ ਮੁਹਿੰਮ ਚਲਾਉਂਦੀ ਹੈ ਤੇ ਉਸ ਤੋਂ ਵੀ ਕਰੋੜਾਂ ਰੁਪਏ ਕਮਾਉਂਦੀ ਹੈ। 'ਗੋਲਡ' ਅਤੇ 'ਪਲਾਟੀਨਮ ਕਾਰਡ' ਤੇ 'ਕਾਰਪੋਰੇਟ ਮੈਂਬਰਸ਼ਿਪ' ਵਰਗੇ ਸਮੋਹਕ ਆਫਰ ਦੇ ਨਾਲ 'ਵੇਟ ਮੈਨੇਜਮੈਂਟ' ਦੀਆਂ ਇਹ ਕੰਪਨੀਆਂ ਆਪਣੇ ਗਾਹਕਾਂ ਤੋਂ ਹਰ ਮਹੀਨੇ 3000 ਤੋਂ 30,000 ਰੁਪਏ ਤਕ ਵਸੂਲ ਕਰਦੀਆਂ ਹਨ। ਵਜਣ ਘਟਾਉਣ ਦੇ ਇਹਨਾਂ ਕੇਂਦਰਾਂ ਤੋਂ ਇਲਾਵਾ ਇੰਟਰਨੈੱਟ 'ਤੇ ਵੀ ਇਹ ਕਾਫੀ ਲਾਭਦਾਇਕ ਕਾਰੋਬਾਰ ਹੈ ਜਿਥੇ ਅਣਗਿਣਤ ਵੈਬਸਾਈਟ ਵਜਣ ਘਟਾਉਣ

ਦੀ ਰਹਿਨੁਮਾਈ ਦੇ ਨਾਂ ਹੇਠ ਕਰੋੜਾਂ ਡਾਲਰ ਕਮਾ ਰਹੀਆਂ ਹਨ। ਸੋਸ਼ਲਿਸਟ ਵਰਕਿੰਗ ਅਤੇ ਬਲਾਗਸ ਨੂੰ ਵਰਤਦਿਆਂ ਪਤਲੇ ਹੋਣ ਤੇ ਘੱਟ ਖਾਣ ਦੇ ਮੁਕਾਬਲੇ ਰਾਹੀਂ ਇਹ ਸਾਈਟਸ ਪਤਲੇ ਹੋਣ ਦਾ ਖਤਰਨਾਕ ਜਨੂੰਨ ਪੈਦਾ ਕਰਦੀਆਂ ਹਨ। ਡਾਕਟਰੀ ਵਿਗਿਆਨ 'ਚ 'ਏਨੋਰੇਕਸਿਆ ਨਰਵੋਜ਼ਾ' ਨੂੰ ਬਕਾਇਦਾ ਇਕ ਬੀਮਾਰੀ ਵਜੋਂ ਮਾਨਤਾ ਮਿਲ ਗਈ ਹੈ। ਇਸ ਨਾਲ ਪੀੜਤ ਰੋਗੀ (ਔਰਤਾਂ) ਵਜਨ ਵਧਣ ਦੇ ਡਰੋਂ ਭੁੱਖਾ ਰਹਿਣਾ ਸ਼ੁਰੂ ਕਰ ਦਿੰਦੀਆਂ ਹਨ। ਏਨੋਰੇਕਸੀਆ ਦੇ 5% ਰੋਗੀ ਭੁੱਖੇ ਰਹਿਣ ਕਰਕੇ ਮਰ ਜਾਂਦੇ ਹਨ। ਯੂਰਪ ਤੇ ਅਮਰੀਕਾ 'ਚ ਇਹ ਰੋਗ ਬਹੁਤ ਜ਼ਿਆਦਾ ਹੈ। ਇਹ ਰੋਗ ਅਸਲ 'ਚ ਮਾਡਲਾਂ ਤੋਂ ਸ਼ੁਰੂ ਹੋਇਆ ਜਿਹਨਾਂ 'ਤੇ ਉਹਨਾਂ ਦੇ ਪੂੰਜੀਪਤੀ ਪ੍ਰਭੂਆਂ ਵਲੋਂ ਵਜਨ ਵਧਣ ਦੇ ਡਰ ਕਰਕੇ ਭੁੱਖੇ ਰਹਿਣਾ ਸ਼ੁਰੂ ਕਰ ਦਿੰਦੀਆਂ ਹਨ। ਉਹ ਹਰ ਦਿਨ ਸਲਾਦ ਦਾ ਸਿਰਫ਼ ਇਕ ਪੱਤਾ ਖਾਂਦੀਆਂ ਹਨ। ਨਵੰਬਰ 2007 'ਚ ਇਜਰਾਇਲੀ ਮਾਡਲ 'ਹੀਲਾ' ਦੀ ਮੌਤ ਹੋ ਗਈ। ਉਸ ਦਾ ਵਜਨ ਸੱਤ ਸਾਲ ਦੀ ਬੱਚੀ ਦੇ ਬਰਾਬਰ ਸੀ। ਉਹਨਾਂ ਮਾਡਲਾਂ ਨੂੰ ਮੀਡੀਆ ਆਦਰਸ਼ ਵਜੋਂ ਪੇਸ਼ ਕਰਦਾ ਹੈ। ਉਹਨਾਂ ਦੀ ਨਕਲ 'ਚ ਆਮ ਲੜਕੀਆਂ ਵੀ ਇਸ ਦੀਵਾਨਗੀ ਪਿੱਛੇ ਪੈ ਜਾਂਦੀਆਂ ਹਨ। ਇਕ ਕੁਪੋਸ਼ਣ ਤਾਂ ਉਹ ਹੈ ਜਿਸ ਦਾ ਸ਼ਿਕਾਰ ਔਰਤਾਂ ਰਵਾਇਤੀ ਸਮਾਜਾਂ 'ਚ ਲਿੰਗਕ ਵਿਤਕਰੇ ਕਾਰਨ ਪੈਂਦਾ ਹੁੰਦਾ ਹੈ ਅਤੇ ਇਕ ਕੁਪੋਸ਼ਣ ਇਹ ਹੈ ਜਿਸ 'ਚ ਭੁੱਖ 'ਤੇ ਕੰਟਰੋਲ ਕਰਨ ਲਈ ਸਿਗਰਟ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਲਈ ਮੁਟਿਆਰਾਂ ਸਿਗਰਟ ਪੀਣਾ ਸ਼ੁਰੂ ਕਰਕੇ ਫੇਫੜਿਆਂ, ਬੱਚੇਦਾਨੀ ਤੇ ਛਾਤੀ ਦੇ ਕੈਂਸਰ ਲਈ ਰਾਹ ਪੱਧਰਾ ਕਰ ਲੈਂਦੀਆਂ ਹਨ। ਇਸ ਤੋਂ ਅਗਲੇ ਪੜਾਅ 'ਚ ਵਾਰੀ ਆਉਂਦੀ ਹੈ ਸਰੀਰਕ ਬਦਲਾਅ (Body Modifications) ਦੀ। ਇਥੇ ਵੀ ਇਕ ਬਹੁਤ ਵੱਡਾ ਉਦਯੋਗ ਕੰਮ ਕਰ ਰਿਹਾ ਹੈ। ਇਹ 30 ਬਿਲੀਅਨ ਡਾਲਰ ਦਾ ਸਲਾਨਾ ਕਾਰੋਬਾਰ ਹੈ। ਜਿਸ 'ਚ ਲਗਭਗ ਦੋ ਲੱਖ ਸਰਜਨ ਕੰਮ ਕਰ ਰਹੇ ਹਨ, ਕੇਵਲ ਅਮਰੀਕਾ 'ਚ 30 ਬਿਲੀਅਨ ਡਾਲਰ ਦਾ ਲਾਭ ਇਸ ਕਾਰੋਬਾਰ ਤੋਂ ਕਮਾਇਆ ਜਾਂਦਾ ਹੈ। ਅਣਗਿਣਤ ਇਸ਼ਤਿਹਾਰ ਹਨ। ਅਖਬਾਰਾਂ ਤੇ ਔਰਤ-ਮੈਗਜ਼ੀਨ ਹਨ, ਜਿਨ੍ਹਾਂ 'ਚ 'ਮਾਹਰ' ਸੁੰਦਰਤਾ ਨੂੰ ਵਧਾਉਣ ਲਈ ਮੁਫਤ ਮਸ਼ਵਰਿਆਂ ਦੇ ਕਾਲਮ ਚਲਾਉਂਦੇ ਹਨ। ਔਰਤਾਂ ਤੇ ਲੜਕੀਆਂ ਨੂੰ ਇਹ ਸਮਝਾਉਂਦੇ ਹਨ ਕਿ ਤੁਸੀਂ ਆਪਣੇ ਸਰੀਰ ਦੇ ਹਰ ਅੰਗ ਨੂੰ ਬਦਲ ਸਕਦੇ ਹੋ ਅਤੇ ਆਪਣੇ ਸੁਪਨਿਆਂ ਦਾ ਸਰੀਰ ਦੇ ਮਾਲਕ ਬਣ ਸਕਦੀਆਂ ਹੋ। ਇਕ ਵਿਸ਼ੇ ਪ੍ਰਕਾਰ ਦੀ ਪੇਚੀਦਾ ਸਰਜਰੀ ਰਾਹੀ, ਪੇਟ ਦਾ ਸਾਈਜ ਬਦਲਿਆ ਜਾਂਦੈ ਹਰ ਤਰ੍ਹਾਂ ਦੇ ਅੰਗ (ਛਾਤੀਆਂ, ਚਿਹਰੇ ਆਦਿ) ਤੋਂ ਇਲਾਵਾ ਕੋਮਲ ਅੰਗਾਂ ਦੀ ਸਰਜਰੀ ਵੀ ਆਮ ਹੋ ਚੁੱਕੀ ਹੈ। ਇਹ ਸਰਜਰੀ ਸਿਹਤ ਤਬਾਹ ਕਰਦੀ ਹੈ। ਸਾਮਰਾਜ ਨੇ ਔਰਤ ਨੂੰ ਆਪਣੀ ਕਮਾਈ ਦਾ ਸਾਧਨ ਬਣਾ ਰੱਖਿਆ ਹੈ। ਉਪਭੋਗਤਾਵਾਦ ਤੇ ਭੋਗਵਿਲਾਸ ਦੀ ਮਾਨਸਿਕਤਾ ਦਾ ਵੀ ਅਸਰ ਔਰਤਾਂ 'ਤੇ ਪੈਂਦਾ ਹੈ। ਇਹ ਮਾਨਸਿਕਤਾ ਕਾਰਨ ਹੀ ਦਹੇਜ ਦਾ ਰਿਵਾਜ ਵਧਿਆ ਹੈ। ਭੋਗ ਵਿਲਾਸ ਦੀ ਲਾਲਸਾ ਭਰਿਸ਼ਟਾਚਾਰ ਵੀ ਕਰਵਾਉਂਦੀ ਹੈ। ਸਭ ਕੁਝ ਹੁੰਦੇ ਹੋਏ ਵੀ 'ਹੋਰ ਵੱਧ' ਦੀ ਭੁੱਖ ਬਹੁ-ਬੇਟੀਆਂ ਨੂੰ ਲੁੱਟਣ ਲਈ ਉਕਸਾਉਂਦੀ ਹੈ।

# ਯੌਨ ਸੋਸ਼ਣ ਤੋਂ ਤੰਗ ਕੰਮਕਾਜੀ ਔਰਤਾਂ ਲਈ ਨਵਾਂ ਕਨੂੰਨ ਕੁਝ ਕਰੇਗਾ?

ਦਫਤਰ 'ਚ ਯੌਨ ਸੋਸ਼ਣ ਬਾਰੇ ਔਰਤਾਂ ਆਮ ਕਰਕੇ ਗੱਲਬਾਤ ਕਰਨਾ ਨਹੀਂ ਚਾਹੁੰਦੀਆਂ ਪਰ ਹੁਣ ਦੇਸ਼ਾਂ 'ਚ ਇਸ ਦੀ ਚਰਚਾ ਹੋ ਰਹੀ ਹੈ। ਇਸ ਮਾਮਲੇ ਸਬੰਧੀ ਇਕ ਬਿੱਲ ਪਿੱਛੇ ਜਿਹੇ ਹੀ ਲੋਕ ਸਭਾ 'ਚ ਪੇਸ਼ ਕੀਤਾ ਗਿਆ ਹੈ। ਜੇ ਇਹ ਕਨੂੰਨ ਬਣ ਗਿਆ ਤਾਂ ਦੇਸ਼ ਦੀਆਂ ਕੰਮਕਾਜੀ ਔਰਤਾਂ ਨੂੰ ਆਪਣੇ ਕੰਮਕਾਜੀ ਜੀਵਨ ਦੀ ਦਿਸ਼ਾ ਸੰਵਾਰਨ ਦੇ ਉਪਾਅ ਮਿਲ ਜਾਣਗੇ। ਨੈਸਕਾਮ ਦੇ ਪ੍ਰਮੁੱਖ ਸੋਮ ਮਿੱਤਲ ਤਾਂ ਇਸ ਮਸਲੇ 'ਤੇ ਹੰਗਾਮੇ ਨੂੰ ਖਾਰਜ ਕਰਦੇ ਹਨ, "ਨਵੀਂ ਸਹਿਸਤਾਬਦੀ 'ਚ ਭਾਰਤੀ ਦਫਤਰ ਖਾਸ ਕਰਕੇ ਸਨਰਾਈਜ਼ ਸੈਕਟਰ ਦੇ ਦਫਤਰ ਯੌਨ ਸੋਸ਼ਣ ਵਰਗੇ ਮੁੱਦਿਆਂ ਤੋਂ ਅੱਗੇ ਨਿਕਲ ਗਏ ਹਨ।" ਪਰ ਦੂਜੇ ਲੋਕ ਇਹਨਾਂ ਨਾਲ ਸਹਿਮਤ ਨਹੀਂ ਹੈ। ਵਿਧੀ ਕਮਿਸ਼ਨ ਦੀ ਸਾਬਕਾ ਮੈਂਬਰ ਤੇ ਸੁਪਰੀਮ ਕੋਰਟ ਦੀ ਵਕੀਲ ਤੇ ਆਲ ਇੰਡੀਆ ਡੈਮੋਕਰੇਟਿਨ ਵੂਮੰਸ ਐਸੋਸੀਏਸ਼ਨ (ਏਡਵਾ) ਦੀ ਸਕੱਤਰ ਕੀਰਤੀ ਸਿੰਘ ਕਹਿੰਦੀ ਹੈ, "ਇਹ ਕੰਮਕਾਜੀ ਔਰਤਾਂ ਲਈ ਵੱਡਾ ਮੁੱਦਾ ਹੈ ਅਤੇ ਇਸ ਲਈ ਇਸ ਕਨੂੰਨ ਦਾ ਪਾਸ ਹੋਣਾ ਜ਼ਰੂਰੀ ਹੈ।" ਏਡਵਾ 1977 'ਚ ਵਿਸ਼ਾਖਾ ਮਾਮਲਾ ਸੰਬੰਧੀ ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਤੋਂ ਹੀ ਇਕ ਕਨੂੰਨ ਲਈ ਸੰਘਰਸ਼ ਕਰ ਰਹੀ ਸੀ। ਮਨੋਰੋਗ ਮਾਹਰ ਡਾਕਟਰ ਇਸ ਨੂੰ ਦੂਜੇ ਰੂਪ 'ਚ ਵੇਖਦੇ ਹਨ। ਮਨੋਵਿਸਲੇਸ਼ਕ ਤੇ ਲੇਖਕ ਡਾ. ਸੁਧੀਰ ਕੱਕੜ ਦੱਸਦੇ ਹਨ ਕਿ "ਅਧੁਨਿਕ ਦਫਤਰ ਤੇ ਯੌਨ ਸੋਸ਼ਣ ਦੇ ਮੌਕਿਆਂ ਨੂੰ ਵਧਾ ਦਿੱਤਾ ਹੈ ਅਤੇ ਇਸ ਨਾਲ ਬਹੁਤੇ ਯੌਨ ਜਬਰ ਦੇ ਰੂਪ 'ਚ ਸਾਹਮਣੇ ਆ ਰਹੇ ਹਨ।" ਇਕ ਵਿਧੇਅਕ (ਬਿਲ) ਨੂੰ ਪੇਸ਼ ਕਰਨ ਵਾਲੀ ਔਰਤ ਤੇ ਬਾਲ ਵਿਕਾਸ ਰਾਜ ਮੰਤਰੀ ਕ੍ਰਿਸ਼ਨਾ ਤੀਰਥ ਕਹਿੰਦੀ ਹੈ ਕਿ "ਕਨੂੰਨ ਦੇ ਜ਼ਰੀਏ ਕੰਮਕਾਜ ਦਾ ਅਨਕੂਲ ਮਹੌਲ ਤਿਆਰ ਕਰਨਾ" ਕੰਮਕਾਜੀ ਔਰਤਾਂ ਦੀ ਮੰਗ ਹੈ। ਇਸ ਬਹਿਸ ਦੇ ਕੇਂਦਰ 'ਚ ਇਕ ਹਕੀਕਤ ਇਹ ਹੈ ਕਿ ਔਰਤਾਂ ਦਾ ਕੈਰੀਅਰ ਵਧ ਫੁਲ ਰਿਹਾ ਹੈ। ਯੂਨੀਵਰਸਿਟੀ ਜਾਣ ਵਾਲੀਆਂ ਲੜਕੀਆਂ ਦੀ ਗਿਣਤੀ 1950 'ਚ ਪ੍ਰਤੀ ਸੌ ਲੜਕਿਆਂ ਪਿਛੇ 14 ਤੋਂ ਵਧ ਕੇ ਹੁਣ 68 ਹੋ ਗਈ ਹੈ ਅਤੇ ਸਕੂਲਾਂ 'ਚ ਉਹ ਲੜਕਿਆਂ ਦੇ ਮੁਕਾਬਲੇ ਬੇਹਤਰ ਗਰੇਡ ਹਾਸਲ ਕਰ ਰਹੀਆਂ ਹਨ। ਸ਼ਹਿਰੀ ਇਲਾਕਿਆਂ ਵਿਚ ਪੈਸਾ ਕਮਾਉਣ ਲਈ ਇਕ ਔਰਤ ਪੰਜ ਮਰਦਾਂ ਦੇ ਨਾਲ ਦੌੜ ਲਾਉਂਦੀ ਹੈ। ਭਾਰਤ ਦੀਆਂ ਕੰਮਕਾਜੀ ਔਰਤਾਂ ਅਮਰੀਕਾ ਦੀਆਂ ਕੰਮਕਾਜੀ ਔਰਤਾਂ ਤੋਂ ਕਿਤੇ ਵੱਧ ਉਮੀਦਾਂ ਰੱਖਦੀਆਂ ਹਨ। ਸੈਂਟਰ ਫਾਰ ਵਰਕਲਾਈਫ ਪਾਲਸੀ ਦੀ 2010 ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ 80 ਫੀਸਦੀ ਭਾਰਤੀ ਕੰਮਕਾਜੀ ਔਰਤਾਂ ਆਪਣਾ ਟੀਚਾ ਹਾਸਲ ਕਰਨ ਲਈ ਵਾਧੂ ਮਿਹਨਤ ਕਰਨ ਲਈ ਤਿਆਰ ਹਨ। ਜਦ ਕਿ ਅਮਰੀਕਾ ਵਿਚ ਸਿਰਫ 52 ਫੀਸਦੀ ਔਰਤਾਂ ਅਜਿਹਾ ਕਰਨ ਲਈ ਤਿਆਰ ਹਨ। ਤਾਂ ਦਫਤਰ ਦੇ ਧੌਂਸਬਾਜ਼ਾਂ ਨੇ ਕਿੰਨੀਆਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਹੈ? ਬੰਬਈ ਦੀ ਇਕ ਇਸ਼ਤਿਹਾਰ ਏਜੰਸੀ ਦੀ ਕਾਪੀ ਰਾਈਟਰ 25 ਸਾਲਾ ਹੇਂਤਲ ਸ਼ਰਮਾ ਕਹਿੰਦੀ ਹੈ "ਜ਼ਰਾ ਗਿਣ ਲਵਾਂ ਇਕ ਦੋ ਤਿੰਨ-ਦਰਅਸਲ ਕਾਫੀ ਲੋਕ ਹਨ" ਉਹਨਾਂ ਦੀ ਇਕ ਸਹਿਯੋਗੀ ਨੂੰ ਇਕ ਰਿਪੋਰਟ 'ਚ ਗੜਬੜ ਹੋਣ ਦੇ ਦੋਸ਼ 'ਚ ਬਰਖਾਸਤ ਕਰ ਦਿੱਤਾ ਗਿਆ। (ਵੈਸੇ ਹਕੀਕਤ ਇਹ ਸੀ ਕਿ ਉਹ ਧੌਂਸ ਹੇਠ ਆਉਣ ਨੂੰ ਤਿਆਰ

ਨਹੀਂ ਸੀ”) ਇੱਕ ਹੋਰ ਔਰਤ ਮਹੀਨਿਆਂ ਤਕ ਬਾਸ ਤੋਂ ਬਚਦੀ-ਬਚਦੀ ਜੇਹਨੀ ਤੌਰ ’ਤੇ ਟੁੱਟ ਗਈ ਅਤੇ ਫਿਰ ਨੌਕਰੀ ਛੱਡ ਗਈ। ਇਕ ਹੋਰ ਔਰਤ ਨੂੰ ਰੋਜ਼ਾਨਾ ਆਪਣੀਆਂ ਛਾਤੀਆਂ ਦੇ ਸਾਈਜ਼ ਬਾਰੇ ਸੁੱਨਣ ਨੂੰ ਮਿਲਦਾ ਹੈ ਤੇ ਉਸ ਦੀ ਛਾਤੀ ਤੇ ਕਈ ਵਾਰੀ ਕਾਗਜ਼ ਦੇ ਗੋਲੇ ਸੁੱਟੇ ਜਾਂਦੇ ਹਨ। ਕੱਕੜ ਕਹਿੰਦੇ ਹਨ, “ਇਸ ਤਰ੍ਹਾਂ ਦੇ ਮਰਦਾਂ ’ਚ ਇਕ ਖੂਬੀ ਆਮ ਤੌਰ ’ਤੇ ਪਾਈ ਜਾਂਦੀ ਹੈ ਉਹਨਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਔਰਤਾਂ ਦਰਅਸਲ ਇਸ ਦਾ ਮਜ਼ਾ ਲੈਂਦੀਆਂ ਹਨ। ਸ਼ਰਮਾ ਦੀਆਂ ਸਹਿਯੋਗੀਆਂ ਨੂੰ ਇਹ ਪਤਾ ਨਹੀਂ ਹੈ ਪਰ ਉਹ ਇਕੱਲੀਆਂ ਨਹੀਂ ਹਨ। ਪਿੱਛੇ ਜਿਹੇ ਸੈਂਟਰ ਫਾਰ ਟ੍ਰਾਂਸਫਾਰਮਿੰਗ ਇੰਡੀਆ ਨੇ ਐਨ ਸੀ ਆਰ ਬੰਗਲੌਰ ਪੁਣੇ, ਮੁੰਬਈ, ਚੇਨਈ ਤੇ ਹੈਦਰਾਬਾਦ ਦੇ ਆਈ ਟੀ. ਆਈ. ਟੀ. ਈ. ਐਸ., ਕੇ. ਪੀ. ਓ ਤੇ ਬੀ. ਪੀ. ਓ ’ਚ 19 ਤੋਂ 45 ਸਾਲ ਦੀਆਂ 600 ਔਰਤ ਮੁਲਾਜਮਾਂ ਦਾ ਸਰਵੇਖਣ ਕੀਤਾ ਕਰੀਬ 88 ਫੀਸਦੀ ਨੇ ਯੌਨ ਅਤਿਆਚਾਰ (ਕਿਸ ਤਰ੍ਹਾਂ ਦੇ ਅਣਚਾਹੇ ਇਸ਼ਾਰਿਆਂ) ਦੀ ਗੱਲ ਮੰਨੀ। 37 ਫੀਸਦੀ ਤੋਂ ਵੱਧ ਨੇ ਬੇਹੱਦ ਗੰਦੀਆਂ ਟਿੱਪਣੀਆਂ ਸੁਣੀਆਂ। 17 ਫੀਸਦੀ ਨਾਲ ਛੇੜਛਾੜ ਕੀਤੀ ਗਈ। 10 ਫੀਸਦੀ ਨਾਲ ਸੈਕਸ ਸੰਬੰਧ ਬਣਾਉਣ ਦੀ ਮੰਗ ਕੀਤੀ ਗਈ ਜਾਂ ਫਿਰ ਪੋਰਨੋਗ੍ਰਾਫੀ ਵਿਖਾਈ ਗਈ। 12 ਫੀਸਦੀ ਨੂੰ ਗਾਲਾਂ ਵਾਲੀ ਭਾਸ਼ਾ ਸੁਨਣੀ ਪਈ, 14 ਫੀਸਦੀ ਨੇ ਨਾ ਸਹਿਣਯੋਗ ਯੌਨ ਵਰਤਾਅ ਝੱਲਿਆ, 83 ਫੀਸਦੀ ਨੇ ਕੋਈ ਸ਼ਿਕਾਇਤ ਨਹੀਂ ਦਰਜ ਕਰਵਾਈ। 48 ਫੀਸਦੀ ਨੂੰ ਪਤਾ ਨਹੀਂ ਸੀ ਕਿ ਕਿਥੇ ਸ਼ਿਕਾਇਤ ਕਰਨ। 82 ਫੀਸਦੀ ਘਟਨਾਵਾਂ ਕੰਮਕਾਜ ਦੀਆਂ ਥਾਂਵਾਂ ਤੋਂ ਬਾਹਰ ਹੋਈਆਂ। ਇਸ ਪ੍ਰੋਜੈਕਟ ਨੂੰ ਚਲਾਉਣ ਵਾਲੇ ਤੇ ਮੁੱਖ ਟਰੱਸਟੀ ਪੰਕਜ ਸ਼ਰਮਾ ਦਾ ਕਹਿਣਾ ਹੈ ਕਿ “ਦੇਸ਼ ਦੇ ਇਕ ਸਭ ਤੋਂ ਪ੍ਰਗਤੀਸ਼ੀਲ ਉਦਯੋਗ ਵਿਚ ਅਜਿਹੇ ਅੰਕੜੇ ਸੰਕੇਤ ਕਰਦੇ ਹਨ ਕਿ ਦਫਤਰਾਂ ’ਚ ਸੈਕਸ ਅਤਿਆਚਾਰ ਸਾਡੇ ਅੰਦਾਜੇ ਤੋਂ ਕਾਫੀ ਜ਼ਿਆਦਾ ਹੈ।” ਸੈਕਸ ਅਤਿਆਚਾਰ ਸੰਬੰਧੀ ਨਵੇਂ ਬਿੱਲ ਨਾਲ ਕੀ ਉਹਨਾਂ ਦੀਆਂ ਸਮੱਸਿਆਵਾਂ ਸੁਲਝ ਜਾਣਗੀਆਂ? ਕੰਪਨੀ ਦੇ ਆਲਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਹੀਂ ਇਸ ਦੀ ਵਜ੍ਹਾ ਇਹ ਹੈ ਕਿ ਕੰਮਕਾਜੀ ਔਰਤਾਂ ਦੀ ਫੌਜ ਵਧ ਰਹੀ ਹੈ ਅਤੇ ਹੁਣ ਉਹ ਕਿਸੇ ਵੀ ਸੰਗਠਨ ’ਚ ਦਬੀ-ਕੁਚਲੀ ਘੱਟ ਗਿਣਤੀ ਨਹੀਂ ਰਹਿ ਗਈ ਹੈ। ਮਿੱਤਲ ਦਾ ਕਹਿਣਾ ਹੈ, “ਆਈ ਟੀ ਖੇਤਰ ’ਚ ਆਉਣ ਵਾਲੇ ਮੁਲਾਜਮਾਂ ’ਚ 95 ਫੀਸਦੀ ਔਰਤਾਂ ਹੀ ਹਨ।” ਸਿਖਿਆ ਤੋਂ ਲੈ ਕੇ ਵਿਆਹ ਸਬੰਧਾਂ ਤੱਕ ਜੀਵਨ ਦੇ ਸਾਰੇ ਖੇਤਰਾਂ ’ਚ ਸਮਤਾ ਦੀ ਵਧਦੀ ਭਾਵਨਾ ਕਾਰਨ ਦਫਤਰ ’ਚ ਭੇਦਭਾਵ ਤੇ ਅਤਿਆਚਾਰ ਨੂੰ ਹਮਾਇਤ ਨਹੀਂ ਮਿਲ ਸਕਦੀ। “ਅਸੀਂ ਲੋਕਾਂ ਨੂੰ ਸਿਖਿਅਤ ਕੀਤਾ ਹੈ ਅਤੇ ਬਰਾਬਰ ਦੇ ਮੌਕਿਆਂ ਦੀ ਧਾਰਨਾ ਵਿਆਪਕ ਹੋ ਚੱਲੀ ਹੈ” ਨਵੇਂ ਬਿੱਲ (ਕਨੂੰਨ) ’ਚ ਪ੍ਰਸਤਾਅ ਹੈ ਕਿ ਹਰ ਦਫਤਰ ’ਚ ਸ਼ਿਕਾਇਤ ਸੁਨਣ ਲਈ ਇਕ ਸੰਮਤੀ ਹੋਣੀ ਚਾਹੀਦੀ ਹੈ ਅਜਿਹਾ ਨਾ ਹੋਣ ’ਤੇ ਉਸ ਦੀ ਰਜਿਸਟ੍ਰੇਸ਼ਨ ਰੱਦ ਹੋ ਸਕਦੀ ਹੈ। ਜਾਂ 5000 ਰੁਪਏ ਤੋਂ ਵੱਧ ਜੁਰਮਾਨਾ ਭਰਨਾ ਪੈ ਸਕਦਾ ਹੈ। ਮਿੱਤਲ ਦਾ ਕਹਿਣਾ ਹੈ ਕਿ “ਪਰ ਜ਼ਿਆਦਾਤਰ ਕੰਪਨੀ ਖਾਸ ਕਰਕੇ ਇਸ ਉਭਰਦੇ ਸੈਕਟਰ ਵਿਚ ਸੈਕਸ ਅਤਿਆਚਾਰ ’ਤੇ ਜਬਰਦਸਤ ਨੀਤੀਆਂ, ਸਖਤ ਪ੍ਰਤੀਕ੍ਰਿਆ ਤੇ ਦੁਨੀਆਂ ਭਰ ’ਚ ਅਚਾਰ ਸੰਹਿਤਾ (ਕੋਡ ਆਫ ਕੰਡਰਕ) ਪਹਿਲਾਂ ਤੋਂ ਹੀ ਮੌਜੂਦ ਹੈ।” ਕਾਰਪੋਰੇਟ ਦੇ ਪ੍ਰਸਾਸ਼ਨ ਦਾ ਏਜੰਡਾ ਬਦਲ ਗਿਆ ਹੈ। ਔਰਤ ਦੇ ਜਬਰ ਤੋਂ ਅੱਗੇ ਵਧ ਕੇ ਉਹਨਾਂ ਨੂੰ ਜੀਵਨ ਦੇ ਹਰ ਪੜਾਅ ’ਤੇ ਨੌਕਰੀ ’ਚ ਰੱਖਿਆ

ਜਾਣ ਲੱਗਿਆ ਹੈ।" ਅਸੀਂ ਉਹਨਾਂ ਦੇ ਕੰਮਕਾਜ਼ੀ ਜੀਵਨ ਨੂੰ ਲੰਬਾ ਖਿਚਣ ਤੇ ਵਧਾਉਣ ਬਾਰੇ ਸੋਚਦੇ ਹਾਂ।" ਕਨੂੰਨ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਿਲ ਦਰਅਸਲ ਇਕ ਕਦਮ ਪਿੱਛੇ ਲੈ ਜਾਣ ਵਾਲਾ ਹੈ। ਇਕ ਪਾਸੇ ਜਿਥੇ ਸੁਪਰੀਮ ਕੋਰਟ ਨੇ ਵਿਸ਼ਾਪਾ ਮਾਮਲੇ 'ਚ ਸਪਸ਼ਟ ਕਰ ਦਿੱਤਾ ਸੀ ਕਿ ਸ਼ਿਕਾਇਤ ਕਰਨ ਔਰਤ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ, ਉਥੇ ਨਵੇਂ ਬਿੱਲ 'ਚ ਸੁਝਾਅ ਦਿੱਤਾ ਗਿਆ ਹੈ ਕਿ ਜੇ ਔਰਤਾਂ ਦੇ ਦੋਸ਼ ਗਲਤ ਸਾਬਤ ਹੋਣ ਤਾਂ ਸੰਗਠਨ ਨੂੰ ਉਸ ਵਿਰੁੱਧ ਸਜ਼ਾ ਦੀ ਕਾਰਵਾਈ 'ਤੇ ਵਿਚਾਰ ਕਰਨਾ ਚਾਹੀਦਾ ਹੈ। ਕੀਰਤੀ ਸਿੰਘ ਪੁੱਛਦੀ ਹੈ, "ਅਜਿਹੇ 'ਚ ਭਲਾਂ ਸ਼ਿਕਾਇਤ ਕਰਨ ਕੌਣ ਅੱਗੇ ਆਵੇਗਾ? ਸੁਪਰੀਮ ਕੋਰਟ ਨੇ ਸਪਸ਼ਟ ਕਿਹਾ ਸੀ ਕਿ ਔਰਤਾਂ ਸ਼ਿਕਾਇਤ ਇਸ ਲਈ ਨਹੀਂ ਕਰਦੀਆਂ ਕਿ ਉਤਪੀੜਕ ਦੇ ਮੁਕਾਬਲੇ ਉਹ ਵੱਧ ਕੰਮਜ਼ੋਰ ਹਾਲਤ 'ਚ ਹੁੰਦੀਆਂ ਹਨ ਤੇ ਉਹਨਾਂ ਨੂੰ ਨੌਕਰੀ ਖੁਸ ਜਾਣ ਦਾ ਡਰ ਰਹਿੰਦਾ ਹੈ।

ਕੀਰਤੀ ਸਿੰਘ ਕਹਿੰਦੀ ਹੈ "ਮੈਂ ਕੋਈ ਅਜਿਹੀ ਸਥਿਤੀ 'ਚ ਰਹੀ ਹਾਂ ਜਿਹਨਾਂ 'ਚ ਹਮੇਸ਼ਾ ਇਹੀ ਕਿਹਾ ਜਾਂਦਾ ਹੈ ਕਿ ਔਰਤ ਗਲਤ ਸ਼ਿਕਾਇਤ ਕਰ ਰਹੀ ਹੈ। ਉਹ ਜਾਂ ਤਾਂ ਖਰਾਬ ਮੁਲਾਜਮ ਹੁੰਦੀ ਹੈ। ਬੇਕਾਰ, ਵੱਧ ਛੁੱਟੀਆਂ ਲੈਣ ਵਾਲੀ ਜਾਂ ਦੋਸ਼ੀ ਨਾਲ ਉਸ ਦਾ ਕੋਈ ਵਾਹ ਵਾਸਤਾ ਹੁੰਦਾ ਹੈ।"

ਇਸ ਤੋਂ ਇਲਾਵਾ, ਇਸ ਬਿੱਲ 'ਚ ਦੋਹਰੀ ਜਾਂਚ ਦੀ ਗੱਲ ਕੀਤੀ ਗਈ ਹੈ-ਇਕ ਵਾਰ ਸੰਮਤੀ ਤੇ ਫਿਰ ਨਿਯੋਕਤਾ ਵਲੋਂ ਕੰਮ ਦੀ ਥਾਂ ਨੂੰ ਸਪਸ਼ਟ ਤੌਰ 'ਤੇ ਪ੍ਰੀਭਾਸ਼ਿਤ ਨਹੀਂ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇ ਫੈਸਲੇ ਦੇ ਉਲਟ ਇਹ ਕਨੂੰਨ ਕੰਮਕਾਜ ਦੀਆਂ ਸਾਰੀਆਂ ਥਾਵਾਂ 'ਤੇ ਲਾਗੂ ਨਹੀਂ ਹੁੰਦਾ ਹੈ। ਇਸ 'ਚ "ਉਦਮ" ਸ਼ਬਦ ਦੀ ਵਰਤੋਂ ਕੀਤੀ ਗਈ ਹੈ ਅਤੇ ਗੈਰਜਥੇਬੰਦ ਖੇਤਰ ਜਿਸ 'ਚ ਨਾ ਸਿਰਫ ਘਰੇਲੂ ਨੌਕਰਾਨੀ ਨੂੰ ਬਾਹਰ ਰੱਖਿਆ ਗਿਆ ਹੈ ਬਲਕਿ ਖੇਤ ਮਜ਼ਦੂਰਾਂ ਨੂੰ ਵੀ। ਕੀਰਤੀ ਸਿੰਘ ਦਾ ਕਹਿਣਾ ਹੈ, "ਇਸ ਬਿੱਲ ਨੂੰ ਇਸੇ ਰੂਪ 'ਚ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ ਇਸ ਕਨੂੰਨ ਦੇ ਮੁਕਾਬਲੇ ਕਿਤੇ ਵੱਧ ਪ੍ਰਗਤੀਸ਼ੀਲ ਤੇ ਵਿਆਪਕ ਹੈ, ਇਹਨਾਂ ਨੂੰ ਰਹਿਣ ਦਿੱਤਾ ਜਾਵੇ।"

ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਲੋਕ ਸਭਾ 'ਚ ਵਿਰੋਧੀ ਧਿਰ ਇਸ ਬਿੱਲ 'ਤੇ ਭਿੜ ਰਹੀਆਂ ਹਨ। ਵਕੀਲ ਇਸ ਦਾ ਵਿਸਲੇਸ਼ਣ ਕਰਨ 'ਚ ਰੁਝੇ ਹੋਏ ਹਨ। ਮਹਿਲਾ ਸੰਗਠਨ ਸੜਕਾਂ 'ਤੇ ਮੁਜਾਹਰੇ ਕਰ ਰਹੇ ਹਨ। ਕੰਪਨੀਆਂ ਇਹਨਾਂ ਨੂੰ ਮੰਨਣ ਤੋਂ ਇਨਕਾਰ ਕਰ ਰਹੀਆਂ ਹਨ। ਚਾਹੇ ਜੋ ਨਤੀਜ਼ਾ ਨਿਕਲੇ, ਪਰ ਬਹਿਸ ਤੇਜ਼ ਹੁੰਦੀ ਜਾਵੇਗੀ ਜਿਵੇਂ ਕਿ ਪਿਛਲੇ 13 ਸਾਲਾਂ ਤੋਂ ਜਾਰੀ ਹੈ। ਅਜਿਹੇ 'ਚ ਇਹੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਦਫਤਰ 'ਚ ਧੌਂਸ ਜਮਾਉਣ ਵਾਲਿਆਂ 'ਤੇ ਨੱਥ ਮਾਰਨ ਵਾਲਾ ਬਿੱਲ ਉਲਟਾ ਨਾ ਪੈ ਜਾਵੇ ਸਿਰਫ ਨੇਕ ਇਰਾਦਿਆਂ ਨਾਲ ਹੀ ਗੱਲ ਨਹੀਂ ਬਣਦੀ।

# ਕੀ ਔਰਤਾਂ ਲਈ ਅਸੁਰਖਿਅਤ ਹੈ ਦਿੱਲੀ?

ਰਾਜਧਾਨੀ ਦਿੱਲੀ 'ਚ ਬਲਾਤਕਾਰ ਦੀ ਸ਼ਿਕਾਰ ਹੋਈ 30 ਸਾਲਾਂ ਦੀ ਮਿਜ਼ੋਰਮ ਦੀ ਇਕ ਔਰਤ ਦਾ ਕਹਿਣਾ ਹੈ ਕਿ ਉਹ ਉਦੋਂ ਤਕ ਆਪਣੇ ਘਰ ਵਾਪਸ ਜਾਣਾ ਨਹੀਂ ਚਾਹੁੰਦੀ ਜਦ ਤਕ ਗੁਨਾਹਗਾਰਾਂ ਨੂੰ ਸਜ਼ਾ ਨਹੀਂ ਮਿਲ ਜਾਂਦੀ। ਕਾਲ ਸੈਂਟਰ 'ਚ ਕੰਮ ਕਰਨ ਵਾਲੀ ਇਸ ਔਰਤ ਨੂੰ 23 ਨਵੰਬਰ ਦੀ ਦੇਰ ਰਾਤ ਅਗਵਾ ਕਰਕੇ ਸਮੂਹਕ ਬਲਾਤਕਾਰ ਕੀਤਾ ਗਿਆ ਸੀ। ਰਾਜਧਾਨੀ 'ਚ ਹੋਣ ਵਾਲੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਸੰਨ 2010 'ਚ ਹੀ ਹੁਣ ਤਕ ਬਲਾਤਕਾਰ ਦੇ 433 ਕੇਸ ਸਾਹਮਣੇ ਆ ਚੁੱਕੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ 'ਚ 50 ਫੀਸਦੀ ਤੋਂ ਵੱਧ ਮਾਮਲਿਆਂ 'ਚ ਪੂਰਬੋਤਰ ਦੀਆਂ ਲੜਕੀਆਂ ਸ਼ਿਕਾਰ ਹੋਈਆਂ ਹਨ। ਇਹਨਾਂ ਮਾਮਲਿਆਂ 'ਚ ਮਣੀਪੁਰ ਸਟੂਡੈਂਟਸ ਐਸੋਸੀਏਸ਼ਨ ਦੇ ਰਾਜੇਸ਼ ਦਾ ਕਹਿਣਾ ਹੈ ਕਿ 'ਉਤਰ ਪੂਰਬੀ ਰਾਜਾਂ ਦੀਆਂ ਲੜਕੀਆਂ ਦੇ ਅਸੁਰਖਿਅਤ ਹੋਣ ਦਾ ਮੁੱਖ ਕਾਰਨ ਸਭਿਆਚਾਰਕ ਹੈ। ਆਖਰ ਕਾਰਨ ਪੂਰਬੋਤਰ ਤੋਂ ਆਈਆਂ ਔਰਤਾਂ ਨੂੰ ਇਸ ਦਾ ਸ਼ਿਕਾਰ ਹੋਣਾ ਪੈਂਦਾ ਹੈ? ਇਸ ਮਾਮਲੇ 'ਚ ਸਮਾਜ ਵਿਗਿਆਨੀ ਡਾ. ਰੰਜਨਾ ਕੁਮਾਰੀ ਕਹਿੰਦੀ ਹੈ, "ਪੂਰਬੋਤਰ ਤੋਂ ਆਈਆਂ ਲੜਕੀਆਂ ਨੂੰ ਸੌਖਾ ਨਿਸ਼ਾਨਾ ਬਣਾਇਆ ਜਾਂਦਾ ਹੈ ਕਿਉਂਕਿ ਉਹ ਇਕ ਸੁਰਖਿਅਤ ਮਾਹੌਲ 'ਚ ਦਿੱਲੀ ਆਉਂਦੀਆਂ ਹਨ। ਇਸ ਲਈ ਉਹਨਾਂ ਦੇ ਮਨ 'ਚ ਇਹ ਡਰ ਨਹੀਂ ਰਹਿੰਦਾ ਕਿ ਜੇ ਉਹ ਛੋਟੇ ਕੱਪੜੇ ਪਹਿਨਣਗੀਆਂ ਤਾਂ ਉਹਨਾਂ ਨਾਲ ਕੁਝ ਗਲਤ ਹੋ ਸਕਦਾ ਹੈ। ਪਹਿਲਾਂ ਅਜਿਹਾ ਮੰਨਿਆ ਜਾਂਦਾ ਸੀ ਕਿ ਆਮ ਲੜਕੀਆਂ ਨੂੰ ਹੀ ਇਹ ਸਭ ਸਹਿਣਾ ਪੈਂਦਾ ਹੈ ਪਰ ਹੁਣ ਤਾਂ ਵੱਡੀਆਂ ਹਸਤੀਆਂ ਵੀ ਇਸ ਤੋਂ ਨਹੀਂ ਬਚ ਰਹੀਆਂ। ਨਵੰਬਰ 'ਚ 'ਦਿੱਲੀ ਹਾਫ ਮੈਰਾਥਨ' 'ਚ ਸ਼ਾਮਲ ਹੋਣ ਆਈ ਸਿਨੇ ਤਾਰਿਕਾ ਗੁਲ ਪਨਾਗ ਦਾ ਅਨੁਭਵ ਵੀ ਕੁਝ ਅਜਿਹਾ ਹੀ ਰਿਹਾ। ਲੜਕਿਆਂ ਦੇ ਅਭਦਰ ਵਰਤਾਅ ਤੋਂ ਜਖਮੀ ਪਨਾਗ ਨੇ ਕਿਹਾ ਕਿ 'ਮੇਰੇ ਨਾਲ ਵੀ ਇਹੀ ਹੋਇਆ ਜੋ ਇਥੋਂ ਦੀ ਹਰ ਲੜਕੀ ਨਾਲ ਹੁੰਦਾ ਹੈ। ਅਫਸੋਸ ਹੈ ਕਿ ਹਾਲ 'ਚ ਏਨੀਆਂ ਵੱਡੀਆਂ ਖੇਡਾਂ ਦਾ ਆਯੋਜਨ ਕਰਨ ਪਿੱਛੋਂ ਵੀ ਦਿੱਲੀ ਦੇ ਮਰਦਾਂ ਦੀ ਮਾਨਸਿਕਤਾ ਨਹੀਂ ਬਦਲੀ। ਸੈਂਟਰ 'ਚ ਕੰਮ ਕਰਨ ਵਾਲੀ ਉਪਾਸਨਾ ਕਹਿੰਦੀ ਹੈ, "ਸਾਡੇ ਲਈ ਰਾਤ ਨੂੰ ਕੰਮ ਕਰਨਾ ਖਤਰਨਾਕ ਹੁੰਦਾ ਹੈ। ਪਰ ਮਾਲਕਾਂ ਨੂੰ ਇਹ ਨਹੀਂ ਸਮਝ ਵਿਚ ਆਉਂਦਾ। ਉਹਨਾਂ ਦੀਆਂ ਅੱਖਾਂ ਉਦੋਂ ਖੁਲਦੀਆਂ ਹਨ ਜਦ ਕੋਈ ਦੁਰਘਟਨਾ ਹੋ ਜਾਂਦੀ ਹੈ।' ਕਾਲ ਸੈਂਟਰ 'ਚ ਹੀ ਕੰਮ ਕਰਨ ਵਾਲੀ ਵਿਦਿਸ਼ ਕਹਿੰਦੀ ਹੈ 'ਰਾਤ ਨੂੰ ਘਰ ਤੋਂ ਦੂਰ ਉਤਾਰਦੇ ਸਮੇਂ ਕਾਰ ਡਰਾਈਵਰ ਬਹਾਨਾ ਬਣਾਉਂਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਹੋਰਾਂ ਨੂੰ ਛੱਡਣਾ ਹੈ।" ਦਿੱਲੀ 'ਚ ਲੜਕੀਆਂ 'ਤੇ ਰਿਮਾਰਕਸ ਕਸਣੇ, ਛੇੜਖਾਨੀ ਕਰਨਾ ਇਕ ਆਮ ਗੱਲ ਹੈ। ਦੂਜੇ ਸ਼ਹਿਰਾਂ 'ਚ ਅਜਿਹਾ ਨਹੀਂ ਹੁੰਦਾ, ਇਹ ਵੀ ਨਹੀਂ ਹੈ। ਪਰ ਇੱਥੇ ਲੜਕੀਆਂ ਜੇ ਜੁਆਬ ਦਿੰਦੀਆਂ ਹਨ ਤਾਂ ਉਹਨਾਂ ਨੂੰ ਉਸ ਦਾ ਹਰਜਾਨਾ ਵੀ ਭੁਗਤਣਾ ਪੈਂਦਾ ਹੈ। 11 ਦਸੰਬਰ ਨੂੰ ਹੋਇਆ ਮੰਗੋਲਪੁਰੀ ਬਲਾਤਕਾਰ ਕਾਂਡ ਇਸ ਦੀ ਉਦਾਹਰਣ ਹੈ। ਜਿਸ 'ਚ ਰਾਤ ਨੂੰ ਚਾਰ ਲੜਕਿਆਂ ਵਲੋਂ ਰਿਮਾਰਕਸ ਕਸਣ 'ਤੇ ਇਕ ਲੜਕੀ ਨੇ ਉਹਨਾਂ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ। ਬਦਲੇ 'ਚ ਲੜਕੇ ਉਸ ਨੂੰ ਚੁੱਕ ਕੇ ਲੈ ਗਏ ਅਤੇ ਬਲਾਤਕਾਰ ਕਰਕੇ ਸੁੱਟ ਦਿੱਤਾ। ਆਮ ਤੌਰ 'ਤੇ ਹੋਣ ਵਾਲੇ ਦੂਰ ਵਿਹਾਰ ਨੂੰ ਤਾਂ

ਲੜਕੀਆਂ ਸਹਿਣ ਕਰ ਲੈਂਦੀਆਂ ਹਨ ਪਰ ਜਦ ਉਹਨਾਂ ਨੂੰ ਅਖਬਾਰਾਂ 'ਚ ਬਲਾਤਕਾਰ ਸਬੰਧੀ ਖਬਰਾਂ ਪੜਨ ਨੂੰ ਮਿਲਦੀਆਂ ਹਨ ਜਿਹਨਾਂ 'ਚ ਕਈ ਵਾਰ ਉਹਨਾਂ ਦੇ ਆਚਰਣ 'ਤੇ ਵੀ ਉਂਗਲੀ ਉਠਾਈ ਜਾਂਦੀ ਹੈ ਤਾਂ ਉਹਨਾਂ ਦਾ ਦਿਲ ਦਹਿਲ ਉਠਦਾ ਹੈ। ਐਸੇ 'ਚ ਦਿਲੀ ਦੀ ਮੁੱਖ ਮੰਤਰੀ ਦਾ ਇਹ ਕਹਿਣਾ ਹੈ ਕਿ 'ਲੜਕੀਆਂ ਨੂੰ ਰਾਤ ਸਮੇਂ ਘਰੋਂ ਨਹੀਂ ਨਿਕਲਣਾ ਚਾਹੀਦਾ।' ਉਹਨਾਂ ਦੇ ਆਤਮ ਵਿਸ਼ਵਾਸ਼ 'ਤੇ ਇਕ ਵਾਰ ਵਾਂਗੂੰ ਹੈ। ਕਾਲ ਸੈਂਟਰ 'ਚ ਅੱਧੀ ਰਾਤ ਨੂੰ ਕੰਮ ਕਰਕੇ ਵਾਪਸ ਮੁੜ ਰਹੀਆਂ ਲੜਕੀਆਂ ਕੈਬ ਡਰਾਈਵਰ ਦੇ ਭਰੋਸੇ 'ਤੇ ਵਾਪਸ ਆਉਂਦੀਆਂ ਹਨ। ਪਰ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ ਜਿਹਨਾਂ 'ਚ ਕੈਬ ਡਰਾਈਵਰ ਹੀ ਅਪਰਾਧੀ ਸਾਬਤ ਹੋਏ ਹਨ। 'ਪ੍ਰਤਿਭਾ ਬਲਾਤਕਾਰ ਕੇਸ' ਇਸ ਦੀ ਉਦਾਹਰਣ ਹੈ ਜਿਸ 'ਚ ਡਰਾਈਵਰ ਸ਼ਿਵ ਕੁਮਾਰ ਹੀ ਦੋਸ਼ੀ ਪਾਇਆ ਗਿਆ। ਇਸ ਦੌਰਾਨ ਕੁਝ ਅਜਿਹੇ ਕੇਸ ਵੀ ਸਾਹਮਣੇ ਆਏ ਹਨ। ਜਿਹਨਾਂ 'ਚ ਕੈਬ ਤੋਂ ਲੜਕੀ ਨੂੰ ਘਰ ਦੇ ਨੇੜੇ ਛੱਡਣ ਪਿਛੋਂ ਉਸ ਨਾਲ ਬਲਾਤਕਾਰ ਹੋਇਆ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਮਰਪਤ ਦਿੱਲੀ ਦੇ ਪੁਲਸ ਕਮਿਸ਼ਨਰ ਬੀ ਕੇ ਗੁਪਤਾ ਨੇ ਬੀ. ਪੀ. ਓ. ਕਾਰਪੋਰੇਟ ਤੇ ਮੀਡੀਆ ਅਦਾਰਿਆਂ ਨੂੰ ਹੁਕਮ ਦਿੱਤਾ ਹੈ ਕਿ ਔਰਤ ਦੀ ਡਿਊਟੀ ਪਿੱਛੋਂ ਔਰਤਾਂ ਨੂੰ ਘਰ ਤੱਕ ਛੱਡਣ। ਇਹ ਹੁਕਮ ਧਾਰਾ 144 ਦੇ ਤਹਿਤ ਜਾਰੀ ਕੀਤਾ ਗਿਆ ਹੈ। ਜਿਸ ਦੀ ਪਾਲਣਾ ਨਾ ਕਰਨ ਵਾਲੇ ਨੂੰ 6 ਮਹੀਨੇ ਦੀ ਕੈਦ ਤੇ 1000 ਰੁਪਏ ਜੁਰਮਾਨਾ ਹੋ ਸਕਦਾ ਹੈ। ਪਰ ਇਹ ਹੁਕਮ ਕਿਸ ਤਰ੍ਹਾਂ ਲਾਗੂ ਕੀਤਾ ਜਾਵੇਗਾ ਇਸ ਬਾਰੇ ਪੁਲਸ ਠੀਕ ਤਰ੍ਹਾਂ ਨਹੀਂ ਦੱਸ ਸਕਦੀ। ਦਿੱਲੀ ਦੀਆਂ ਔਰਤਾਂ ਦਾ ਅਸੁੱਰਖਿਅਤ ਮਹਿਸੂਸ ਕਰਨਾ ਸੁਭਾਵਿਕ ਲਗਦਾ ਹੈ। ਇਥੇ ਬਹੁਤ ਸਾਰੇ ਇਲਾਕੇ ਹਨ ਜਿਥੇ ਵਾਰੀ-ਵਾਰੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਪਰ ਪੁਲਸ ਉਹਨਾਂ ਨੂੰ ਸੁਰੱਖਿਅਤ ਰੱਖਣ 'ਚ ਸਮਰਥ ਨਹੀਂ ਹੁੰਦੀ। ਦਿੱਲੀ ਦੀਆਂ ਸੜਕਾਂ 'ਤੇ ਸਟਰੀਟ ਲਾਈਟ ਦੇ ਪੁਖਤਾ ਇੰਤਜਾਮ ਨਹੀਂ ਹਨ। ਦੁਕਾਨਾਂ ਰਾਤ 8 ਵਜੇ ਹੀ ਬੰਦ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪਾਰਕ ਖਾਲੀ ਪਏ ਰਹਿੰਦੇ ਹਨ ਤੇ ਜਨਤਕ ਵਾਹਨਾਂ ਦੀ ਸਰਵਿਸ ਏਨੀ ਖਰਾਬ ਹੈ ਕਿ ਲੜਕੀਆਂ ਨੂੰ ਘੰਟਿਆਂਬੱਧੀ ਇੰਤਜਾਰ ਕਰਨਾ ਪੈਂਦਾ ਹੈ। ਅੱਠ-ਨੌਂ ਵਜੇ ਪਿੱਛੋਂ ਲੱਭਣ 'ਤੇ ਵੀ ਕੋਈ ਪੁਲਸੀਆ ਵਿਖਾਈ ਨਹੀਂ ਦਿੰਦਾ। ਪਰ ਜਦ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਔਰਤਾਂ ਦੀ ਰਾਖੀ ਲਈ ਨਵੇਂ ਨਵੇਂ ਦਾਅਵੇ ਪੇਸ਼ ਕੀਤੇ ਜਾਣ ਲੱਗਦੇ ਹਨ। ਇਸ ਤਰ੍ਹਾਂ ਦੇ ਕੇਸਾਂ 'ਚ ਪੁਲਸ ਦੇ ਨਾਲ ਹੀ ਨਿਆਂਪਾਲਿਕਾ ਦੀ ਵੀ ਭੂਮਿਕਾ ਅਹਿਮ ਹੋ ਜਾਂਦੀ ਹੈ। ਸਾਖਸ਼ੀ ਬਨਾਮ ਯੂਨੀਅਨ ਗੌਰਮਿੰਟ ਮਾਮਲੇ 'ਚ ਹਾਈਕੋਰਟ ਦੇ ਇਕ ਜੱਜ ਨੇ ਕਿਹਾ ਸੀ, "ਜਦ ਇਕ ਲੜਕੀ ਦਾ ਬਲਾਤਕਾਰ ਹੁੰਦਾ ਹੈ ਤਾਂ ਉਹ ਵਾਰ-ਵਾਰ ਮਰਦੀ ਹੈ।" ਅਜਿਹੀ ਸੋਚ ਦੇ ਬਾਵਜੂਦ ਬਲਾਤਕਾਰ ਦੇ ਦੋਸ਼ੀ ਖੁੱਲ੍ਹੇਆਮ ਘੁੰਮਦੇ ਹਨ। ਇਹ ਇਕ ਉਤਰਹੀਣ ਸੁਆਲ ਹੈ। ਦਿੱਲੀ ਦੀਆਂ ਸੜਕਾਂ 'ਤੇ ਵਾਹਨ ਚਲਾਉਣ ਵਾਲਾ ਕੋਈ ਬੰਦਾ ਜੇ ਲਾਲਬੱਤੀ ਪਾਰ ਕਰਦਾ ਹੈ ਤਾਂ ਉਸ ਦੇ ਘਰ ਨੋਟਿਸ ਪਹੁੰਚ ਜਾਂਦਾ ਹੈ ਅਤੇ ਕਾਰਵਾਈ ਵੀ ਜਲਦੀ ਹੋ ਜਾਂਦੀ ਹੈ ਪਰ ਬਲਾਤਕਾਰ ਦੇ ਮਾਮਲੇ ਸਾਲਾਂਬੱਧੀ ਚਲਦੇ ਰਹਿੰਦੇ ਹਨ। ਇਸ 'ਤੇ ਡਾ. ਰੰਜਨਾ ਕੁਮਾਰੀ ਕਹਿੰਦੀ ਹੈ, "ਇਹਨਾਂ ਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਸਾਰੇ ਮਾਮਲਿਆਂ ਦੀ ਸੁਣਵਾਈ ਫਾਸਟ ਟ੍ਰੈਕ ਕੋਰਟ ਵਿਚ ਹੋਵੇ ਤਾਂ ਕਿ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਿੱਤੀ ਜਾ ਸਕੇ ਤੇ ਅਪਰਾਧੀਆਂ 'ਚ ਡਰ ਬਣਿਆ ਰਹੇ।

# ਖਾਣ ਪੀਣ 'ਚ ਗਿਰਾਵਟ ਕਿੰਨੀ ਕੁ ਗੰਭੀਰ?

ਕਿਹਾ ਜਾਂਦਾ ਹੈ ਕਿ ਤੁਸੀ ਜੋ ਖਾਂਦੇ ਹੋ ਉਹੀ ਤੁਹਾਡੇ ਵਜੂਦ ਨੂੰ ਤਹਿ ਕਰਦਾ ਹੈ, ਜ਼ਾਹਿਰ ਹੈ ਦੇਸ਼ ਅੰਦਰ ਵੱਡੇ ਪੈਮਾਨੇ 'ਤੇ ਖਾਣ ਵਾਲੀਆਂ ਵਸਤਾਂ 'ਚ ਗਿਰਾਵਟ ਤੁਹਾਡੇ ਵਜੂਦ ਲਈ ਕਾਫੀ ਘਾਤਕ ਸਾਬਤ ਹੋ ਸਕਦੀ ਹੈ। ਸਬਜੀਆਂ ਦਾਲਾਂ ਤੇ ਮਸਾਲਿਆਂ ਤੋਂ ਲੈ ਕੇ ਚਾਕਲੈੱਟ ਤੇ ਅਨਰਜੀ ਡ੍ਰਿੰਕਸ ਤਕ ਕੁਝ ਵੀ ਮਿਲਾਵਟ ਤੋਂ ਮੁਕਤ ਨਹੀਂ ਹੈ। ਖਪਤਕਾਰ ਇਹਨਾਂ ਦੇ ਖਤਰਿਆਂ ਤੋਂ ਅਣਜਾਣ ਹੋ ਸਕਦੇ ਹਨ। ਪਰ ਖਾਣ ਪੀਣ ਦੀਆਂ ਪ੍ਰਦੂਸ਼ਿਤ ਵਸਤਾਂ ਦੀ ਵਜਾਹ ਕਰਕੇ ਕੈਂਸਰ, ਲਕਵਾ ਆਦਿ ਦੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ, ਜਿਗਰ ਤੇ ਦਿਲ ਨੂੰ ਹਰਜਾ ਹੋਣ ਦੇ ਖਤਰੇ ਵਧ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਚੇਨਈ ਦੇ ਸੁਪਰ ਬਾਜ਼ਾਰਾਂ 'ਚ ਉਹਨਾਂ ਖਾਣਯੋਗ ਵਸਤੂਆਂ ਦੀ ਰੀ ਪੈਕਜ ਕਰਕੇ ਵੇਚਦੇ ਹੋਇਆਂ ਨੋਟ ਹੋਇਆ ਹੈ। ਜਿਨਾਂ ਦੀ ਖਤਮ ਦੀ ਸਮਾਂ ਸੀਮਾ ਖਤਮ (Expiry) ਹੋ ਚੁੱਕੀ ਹੁੰਦੀ ਹੈ। ਉਹਨਾਂ ਨੂੰ ਵਧੀਆ ਤਰੀਕੇ ਨਾਲ ਤਾਜਾ ਵਸਤਾਂ ਨਾਲ ਸਜਾ ਦਿੱਤਾ ਗਿਆ ਸੀ, ਪੁਲਸ ਨੇ ਗੋਦਾਮਾਂ 'ਤੇ ਛਾਪਿਆਂ ਦੌਰਾਨ 10 ਲੱਖ ਰੁਪਏ ਦਾ ਚਾਵਲ, ਦਾਲ, ਚਾਹ ਤੇ ਬਿਸਕੁੱਟ ਜ਼ਬਤ ਕੀਤੇ। ਇਹਨਾਂ ਸਾਰਿਆਂ ਦੀ ਮਿਆਦ ਖਤਮ ਹੋ ਚੁੱਕੀ ਸੀ, ਇਹਨਾਂ ਸਾਰਿਆਂ ਨੂੰ ਦੁਬਾਰਾ ਪੈਕ ਕਰਕੇ ਸੁਪਰ ਬਾਜ਼ਾਰ 'ਚ ਵੇਚਿਆ ਜਾਣਾ ਸੀ। ਮਹਾਂਰਾਸ਼ਟਰ ਦੀਆਂ ਅਦਾਲਤਾਂ 'ਚ ਖਾਣ ਪੀਣ ਦੀਆਂ ਵਸਤਾਂ 'ਚ ਮਿਲਾਵਟ ਦੇ 10000 ਕੇਸ ਪਿਛਲੇ ਇਕ ਦਹਾਕੇ ਤੋਂ ਲਟਕੇ ਹੋਏ ਹਨ। ਪਿਛਲੇ ਸਾਲ ਅਕਤੂਬਰ ਵਿੱਚ ਮਹਾਂਰਾਸ਼ਟਰ ਅਨਾਜ ਤੇ ਦਵਾਈ ਪ੍ਰਸ਼ਾਸਨ (FDA) ਦੇ ਅਧਿਕਾਰੀਆਂ ਨੇ ਚੀਨ 'ਚ ਬਣੇ ਅਜਿਹੇ ਚਾਕਲੇਟ ਜਬਤ ਕੀਤੇ ਜਿਹਨਾਂ 'ਚ ਮੈਲਾਮਾਈਨ ਮਿਲਾਈ ਗਈ ਸੀ। ਮੈਲਾਮੀਨ ਪੇਸਾਬ ਪ੍ਰਣਾਲੀ ਦੇ ਕੈਂਸਰ ਦੇ ਖਤਰੇ ਨੂੰ ਕਈ ਗੁਣਾ ਵਧਾ ਦਿੰਦੀ ਹੈ। ਅਜਿਹੇ ਬ੍ਰੇਡਿਡ ਅਨਰਜੀ ਡ੍ਰਿੰਕਸ ਵੀ ਜਬਤ ਕੀਤੇ ਗਏ ਜਿਹਨਾਂ 'ਚ ਇਜਾਜਤ ਤੋਂ 50 ਫੀਸਦੀ ਵੱਧ ਕੈਫੀਨ ਦੀ ਮਾਤਰਾ ਪਾਈ ਗਈ ਸੀ, ਇਸ ਨਾਲ ਕੈਂਸਰ ਹੋ ਸਕਦਾ ਹੈ। ਮੁੰਬਈ 'ਚ ਅੰਬ ਦੇ ਮੌਸਮ 'ਚ ਸ਼ੁਰੂ 'ਚ ਹੀ ਮਾਰਚ ਤੋਂ ਅਪ੍ਰੈਲ 'ਚ ਛਾਪੇ ਮਾਰ ਕੇ 2.8 ਲੱਖ ਰੁਪਏ ਦੇ 538 ਦਰਜਨ ਅੰਬ ਜਬਤ ਕੀਤੇ ਗਏ, ਇਹਨਾਂ ਅੰਬਾਂ ਨੂੰ ਕੈਲਸ਼ੀਅਮ ਕਾਰਬਾਈਡ ਰਾਹੀਂ ਨਜਾਇਜ਼ ਤਰੀਕੇ ਨਾਲ ਪਕਾਇਆ ਗਿਆ ਸੀ, ਇਹ ਰਸਾਇਣ ਤੰਤੂ ਪ੍ਰਬੰਧ (Nerves) ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਇਸ ਵਿੱਚ ਫਾਸਫੋਰਸ ਅਤੇ ਆਰਸੈਨਿਕ ਦੀ ਵੀ ਥੋੜੀ ਜਿੰਨੀ ਮਾਤਰਾ ਹੋ ਸਕਦੀ ਹੈ। ਮਸਾਲਿਆਂ 'ਚ ਖਾਣ ਵਾਲੇ ਰੰਗਾਂ ਤੇ ਭਾਰੀਆਂ ਧਾਤਾਂ ਦੀ ਦਬਕੇ ਵਰਤੋਂ ਕੀਤੀ ਜਾਂਦੀ ਹੈ। ਇਕ ਪਾਸੇ ਇਥੇ ਸਿੱਕੇ (lead) ਨਾਲ ਖੂਨ ਦੀ ਕਮੀ (ਅਨੀਮੀਆ) ਹੋ ਸਕਦਾ ਹੈ, ਲਕਵਾ (ਅਧਰੰਗ) ਹੋ ਸਕਦਾ ਹੈ ਅਤੇ ਗਰਭਪਾਤ ਦਾ ਖਤਰਾ ਵਧ ਸਕਦਾ ਹੈ। ਹਰੀਆਂ ਸਬਜੀਆਂ ਨੂੰ ਚਮਕਾਉਣ ਲਈ ਮਾਲਾਸ਼ਾਇਟ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਨਾਲ ਫੇਫੜੇ 'ਚ ਰਸੋਲੀ ਬਣਨ ਦਾ ਖਤਰਾ ਵਧ ਜਾਂਦਾ ਹੈ, ਪ੍ਰੋਟੀਨ, ਫੂਡਜ, ਐਂਡ ਨਿਊਟ੍ਰੀਸ਼ਨ ਡਿਵੈਲਪਮੈਂਟ ਐਸੋਸੀਏਸ਼ਨ ਆਫ ਇੰਡੀਆ ਦੇ ਕਾਰਜਕਾਰੀ ਨਿਰਦੇਸ਼ਕ ਜੇ. ਐਸ. ਪੈ ਦਾ ਕਹਿਣਾ ਹੈ ਕਿ "ਖਾਣ ਵਾਲੀਆਂ ਵਸਤਾਂ 'ਚ ਮਿਲਾਵਟ ਹਾਨੀਕਾਰਕ ਹੈ। ਇਸ ਨਾਲ ਫੌਰੀ ਤੌਰ 'ਤੇ ਪੇਚਿਸ ਫੂਡ ਪੋਆਇਜ਼ਨਿੰਗ (ਜ਼ਹਿਰ ਫੈਲਣ) ਤੇ ਪੇਟ ਦੀਆਂ

ਦੂਜੀਆਂ ਬੀਮਾਰੀਆਂ ਹੋ ਸਕਦੀਆਂ ਹਨ ਅਤੇ ਲੰਮੇ ਸਮੇਂ ਤਕ ਸਰੀਰ ਵਿੱਚ ਜ਼ਹਿਰੀਲੇ ਤੱਤਾਂ ਦੇ ਜਮ੍ਹਾ ਹੋਣ ਨਾਲ ਸਿਹਤ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ" ਇਸ ਨਾਲ ਸਭ ਤੋਂ ਵਧ ਉਹਨਾਂ ਲੋਕਾਂ ਨੂੰ ਖਤਰਾ ਹੈ ਜੋ ਖਾਸ ਤੌਰ 'ਤੇ ਦੁਕਾਨਾਂ ਤੋਂ ਖੁਲੀਆਂ ਦਾਲਾਂ, ਬਿਨਾ ਪੈਕਿੰਗ ਤੇ ਬਿਨਾ ਲੇਵਲ ਵਾਲੀਆਂ ਵਸਤੂਆਂ ਖਰੀਦਦੇ ਹਨ। ਦੁੱਧ, ਫਲਾਂ ਤੇ ਸਬਜੀਆਂ 'ਚ ਮਿਲਾਵਟ ਗੰਭੀਰ ਸਮੱਸਿਆ ਬਣ ਗਈ ਹੈ। ਅੱਜ 10 ਫੀਸਦੀ ਦੁੱਧ ਵਿੱਚ ਮਿਲਾਵਟ ਹੈ। ਸਬਜੀਆਂ ਅਤੇ ਫਲਾਂ ਸਬੰਧੀ ਇਹ ਅੰਕੜਾ 15 ਫੀਸਦੀ ਹੈ। ਦੁੱਧ 'ਚ ਗੰਦਾ ਪਾਣੀ ਮਿਲਾਇਆ ਜਾਂਦਾ ਹੈ ਜਿਸ ਨਾਲ ਪੀਲੀਆ ਹੋਣ ਦਾ ਖਤਰਾ ਰਹਿੰਦਾ ਹੈ। ਇਸ ਤੋਂ ਇਲਾਵਾ ਸੋਡਾ, ਯੂਰੀਆ ਤੇ ਡਿਟਰਜੈਂਟ ਤੋਂ ਬਣਿਆ ਸੰਥੈਟਿਕ ਦੁੱਧ, ਅਸਲੀ ਦੁੱਧ 'ਚ ਮਿਲਾ ਦਿੱਤਾ ਜਾਂਦਾ ਹੈ। ਮੁੰਬਈ ਦੇ ਫੋਰਟਿਸ ਹਸਪਤਾਲ ਦੇ ਪੇਟ ਦੇ ਰੋਗਾਂ ਦੇ ਮਾਹਿਰ ਡਾ. ਨੂਤਨ ਦੇਸਾਈ ਦਾ ਕਹਿਣਾ ਹੈ "ਇਹ ਦਿਲ, ਜਿਗਰ ਤੇ ਗੁਰਦਿਆਂ ਲਈ ਬਹੁਤ ਨੁਕਸਾਨਦੇਹ ਹੈ। ਖਾਸ ਕਰਕੇ ਗਰਭਵਤੀ ਔਰਤਾਂ ਤੇ ਭਰੂਣ ਲਈ ਬਹੁਤ ਹਾਨੀਕਾਰਕ ਹੈ।" ਮਿਲਾਵਟ ਦਾ ਧੰਦਾ ਦਿਵਾਲੀ ਸਮੇਂ ਵਧ ਜਾਂਦਾ ਹੈ। ਉਸ ਸਮੇਂ ਦਿੱਲੀ ਵਰਗੇ ਮਹਾਂਨਗਰਾਂ ਵਿਚ ਮਾਵੇ (ਖੋਏ) ਦੀ ਮੰਗ ਅੱਠ ਗੁਣਾ ਵਧ ਜਾਂਦੀ ਹੈ। ਨਕਲੀ ਖੋਆ ਬਣਾਉਣ ਲਈ ਗਾਂ ਜਾਂ ਮੱਝ ਦੇ ਦੁੱਧ ਦੀ ਥਾਂ ਪਾਊਡਰ ਦੁੱਧ ਤੇ ਵਨਸਪਤੀ ਘਿਉ ਦੀ ਵਰਤੋਂ ਕੀਤੀ ਜਾਂਦੀ ਹੈ। ਕਦੀ ਕਦੀ ਉਸ 'ਚ ਯੂਰੀਆ ਤੇ ਕਾਸਮੈਟਿਕ ਸੋਡਾ ਵੀ ਮਿਲਾ ਦਿੱਤਾ ਜਾਂਦਾ ਹੈ। ਉਸ ਦੌਰਾਨ ਦੇਸ਼ ਵਿਚ ਰਾਜ ਦੁੱਧੀ ਯੂਨੀਅਨਾਂ ਦੂਜੀ ਸਭ ਤੋਂ ਸੰਸਥਾ ਕਰਨਾਟਕ ਦੁੱਧ ਸੰਘ ਨੇ ਬਜ਼ਾਰ ਚੋਂ ਆਪਣੇ ਫੁਲਕ੍ਰੀਮ ਨੂੰ ਇਸ ਲਈ ਵਾਪਸ ਲੈ ਲਿਆ ਕਿਉਂਕਿ ਪ੍ਰਚੂਨ ਵਿਕ੍ਰੇਤਾ ਦੁੱਧ ਵਿੱਚ ਪਾਣੀ ਮਿਲਾ ਕੇ ਉਸ ਨੂੰ ਪਤਲਾ ਕਰਨ ਲਈ ਸਟਾਰਚ ਮਿਲਾ ਰਹੇ ਹਨ। ਪਿਛਲੇ ਸਾਲ ਮਹਾਂਰਾਸ਼ਟਰ ਵਿੱਚ ਆਰਗੇਨਿਕ ਖੇਤੀ ਕਰਨ ਵਾਲੇ ਇਕ ਬੰਦੇ ਇਕ ਨਾਥ ਫੰਡੇ ਦੇ ਦੁੱਧ 'ਚ ਮਿਲਾਵਟ ਦੇ ਧੰਦੇ ਦਾ ਪਰਦਾਫਾਸ਼ ਕੀਤਾ ਗਿਆ। ਫੰਡੇ ਦੁੱਧ ਨੂੰ ਗਾੜਾ ਕਰਨ ਲਈ ਉਸ ਵਿੱਚ ਸਾਰਬੀਟਾਲ ਤੇ ਡਿਟਰਜੈਂਟ ਮਿਲਾਉਂਦਾ ਸੀ ਅਤੇ ਫਿਰ ਉਸ ਨੂੰ ਦੁੱਧ ਨਿਰਮਾਤਾ ਕੋਲ ਸਪਲਾਈ ਕਰ ਦਿੰਦਾ ਸੀ। ਖਾਣ ਵਾਲੀ ਸਾਮਗਰੀ ਦੀਆਂ ਕੀਮਤਾਂ ਤੇਜੀ ਨਾਲ ਵਧਣ ਅਤੇ ਵਿਚੌਲਿਆਂ ਤੇ ਵਪਾਰੀਆਂ ਦੇ ਰਾਤੋ ਰਾਤ ਮੁੱਲ ਲੁਟਣ ਦੇ ਲਾਲਚ ਦੀ ਵਜਾਹ ਕਰਕੇ ਇਹ ਸਮੱਸਿਆ ਹੋਰ ਵਧਦੀ ਜਾ ਰਹੀ ਹੈ। ਗੋਕੁਲ ਦੇ ਪ੍ਰਬੰਧ ਨਿਰਦੇਸ਼ਕ ਦਤ੍ਰੇਆ ਧਾਨੇਕਰ ਦਾ ਕਹਿਣਾ ਹੈ "ਗਰੀਬੀ ਵਧ ਰਹੀ ਹੈ, ਮਹਿੰਗਾਈ ਵਧ ਰਹੀ ਹੈ, ਮੱਧ ਵਰਗ ਵਲੋਂ ਮੰਗ ਵਧ ਰਹੀ ਹੈ ਅਤੇ ਬਾਜ਼ਾਰ 'ਚ ਲੋੜੋ ਵੱਧ ਖਿਡਾਰੀ ਮੌਜੂਦ ਹਨ। ਵਿਚੌਲੀਏ ਖੁਦ ਨੂੰ ਬਣਾਈ ਰੱਖਣ ਲਈ ਕੁਝ ਵੀ ਕਰਨਗੇ।" ਇਸ ਕਮਾਊ ਧੰਦੇ ਦੇ ਲਾਲਚ ਤੋਂ ਇਲਾਵਾ ਮਹਾਂਰਾਸ਼ਟਰ ਦੇ ਧੰਦੇਬਾਜ਼ਾਂ ਨੂੰ ਇਸ ਤੱਥ ਤੋਂ ਵੀ ਉਤਸ਼ਾਹ ਮਿਲਦਾ ਹੈ ਕਿ ਨਿਆਂ ਲਈ 10 ਸਾਲਾਂ ਤਕ ਉਡੀਕ ਕਰਨ ਪਿਛੋਂ 5 ਫੀਸਦੀ ਲੋਕ ਹੀ ਦੋਸ਼ੀ ਸਾਬਤ ਹੁੰਦੇ ਹਨ।" ਮੁੰਬਈ ਦੇ ਦੁੱਧ 'ਚ ਪੈਕਟ ਦੇ ਨਾਲ ਛੇੜਖਾਨੀ ਆਸਾਨ ਹੈ। ਬ੍ਰਾਂਡਿਡ ਕੰਪਨੀਆਂ ਸ਼ਹਿਰ 'ਚ ਆਪਣਾ ਦੁੱਧ ਸਤਕ ਕਿਨਾਰੇ ਵੰਡ ਕੇਂਦਰਾਂ ਤਕ ਪਹੁੰਚਾ ਦਿੰਦੀਆਂ ਹਨ ਅਤੇ ਉਥੋਂ ਮਿਲਾਵਟ ਦੀ ਸ਼ੁਰੂਆਤ ਹੋ ਜਾਂਦੀ ਹੈ। ਬੇਹੱਦ ਇਕਜੁੱਟ ਦੁੱਧ ਗ੍ਰੋਹ ਇਹਨਾਂ ਵੰਡ ਕੇਂਦਰਾਂ 'ਤੇ ਗ੍ਰਿਝੀ ਨਜ਼ਰ ਰੱਖਦੇ ਹਨ। ਉਹ ਪੈਕਟ ਚੋਰੀ ਕਰਕੇ ਲੈ ਜਾਂਦੇ ਹਨ ਤੇ ਉਹਨਾਂ 'ਚ ਗੰਦਾ ਪਾਣੀ ਭਰ ਕੇ ਉਹਨਾਂ ਨੂੰ ਵਾਪਸ ਕਰ ਦਿੰਦੇ

ਹਨ। ਕੰਜਿਊਮਰ ਗਾਈਡੈਂਸ ਸੁਸਾਇਟੀ ਆਫ ਇੰਡੀਆ ਦੇ ਐਮ. ਐਸ. ਕਾਮਥ ਕਹਿੰਦੇ ਹਨ "ਉਹਨਾਂ ਨੇ ਪੈਕਟ ਦੇ ਕੋਨੇ 'ਤੇ ਸਿਰੰਜ ਲਾ ਕੇ ਦੁੱਧ ਕੱਢਣਾ ਤੇ ਉਸ ਨੂੰ ਮੋਮਬੱਤੀ ਨਾਲ ਸੀਲ ਕਰਨਾ ਹੁੰਦਾ ਹੈ, ਝੁਗੀਆਂ ਬਸਤੀਆਂ 'ਚ ਦਿਨ ਰਾਤ ਇਹੀ ਕੰਮ ਚਲਦਾ ਹੈ।"

ਸੂਬੇ 'ਚ 10 ਫੀਸਦੀ ਤੂਰ ਦਾਲ ਵਿੱਚ ਖੇਸਾਰੀ ਦਾਲ ਦੀ ਮਿਲਾਵਟ ਹੁੰਦੀ ਹੈ, ਮੰਨਿਆ ਜਾਂਦਾ ਹੈ ਕਿ ਖੇਸਾਰੀ ਦਾਲ ਨਾਲ ਕੈਂਸਰ ਹੁੰਦਾ ਹੈ ਅਤੇ ਲਕਵਾ ਵੀ ਹੋ ਸਕਦਾ ਹੈ। ਪਰ ਸੂਬਾ ਕਾਂਗਰਸ ਦੇ ਬੁਲਾਰੇ ਕਨਈਆ ਲਾਲ ਗਿਡਵਾਣੀ ਦਾ ਕਹਿਣਾ ਹੈ ਕਿ ਤੂਰ ਦਾਲ 'ਚ ਖੇਸਾਰੀ ਦੀ ਮਿਲਾਵਟ 25 ਫੀਸਦੀ ਤਕ ਹੋ ਸਕਦੀ ਹੈ। ਖੇਸਾਰੀ ਦਾਲ ਨੂੰ 1972 'ਚ ਪਾਬੰਦੀ ਹੇਠ ਲਿਆਂਦਾ ਗਿਆ ਸੀ। ਪਰ ਪਿਛਲੇ ਸਾਲ ਸੂਬੇ 'ਚ ਇਸ ਪਾਬੰਦੀ 'ਤੇ ਸਟੇਅ ਲੈ ਲਿਆ ਗਿਆ ਕਿ ਉਹ ਵੱਖਰੀ ਵੇਚੀ ਜਾ ਸਕੇ। ਹੁਣ ਹੈਦਰਾਬਾਦ ਦੀ ਇਕ ਸੰਸਥਾ ਸਰੀਰ 'ਤੇ ਉਸ ਦੇ ਪ੍ਰਭਾਵਾਂ ਦੀ ਜਾਂਚ ਕਰ ਰਹੀ ਹੈ। ਜਿਆਦਾਤਰ ਮਿਲਾਵਟ ਦਾ ਕੰਮ ਮਿੱਲਾਂ 'ਚ ਹੁੰਦਾ ਹੈ। ਗਿਡਵਾਣੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਜਾਂਚ ਕੀਤੇ ਬਿਨਾ ਦਾਲਾਂ ਦੇ ਮਿਸ਼ਰਣ ਦੀ ਛੋਟ ਲੰਬੇ ਸਮੇਂ ਤੋਂ ਦੇ ਰੱਖੀ ਹੈ। ਉਹਨਾਂ ਦਾ ਕਹਿਣਾ ਹੈ ਕਿ ਤੂਰ ਦਾਲ ਦੀ ਕੀਮਤ 'ਚ ਤੇਜੀ ਨਾਲ ਇਜਾਫੇ ਦੀ ਵਜਾਹ ਕਰਕੇ ਮੋਟੀ ਕਮਾਈ ਕਰਨ ਲਈ ਉਸ ਵਿੱਚ ਧੜੱਲੇ ਨਾਲ ਮਿਲਾਵਟ ਹੋ ਰਹੀ ਹੈ। ਗਿਡਵਾਣੀ ਨੇ ਇਸ ਮਾਮਲੇ ਦੀ ਜਾਂਚ ਕਰਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਅਸ਼ੋਕ ਚੌਹਾਣ ਨੂੰ ਚਿੱਠੀ ਲਿਖੀ ਪਰ ਜੁਆਬ ਕੋਈ ਨਹੀਂ ਮਿਲਿਆ।

ਇਸ ਸਮੱਸਿਆ ਨਾਲ ਨਿਪਟਣ ਲਈ ਸੁਬਾਈ ਤੇ ਕੇਂਦਰ ਸਰਕਾਰ ਨੇ ਸਖਤ ਉਪਾਅ ਕਰਨ ਦੀ ਯੋਜਨਾ ਬਣਾਈ ਹੈ। ਮਹਾਂਰਾਸ਼ਟਰ 'ਚ ਮਿਲਾਵਟ ਕਰਨ ਵਾਲੇ ਨੂੰ ਛੇ ਮਹੀਨੇ ਦੀ ਸਜਾ ਜਾਂ 1000 ਰੁਪਏ ਜੁਰਮਾਨਾ ਹੀ ਹੋ ਸਕਦਾ ਹੈ। ਹੋਰ ਕੋਈ ਸਖਤ ਸਜਾ ਦੀ ਵਿਵਸਥਾ ਹੀ ਨਹੀਂ ਹੈ। ਉਮਰ ਕੈਦ ਦੇ ਨਾਲ ਆਰਥਕ ਦੰਡ ਦੀ ਵਿਵਸਥਾ ਹੋਣੀ ਚਾਹੀਦੀ ਹੈ। ਮਿਲਾਵਾ ਦੀ ਨਿਗਰਾਨੀ ਕਰਨ ਵਾਲੇ ਐਫ. ਡੀ. ਏ. ਕੋਲ ਕਰਮਚਾਰੀ ਤੇ ਅਧਿਕਾਰ ਬਹੁਤ ਸੀਮਤ ਹਨ। ਨਵੇਂ ਖਾਦ ਸਾਮਗਰੀ ਸੁਰਖਿਆ ਕਨੂੰਨ (FSA) 2006 ਨੂੰ ਮਜ਼ਬੂਤ ਕੀਤਾ ਜਾਵੇ। ਫਿਲਹਾਲ ਅਧਿਕਾਰੀ ਫੂਡ ਸਮੱਗਰੀ ਦਾ ਨਮੂਨਾ ਲੈ ਕੇ ਉਸ ਖਿਲਾਫ ਕੇਸ ਦਰਜ ਕਰ ਲੈਂਦੇ ਹਨ, ਉਹ ਦੋਸ਼ੀਆਂ ਨੂੰ ਸਜਾ ਦੇਣ ਲਈ ਕੋਈ ਜੁਰਮਾਨਾ ਨਹੀਂ ਕਰਦੇ। ਐਫ ਐਸ ਏ ਦੇ ਤਹਿਤ ਖਾਣ ਵਾਲੀਆਂ ਚੀਜਾਂ ਦੇ ਨਿਰੀਖਕਾਂ ਨੂੰ ਲੋੜੀਂਦੇ ਅਧਿਕਾਰ ਹੋਣੇ ਚਾਹੀਦੇ ਹਨ। ਉਹ ਦੋਸ਼ੀਆਂ ਖਿਲਾਫ ਘੱਟੋ ਘੱਟ 10 ਲੱਖ ਰੁਪਏ ਜੁਰਮਾਨਾ ਲਾ ਸਕਦੇ ਹੋਣ। ਹੁਣ ਤਕ ਨਿਰੀਖਕਾਂ ਦੀ ਜੁੰਮੇਦਾਰੀ ਹੈ ਕਿ ਉਹ ਵਪਾਰੀ ਨੂੰ ਦੋਸ਼ੀ ਸਾਬਤ ਕਰਨ ਜਦ ਕਿ ਹੋਣਾ ਇਹ ਚਾਹੀਦਾ ਹੈ ਕਿ ਵਪਾਰੀ ਖੁਦ ਨੂੰ ਨਿਰਦੋਸ਼ ਸਾਬਤ ਕਰੇ। ਜਦ ਤਕ ਦੋਸ਼ੀਆਂ ਦੀ ਜੇਬ ਨੂੰ ਸੱਟ ਨਹੀਂ ਮਾਰੀ ਜਾਂਦੀ ਉਹ ਨਹੀਂ ਮੰਨਣਗੇ। ਖਾਣ ਵਾਲੀ ਸਮੱਗਰੀ 'ਚ ਮਿਲਾਵਟ ਦੀ ਸਮੱਸਿਆ ਦੇ ਗੰਭੀਰ ਹੋਣ ਦੇ ਬਾਵਜੂਦ ਨਵਾਂ ਕਨੂੰਨ ਚਾਰ ਸਾਲਾਂ ਤੋਂ ਲਟਕ ਰਿਹਾ ਹੈ। ਸਾਰੀ ਖਾਣਯੋਗ ਸਮੱਗਰੀ ਤੇ ਪੀਣ ਵਾਲੀਆਂ ਵਸਤਾਂ ਨੂੰ ਪੈਕੇਜ ਕਰਕੇ ਅਤੇ ਉਹਨਾਂ 'ਤੇ ਲੇਬਲ ਲਾ ਕੇ ਹੀ ਖਪਤਕਾਰਾਂ ਨੂੰ ਬਚਾਇਆ ਜਾ ਸਕੇ ਤਾਂ ਵੀ ਠੀਕ ਹੈ। ਪਰ ਪੈਕਿੰਗ ਤੇ ਲੇਵਲਿੰਗ ਨਾਲ ਚੀਜਾਂ ਦੀ ਕੀਮਤ ਵੀ ਵਧੇਗੀ, ਉਹ ਗਰੀਬਾਂ

ਦੀ ਪਹੁੰਚ ਤੋਂ ਹੋਰ ਦੂਰ ਹੋ ਜਾਣਗੀਆਂ। ਜ਼ਿਆਦਾਤਰ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਜਾਗਰੂਕ ਖਪਤਕਾਰ ਨੂੰ ਪਰਖੇ ਹੋਏ ਐਗਮਾਰਕ ਵਰਗੀਆਂ ਵਸਤਾਂ ਨੂੰ ਹੀ ਖਰੀਦਣਾ ਚਾਹੀਦਾ ਹੈ। ਉਹਨਾਂ ਨੂੰ ਖਾਣ ਵਾਲੀਆਂ ਚੀਜਾਂ 'ਚ ਮਿਲਾਵਟ ਦੀ ਖੁਦ ਵੀ ਜਾਂਚ ਕਰਨੀ ਚਾਹੀਦੀ ਹੈ। ਸਰਕਾਰ ਵੱਡੇ ਪੈਮਾਨੇ 'ਤੇ ਜਾਰੀ ਮਿਲਾਵਟ ਦੇ ਧੰਦੇ ਨੂੰ ਨਜ਼ਰ ਅੰਦਾਜ ਕਰ ਰਹੀ ਹੈ। ਅਜਿਹੇ ਵਿੱਚ ਲੱਗਦਾ ਹੈ ਕਿ ਇਸ ਮਿੱਠੇ ਜ਼ਹਿਰ ਤੋਂ ਬਚਣ ਦਾ ਕੋਈ ਤਰੀਕਾ ਰਹਿ ਹੀ ਨਹੀਂ ਗਿਆ ਹੈ।

# ਕਾਰੋਬਾਰੀ ਤਣਾਅ ਘੱਟ ਕਿਵੇਂ ਕਰੀਏ?

ਅੱਜਕਲ ਹਰ ਬੰਦਾ ਤਣਾਅ 'ਚ ਰਹਿਣ ਲਈ ਮਜ਼ਬੂਰ ਹੈ। ਇਹ ਵੀ ਕਹਿ ਸਕਦੇ ਹਾਂ ਕਿ ਹੁਣ ਤਣਾਅ ਸਾਡੇ ਰੋਜ਼ ਮਰ੍ਹਾ ਦੇ ਜੀਵਨ ਦਾ ਹਿੱਸਾ ਬਣ ਗਿਆ ਹੈ। ਅਧੁਨਿਕ ਮਨੁੱਖ ਆਪਣੀ ਹੁਣ ਤਕ ਦੀ ਉਨਤੀ ਦੇ ਬਾਵਜੂਦ, ਤਣਾਅ 'ਤੇ ਸਹੀ ਕੰਟਰੋਲ ਨਹੀਂ ਕਰ ਸਕਿਆ ਹੈ। ਤਣਾਅਪੂਰਨ ਹਾਲਤਾਂ ਦਾ ਮੁਕਾਬਲਾ ਕਰਨ ਦਾ ਢੰਗ ਹਰ ਬੰਦੇ ਦਾ ਵੱਖ-ਵੱਖ ਹੁੰਦਾ ਹੈ। ਕੁਝ ਲੋਕ ਸਾਧਾਰਨ ਜਿਹੀ ਘਟਨਾ 'ਤੇ ਵੀ ਵਧ ਤਣਾਅ ਗਸ਼ਤ ਹੋ ਜਾਂਦੇ ਹਨ ਅਤੇ ਹਾਰ ਮੰਨ ਕੇ ਟੁੱਟ ਜਾਂਦੇ ਹਨ। ਜਦ ਕਿ ਕਈ ਬੰਦੇ ਵੱਡੀ ਘਟਨਾ ਦਾ ਵੀ ਹਿੰਮਤ ਅਤੇ ਦਲੇਰੀ ਨਾਲ ਮੁਕਾਬਲਾ ਕਰਦੇ ਹਨ। ਕਿਉਂਕਿ ਦਿਨ ਦਾ ਬਹੁਤਾ ਭਾਗ ਕੰਮਕਾਰ ਵਾਲੀ ਥਾਂ 'ਤੇ ਹੀ ਲੰਘਦਾ ਹੈ ਇਹ ਜਰੂਰੀ ਹੋ ਜਾਂਦਾ ਹੈ ਕਿ ਅਸੀਂ ਇਕ ਤਣਾਅਰਹਿਤ ਮਾਹੌਲਾਂ 'ਚ ਕੰਮ ਕਰੀਏ। ਇਹ ਸਮਝਣ ਦੀ ਗੱਲ ਹੈ ਕਿ ਕੰਮ ਸਬੰਧੀ ਤਣਾਅ ਸਾਡੀ ਸਮਰੱਥਾ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ ਇਸ ਦਾ ਅਸਰ ਸਾਡੇ ਆਤਮ-ਸਨਮਾਨ 'ਤੇ ਵੀ ਪੈਂਦਾ ਹੈ। ਵੱਧ ਕੰਮ, ਕੰਮ ਦਾ ਅਸਰ, ਪ੍ਰਤੀ ਰੋਧੀ ਉਮੀਦਾਂ, ਅਸਥਿਰਤਾ, ਸਮਰਥਾ ਦੀ ਪੂਰੀ ਵਰਤੋਂ ਨਾ ਕਰ ਸਕਣਾ, ਬੌਸ ਦਾ ਪ੍ਰਤੀਕੂਲ ਵਿਹਾਰ, ਕੰਮ 'ਚ ਨਵਾਂਪਣ, ਰੌਚਿਕਤਾ ਦੀ ਘਾਟ ਆਦਿ ਕਾਰੋਬਾਰੀ ਤਣਾਅ ਦੇ ਕਾਰਨ ਹੋ ਸਕਦੇ ਹਨ। ਤਣਾਅ ਜਿਥੇ ਬੰਦੇ ਦੀ ਮਨੋਦਿਸ਼ਾ 'ਤੇ ਨਿਰਭਰ ਕਰਦਾ ਹੈ, ਉਥੇ ਬਾਹਰੀ ਹਾਲਤਾਂ ਤੇ ਵਿਅਕਤੀ ਦੀ ਉਹਨਾਂ ਨਾਲ ਨਿਬੜਣ ਦੀ ਯੋਗਤਾ ਨਾਲ ਵੀ ਉਸ ਦਾ ਸਬੰਧ ਹੁੰਦਾ ਹੈ। ਇਸ ਤਰ੍ਹਾਂ ਕਾਰੋਬਾਰ ਦਾ ਤਣਾਅ ਵਿਅਕਤੀ ਵਿਸ਼ੇਸ਼ ਉਸ ਦੇ ਕਾਰਜ ਸਥਾਨ ਅਤੇ ਵਾਤਾਵਰਣ 'ਤੇ ਨਿਰਭਰ ਕਰਦਾ ਹੈ। ਜੇ ਵਿਅਕਤੀ ਵਿਸ਼ੇਸ਼ ਦੀਆਂ ਹਾਲਤਾਂ ਨਾਲ ਨਿਪਟਣ ਦੀ ਸ਼ਕਤੀ ਹੱਦ ਪਾਰ ਕਰ ਜਾਵੇ ਤਾਂ ਮਾਨਸਿਕ ਤੌਰ 'ਤੇ ਟੁੱਟ ਜਾਣ ਦਾ ਡਰ ਵਧ ਜਾਂਦਾ ਹੈ। ਕਾਰੋਬਾਰ ਦਾ ਤਣਾਅ ਆਰਥਕ ਹਾਨੀ ਦਾ ਮੁੱਖ ਕਾਰਨ ਬਣ ਸਕਦਾ ਹੈ ਜਿਸ ਕਰਕੇ ਉਤਪਾਦਨ ਸ਼ਕਤੀ 'ਚ ਕਮੀ ਹੋਣ ਦੇ ਨਾਲ ਨਾਲ ਉਸ ਦੀ ਮਨੋਦਿਸ਼ਾ 'ਤੇ ਵੀ ਭਰਵਾਂ ਅਸਰ ਪੈਂਦਾ ਹੈ।

ਹੁਣ ਸੁਆਲ ਪੈਂਦਾ ਹੁੰਦਾ ਹੈ ਕਿ ਤੁਸੀਂ ਆਪਣੇ ਤਣਾਅ ਦੇ ਲੱਛਣਾਂ ਦੀ ਪਹਿਚਾਣ ਕਿਵੇਂ ਕਰੋ। ਤਾਂ ਕਿ ਤਣਾਅ ਦੂਰ ਕਰਨ ਦਾ ਪ੍ਰੋਗਰਾਮ ਬਣਾਇਆ ਜਾ ਸਕੇ। ਹੇਠਾਂ ਕੁਝ ਆਮ ਲੱਛਣਾਂ ਦੀ ਸੂਚੀ ਦਿੱਤੀ ਜਾ ਰਹੀ ਹੈ ਜਿਸ ਦੀ ਪੜਤਾਲ ਤੁਸੀਂ ਆਪਣੇ ਆਪ 'ਤੇ ਕਰ ਸਕਦੇ ਹੋ :-

(1) ਸਰੀਰਕ ਜਾਂ ਮਾਨਸਿਕ ਥਕਾਵਟ ਬਣੀ ਰਹਿਣਾ (2) ਉਤਸ਼ਾਹ 'ਚ ਕਮੀ (3) ਨੀਂਦ 'ਚ ਕੰਮ (4) ਕੰਮ 'ਚ ਘੱਟ ਰੁਚੀ (5) ਚਿੜਚਿੜਾਪਨ ਜਾਂ ਮੂਡੀ ਹੋਣਾ (6) ਲੋਕਾਂ ਤੋਂ ਦੂਰ ਰਹਿਣਾ (7) ਕੰਮਕਾਰ ਬਾਰੇ ਨਕਾਰਤਮਕ ਵਿਚਾਰ (8) ਫੈਸਲਾ ਲੈਣ 'ਚ ਕਠਿਨਾਈ ਹੋਣਾ (9) ਕੰਮ ਨਾ ਕਰ ਸਕਣਾ (10) ਸਹਿ-ਕਰਮੀਆਂ ਜਾਂ ਬੌਸ ਨਾਲ ਗੱਲ ਨਾ ਕਰ ਸਕਣਾ (11) ਭੁਲੱਕੜ ਹੋ ਜਾਣਾ (12) ਇਕਾਗਰਤਾ ਦੀ ਘਾਟ (13) ਅਸੰਤੋਸ਼ ਪੈਦਾ ਹੋਣਾ (14) ਤਣਾਅ ਦੇ ਕਾਰਨ ਵੱਧ ਸ਼ਰਾਬ ਪੀਣਾ ਜਾਂ ਸਿਗਰਟਨੋਸ਼ੀ।

**ਤਣਾਅ ਪੈਦਾ ਕਰਨ ਵਾਲੀ ਹਾਲਤ ਨੂੰ ਪਹਿਚਾਣੋ** :- ਕਿਸੇ ਕੰਮ ਦੇ ਅਜੇਹੇ ਪਹਿਲੂ ਵੀ ਹੋ ਸਕਦੇ ਹਨ ਜਿਸ ਨੂੰ ਤੁਸੀਂ ਪਸੰਦ ਨਹੀਂ ਕਰਦੇ ਅਤੇ ਇਸ ਲਈ ਆਪ

ਦੇ ਤਣਾਅ ਦਾ ਕਾਰਨ ਬਣਦੇ ਹਨ। ਮਿਸਾਲ ਵਜੋਂ ਕੰਟਰੋਲ ਦੀ ਘਾਟ (1) ਬਦਲ ਨਾ ਹੋਣ ਕਰਕੇ ਘੁਟਣ ਮਹਿਸੂਸ ਹੋਣਾ (2) ਮਨੋਕੂਲ ਕਰਨ ਲਈ ਕੁਝ ਨਾ ਕਰ ਸਕਣ ਦੀ ਮਜ਼ਬੂਰੀ। (3) ਬਾਹਰੀ ਦਖਲ ਅੰਦਾਜ਼ੀ (4) ਦਿੱਤੇ ਗਏ ਕੰਮਾਂ ਨੂੰ ਨਿਪਟਾ ਨਾ ਸਕਣਾ (5) ਕੁਝ ਖਾਸ ਕਿਸਮ ਦੇ ਕੰਮਾਂ ਹਿੱਤ ਸਾਧਨ ਦੀ ਘਾਟ।

**ਸੂਚਨਾ ਦੀ ਕਮੀ** (1) ਕੰਮ ਨਾਲ ਜੁੜੀ ਜਾਣਕਾਰੀ ਨਾ ਹੋਣਾ (2) ਮਾਰਗ ਦਰਸ਼ਨ ਦੀ ਘਾਟ,।

ਮਤਭੇਦ (1) ਬੌਸ ਜਾਂ ਸਹਿਕਰਮੀਆਂ ਨਾਲ ਮਤਭੇਦ। (2) ਆਪਸ ਵਿਰੋਧੀ ਜ਼ਰੂਰਤ ਨੂੰ ਪੁਰਾ ਕਰਨ ਦੀ ਮਜਬੂਰੀ। (ਕੰਮ ਦੀ ਸੁਰਤ ਹਿਤ ਜਰੂਰਤਾਂ ਹੀ ਘਾਟ।

**ਮੁਲਅੰਕਣ ਦੀ ਘਾਟ** (1) ਤੁਹਾਨੂੰ ਇਹ ਪਤਾ ਨਹੀਂ ਕਿ ਤੁਸੀਂ ਜੋ ਕੰਮ ਕਰ ਰਹੇ ਹੋ ਉਹ ਠੀਕ ਹੈ ਜਾਂ ਗਲਤ। (2) ਤੁਹਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਡੇ ਕੰਮ ਬਾਰੇ ਬੌਸ ਕੀ ਸੋਚਦੈ। (3) ਆਪ ਦੇਸ ਕੰਮ ਆਪ ਦੇ ਪ੍ਰਤੀ ਅਪਣਾਏ ਜਾਣ ਵਾਲੇ ਰਵੱਈਏ 'ਚ ਕੋਈ ਤਾਲਮੇਲ ਨਾ ਹੋਣਾ।

ਇਸ ਤੋਂ ਇਲਾਵਾ – ਤਰੱਕੀ 'ਚ ਰੁਕਾਵਟ, ਕੰਮ ਦਾ ਵੱਧ ਬੋਝ, ਕੰਮ ਦੀ ਘਾਟ। ਉਕਸਾਊ ਵਾਤਾਵਰਣ, ਸਹਿਕਰੀਆਂ ਨਾ ਬੌਸ ਨਾਲ ਮਤਭੇਦ ਇਹਨਾਂ ਸਾਰਿਆਂ ਬਿੰਦੂਆਂ 'ਤੇ ਧਿਆਨ ਦੇਣ ਨਾਲ ਤੁਹਾਨੂੰ ਤਣਾਅ ਦੇ ਕਾਰਨ ਮਿਲਦੇ ਜਾਣਗੇ। ਉਹਨਾਂ ਨੂੰ ਪਹਿਚਾਣੋ ਤੇ ਦੂਰ ਕਰਨ ਦਾ ਉਪਾਅ ਤਲਾਸ਼ੋ।

**ਤਣਾਅ ਦੂਰ ਕਰਨ ਦੇ ਉਪਾਅ** - (1) ਤਣਾਅ ਦਾ ਮੁਕਾਬਲਾ ਕਰਦੇ ਸਮੇਂ ਬਦਲਾਅ ਦੇ ਟੀਚੇ ਨਿਰਧਾਰਿਤ ਕਰੋ।

ਵੱਖ ਵੱਖ ਤਰਾਂ ਦੇ ਤਣਾਵਾਂ ਦਾ ਮੁਕਾਬਲਾ ਕਰਨ ਦੇ ਆਪਣੇ ਤਰੀਕਿਆਂ ਨੂੰ ਇਕ ਵਾਰੀ ਪਹਿਚਾਣ ਲੈਣ ਪਿਛੋਂ ਤੁਸੀਂ ਨਵੇਂ ਤਰੀਕੇ ਸੋਚ ਸਕਦੇ ਹੈ ਅਤੇ ਤਣਾਅ ਉਪਰ ਬੇਹਤਰ ਢੰਗ ਨਾਲ ਕਾਬੂ ਰੱਖ ਸਕਦੇ ਹੋ।

**ਬਦਲਾਅ ਤਿੰਨ ਉਪਾਵਾਂ ਨਾਲ ਕੀਤਾ ਜਾ ਸਕਦਾ ਹੈ** (1) ਬਾਹਰੀ ਤਣਾਅ ਦੇ ਸਰੋਤ ਨੂੰ ਬਦਲ ਦਿਉ, ਯਾਨੀ-ਨੌਂਕਰੀ ਛੱਡ ਦਿਉ। ਸਾਂਤ ਥਾਂ 'ਤੇ ਕੰਮ ਕਰੋ।

(2) ਆਪਣੇ ਰਵੱਈਏ ਨੂੰ ਬਦਲ ਦਿਉ, ਯਾਨੀ ਆਪਣੇ ਕੰਮ ਪ੍ਰਤੀ ਨਜ਼ਰੀਆ ਬਦਲ ਦਿਉ, ਘਰ ਆਉਣ ਪਿਛੋਂ ਕੰਮ ਬਾਰੇ ਨਾ ਸੋਚੋ। ਹਰ ਗਲਤੀ ਲਈ ਖੁਦ ਨੂੰ ਦੋਸ਼ੀ ਨਾ ਮੰਨੋ।

(3) ਰੋਜਾਨਾ ਦੇ ਕੰਮਾਂ 'ਚ ਤਬਦੀਲੀ ਕਰੋ-ਘੁੰਮਣ ਜਾਓ, ਕਸਰਤ ਕਰੋ, ਮੂਡ ਠੀਕ ਰੱਖਣ ਦੇ ਉਪਾਅ ਕਰੋ। ਲੋੜੀਂਦੀ ਨੀਂਦ ਲਓ, ਪੌਸ਼ਟਿਕ ਭੋਜਨ ਕਰੋ, ਟੈਲੀਵਿਜ਼ਨ 'ਤੇ ਮੰਨੋਰਜਨ ਦੇ ਪ੍ਰੋਗਰਾਮ ਵੇਖੋ।

**ਧਿਆਨ ਦਿਉ** - ਤਣਾਅ ਦੇ ਘਟ ਕਰਨ ਲਈ ਖੁਦ ਨੂੰ ਉਤਸ਼ਾਹਿਤ ਕਰੋ। ਨਾਕਾਰਤਮਕ ਸੋਚ ਬਦਲੋ ਤੇ ਸਕਾਰਤਮਕ ਸੋਚ ਅਪਣਾਓ, ਕੰਮ ਵਾਲੀ ਥਾਂ 'ਤੇ ਆਪਣੇ ਸਬੰਧ ਸੁਧਾਰੋ। ਸਮਝੌਤੇ ਦੀ ਕਲਾ ਸਿੱਖੋ ਅਤੇ ਅੰਤ ਵਿਚ ਜੇ ਤਣਾਅ ਹੱਦ ਤੋਂ ਜ਼ਿਆਦਾ ਵਧ ਜਾਵੇ ਤਾਂ ਮਾਨਸਕ ਹਾਲਤ ਵਿਗੜਦੀ ਹੀ ਜਾਵੇ ਤਦ ਉਸ ਦੇ ਕੰਮ ਨੂੰ ਛੱਡਣਾ ਹੀ ਬੇਹਤਰ ਹੈ, ਪਰ ਇਸ ਅੰਤਮ ਨਿਰਣੇ ਨੂੰ ਲਾਗੂ ਕਰਨ ਤੋਂ ਪਹਿਲਾਂ ਇਕ ਵਾਰੀ ਫਿਰ ਸੋਚੋ ਅਤੇ ਫੈਸਲਾ ਲਓ। ਕਿ ਅਜਿਹੀ ਮੁਸ਼ਕਲ ਹਾਲਤ 'ਚ ਕੰਮ ਕਰਦੇ ਰਹਿਣ ਪਿੱਛੋਂ ਤੁਹਾਨੂੰ ਇਕਦਮ ਨੌਕਰੀ ਛੱਡਣਾ ਮੁਸ਼ਕਲ ਲੱਗੇ। ਪਰ ਆਪਣੀਆਂ ਇਹਨਾਂ ਉਮੀਦਾਂ

ਤੇ ਡਰ ਦੀ ਸੂਚੀ ਬਣਾ ਲਓ ਤੇ ਫਿਰ ਇਕ ਇਕ ਕਰਕੇ ਉਹਨਾਂ ਨੂੰ ਪਰਖਦੇ ਜਾਓ। ਉਦਾਹਰਣ ਵਜੋਂ ਜੇ ਮੰਨ 'ਚ ਸ਼ੱਕ ਉਠਦਾ ਹੈ ਕਿ 'ਹੁਣ ਤਾਂ ਕਾਫੀ ਉਮਰ ਹੋ ਗਈ ਹੈ, ਹੁਣ ਨਵੇਂ ਸਿਰੇ ਤੋਂ ਕੀ ਕੀਤਾ ਜਾ ਸਕਦਾ ਹੈ। ਤਾਂ ਉਸਦੇ ਉਲਟ ਤੁਹਾਡੇ ਮਨ 'ਚ ਇਹ ਪ੍ਰਤੀਕ੍ਰਿਆ ਹੋਣੀ ਚਾਹੀਦੀ ਹੈ ਕਿ' ਮੈਂ ਆਪਣੀ ਹੀ ਉਮਰ ਦੇ ਅਜਿਹੇ ਬੰਦੇ ਨਾਲ ਗੱਲਬਾਤ ਕਰੂੰਗਾ ਜਿਸ ਨੇ ਹੁਣੇ ਕੰਮ ਕਰਨਾ ਸ਼ੁਰੂ ਕੀਤਾ ਹੋਵੇ।' ਜੇ ਤੁਹਾਨੂੰ ਇਹ ਡਰ ਲਗਦਾ ਹੈ ਕਿ ਪਤਾ ਨਹੀਂ ਹੁਣ ਮੈਂ ਇੰਟਰਵਿਊ ਜਾਂ ਟੈਸਟ ਦੇ ਸਕੂੰਗਾ ਕਿ ਨਹੀਂ ਤਾਂ ਤੁਹਾਡੀ ਇਹ ਪ੍ਰਤੀਕ੍ਰਿਆ ਹੋਣੀ ਚਾਹੀਦੀ ਹੈ। "ਮੈਂ ਆਪਣੀ ਸਮਰਥਾ ਸੁਧਾਰਨ ਲਈ ਵਿਸ਼ੇਸ਼ ਤਿਆਰੀ ਕਰੂੰਗਾ।" ਜਰੂਰੀ ਇਹ ਹੈ ਕਿ ਆਪ ਧਿਆਨ ਪੂਰਵਕ ਉਹਨਾਂ ਸਾਰੇ ਵਿਕਲਪਾਂ 'ਤੇ ਗੌਰ ਕਰੋ ਜੋ ਤੁਹਾਡੇ ਸਾਹਮਣੇ ਉਪਲੱਬਦ ਹਨ। ਜੇ ਜ਼ਰੂਰੀ ਹੋਵੇ ਤਾਂ ਨਵੀਂ ਥਾਂ 'ਤੇ ਕੰਮ ਸ਼ੁਰੂ ਕਰਨ ਲਈ ਖੁਦ ਨੂੰ ਤਿਆਰ ਰਖੋ। ਪਰ ਜੇ ਆਪ ਉਸੇ ਥਾਂ 'ਤੇ ਕੰਮ ਸ਼ੁਰੂ ਕਰਨ ਲਈ ਖੁਦ ਨੂੰ ਤਿਆਰ ਰਖੋ। ਪਰ ਜੇ ਆਪ ਉਸੇ ਥਾਂ 'ਤੇ ਕੰਮ ਕਰਦੇ ਰਹਿਣਾ ਚਾਹੁੰਦੇ ਹੋ ਤਾਂ ਪੱਕਾ ਨਿਸ਼ਚਾ ਕਰਕੇ ਇਕ ਸਕਾਰਤਮਕ ਤੇ ਆਸ਼ਾਵਾਦੀ ਸੋਚ ਦੇ ਨਾਲ ਨਵੀਂ ਸ਼ੁਰੂਆਤ ਕਰੋ। ਯਾਦ ਰਖੋ, ਜੇ ਤੁਸੀਂ ਖੁਦ ਤਿਆਰ ਹੋ ਤਾਂ ਦੌੜਨ ਲਈ, ਕਦੀ ਵੀ ਦੇਰ ਨਹੀਂ ਹੁੰਦੀ।

**ਕੰਮ ਦੀ ਥਾਂ 'ਤੇ ਤਣਾਅ ਘੱਟ ਕਰਨ ਲਈ ਉਪਾਅ** - ਇਥੇ ਤਣਾਅ ਘੱਟ ਕਰਨ ਦੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ ਜੋ ਵਿਅਕਤੀ, ਸੰਸਥਾ ਜਾਂ ਸਮਾਜ ਸਭ ਲਈ ਲਾਭਦਇਕ ਹਨ।

ਵਿਅਕਤੀ – ਆਪਣੇ ਪ੍ਰਤੀ ਆਪਣੀ ਕਾਰਜ ਸਮਰਥਾ ਤੇ ਕੰਮ ਪ੍ਰਤੀ ਅਸਲੀ ਨਜ਼ਰੀਆ ਅਪਣਾਓ।

ਕੰਮ ਦੀ ਲੋੜ ਦੇ ਹਿਸਾਬ ਨਾਲ ਜਰੂਰੀ ਵਿਹਾਰ ਤੇ ਗੁਣਾਂ ਨੂੰ ਸਿੱਖੋ ਤਾਂ ਕਿ ਆਪ ਠੀਕ ਨਾਲ ਕੰਮ ਕਰ ਸਕੋ।

ਆਪਣੇ ਸਹਿਕਰਮੀਆਂ, ਪ੍ਰੀਵਾਰ ਤੇ ਦੋਸ਼ਾਂ ਦੇ ਨਾਲ ਸਦਭਾਵਨਾ ਪੂਰਣ ਸਬੰਧਾਂ ਦਾ ਵਿਕਾਸ ਕਰੋ। ਲੋੜੀਂਦੀ ਨੀਂਦ, ਪੌਸ਼ਟਿਕ ਭੋਜਨ ਤੇ ਸਹੀ ਕਸਰਤ ਰਾਹੀਂ ਖੁਦ ਨੂੰ ਪੂਰੀ ਤਰ੍ਹਾਂ ਸਿਹਤਮੰਦ ਰੱਖੋ। ਰਿਲੈਕਸ ਕਰਨਾ ਸਿੱਖੋ। ਆਪਣੇ ਸਮੇਂ ਦੀ ਠੀਕ ਵਰਤੋਂ, ਮਨੋਰੰਜਨ ਤੇ ਸਕਾਰਤਮਕ ਕੰਮਾਂ 'ਚ ਕਰੋ।

**ਸੰਸਥਾ** :- ਬੇਲੋੜੇ ਤਣਾਅ ਨੂੰ ਘੱਟ ਕਰਨ ਲਈ ਜੇ ਜਰੂਰੀ ਹੈ ਤਾਂ ਕੰਮ ਨੂੰ ਨਵਾਂ ਰੂਪ ਦਿਓ।

# ਪਿਪਲੀ 'ਚ ਵਧਦਾ ਫੁਲਦਾ 'ਸਮਾਜਕ ਵਪਾਰ'

ਪਿਪਲੀ ਦਾ ਨਿਹੱਥਾ ਪੇਂਡੂ ਸਰਮਾਏਦਾਰਾਂ ਤੇ ਸ਼ਹਿਰ ਤੋਂ ਪਿੰਡ ਦਾ ਗਿੱਧ ਖੋਰੀ ਕਰਨ ਪਹੁੰਚੇ ਮੀਡੀਆ ਪੂੰਜੀਪਤੀਆਂ ਤੋਂ ਜਾਨ ਬਚਾ ਕੇ ਭੱਜ ਨਿਕਲਿਆ ਅਤੇ ਸ਼ਹਿਰ ਵਿਚ ਜਾ ਕੇ ਇਕ ਇਮਾਰਤ ਉਸਾਰੀ ਸਰਮਾਏਦਾਰ ਦਾ ਮਜ਼ਦੂਰ ਬਣ ਗਿਆ। ਉਸ ਨੂੰ ਜਿਉਂਦੇ ਰਹਿਣ ਦਾ ਸਿਰਫ ਇਹੀ ਤਰੀਕਾ ਨਜ਼ਰ ਆਇਆ ਨਹੀਂ ਤਾਂ ਸਰਕਾਰੀ ਅਧਿਕਾਰੀਆਂ, ਪੇਂਡੂ ਜਾਗੀਰਦਾਰਾਂ ਜਾਂ ਮੀਡੀਆ ਸਰਮਾਏਦਾਰਾਂ 'ਚੋਂ ਕੋਈ ਇੱਕ ਜਰੂਰ ਉਸਨੂੰ ਫਾਂਸੀ ਦੇ ਫੰਦੇ ਤਕ ਪਹੁੰਚਾ ਦਿੰਦਾ। ਘੱਟੋ ਘੱਟ 'ਪਿਪਲੀ ਲਾਈਵ' ਬਣਾਉਣ ਵਾਲਿਆਂ ਨੂੰ ਸਿਰਫ ਇਹੀ ਇਕ ਹੱਲ ਨਜ਼ਰ ਆਇਆ। ਵੈਸੇ ਇਹ ਹੱਲ ਉਹੀ ਹੈ ਜੋ ਪ੍ਰੇਮ ਚੰਦ ਜਾਂ ਉਸ ਤੋਂ ਪਹਿਲਾਂ ਦੇ ਜ਼ਮਾਨੇ ਤੋਂ ਚਲਿਆ ਆਉਂਦਾ ਹੈ। ਪਰ ਅੱਜ ਦੇ ਭਾਰਤੀ ਪੂੰਜੀਵਾਦ 'ਚ ਕੀ ਸੱਚੀ ਮੁੱਚੀ ਅਜਿਹਾ ਹੱਲ ਮੌਜੂਦ ਹੈ? ਇਸ ਸੁਆਲ 'ਤੇ ਗੱਲ ਕਰਨ ਤੋਂ ਪਹਿਲਾਂ ਇਸ ਹੱਲ ਦੇ ਸਾਰ ਤੱਤ 'ਤੇ ਹੀ ਗੱਲ ਕਰ ਲਓ ਇਸ ਹੱਲ ਪ੍ਰਤੀ ਸਦੀਆਂ ਤੋਂ ਪਿੰਡਾਂ 'ਚ ਉਹੀ ਨਜ਼ਰੀਆ ਰਿਹਾ ਹੈ। 'ਉਤਮ ਖੇਤ, ਮਧਮ ਵਪਾਰ, ਨਖਿਧ ਚਾਕਰੀ, ਭੀਖ ਨਿਧਾਨ' ਯਾਨੀ ਮਜ਼ਦੂਰ ਇਕ ਨਖਿਧ ਚੀਜ਼ ਹੈ। ਜਿਸ ਤੋਂ ਬਾਅਦ ਤਾਂ ਸਿਰਫ ਭੀਖ ਹੀ ਬਚਦੀ ਹੈ। ਕਿਸਾਨ (ਜਾਂ ਦਸਤਕਾਰ) ਕਦੀ ਵੀ ਆਪਣੀ ਇਸ ਸਥਿਤੀ ਨੂੰ ਸਹਿਜਤਾ ਨਾਲ ਨਹੀਂ ਮੰਨਦਾ। ਪੂੰਜੀਵਾਦ ਜਦ ਵੱਖ ਵੱਖ ਤਰੀਕਿਆਂ ਨਾਲ ਛੋਟੇ ਕਿਸਾਨਾਂ ਨੂੰ ਤਬਾਹ ਕਰਦਾ ਹੈ ਤਾਂ ਕਿਸਾਨ ਦੀ ਪਹਿਲੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਉਹ ਆਪਣੇ ਖੇਤ ਨਾਲ ਕਿਸੇ ਨਾ ਕਿਸੇ ਤਰਾਂ ਚਿੰਬੜਿਆ ਰਹੇ। ਉਹ ਤੇ ਉਸ ਦਾ ਪ੍ਰੀਵਾਰ ਵੱਧ ਕੰਮ ਕਰਨ ਲੱਗਦਾ ਹੈ। ਉਸ ਦੀ ਖਪਤ ਘੱਟ ਤੋਂ ਘੱਟ ਹੁੰਦੀ ਜਾਂਦੀ ਹੈ। ਉਹ ਕਰਜੇ 'ਚ ਡੁੱਬ ਜਾਂਦਾ ਹੈ। ਉਸ ਦੇ ਭੁੱਖ ਤੇ ਬਿਮਾਰੀ ਨਾਲ ਮਰਨ ਦੀ ਨੌਬਤ ਆ ਜਾਂਦੀ ਹੈ ਆਦਿ। ਪਰ ਇਕ ਸਮੇਂ ਬਾਅਦ ਇਹ ਅਸੰਭਵ ਹੋ ਜਾਂਦਾ ਹੈ। ਤਦ ਕਿਸਾਨ ਮਜਬੂਰੀ 'ਚ ਮਜ਼ਦੂਰਾਂ 'ਚ ਮਜ਼ਦੂਰ ਬਣਨ ਵੱਲ ਵਧਦਾ ਹੈ। ਉਹ ਸ਼ਹਿਰ ਜਾਂਦਾ ਹੈ। ਇਸ ਉਮੀਦ ਨਾਲ ਕਿ ਉਥੇ ਕੁਝ ਦਿਨ ਕੰਮ ਕਰਕੇ, ਕੁਝ ਦਿਨ 'ਕਮਾ ਕੇ' ਵਾਪਸ ਆ ਜਾਵੇਗਾ। ਆਖਰ ਉਹ ਆਪਣੀ ਪੁਰਖਿਆਂ ਦੀ ਜ਼ਮੀਨ ਤੇ ਪੁਰਖਿਆਂ ਦਾ ਕਿੱਤਾ ਕਿਵੇਂ ਛੱਡੇ? ਆਖਰ ਕੁਝ ਸਾਲਾਂ ਬਾਅਦ ਉਹ ਦੇਖਦਾ ਹੈ ਕਿ ਉਹ ਪਿੰਡ 'ਚ ਖੇਤੀ ਕਰਨ ਵਾਪਸ ਨਹੀਂ ਮੁੜ ਸਕਦਾ ਅਤੇ ਹੌਲੀ ਹੌਲੀ ਮਜ਼ਦੂਰ ਵੀ ਆਪਣੀ ਹੋਣੀ ਨੂੰ ਕਬੂਲ ਕਰ ਲੈਂਦਾ ਹੈ। ਇਹ ਮਜ਼ਦੂਰ ਹੈ ਕਿ? ਇਹ ਉਜਰਤੀ ਗੁਲਾਮ ਹੈ, ਇਹ ਸਰਮਾਏਦਾਰ ਕੋਲ ਉਸ ਦੇ ਰਹਿਮੋ ਕਰਮ 'ਤੇ ਕੰਮ ਕਰਨ ਵਾਲਾ ਤੇ ਮਜ਼ਦੂਰੀ ਪਾਉਣ ਵਾਲਾ ਉਜਰਤੀ ਗੁਲਾਮ ਮਜ਼ਦੂਰ ਦਾ ਨਾ ਤਾਂ ਆਪਣੇ ਕੰਮ 'ਤੇ ਕੰਟਰੋਲ ਹੈ ਅਤੇ ਨਾ ਹੀ ਆਪਣੇ ਕੰਮ ਦੀ ਪੈਦਾ ਕੀਤੀ ਵਸਤੂ 'ਤੇ। ਕੰਮ ਇਹ ਸਰਮਾਏਦਾਰ ਅਨੁਸਾਰ ਕਰਦਾ ਹੈ ਅਤੇ ਜੋ ਪੈਦਾ ਹੁੰਦਾ ਹੈ ਉਹ ਹੁੰਦਾ ਹੈ ਸਰਮਾਏਦਾਰ ਦਾ। ਮਜ਼ਦੂਰ ਨੂੰ ਮਿਲਦੀ ਹੈ ਬਸ ਮਜ਼ਦੂਰੀ ਜਿੰਦਾ ਰਹਿਣ ਲਈ ਸਿਰਫ। ਮਜ਼ਦੂਰ ਸਰਮਾਏਦਾਰ ਕੋਲ ਕੰਮ ਕਰਨ ਜਾਂ ਨਾ ਕਰਨ ਲਈ ਆਜ਼ਾਦ ਹੈ। ਪਰ ਉਹ ਆਪਣੀ ਆਜ਼ਾਦੀ ਨੂੰ ਗੁਆ ਤਾਂ ਨਹੀਂ ਸਕਦਾ। ਖਾਣੇ ਵਾਸਤੇ ਮਜ਼ਦੂਰੀ ਹਾਸਲ ਕਰਨ ਲਈ ਉਸ ਨੂੰ ਸਰਮਾਏਦਾਰ ਕੋਲ ਜਾਣਾ ਹੀ ਪੈਣਾ ਹੈ। ਇਸ ਤਰਾਂ ਉਹ ਇਕ ਪੂੰਜੀਪਤੀ ਦਾ ਨਹੀਂ ਤਾਂ ਸਮੁੱਚੀ ਪੂੰਜੀ ਦਾ ਗੁਲਾਮ ਹੁੰਦਾ ਹੈ। ਉਹ ਭੁੱਖਾ

ਮਰ ਜਾਣ ਦੀ ਕੀਮਤ ’ਤੇ ਹੀ ਇਸ ਗੁਲਾਮੀ ਤੋਂ ਮੁਕਤੀ ਹਾਸਲ ਕਰ ਸਕਦਾ ਹੈ। ਪਰ ਇਹ ਤਸਵੀਰ ਦਾ ਸਿਰਫ ਇਕ ਪੱਖ ਹੈ। ਆਪਣੀ ਉਜਰਤੀ ਗੁਲਾਮੀ ਦੀ ਇਸ ਸਥਿਤੀ ਕਾਰਨ ਮਜ਼ਦੂਰ ਜਮਾਤ ਮਨੁੱਖੀ ਇਤਿਹਾਸ ਦੀ ਸਭ ਤੋਂ ਇਨਕਲਾਬੀ ਜਮਾਤ ਬਣ ਜਾਂਦੀ ਹੈ। ਪੈਦਾਵਾਰ ਦੇ ਵਸੀਲਿਆਂ (ਖੇਤ, ਔਜਾਰ ਆਦਿ) ਸਬੰਧੀ ਨਿਜੀ ਜਾਇਦਾਦ ਤੋਂ ਵਂਚਿਤ ਹੋ ਕੇ ਉਹ ਇਸ ਲਾਇਕ ਬਣ ਜਾਂਦਾ ਹੈ ਕਿ ਉਹ ਜਾਇਦਾਦ ਦੀ ਪੂੰਜੀਵਾਦੀ ਵਿਵਸਥਾ ਖਿਲਾਫ ਉਠ ਖੜਾ ਹੋਵੇ। ਮਜ਼ਦੂਰ ਪੈਦਾਵਾਰ ਦੇ ਪ੍ਰਬੰਧ ਦਾ ਸਿਰਫ ਇਕ ਕਲ-ਪੁਰਜਾ ਬਣ ਜਾਣ ਕਾਰਨ ਇਸ ਲਾਇਕ ਬਣ ਜਾਂਦਾ ਹੈ ਕਿ ਪੈਦਾਵਾਰ ਦੇ ਸਮੁੱਚੇ ਪ੍ਰਬੰਧ ’ਤੇ ਸਮੂਹਿਕ ਕੰਟਰੋਲਰ ਲਵੇ।

ਸਰਮਾਏਦਾਰੀ ਦੇ ਕਠੋਰ ਅਨੁਸਾਸ਼ਨ ’ਚ ਵਿਗਿਆਨਕ ਤਰੀਕੇ ਦੀ ਪੈਦਾਵਾਰ ’ਚ ਹਿੱਸਾ ਲੈ ਕੇ, ਉਹ ਇਸ ਲਾਇਕ ਬਣ ਜਾਂਦਾ ਹੈ ਕਿ ਅਰਾਜਕ ਪੂੰਜੀਵਾਦ ਨੂੰ ਖਤਮ ਕਰਕੇ ਯੋਜਨਾਬੱਧ ਸਮਾਜਕ ਪ੍ਰਬੰਧ ਕਾਇਮ ਕਰੇ। ਮੁਦਰਾ ਪੂੰਜੀ ਦੀ ਚੋਟੀ ਦੀ ਗੁਲਾਮੀ ’ਚ ਜੀ ਕੇ ਉਹ ਇਸ ਲਾਇਕ ਬਣ ਜਾਂਦਾ ਹੈ ਕਿ ਪੈਦਾਵਾਰ ਵੰਡ ਨਾਲ ਮੁਦਰਾ ਖਤਮ ਕਰ ਦੇਵੇ। ਮਜ਼ਦੂਰ ਪ੍ਰੋਲੇਤਾਰੀ ਬਣ ਕੇ ਇਸ ਲਾਇਕ ਬਣ ਜਾਂਦਾ ਹੈ ਕਿ ਉਹ ਸਾਰੇ ਸਮਾਜ ਦਾ ਮਾਲਕ ਬਣ ਜਾਵੇ। ਇਹ ਪੂੰਜੀਵਾਦ ’ਚ ਹੋਂਦ ਹੀਣ ਹੋ ਕੇ ਸਭ ਤੋਂ ਵੱਧ ਦਲਿਤ ਹੋ ਕੇ ਇਸ ਲਾਇਕ ਬਣ ਜਾਂਦਾ ਹੈ ਕਿ ਉਹ ਕਾਫੀ ਸਾਰੀਆਂ ਜਮਾਤਾਂ ਨੂੰ ਆਜ਼ਾਦ ਕਰ ਦੇਵੇ। ਪਰ ਮਜ਼ਦੂਰ ਜਮਾਤ ਦੀ ਇਹ ਸਮਾਜਕ ਤਬਦੀਲੀ ਤੇ ਇਨਕਲਾਬੀ ਭੂਮਿਕਾ ਅਜੇ ਭਵਿਖ ਦੇ ਗਰਭ ਦੀ ਚੀਜ ਹੁੰਦੀ ਹੈ। ਜਦ ਉਹ ਆਪਣੇ ਆਪ ’ਚ ਜਮਾਤ ਤੋਂ ਵੱਧ ਕੇ ‘ਆਪਣੇ ਲਈ ਜਮਾਤ’ ਬਣਦਾ ਹੈ। ਤਦ ਤਕ ਤਾਂ ਪੂੰਜੀ ਦਾ ਗੁਲਾਮ, ਉਜਰਤੀ ਗੁਲਾਮ ਬਣਿਆ ਰਹਿੰਦਾ ਹੈ। ਜੋ ਸਿਰਫ ਇਸ ਲਈ ਜਿੰਦਾ ਰਹਿੰਦਾ ਹੈ ਕਿ ਸਰਮਾਏਦਾਰ ਜਮਾਤ ਦਾ ਸਰਮਾਇਆ ਵਧਾਵੇ। ਸਰਮਾਏਦਾਰੀ ਜਮਾਤ ਇਸ ਤਰ੍ਹਾਂ ਦੇ ਮਜ਼ਦੂਰਾਂ ਦੀ ਗਿਣਤੀ ’ਚ ਵਾਧੇ ਨੂੰ ਵਿਕਾਸ ਕਹਿੰਦੀ ਹੈ ਅਤੇ ਇਸ ਉਪਰ ਮਾਣ ਕਰਦੀ ਹੈ। ਉਹ ਅਜਿਹੇ ਲੋਕਾਂ ਨੂੰ ਰੁਜ਼ਗਾਰ ਦੇਣਾ ਵੀ ਕਹਿੰਦੀ ਹੈ। ਉਹ ਇਸ ਨੂੰ ਵੀ ਆਪਣੇ ਲਈ ਤਮਗੇ ਦੀ ਤਰ੍ਹਾਂ, ਪ੍ਰਾਪਤੀ ਵਜੋਂ ਪੇਸ਼ ਕਰਦੀ ਹੈ। ਪਰ ਪਿਛਲੇ ਕੁਝ ਦਹਾਕਿਆਂ ਤੋਂ ਦੁਨੀਆਂ ਦੀ ਸਰਮਾਏਦਾਰ ਜਮਾਤ ਲਈ ਅਤੇ ਖਾਸ ਕਰਕੇ ਭਾਰਤ ਵਰਗੇ ਪਿਛਲੇ ਅਰਧ ਜਾਗੀਰੂ-ਅਰਧ ਬਸਤੀਵਾਦ ਦੇਸ਼ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਲਈ ਇਸ ਤਰ੍ਹਾਂ ਦੇ ਰੁਜ਼ਗਾਰ ਦੇਣਾ ਵੀ ਸੰਭਵ ਨਹੀਂ ਰਹਿ ਗਿਆ ਹੈ। ਇਸ ਸਮੇਂ ਅਮਰੀਕਾ ਤੇ ਯੂਰਪ ਦੇ ਵਿਕਸਤ ਪੂੰਜੀਵਾਦੀ (ਸਾਮਰਾਜੀ) ਦੇਸ਼ਾਂ ’ਚ ਰਵਾਇਤੀ ਬੇਰੁਜ਼ਗਾਰੀ ਹੀ 10 ਤੋਂ 15 ਫੀਸਦੀ ਹੈ। ਅਸਲ ਬੇਰੁਜ਼ਗਾਰੀ ਤਾਂ ਇਸ ਤੋਂ ਦੁੱਗਣੀ ਹੋਵੇਗੀ। ਜਿਥੋਂ ਤਕ ਭਾਰਤ ਵਰਗੇ ਅਰਧ ਜਾਗੀਰੂ ਅਰਧ ਬਸਤੀਵਾਦੀ ਦੇਸ਼ ਹਨ। ਇਥੇ ਹਾਲਾਤ ਹੋਰ ਵੀ ਬੁਰੇ ਹਨ। ਇਥੇ ਵੱਡੀ ਮਾਤਰਾ ’ਚ ਖੇਤੀ ਤੇ ਦਸਤਕਾਰੀ ਤਬਾਹ ਹੋ ਰਹੀ ਹੈ। ਛੋਟੇ-ਦਰਮਿਆਨੇ ਕਿਸਾਨ ਹੁਣ ਆਪਣੀ ਖੇਤੀ ਨਹੀਂ ਬਚਾ ਸਕਦੇ ਹਨ। ਬੁਨਕਰ ਤੋਂ ਲੈ ਕੇ ਹੋਰ ਦਸਤਕਾਰਾਂ ਦਾ ਵੀ ਇਹੀ ਹਾਲ ਹੈ। ਵੱਡੀ ਗੱਲ ਤਾਂ ਇਹ ਹੈ ਕਿ ਆਪਣੇ ਰਵਾਇਤੀ ਪੇਸ਼ਿਆਂ ਤੋਂ ਵਾਂਝੇ ਹੋ ਜਾਣ ਵਾਲੇ ਇਹਨਾਂ ਲੋਕਾਂ ਲਈ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਰਾਜ ’ਚ ਮਜ਼ਦੂਰ ਬਣ ਜਾਣ ਦੀ ਗੁੰਜਾਇਸ਼ ਵੀ ਸੀਮਤ ਹੈ। ਯਾਨੀ ਇਹ ਬੇਹਾਲ ਲੋਕ ਸ਼ਹਿਰ ਜਾ ਕੇ ਸਨਅਤਾਂ ਜਾਂ ਹੋਰ ਧੰਦਿਆਂ ’ਚ ਮਜ਼ਦੂਰ ਨਹੀਂ ਬਣ ਸਕਦੇ। ਇਥੇ ਪਹਿਲਾਂ

ਹੀ ਕਾਫੀ ਲੋਕ ਬੇਰੁਜ਼ਗਾਰ ਹਨ। ਵਿਦੇਸ਼ ਤੋਂ ਦਰਾਮਦ ਨਵੀਆਂ-ਨਵੀਆਂ ਤਕਨੀਕਾਂ ਕਾਰਨ ਪਹਿਲਾਂ ਤੋਂ ਕੰਮ 'ਤੇ ਲੱਗੇ ਮਜ਼ਦੂਰਾਂ ਦੀ ਛਾਂਟੀ ਪਿਛੋਂ, ਮੁੜ ਭਾਰਤੀ ਹੀ ਹੋ ਜਾਵੇ, ਇਹੀ ਕਾਫੀ ਹੈ। ਅਜਿਹੇ 'ਚ ਭਾਰਤ ਵਰਗੇ ਦੇਸ਼ ਵਿਚ ਉਸ ਤਰਾਂ ਦੇ ਕੰਮ ਧੰਦਿਆਂ ਦਾ ਤੇਜੀ ਨਾਲ ਵਿਸਥਾਰ ਹੋ ਰਿਹਾ ਹੈ। ਜਿਸ ਨੂੰ ਗੈਰ-ਰਵਾਇਤੀ ਖੇਤਰ ਕਹਿੰਦੇ ਹਨ। ਇਸ ਦਾ ਮਤਲਬ ਹੁੰਦਾ ਹੈ ਕੁਝ ਵੀ ਕਰਕੇ ਜਿੰਦਾ ਰਹਿਣ ਦੀ ਕੋਸ਼ਿਸ਼ ਕਰਨਾ। ਇਸ 'ਚ ਛੋਟੀ-ਮੋਟੀ ਪੈਦਾਵਾਰ ਤੋਂ ਲੈ ਕੇ ਖਰੀਦ ਵੇਚ ਤਕ ਸ਼ਾਮਲ ਹੈ। ਅਨੇਕਾਂ ਲੋਕਾਂ ਤਾਂ ਕੁਝ ਵੀ ਨਾ ਕਰਕੇ ਟਾਈਮ ਪਾਸ ਕਰਨ ਲਈ ਮਜ਼ਬੂਰ ਹੈ। ਦਲਾਲ ਸਰਮਾਏਦਾਰੀ ਦੀ ਇਹ ਸਥਿਤੀ ਦੋ ਕਾਰਨਾਂ ਕਰਕੇ ਦਿਕਤ ਤਲਬ ਹੈ। ਇਕ ਤਾਂ ਇਸ ਤਰ੍ਹਾਂ ਦੀ ਹਾਲਤ ਬਹੁਤ ਵੱਡੀ ਮਾਤਰਾ 'ਚ ਗਰੀਬੀ, ਭੁੱਖਮਰੀ ਤੇ ਬੇਚੈਨੀ ਨੂੰ ਜਨਮ ਦਿੰਦੀ ਹੈ। ਇਸ ਦਾ ਲੰਬੇ ਸਮੇਂ ਤਕ ਬਣੇ ਰਹਿਣਾ ਜਾਂ ਵਧਦੇ ਜਾਣਾ ਸਾਮਰਾਜ ਦੀ ਦਲਾਲ ਸਰਮਾਏਦਾਰੀ ਲਈ ਖਤਰਨਾਕ ਹੈ। ਦੂਜਾ ਇਹ ਕਿ ਪੂੰਜੀਵਾਦ ਦੀ ਆਪਣੀ ਹੀ ਰਫਤਾਰ ਕਾਰਨ ਅਬਾਦੀ ਦਾ ਇਕ ਵੱਡਾ ਹਿੱਸਾ ਪੈਦਾਵਾਰ-ਵੰਡ ਤੇ ਖਪਤ ਦੀ ਲੜੀ ਤੋਂ ਬਾਹਰ ਹੋ ਜਾਂਦਾ ਹੈ। ਇਸ ਨੂੰ ਕਿਸੇ ਤਰ੍ਹਾਂ ਅੰਦਰ ਲਿਆਂਦਾ ਜਾ ਸਕੇ ਤਾਂ ਇਹ ਪੂੰਜੀਵਾਦੀ ਪ੍ਰਬੰਧ ਲਈ ਬਜ਼ਾਰ ਤੇ ਮੁਨਾਫੇ ਦਾ ਵਾਧੂ ਸਰੋਤ ਹੋਣ ਦੇ ਨਾਲ ਵਿਵਸਥਾ ਦੀ ਦੂਰਗਾਮੀ ਸਿਹਤ ਲਈ ਵੀ ਫਾਇਦੇਮੰਦ ਹੋ ਸਕਦਾ ਹੈ। ਅਜਿਹਾ ਕਰਨ ਲਈ ਪੂੰਜੀਵਾਦੀ ਵਿਵਸਥਾ ਦੇ ਸੰਚਾਲਕ ਤੇ ਸਮਰਥਕ ਤਰ੍ਹਾਂ ਤਰ੍ਹਾਂ ਦੀ ਜੁਗਤ ਲਾ ਰਹੇ ਹਨ। ਇਹਨਾਂ ਵਿਚੋਂ ਇਕ ਹੈ ਸ਼੍ਰੀਮਾਨ ਮੁਹੰਮਦ ਯੂਨਸ। ਇਹਨਾਂ ਨੇ ਇਸ ਸਬੰਧੀ ਆਪਣਾ ਇਕ ਨੁਸਖਾ ਪੇਸ਼ ਕੀਤਾ ਹੈ "ਸਮਾਜਕ ਕਾਰੋਬਾਰ" ਦਾ ਨੁਸਖਾ। ਬੰਗਲਾ ਦੇਸ਼ ਦੇ ਮੁਹੰਮਦ ਯੂਨਸ ਸੂਖਮ ਵਿੱਤ ਤੇ ਆਪਣੇ ਗ੍ਰਾਮੀਨ ਬੈਂਕ ਲਈ ਜਾਣੇ ਜਾਂਦੇ ਹਨ। ਉਹਨਾਂ ਵਲੋਂ ਸ਼ੁਰੂ ਕੀਤਾ ਸੂਖਮ ਵਿੱਤ ਦਾ ਕਾਰੋਬਾਰ ਅੱਜ ਸਾਰੀ ਦੁਨੀਆਂ 'ਚ ਵੱਧ-ਫੁੱਲ ਰਿਹਾ ਹੈ। ਇਸ ਲਈ ਉਹਨਾਂ ਨੂੰ ਨੋਬਲ ਪੁਰਸਕਾਰ ਵੀ ਦਿੱਤਾ ਜਾ ਚੁਕਿਆ ਹੈ। ਮੁਹੰਮਦ ਯੂਨਸ ਦੀ ਅਕਲਮੰਦੀ ਇਸ ਗੱਲ 'ਚ ਸੀ ਕਿ ਉਹਨਾਂ ਨੇ ਇਹ ਪਹਿਚਾਣਿਆ ਕਿ ਪਿੰਡਾਂ ਦੇ ਉਹ ਗਰੀਬ ਲੋਕ ਜੋ ਬੈਂਕਾਂ ਤੋਂ ਉਧਾਰ ਨਹੀਂ ਲੈ ਸਕਦੇ ਅਤੇ ਸੂਦਖੋਰਾਂ ਦੇ ਚੁਗਲ 'ਚ ਫਸ ਜਾਂਦੇ ਹਨ। ਉਹ ਨਵੇਂ ਕਿਸਮ ਦੀਆਂ ਵਿੱਤੀ ਕੰਪਨੀਆਂ ਲਈ ਗਾਹਕ ਹੋ ਸਕਦੇ ਹਨ। ਇਸ ਜ਼ਰੀਏ ਪਿੰਡਾਂ ਦੇ ਇਹਨਾਂ ਗਰੀਬ ਲੋਕਾਂ ਤਕ ਪੂੰਜੀਵਾਦੀ ਵਿੱਤੀ ਅਦਾਰਿਆਂ ਦੀ ਪਹੁੰਚ ਬਣ ਸਕਦੀ ਹੈ। ਇਸ ਤਰ੍ਹਾਂ ਇਕ ਭਿੰਨ ਤਰੀਕੇ ਨਾਲ ਪੂੰਜੀਵਾਦੀ ਅਦਾਰਿਆਂ ਦੀ ਪਹੁੰਚ ਉਹਨਾਂ ਗਾਹਕਾਂ ਤਕ ਬਣਾਈ ਜਾ ਸਕਦੀ ਹੈ ਜਿਹਨਾਂ ਤਕ ਇਹ ਆਮ ਤੌਰ 'ਤੇ ਨਹੀਂ ਬਣਦੀ। ਇਹ ਪੂੰਜੀਵਾਦੀ ਲਈ ਵੱਡੇ ਫਾਇਦੇ ਦੀ ਗੱਲ ਹੋਵੇਗੀ। ਇਸ ਸਬੰਧੀ ਇਕ ਮਾਡਲ ਵਿਕਸਤ ਕਰਨ ਦਾ ਜਿੰਮਾ ਮੁਹੰਮਦ ਯੂਨਸ ਨੇ ਆਪਣੇ ਸਿਰ ਲਿਆ ਤੇ ਇਸ ਲਈ ਗ੍ਰਾਮੀਨ ਬੈਂਕ ਦੀ ਸਥਾਪਨਾ ਕੀਤੀ। ਗ੍ਰਾਮੀਣ ਬੈਂਕ ਨੇ ਇਕ ਮੁਨਾਫਾ-ਰਹਿਤ ਸੰਸਥਾ ਹੋਣਾ ਸੀ ਅਤੇ ਇਸ ਲਈ ਸਰਕਾਰੀ ਤੇ ਗੈਰ ਸਰਕਾਰੀ ਸੰਗਠਨਾਂ ਦੀਆਂ ਫੰਡ ਦਾਤਾ ਏਜੰਸੀਆਂ ਨੇ ਪੈਸਾ ਦਿੱਤਾ। ਇਹਨਾਂ ਦਾ ਸਿੱਧਾ ਹਿੱਤ ਇਸ ਗੱਲ ਵਿਚ ਸੀ ਕਿ ਗਰੀਬ ਲੋਕਾਂ ਤੱਕ ਰਵਾਇਤੀ ਵਿੱਤੀ ਕਾਰੋਬਾਰ ਦੀ ਪਹੁੰਚ ਦਾ ਮਾਡਲ ਵਿਕਸਤ ਹੋਵੇ। ਜਿਸ ਨੂੰ ਪਿਛੋਂ ਫਾਇਦੇ ਦੇ ਕਾਰੋਬਾਰ ਲਈ ਵਰਤਿਆ ਜਾਵੇ। ਗ੍ਰਾਮੀਣ ਬੈਂਕ ਨੇ ਇਹ ਮਾਡਲ ਵਿਕਸਤ ਕੀਤਾ ਅਨੇਕਾਂ ਵਿੱਤ ਕੰਪਨੀਆਂ ਇਸ ਖੇਤਰ 'ਚ ਮੁਨਾਫਾ ਕਮਾਉਣ ਉਤਰ ਆਈਆਂ।

ਪਿੰਡਾਂ 'ਚ ਕਾਰਪੋਰੇਟ ਸੂਦਖੋਰੀ ਦਾ ਜਾਲ ਵਿਛਦਾ ਜਾ ਰਿਹਾ ਹੈ। ਪਿਛਲੇ ਦਿਨੀ ਆਂਧਰਾ ਪ੍ਰਦੇਸ਼ 'ਚ 'ਐਸ ਕੇ ਐਸ' ਅਤੇ 'ਸੰਪਾਦਨ' ਨਾਂ ਦੀਆਂ ਸੂਖਮ ਵਿੱਤ ਕੰਪਨੀਆਂ ਤੋਂ ਉਧਾਰ ਲੈਣ ਵਾਲੇ ਪੱਚੀ ਗਾਹਕਾਂ ਦੀ ਆਤਮ ਹੱਤਿਆ ਦੀ ਖਬਰਾਂ ਪਿਛੋਂ ਇਹ ਸਭ ਆਮ ਜਾਣਕਾਰੀ ਦਾ ਵਿਸ਼ਾ ਬਣ ਗਿਆ ਹੈ। ਆਂਧਰਾ ਪ੍ਰਦੇਸ਼ ਸਰਕਾਰ ਨੂੰ ਇਸ ਸੂਦਖੋਰੀ ਨੂੰ ਰੈਗੂਲਰ ਤੇ ਕੰਟਰੋਲ ਹੇਠ ਕਰਨ ਲਈ ਇਕ ਨੋਟੀਫੀਕੇਸ਼ਨ ਜਾਰੀ ਕਰਨਾ ਪਿਆ ਅਤੇ ਹੁਣ ਪੂਰੇ ਦੇਸ਼ ਦੇ ਪੈਮਾਨੇ ਤੇ ਰਿਜ਼ਰਵ ਬੈਂਕ ਵਲੋਂ ਸੂਖਮ ਵਿੱਤ ਕਾਰੋਬਾਰ ਨੂੰ ਨਿਯਮਬੰਦ ਕਰਨ ਦੀ ਗੱਲ ਹੋ ਰਹੀ ਹੈ। ਸ੍ਰੀਮਾਨ ਮੁਹੰਮਦ ਯੂਨਸ ਨੇ 'ਐਸ ਕੇ ਐਸ' ਅਤੇ 'ਸੰਪਾਦਨ' ਦੀ ਕਾਰਪੋਰੇਟੀ ਸੂਦਖੋਰੀ ਦੀ ਨਿੰਦਿਆ ਕੀਤੀ। ਉਹਨਾਂ ਨੇ ਕਿਹਾ ਕਿ ਸੂਖਮ ਵਿੱਤ ਦੀ ਇਸ ਤਰ੍ਹਾਂ ਦਾ ਬੇਹੱਦ ਮੁਨਾਫਾ ਕਮਾਉਣ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਅਨੁਸਾਰ ਸੂਖਮ ਵਿੱਤੀ ਕਾਰੋਬਾਰ ਨੂੰ ਵੀ ਗ੍ਰਾਮੀਣ ਬੈਂਕ ਵਾਗੂੰ ਮੁਨਾਫਾ ਰਹਿਤ ਕਾਰੋਬਾਰ ਹੋਣਾ ਚਾਹੀਦਾ ਹੈ।ਪਰ ਹਰ ਕੋਈ ਜਾਣਦਾ ਹੈ ਕਿ ਬੰਗਲਾ ਦੇਸ਼ ਦਾ ਪੇਂਡੂ ਬੈਂਕ ਸਰਕਾਰਾਂ ਤੇ ਦਾਨੀ ਸੰਸਥਾਵਾਂ 'ਤੇ ਨਿਰਭਰ ਰਿਹਾ ਹੈ ਇਹ ਵਿਤੀ ਤੌਰ 'ਤੇ ਆਤਮ ਨਿਰਭਰ ਕਿਧਰੇ ਨਹੀਂ ਸੀ। ਇਸ 'ਚ ਕੋਈ ਵੀ ਵਿਤੀ ਕਾਰੋਬਾਰੀ ਅਜਿਹੇ ਖੇਤਰ 'ਚ ਇਸ ਤਰ੍ਹਾਂ ਦਾਖਲ ਕਿਉਂ ਹੋਵੇਗਾ। ਜੇ ਉਸ ਦਾ ਇਰਾਦਾ ਦਾਨ ਕਰਨਾ ਨਾ ਹੋਵੇ? ਅਤੇ ਫੇਰ ਅਨੇਕਾਂ ਹੋਰ ਸੰਸਥਾਵਾਂ ਇਸ ਤਰ੍ਹਾਂ ਦਾ ਮਾਡਲ ਵਿਕਸਤ ਕਰਨ ਦੀ ਕੋਸ਼ਿਸ਼ ਕਿਉਂ ਕਰਨਗੀਆਂ?

ਜੇ ਅਜਿਹਾ ਮਾਡਲ ਵਿਕਸਤ ਹੋ ਗਿਆ ਤਾਂ ਸਾਰੀ ਅਬਾਦੀ ਨੂੰ ਉਸ ਦੀ ਮਾਰ ਹੇਠ ਲਿਆਉਣ ਲਈ ਪੈਸਾ ਕਿਥੋਂ ਆਵੇਗਾ। ਆਖਰ ਦਾਨ ਸਾਰੀ ਅਬਾਦੀ ਲਈ ਤਾਂ ਨਹੀਂ ਹੋ ਸਕਦਾ? ਮੁਹੰਮਦ ਯੂਨਸ ਨੇ ਆਪਣੇ ਗ੍ਰਾਮੀਣ ਬੈਂਕ ਦੇ ਮਾਡਲ 'ਚ ਇਹ ਮੁੱਖ ਗੱਲ ਸੀ ਕਿ ਬੈਂਕ ਆਤਮ ਨਿਰਭਰ ਹੋਵੇ। ਬੈਂਕ ਕਿਸੇ ਨੂੰ ਮੁਨਾਫੇ ਦਾ ਭੁਗਤਾਨ ਨਾ ਕਰੇ। ਪਰ ਇਹ ਏਨੀ ਆਮਦਨ ਪੈਦਾ ਕਰੇ ਕਿ ਖਰਚਾ ਕੱਟ ਕੇ ਵੀ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਕੁਝ ਪੈਸਾ ਬਚਾ ਲਵੇ। ਕੇਵਲ ਇਸ ਤਰ੍ਹਾਂ ਹੀ ਇਹ ਸਾਰੀ ਅਬਾਦੀ ਤਕ ਵਿਸਥਾਰ ਕਰ ਸਕਦਾ ਸੀ। ਪਰ ਇਸ ਮਾਡਲ ਤੋਂ ਮੁਨਾਫੇ ਦਾ ਕਾਰੋਬਾਰ ਸਿਰਫ ਇਕ ਕਦਮ ਦੂਰ ਸੀ। ਜੇ ਇਹ ਸਾਰੇ ਕਾਰੋਬਾਰੀ ਖਰਚ ਕੱਟ ਕੇ ਵੀ ਕੁਝ ਬਚਤ ਕਰ ਲੈਂਦਾ ਹੈ ਤਾਂ ਕੁਝ ਮੁਨਾਫੇ ਦਾ ਭੁਗਤਾਨ ਵੀ ਕਰ ਸਕਦਾ ਹੈ। ਆਖਰ ਯੂਨਸ ਆਪਣੇ ਸਾਰੇ ਕਾਰੋਬਾਰ ਨੂੰ ਹੋਰ ਮਾਮਲਿਆਂ 'ਚ ਪੂਰੀ ਤਰ੍ਹਾਂ ਪੂੰਜੀਵਾਦੀ ਕਾਰੋਬਾਰ ਵਾਂਗੂੰ ਸੰਗਠਤ ਕਰਦੇ ਹਨ। ਇਸ ਦੇ ਸ਼ੇਅਰ ਧਾਰਕ ਹੋਣਗੇ। ਇਹ ਟੈਕਸ ਭਰੇਗਾ, ਇਹ ਪੂੰਜੀਵਾਦੀ ਖਰੀਦ-ਵੇਚ ਤੇ ਮੁਕਾਬਲੇ ਦੇ ਹਿਸਾਬ ਨਾਲ ਚੱਲੇਗਾ। 'ਐਸ ਕੇ ਐਸ' ਅਤੇ 'ਸੰਪਾਦਨ' ਨੇ ਬਸ ਇਹੀ ਕਦਮ ਚੁਕਿਆ। ਜੇ ਅਜਿਹਾ ਹੁੰਦਾ ਤਾਂ ਇਹ ਮਾਡਲ ਆਪਣੇ ਤਰਕ ਵਿਚ ਹੀ ਨਿਰਾਰਥਕ ਹੁੰਦਾ। ਪੂੰਜੀਵਾਦ 'ਚ ਪੱਕੀ ਨਿਹਚਾ ਰੱਖਣ ਵਾਲੇ ਯੂਨਸ ਅਜਕਲ ਆਪਣੇ ਪੇਂਡੂ ਬੈਂਕ ਦੇ ਮਾਡਲ ਨੂੰ ਹੋਰ ਖੇਤਰਾਂ 'ਚ ਵਿਕਸਤ ਕਰ ਰਹੇ ਹਨ ਅਤੇ ਉਹਨਾਂ ਦਾ ਸਾਰੀ ਦੁਨੀਆਂ 'ਚ ਪ੍ਰਚਾਰ ਕਰ ਰਹੇ ਹਨ। ਉਹਨਾਂ ਨੂੰ ਪੇਂਡੂ ਬੈਂਕ ਨਾਲ ਜੁੜੇ ਤੇ ਅਨੇਕਾਂ ਹੋਰ ਕਾਰੋਬਾਰਾਂ ਦਾ ਗਠਨ ਕਰ ਲਿਆ ਹੈ। ਸੂਖਮ ਵਿੱਤ ਤੋਂ ਅਲੱਗ ਹੋਰ ਖੇਤਰਾਂ ਵਿਚ 'ਸਮਾਜਕ ਕਾਰੋਬਾਰ' ਦੇ ਆਪਣੇ ਮਾਡਲ ਵਿਚ ਯੂਨਸ ਕਹਿੰਦੇ ਹਨ ਕਿ ਇਹ ਹੋਰ ਸਾਰੇ ਮਾਮਲਿਆਂ 'ਚ ਪੂਰੀ ਤਰਾਂ ਇਕ ਪੂੰਜੀਵਾਦੀ ਅਦਾਰੇ ਵਾਗੂੰ ਹੋਵੇਗਾ। ਬਗੈਰ ਇਕ ਦੇ ਇਹ ਆਪਣੇ ਸ਼ੇਅਰਧਾਰਕਾਂ ਨੂੰ ਮੁਨਾਫੇ ਦਾ

ਭੁਗਤਾਨ ਨਹੀਂ ਕਰੇਗਾ। ਜੋ ਮੁਨਾਫਾ ਹੋਵੇਗਾ ਉਹ ਕਾਰੋਬਾਰ ਨੂੰ ਵਧਾਉਣ ਦੇ ਕੰਮ ਆਵੇਗਾ। ਸ਼ੇਅਰ ਧਾਰਕ ਸਿਰਫ ਆਪਣਾ ਮੂਲ ਨਿਵੇਸ਼ ਵਾਪਸ ਲੈ ਸਕਦੇ ਹਨ ਕੋਈ ਮੁਨਾਫਾ ਨਹੀਂ ਲੈ ਸਕਦੇ।

ਇਸ ਅਦਾਰੇ ਦੀ ਚਾਲਕ ਸ਼ਕਤੀ ਵਜੋਂ ਯੂਨਸ ਇਨਸਾਨ ਦੀ ਪਰਉਪਕਾਰ ਦੀ ਭਾਵਨਾ ਨੂੰ ਦੇਖਦੇ ਹਨ। ਇਹਨਾਂ ਅਨੁਸਾਰ ਹਰ ਇਨਸਾਨ ਦੂਜੇ ਦੁਖੀ ਮਨੁੱਖਾਂ ਲਈ ਕੁਝ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਇਹ ਮੁਨਾਫੇ ਦੇ ਅਦਾਰੇ ਤੋਂ ਇਲਾਵਾ ਹੋਰ ਅਦਾਰਿਆਂ 'ਚ ਵੀ ਨਿਵੇਸ਼ ਕਰ ਸਕਦਾ ਹੈ। ਇਹਨਾਂ ਸਮਾਜਕ ਕਾਰੋਬਾਰਾਂ 'ਚ ਨਿਵੇਸ਼ ਤੋਂ ਉਸ ਨੂੰ ਮੁਨਾਫਾ ਨਹੀਂ ਬਲਕਿ ਆਤਮਿਕ ਸੰਤੁਸ਼ਟੀ ਮਿਲੇਗੀ। ਯੂਨਸ ਅਨੁਸਾਰ ਗਰੀਬ ਲੋਕਾਂ ਦੀਆਂ ਲੋੜਾਂ ਨੂੰ ਕਾਰੋਬਾਰਾਂ ਵਜੋਂ ਦਿਤਾ ਜਾ ਸਕਦਾ ਹੈ ਅਤੇ ਇਸ ਦੇ ਜ਼ਰੀਏ ਗਰੀਬ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਕੇ ਉਹਨਾਂ ਦਾ ਜੀਵਨ ਬੇਹਤਰ ਬਣਾਇਆ ਜਾ ਸਕਦਾ ਹੈ। ਜਿਵੇਂ ਛੋਟੇ-ਛੋਟੇ ਕਰਜ਼ਿਆਂ ਦੀ ਲੋੜ ਨੇ 'ਗ੍ਰਾਮੀਣ ਬੈਂਕ' ਨੂੰ ਜਨਮ ਦਿੱਤਾ ਜਾਂ ਫਿਰ ਬੱਚਿਆਂ ਦੇ ਪੋਸ਼ਣ ਦੀ ਲੋੜ ਨੇ 'ਗ੍ਰਾਮੀਣ ਡਨੋਨ' ਨੂੰ ਜਨਮ ਦਿੱਤਾ ਜੋ ਦਹੀਂ ਦੇ ਛੋਟੇ ਛੋਟੇ ਕੱਪ ਤਿਆਰ ਕਰਦੀ ਹੈ। ਉਹਨਾਂ ਅਨੁਸਾਰ ਪਿਛਲੇ ਦੇਸ਼ਾਂ 'ਚ ਇਸ ਦੀ ਬਹੁਤ ਲੋੜ ਅਤੇ ਸੰਭਾਵਨਾ ਹੈ। ਕਿਉਂਕਿ ਇਥੇ ਗਰੀਬ ਲੋਕਾਂ ਲਈ ਸਰਕਾਰਾਂ ਵਲੋਂ ਇਹ ਸੁਰਖਿਆ ਕਵਚ ਨਹੀਂ ਹੈ। ਜੋ ਯੂਰਪ ਦੇਸ਼ 'ਚ ਹੈ। 'ਸਮਾਜਕ ਕਾਰੋਬਾਰ' ਦੀ ਧਾਰਨਾ ਦੇ ਮਾਮਲੇ 'ਚ ਯੂਨਸ ਤੰਗਨਜ਼ਰੀ ਦਾ ਸ਼ਿਕਾਰ ਹੈ। ਗਰੀਬਾਂ ਦਾ ਭਲਾ ਕਰਨ ਦੇ ਅਜਿਹੇ ਕਿੰਨੇ ਹੀ ਯਤਨ ਇਤਿਹਾਸ 'ਚ ਅਸਫਲ ਹੋ ਚੁੱਕੇ ਹਨ। ਰਾਬਰਟ ਓਵੇਨ ਦੀਆਂ ਸਹਿਕਾਰੀਆਂ ਤੋਂ ਲੈ ਕੇ ਅਮਰੀਕਾ 'ਚ ਬਸਤੀਆਂ ਤਕ ਜਿੰਨੇ ਵੀ ਪ੍ਰਯੋਗ ਹੋਏ ਉਹ ਪੂੰਜੀਵਾਦ 'ਚ ਪੂੰਜੀਵਾਦੀ ਮੁਕਾਬਲੇ ਮੂਹਰੇ ਟਿਕ ਨਹੀਂ ਸਕੇ। ਉਹ ਟਿਕ ਵੀ ਨਹੀਂ ਸਕਦੇ। ਪੂੰਜੀਵਾਦ ਇਕ ਅਜਿਹਾ ਪ੍ਰਬੰਦਕੀ ਨਿਜ਼ਾਮ ਹੈ। ਜੋ ਮੁਨਾਫੇ ਰਾਹੀਂ ਚਲਦੀ ਹੈ। ਇਸ 'ਚ ਹੋਰ ਕੋਈ ਚਾਲਕ ਸ਼ਕਤੀ ਕਾਰਗਰ ਨਹੀਂ ਹੋ ਸਕਦੀ। ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਰੁਝਾਣ ਸਿਰਫ ਮੁਨਾਫਾ ਹੀ ਨਹੀਂ ਪੈਦਾ ਕਰਦਾ, ਇਸ ਦੇ ਨਾਲ ਹੀ ਇਹ ਪੂੰਜੀਵਾਦੀ ਨਿਜ਼ਾਮ ਦੇ ਸੰਚਾਲਨ 'ਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਇਹ ਹੈ ਪੈਦਾਵਾਰ ਦੇ ਸਾਧਨਾਂ ਤੇ ਕਿਰਤ ਸ਼ਕਤੀ ਦੀ ਪੈਦਾਵਾਰ-ਵੰਡ ਦੇ ਵੱਖ ਵੱਖ ਖੇਤਰਾਂ 'ਚ ਬਟਵਾਰਾ। ਪੂੰਜੀਵਾਦ 'ਚ ਇਹ ਕਿਸੇ ਯੋਜਨਾ ਨਾਲ ਤਹਿ ਨਹੀਂ ਕੀਤਾ ਜਾਂਦਾ ਕਿ ਕਿਸ ਚੀਜ਼ ਨੂੰ ਪੈਦਾ ਕੀਤਾ ਜਾਏ ਅਤੇ ਉਸ 'ਚ ਕਿੰਨੇ ਸਾਧਨ ਤੇ ਕਿਰਤ ਸ਼ਕਤੀ ਲੱਗੇ। ਇਹ ਸਿਰਫ ਬਾਜ਼ਾਰ ਦੇ ਮੁਕਾਬਲੇ ਨਾਲ ਤਹਿ ਹੁੰਦਾ ਹੈ। ਬਜ਼ਾਰ 'ਚ ਮੁਕਾਬਲਾ ਹੁੰਦਾ ਹੈ ਵੱਧ ਤੋਂ ਵੱਧ ਮਾਲ ਵੇਚਣ ਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ। ਇਸ ਲਈ ਮੁਨਾਫੇ ਦੀ ਚਾਲਕ ਸ਼ਕਤੀ ਪੂੰਜੀਵਾਦੀ ਵਿਵਸਥਾ ਦੀ ਪ੍ਰਬੰਧਕੀ ਪ੍ਰਣਾਲੀ ਵੀ ਹੈ। ਇਹ ਨਾ ਹੋਣ 'ਤੇ ਪੂੰਜੀਵਾਦ 'ਚ ਸਾਰਾ ਗੁੜ ਗੋਬਰ ਹੋਣ ਲੱਗੇਗਾ। ਪੂੰਜੀਵਾਦੀ ਨਿਜ਼ਾਮ 'ਚ ਜਨਤਕ ਅਦਾਰਿਆਂ ਦਾ ਇਸ ਲਈ ਬੁਰਾ ਹੋਣ ਲੱਗਦਾ ਹੈ। ਅਜਿਹੇ 'ਚ ਮੁਨਾਫੇ ਦੀ ਚਾਹਤ ਤੋਂ ਰਹਿਤ ਵੱਡੇ ਪੈਮਾਨੇ 'ਤੇ 'ਸਮਾਜਕ ਕਾਰੋਬਾਰ' ਦੀ ਕਲਪਨਾ ਸਿਰਫ ਤੰਗਨਜਰੀ ਹੈ। ਅਜਿਹੀ ਤੰਗਨਜਰੀ ਜਿਸ ਨੂੰ ਵੱਡੀਆਂ ਵੱਡੀਆਂ ਤੇ ਵੱਡੇ ਵੱਡੇ ਸਰਮਾਏਦਾਰ ਆਪਣੇ ਨਿਜ਼ਾਮ ਤੇ ਮੁਨਾਫੇ ਦੇ ਹਿੱਤ 'ਚ ਹੱਲਾਸ਼ੇਰੀ ਦੇਵੇ ਜੇ ਉਹ ਗੈਰ ਸਰਕਾਰੀ ਜਥੇਬੰਦੀਆਂ ਦਾ ਏਨਾ ਵੱਡਾ ਕਾਰੋਬਾਰ ਚਲਾ ਸਕਦੇ ਹਨ ਤਾਂ 'ਸਮਾਜਕ ਵਪਾਰ'

ਦਾ ਵੀ ਕੁਝ ਕਾਰੋਬਾਰ ਚਲ ਸਕਦਾ ਹੈ। ਮੁਨਾਫੇ ਦੇ ਫੌਰੀ ਹਿੱਤ 'ਸਮਾਜਕ ਕਾਰੋਬਾਰ' ਦੋ ਤਰੀਕਿਆਂ ਨਾਲ ਫਾਇਦੇਮੰਦ ਹੈ। ਇਕ ਤਾਂ ਇਹ ਐਸਾ ਗੈਰ-ਮੁਨਾਫਾ ਕਾਰੋਬਾਰ ਦਾ ਮਾਡਲ ਵਿਕਸਤ ਕਰ ਸਕਦਾ ਹੈ। ਜਿਸ ਨੂੰ ਅਸਾਨੀ ਨਾਲ ਮੁਨਾਫੇ ਦੇ ਕਾਰੋਬਾਰ 'ਚ 'ਸਮਾਜਕ ਕਾਰੋਬਾਰ' ਤੋਂ ਆਮ ਵਪਾਰ 'ਚ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਮੁਨਾਫੇ ਦੇ ਨਵੇਂ-ਨਵੇਂ ਖੇਤਰ ਖੋਹਲਣ ਦਾ ਖੋਜ-ਖੇਤਰ ਹੈ। ਖੁਦ ਯੂਨਸ ਨੇ 'ਗ੍ਰਾਮੀਣ' ਤੋਂ ਜੋ ਮਿਸਾਲਾਂ ਦਿੱਤੀਆਂ ਹਨ ਉਹਨਾਂ ਤੋਂ ਇਹ ਸਪਸ਼ਟ ਹੈ ਕਿ ਕਈ ਬਹੁਕੌਮੀ ਕੰਪਨੀਆਂ ਉਹਨਾਂ ਦੇ ਨਾਲ 'ਸਮਾਜਕ ਕਾਰੋਬਾਰ' 'ਚ ਠੀਕ ਉਸੇ ਕਾਰਨ ਉਤਸੁਕ ਹਨ। ਦੂਜੇ ਇਸ ਤਰ੍ਹਾਂ ਦੇ 'ਸਮਾਜਕ ਕਾਰੋਬਾਰ' ਗਰੀਬ ਲੋਕਾਂ ਵਿਚਕਾਰ ਕਿਸੇ ਤਰ੍ਹਾਂ ਦੇ ਵਪਾਰ ਪੈਦਾ ਕਰਕੇ ਅਨੇਕਾਂ ਮਾਲ ਦੀ ਖਪਤ ਦੇ ਲਈ ਜ਼ਮੀਨ ਤਿਆਰ ਕਰਦਾ ਹੈ। ਇਸ ਤਰ੍ਹਾਂ ਇਹ ਪੂੰਜੀਵਾਦੀ ਨਿਜ਼ਾਮ 'ਚ ਬਜ਼ਾਰ ਦਾ ਵਿਸਥਾਰ ਕਰਦਾ ਹੈ। ਪੂੰਜੀਵਾਦੀ ਨਿਜ਼ਾਮ ਦੀ ਰਫ਼ਤਾਰ ਕਾਰਨ ਜੋ ਲੋਕ ਇਸ ਦੇ ਹਾਸ਼ੀਏ 'ਤੇ ਛੁਟ ਰਹੇ ਹਨ। ਉਹਨਾਂ ਨੂੰ ਇਹ ਵੱਖ ਵੱਖ ਤਰੀਕਿਆਂ ਨਾਲ ਬਜ਼ਾਰ ਦੇ ਦਾਇਰੇ 'ਚ ਲਿਆ ਰਿਹਾ ਹੈ। ਪੂੰਜੀਵਾਦ ਦੇ ਆਮ ਵਪਾਰੀ ਇਸ ਗੱਲ ਨੂੰ ਸਮਝਦੇ ਹਨ। ਇਹਨਾਂ ਕਾਰਨਾਂ ਕਰਕੇ 'ਸਮਾਜਕ ਕਾਰੋਬਾਰ' ਦੀ ਧਾਰਨਾ ਨੂੰ ਨਾ ਸਿਰਫ ਵੱਡੇ ਸਰਮਾਏਦਾਰਾਂ ਦੀ ਸ਼ਹਿ ਮਿਲ ਰਹੀ ਹੈ। ਬਲਕਿ ਉਸ ਨੂੰ ਅਮਲ 'ਚ ਲਿਆਉਣ ਲਈ ਪੈਸਾ ਵੀ। ਇਹਨਾਂ ਦੇ ਸਹਿਯੋਗ ਨਾਲ 'ਗ੍ਰਾਮੀਣ' ਦੇ ਅਨੇਕਾਂ 'ਸਮਾਜਕ ਕਾਰੋਬਾਰ' ਸ਼ੁਰੂ ਹੋ ਚੁੱਕੇ ਹਨ। ਪੂੰਜੀਵਾਦੀ ਨਿਜ਼ਾਮ ਦੀ ਆਮ ਰਫ਼ਤਾਰ ਹੈ ਕਿ ਇਹ ਇਕ ਕਿਨਾਰੇ 'ਤੇ ਪੈਸਾ ਅਤੇ ਦੂਜੇ ਕਿਨਾਰੇ 'ਤੇ ਦਰਕਿਰਤਾ ਨੂੰ ਕੇਂਦਰਿਤ ਕਰਦੀ ਹੈ। ਇਕ ਪਾਸੇ ਮੁਠੀ ਭਰ ਸਰਮਾਏਦਾਰਾਂ ਦੇ ਹੱਥ 'ਚ ਬੇਸ਼ੁਮਾਰ ਦੌਲਤ 'ਤੇ ਦੂਜੇ ਪਾਸੇ ਭਾਰੀ ਅਬਾਦੀ ਦਾ ਭੁੱਖਮਰੀ 'ਚ ਜਿਉਣਾ। ਖੁਦ ਸਰਮਾਏਦਾਰ ਜਮਾਤ ਦੇ ਆਪਣੇ ਮਾਪਦੰਡਾਂ ਦੇ ਹਿਸਾਬ ਨਾਲ ਵੀ ਅੱਜ ਦੁਨੀਆਂ ਦੀ ਇਕ ਤਿਹਾਈ ਅਬਾਦੀ ਭੁੱਖਮਰੀ ਦੀ ਰੇਖਾ ਹੇਠਾਂ ਹੈ। ਅਸਲ 'ਚ ਇਹ ਅਬਾਦੀ ਦੋ-ਤਿਹਾਈ ਹੈ। ਪੂੰਜੀਵਾਦ ਨਿਜ਼ਾਮ 'ਚ ਇਸ ਗਿਣਤੀ ਨੂੰ ਸਿਰਫ ਥੋੜਾ ਘੱਟ ਹੀ ਕੀਤਾ ਜਾ ਸਕਦਾ ਹੈ। ਪੂੰਜੀਵਾਦੀ 'ਚ ਭੁੱਖਮਰੀ-ਗਰੀਬੀ ਨੂੰ ਮਿਟਾਇਆ ਨਹੀਂ ਜਾ ਸਕਦਾ। ਯੂਨਸ ਵਰਗੇ ਲੋਕ 'ਸਮਾਜਕ ਕਾਰੋਬਾਰ' ਜਾਂ ਹੋਰ ਕਿਸੇ ਤਰਾਂ ਦਾ ਚਾਹੇ ਕੋਈ ਵੀ ਨੁਸਖਾ ਲੈ ਕੇ ਆਉਣ ਉਹ ਇਸ ਸਮੱਸਿਆ ਦਾ ਹੱਲ ਨਹੀਂ ਕਰ ਸਕਦੀ ਹਾਂ। ਉਦਾਰੀਕਰਣ ਵਿਸ਼ਵੀਕਰਣ ਦੀ ਇਸ ਦੁਨੀਆਂ 'ਚ ਵਧਦੀ ਬੇਚੈਨੀ ਨੂੰ ਭੜਕਾਉਣ ਦੀ ਕੋਸ਼ਿਸ਼ ਉਹ ਲਾਜਮੀ ਕਰ ਸਕਦੇ ਹਨ। ਪਰ ਇਸ 'ਚ ਉਹਨਾਂ ਦੀ ਸਫਲਤਾ ਸੀਮਤ ਹੈ।

# ਔਰਤ ਮਸਲੇ ਦਾ ਸਮਾਜਕ ਅਧਾਰ ਹੈ ਕੀ?

ਪੂੰਜੀਵਾਦੀ ਵਿਦਵਾਨ ਆਪਣੇ ਆਪ ਨੂੰ ਜੇ ਇਸ ਬਹਿਸ 'ਚ ਮਗਨ ਰੱਖ ਰਹੇ ਹਨ ਕਿ ਇਕ ਲਿੰਗ ਦੇ ਲੋਕ ਦੂਜੇ ਤੋਂ ਬੇਹਤਰ ਹਨ ਜਾਂ ਉਹ ਦਿਮਾਗਾਂ ਦਾ ਵਜਨ ਤੋਲਣ 'ਚ ਅਤੇ ਮਰਦਾਂ ਤੇ ਔਰਤਾਂ ਦੀ ਮਨੋਵਿਗਿਆਨਕ ਬਣਾਵਟ ਦੀ ਤੁਲਨਾ ਕਰਨ 'ਚ ਮਸਤ ਹਨ ਤਾਂ ਰਹਿਣ। ਇਤਿਹਾਸ ਭੌਤਿਕਵਾਦ ਦੇ ਪੈਰੋਕਾਰ ਹਰੇਕ ਲਿੰਗ ਦੀਆਂ ਕੁਦਰਤੀ ਵਿਸ਼ੇਸਤਾਵਾਂ ਨੂੰ ਪੂਰੀ ਤਰ੍ਹਾਂ ਮੰਨਦੇ ਹਨ ਅਤੇ ਸਿਰਫ ਇਹ ਮੰਗ ਕਰਦੇ ਹਨ ਕਿ ਚਾਹੇ ਮਰਦ ਹੋਵੇ ਜਾਂ ਔਰਤ ਹਰੇਕ ਬੰਦੇ ਨੂੰ ਆਤਮ ਨਿਰਣੇ ਲਈ ਪੂਰੀ ਤਰਾਂ ਤੇ ਆਜ਼ਾਦ ਮੌਕੇ ਅਤੇ ਸਾਰੇ ਕੁਦਰਤੀ ਗੁਣਾਂ ਦੇ ਵਿਕਾਸ ਤੇ ਵਰਤੋਂ ਲਈ ਵਿਸ਼ਾਲ ਮੌਕਾ ਮਿਲਣਾ ਚਾਹੀਦਾ ਹੈ। ਇਤਿਹਾਸ ਪਦਾਰਥਵਾਦ ਦੇ ਪੈਰੋਕਾਰ ਸਾਡੇ ਕੱਲ ਦਾ ਆਮ ਸਮਾਜਕ ਪ੍ਰਸ਼ਨ ਤੋਂ ਵੱਖ ਕਿਸੇ ਵਿਸ਼ਿਸਟ ਨਾਰੀ ਪ੍ਰਸ਼ਨ ਦੀ ਹੋਂਦ ਨੂੰ ਰੱਦ ਕਰਦੇ ਹਨ। ਔਰਤਾਂ ਦੀ ਅਧੀਨਤਾ ਪਿਛੇ ਵਿਸ਼ੇਸ ਆਰਥਕ ਕਾਰਕ ਰਹੇ ਹਨ। ਇਸ ਅਮਲ 'ਚ ਕੁਦਰਤੀ ਗੁਣ ਗੌਣ ਕਾਰਕ ਰਹੇ ਹਨ। ਇਹਨਾਂ ਕਾਰਕਾਂ ਨੂੰ ਪੂਰੀ ਤਰਾਂ ਖਤਮ ਕਰਕੇ ਹੀ ਅਤੀਤ ਦੇ ਕਿਸੇ ਕਾਲ 'ਚ ਔਰਤਾਂ ਦੀ ਗੁਲਾਮ ਵਧਾਉਣ ਵਾਲੀਆਂ ਇਹਨਾਂ ਤਾਕਤਾਂ ਦਾ ਹੱਲ ਕਰਕੇ ਹੀ, ਉਹਨਾਂ ਦੀ ਸਮਾਜਕ ਸਥਿਤੀ ਨੂੰ ਬੁਨਿਆਦੀ ਤਰੀਕੇ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਦੂਜੇ ਸਬਦਾਂ 'ਚ ਔਰਤ ਸਹੀ ਅਰਥਾਂ 'ਚ ਤਾਂ ਹੀ ਅਜ਼ਾਦ ਤੇ ਬਰਾਬਰ ਹੋ ਸਕਦੀ ਹੈ। ਜਦ ਦੁਨੀਆਂ ਨੂੰ ਨਵੇਂ ਸਮਾਜਕ ਤੇ ਉਤਪਾਦਕ ਤਰੀਕੇ ਨਾਲ ਜਥੇਬੰਦ ਕੀਤਾ ਜਾਏ।

ਤਾਂ ਵੀ ਇਸ ਦਾ ਇਹ ਅਰਥ ਨਹੀਂ ਹੈ ਕਿ ਅਧੁਨਿਕ ਵਿਵਸਥਾ ਦੇ ਢਾਂਚੇ ਅੰਦਰ ਔਰਤਾਂ ਦੇ ਜੀਵਨ 'ਚ ਅੰਸ਼ਿਕ ਸੁਧਾਰ ਵੀ ਅਸੰਭਵ ਹੈ। ਮਜ਼ਦੂਰ ਸੁਆਲ ਦਾ ਬੁਨਿਆਦੀ ਹੱਲ ਅਧੁਨਿਕ ਪੈਦਾਵਾਰੀ ਸਬੰਧਾਂ ਦੇ ਪੂਰੀ ਤਰ੍ਹਾਂ ਮੁੜ ਜਥੇਬੰਦ ਕਰਨ ਨਾਲ ਹੀ ਹੋਵੇਗਾ। ਪਰ ਕੀ ਇਹ ਸਾਨੂੰ ਮਜ਼ਦੂਰੀ ਦੀਆਂ ਫੌਰੀ ਮੰਗਾਂ ਸਬੰਧੀ ਸੁਧਾਰਾਂ ਲਈ ਲੜਨ ਤੋਂ ਰੋਕ ਦਿੰਦਾ ਹੈ? ਇਸ ਦੇ ਉਲਟ ਮਜ਼ਦੂਰੀ ਜਮਾਤ ਦੀ ਹਰੇਕ ਪ੍ਰਾਪਤੀ ਅਜ਼ਾਦੀ ਤੇ ਸਮਾਜਕ ਬਰਾਬਰੀ ਦੇ ਰਾਜ ਵੱਲ ਮਨੁੱਖਤਾ ਦੇ ਵਧਦੇ ਕਦਮਾਂ ਦੀ ਨੁਮਾਇੰਦਗੀ ਕਰਦੀ ਹੈ। ਇਸ ਤਰ੍ਹਾਂ ਔਰਤਾਂ ਜੋ ਹਰੇਕ ਅਧਿਕਾਰ ਜਿੱਤਦੀਆਂ ਹਨ ਉਹ ਉਹਨਾਂ ਨੂੰ ਪੂਰਨ ਮੁਕਤੀ ਦੇ ਤਹਿ ਟੀਚੇ ਦੇ ਨੇੜੇ ਲੈ ਜਾਂਦਾ ਹੈ।

**ਆਰਥਕ ਬਰਾਬਰੀ ਲਈ ਸੰਘਰਸ਼ :-** ਜਮਾਤੀ ਅੰਤਰ ਵਿਰੋਧ 'ਤੇ ਅਧਾਰਿਤ ਕਿਸੇ ਵੀ ਸਮਾਜ 'ਚ ਕੀ ਇਕਜੁੱਟ ਨਾਰੀ ਸੰਘਰਸ਼ ਸੰਭਵ ਹੈ। ਸਾਨੂੰ ਸਭ ਤੋਂ ਪਹਿਲਾਂ ਇਹ ਸੁਆਲ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ। ਇਹ ਸਚਾਈ ਹੈ ਕਿ ਜੋ ਔਰਤਾਂ ਮੁਕਤੀ ਅੰਦੋਲਨ 'ਚ ਹਿੱਸਾ ਲੈ ਰਹੀਆਂ ਹਨ। ਉਹਨਾਂ ਦਾ ਰੂਪ ਇਕ ਨਹੀਂ ਹੈ। ਔਰਤਾਂ ਦੀ ਦੁਨੀਆਂ ਠੀਕ ਉਸੇ ਤਰਾਂ ਦੋ ਖੇਮਿਆਂ 'ਚ ਵੰਡੀ ਹੋਈ ਹੈ। ਜਿਸ ਤਰਾਂ ਮਰਦਾਂ ਦੀ ਦੁਨੀਆਂ ਵੰਡੀ ਹੋਈ ਹੈ। ਇਹਨਾਂ 'ਚੋਂ ਇਕ ਗਰੁੱਪ ਦੇ ਹਿੱਤ ਤੇ ਲਾਲਸਾਵਾਂ ਉਹਨਾਂ ਨੂੰ ਸਰਮਾਏਦਾਰੀ ਜਮਾਤ ਦੇ ਨੇੜੇ ਲੈ ਜਾਂਦੀਆਂ ਹਨ। ਜਦ ਕਿ ਦੂਜੇ ਗਰੁੱਪ ਦਾ ਮਜ਼ਦੂਰ ਜਮਾਤ ਨਾਲ ਗੂੜਾ ਸਬੰਧ ਹੈ। ਦੂਜੇ ਗਰੁੱਪ ਦਾ ਦਾਅਵਾ ਹੈ ਕਿ ਨਾਰੀ ਸੁਆਲ ਦਾ ਪੂਰਾ ਹੱਲ ਉਸ ਵਲੋਂ ਪੇਸ਼ ਮੁਕਤੀ ਦੇ ਰਾਹ ਵਿੱਚ ਹੈ। ਹਾਲਾਂਕਿ ਦੋਨੋ ਖੇਮੇ "ਨਾਰੀ ਮੁਕਤੀ" ਦਾ ਇਕੋ ਜਿਹਾ ਨਾਹਰਾ ਦਿੰਦੇ ਹਨ। ਪਰ ਇਹਨਾਂ ਦੇ ਹਿੱਤ

ਤੇ ਉਦੇਸ਼ ਵੱਖ-ਵੱਖ ਹੈ। ਇਹਨਾਂ 'ਚੋਂ ਹਰੇਕ ਗਰੁੱਪ ਅਚਨਚੇਤ ਢੰਗ ਨਾਲ ਸਹੀ ਆਪਣੀ ਥਾਂ ਆਪਣੀ ਖੁਦ ਦੀ ਜਮਾਤ ਦੇ ਹਿੱਤਾਂ ਦੇ ਅਨਰੂਪ ਬਣਾਉਂਦਾ ਹੈ। ਇਹ ਇਹਨਾਂ ਦੇ ਕਾਰਜਾਂ ਤੇ ਟੀਚਿਆਂ ਨੂੰ ਵਿਸੇਸ਼ ਜਮਾਤੀ ਰੰਗਤ ਨਾਲ ਰੰਗ ਦਿੰਦਾ ਹੈ। ਨਾਰੀਵਾਦੀਆਂ ਦੀਆਂ ਮੰਗਾਂ ਉਪਰੋ ਭਾਵੇਂ ਕਿੰਨੀਆਂ ਵੀ ਇਨਕਲਾਬੀ ਦਿਸਦੀਆਂ ਹੋਣ ਪਰ ਉਹ ਆਪਣੀ ਜਮਾਤੀ ਸਥਿਤ ਅਨੁਸਾਰ ਹੀ ਮੰਗਾਂ ਪੇਸ਼ ਕਰਦੀਆਂ ਹਨ। ਉਹਨਾਂ ਦੀਆਂ ਮੰਗਾਂ 'ਚ ਅਜਿਹੀਆਂ ਕਈ ਬੁਨਿਆਦੀ ਮੰਗਾਂ ਨਹੀਂ ਹੁੰਦੀਆਂ। ਜਿਸ ਨਾਲ ਮੌਜੂਦਾ ਸਮਾਜ ਦੇ ਆਰਥਕ 'ਤੇ ਸਮਾਜਕ ਢਾਂਚੇ ਵਿੱਚ ਬੁਨਿਆਦੀ ਤਬਦੀਲੀ ਲਿਆਂਦੀ ਜਾ ਸਕੇ ਅਤੇ ਇਸ ਬਿਨਾਂ ਨਾਰੀ ਮੁਕਤੀ ਕਦੇ ਵੀ ਸੰਪੂਰਨ ਨਹੀਂ ਹੋ ਸਕਦੀ।

ਇਹ ਕਿਹੜੀਆਂ ਖਾਸ ਹਾਲਤਾਂ 'ਚ ਥੋੜੇ ਸਮੇਂ ਲਈ ਸਭ ਜਮਾਤਾਂ ਦੀਆਂ ਔਰਤਾਂ ਦੇ ਕਾਰਜ ਇਕ ਵੀ ਹੋ ਜਾਂਦੇ ਹਨ, ਤਾਂ ਵੀ ਦੋਨੋ ਖੇਮਿਆਂ ਵਿਚਕਾਰ ਦੂਰਗਾਮੀ ਪੱਖੋਂ ਸੰਘਰਸ਼ ਦੀ ਦਿਸ਼ਾ ਅਤੇ ਰਣ ਕੌਸ਼ਲ ਤਹਿ ਕਰਨ ਵਾਲੇ ਅੰਤਿਮ ਉਦੇਸ਼ ਸਪਸ਼ਟ ਤੌਰ 'ਤੇ ਵੱਖ ਵੱਖ ਹੁੰਦੇ ਹਨ। ਜਿਥੇ ਨਾਰੀਵਾਦੀਆਂ ਲਈ ਮੌਜੂਦਾ ਪੂੰਜੀਵਾਦੀ ਢਾਂਚੇ ਦੇ ਅੰਦਰ ਹੀ ਮਰਦਾਂ ਵਾਗੂੰ ਬਰਾਬਰ ਅਧਿਕਾਰਾਂ ਦੀ ਪ੍ਰਾਪਤੀ ਦਾ ਠੋਸ ਉਦੇਸ਼ ਤਹਿ ਕਰਨਾ ਹੀ ਕਾਫੀ ਹੁੰਦਾ ਹੈ। ਉਥੇ ਮਜ਼ਦੂਰ ਔਰਤਾਂ ਦੇ ਲਈ ਇਹ ਮਜ਼ਦੂਰ ਜਮਾਤ ਦੀ ਆਰਥਕ ਦਾਸਤਾਂ ਖਿਲਾਫ ਸੰਘਰਸ਼ ਦੀ ਦਿਸ਼ਾ 'ਚ ਸਿਰਫ ਇਕ ਸਾਧਨ ਹੁੰਦਾ ਹੈ। ਨਾਰੀਵਾਦੀ ਮਰਦਾਂ ਨੂੰ ਹੀ ਆਪਣਾ ਮੁਖ ਦੁਸ਼ਮਣ ਮੰਨਦੇ ਹਨ। ਉਹਨਾਂ ਅਨੁਸਾਰ ਮਰਦਾਂ ਨੇ ਅਨਿਆਂਪੂਰਵਕ ਤਰੀਕੇ ਨਾਲ ਸਭ ਅਧਿਕਾਰਾਂ ਤੇ ਸਹੂਲਤਾਂ 'ਤੇ ਆਪਣਾ ਕਬਜਾ ਕਰ ਰੱਖਿਆ ਹੈ ਤੇ ਔਰਤਾਂ ਨੂੰ ਸਿਰਫ ਜੰਜੀਰਾਂ 'ਚ ਅਤੇ ਫਰਜਾਂ ਨਾਲ ਬੰਨ ਰੱਖਿਆ ਹੈ। ਨਾਰੀਵਾਦੀਆਂ ਨੂੰ ਜਿੱਤ ਤਦ ਹਾਸਲ ਹੋ ਜਾਂਦੀ ਹੈ ਜਦ ਮਰਦਾਂ ਪਾਸ ਮੌਜੂਦ ਵਿਸੇਸ਼ ਅਧਿਕਾਰ ਔਰਤ ਨੂੰ ਵੀ ਮਿਲ ਜਾਂਦੇ ਹਨ। ਔਰਤ ਮਜ਼ਦੂਰ ਇਸ ਤੋਂ ਵੱਖ ਨਜ਼ਰੀਆ ਅਪਣਾਉਂਦੀ ਹੈ। ਉਹ ਮਰਦਾਂ ਨੂੰ ਦੁਸ਼ਮਣ ਤੇ ਜੁਲਮ ਕਰਨ ਵਾਲੇ ਵਜੋਂ ਨਹੀਂ ਵੇਖਦੀ। ਇਸ ਦੇ ਉਲਟ ਉਹ ਮਰਦਾਂ ਨੂੰ ਆਪਣੇ ਸਾਥੀਆਂ ਵਜੋਂ ਵੇਖਦੀ ਹੈ। ਜੋ ਕਿ ਉਸ ਦੇ ਨਾਲ ਰੋਜਾਨਾ ਦੀ ਬਦਹਾਲੀ ਖਿਲਾਫ ਤੇ ਬੇਹਤਰ ਭਵਿਖ ਲਈ ਸੰਘਰਸ਼ ਕਰਦਾ ਹੈ। ਔਰਤ ਤੇ ਉਸ ਦਾ ਮਰਦ ਸਾਥੀ ਇਕ ਹੀ ਸਮਾਜਕ ਹਾਲਤ ਵਲੋਂ ਗੁਲਾਮ ਬਣਾਏ ਜਾਂਦੇ ਹਨ। ਪੂੰਜੀਵਾਦ ਦੀ ਉਹੀ ਘ੍ਰਿਣਤ ਜੰਜੀਰ ਉਹਨਾਂ ਨੂੰ ਜਕੜੀ ਬੈਠੀ ਹੈ ਅਤੇ ਉਹਨਾਂ ਦੇ ਜੀਵਨ ਦੀ ਖੁਸ਼ਹਾਲੀ ਤੇ ਅਨੰਦ ਖੋਹ ਰਹੇ ਹਨ। ਇਹ ਸਹੀ ਹੈ ਕਿ ਮੌਜੂਦਾ ਪ੍ਰਬੰਧ ਦੇ ਕਈ ਵਿਸੇਸ਼ ਪਹਿਲੂ ਆਪਣੇ ਨਾਲ ਔਰਤਾਂ 'ਤੇ ਦੂਹਰਾ ਬੋਝ ਲੱਦੀ ਬੈਠੇ ਹਨ। ਇਸ ਤਰਾਂ ਇਹ ਵੀ ਸੱਚ ਹੈ ਕਿ ਭਾੜੇ ਦੇ ਮਜ਼ਦੂਰ ਰੱਖਣ ਦੀਆਂ ਹਾਲਤਾਂ ਕਦੀ ਕਦੀ ਔਰਤ ਮਜ਼ਦੂਰਾਂ ਨੂੰ ਮਰਦਾਂ ਦੇ ਮੁਕਾਬਲੇ ਤੇ ਵਿਰੋਧੀ ਵਜੋਂ ਖੜਾ ਕਰ ਦਿੰਦੀਆਂ ਹਨ। ਪਰ ਮਜ਼ਦੂਰ ਜਮਾਤ ਜਾਣਦੀ ਹੈ ਕਿ ਇਹਨਾਂ ਅਲੋਕਾਰੀ ਹਾਲਤਾਂ ਲਈ ਦੋਸ਼ੀ ਕੌਣ ਹੈ।

ਔਰਤ ਮਜ਼ਦੂਰ ਉਸ ਤਰ੍ਹਾਂ ਮਾੜੀ ਕਿਸਮਤ ਦਾ ਸ਼ਿਕਾਰ ਹੈ ਜਿਵੇਂ ਕਿ ਉਸ ਦਾ ਸਾਥੀ ਮਰਦ ਮਜ਼ਦੂਰ ਅਤੇ ਇਹ ਦੋਨੋ ਲੋਹੇ ਦੇ ਭਾਰੀ-ਮੋਟੇ ਪੇਟ ਰੱਖਣ ਵਾਲੇ ਦਿਉ ਦੀ ਆਮੁਕ ਭੁੱਖ ਨਾਲ ਘਿਰਣਾ ਕਰਦੇ ਹਨ। ਇਸ ਦਿਉ ਦਾ ਕੁਲ ਸਰੋਕਾਰ ਆਪਣੇ ਸ਼ਿਕਾਰ ਤੋਂ ਜੀਵਨ ਦੇ ਸਾਰੇ ਰਸ ਨੂੰ ਚੂਸ ਕੇ ਲੱਖਾਂ ਮਨੁੱਖੀ ਜ਼ਿੰਦਗੀਆਂ ਦੀ ਕੀਮਤ 'ਤੇ ਖੁਦ ਦਾ ਵਿਕਾਸ ਕਰਨਾ ਹੈ। ਇਹ ਦਿਉ ਕੱਦ ਮਰਦ ਔਰਤ ਤੇ ਬੱਚਿਆਂ ਨੂੰ

ਉਸੇ ਲਾਲਚ ਦਾ ਸ਼ਿਕਾਰ ਬਣਾਉਂਦਾ ਹੈ। ਮਜ਼ਦੂਰ ਜਮਾਤ ਆਪਸ ਵਿਚ ਜੋੜਨ ਵਾਲੇ ਹਜ਼ਾਰਾਂ ਧਾਗੇ ਹਨ। ਦੂਜੇ ਪਾਸੇ ਪੂੰਜੀਵਾਦੀ ਔਰਤਾਂ ਦੀਆਂ ਲਾਲਸਾਵਾਂ ਅਜੀਬ ਤੇ ਸਮਝ ਨਾ ਆਉਣ ਵਾਲੀਆਂ ਲੱਗਦੀਆਂ ਹਨ। ਉਹ ਮਜ਼ਦੂਰ ਦਿਲ 'ਚ ਕੋਈ ਗਰਮਜੋਸ਼ੀ ਪੈਦਾ ਨਹੀਂ ਕਰਦੀ। ਉਹ ਮਜ਼ਦੂਰ ਔਰਤ ਤੋਂ ਉਸ ਪਾਸੇ ਚਲਣ ਦਾ, ਇਕ ਸੁਨਹਿਰੇ ਭਵਿੱਖ ਦੀ ਕੋਈ ਵਾਅਦਾ ਨਹੀਂ ਕਰਦੀ ਜਿਸ ਪਾਸੇ ਸਾਰੀ ਲੁਟੀਦੀ ਮਨੁੱਖਤਾ ਦੀਆਂ ਨਿਗਾਹਾਂ ਟਿੱਕੀਆਂ ਹੋਈਆਂ ਹਨ। ਇਸ ਲਈ ਮਹਿਲਾ ਮਜ਼ਦੂਰ ਦਾ ਅੰਤਿਮ ਉਦੇਸ਼ ਪੂੰਜੀਵਾਦੀ ਪ੍ਰਬੰਧ ਦੇ ਦਾਇਰੇ ਅੰਦਰ ਆਪਣੀ ਜ਼ਿੰਦਗੀ 'ਚ ਸੁਧਾਰ ਲਈ ਉਹਨਾਂ ਨੂੰ ਲੜਣ ਤੋਂ ਨਹੀਂ ਰੋਕਦਾ। ਪਰ ਇਹਨਾਂ ਇਛਾਵਾਂ ਦੀ ਪੂਰਤੀ ਪੂੰਜੀਵਾਦ ਦੇ ਖੁਦ ਦੇ ਕਿਰਦਾਰ ਰਾਹੀਂ ਹੀ ਵਾਰ-ਵਾਰ ਰੁਕਦੀ ਹੈ। ਇਕ ਔਰਤ ਬਰਾਬਰ ਦੇ ਅਧਿਕਾਰ ਤਾਂ ਹੀ ਰੱਖ ਸਕਦੀ ਹੈ ਤੇ ਅਸਲ 'ਚ ਤਾਂ ਹੀ ਅਜਾਦ ਰਹਿ ਸਕਦੀ ਹੈ। ਜਦ ਅਜਿਹੀ ਦੁਨੀਆਂ ਹੋਵੇ। ਜਿਸ 'ਚ ਸਮਾਜਕ ਕਿਰਤ ਸਮਰਸਤਾ ਤੇ ਨਿਆਂ ਹੋਵੇ। ਨਾਰੀਵਾਦੀ ਇਸ ਗੱਲ ਨੂੰ ਸਮਝਣ 'ਚ ਨਾ ਤਾਂ ਰੁਚੀ ਰੱਖਦੇ ਹਨ ਤੇ ਨਾ ਹੀ ਉਹ ਸਮਰਥ ਹਨ। ਉਸ ਨੂੰ ਲੱਗਦਾ ਹੈ ਕਿ ਜਿਉਂ ਹੀ ਕਾਨੂੰਨ ਦੇ ਅਖਰਾਂ ਵਲੋਂ ਬਰਾਬਰ ਨੂੰ ਰਵਾਇਤੀ ਤੌਰ 'ਤੇ ਮੰਨ ਲਿਆ ਜਾਂਦਾ ਹੈ।

ਵੈਸੇ ਹੀ ਉਹ ਲੁੱਟ, ਗੁਲਾਮੀ, ਜਬਰ, ਬੰਦਸ਼ਾਂ, ਹੰਝੂਆਂ ਤੇ ਕਠਿਨਾਈ ਭਰੀ ਦੁਨੀਆਂ ਅੰਦਰ ਆਪਣੇ ਲਈ ਸਹੂਲਤ ਭਰਪੂਰ ਥਾਂ ਹਾਸਲ ਕਰ ਲੈਣ 'ਚ ਸਮਰਥ ਹੋ ਜਾਵੇਗੀ ਅਤੇ ਇਕ ਹੱਦ ਤਕ ਇਹ ਸਹੀ ਵੀ ਹੈ। ਪਰ ਮਜ਼ਦੂਰ ਜਮਾਤ ਦੀਆਂ ਵਿਆਪਕ ਔਰਤਾਂ ਲਈ ਮਰਦਾਂ ਦੇ ਬਰਾਬਰ ਅਧਿਕਾਰ ਦਾ ਮਤਲਬ ਸਿਰਫ ਨਾ ਬਰਾਬਰੀ 'ਚ ਇਕੋ ਜਿਹੀ ਹਿੱਸੇਦਾਰੀ ਹੈ। ਜਦਕਿ ਪੂੰਜੀਵਾਦੀ ਔਰਤਾਂ ਲਈ ਇਹ ਨਵੇਂ ਤੇ ਵਿਸ਼ਾਲ ਅਧਿਕਾਰਾਂ ਤੇ ਸਹੂਲਤਾਂ ਦੇ ਦਰਵਾਜਿਆਂ ਦਾ ਖੁਲ ਜਾਣਾ ਹੈ। ਅਜੇ ਤਕ ਇਹ ਦਰਵਾਜੇ ਪੂੰਜੀਪਤੀ ਜਮਾਤ ਦੇ ਸਿਰਫ ਮਰਦਾਂ ਲਈ ਖੁੱਲ੍ਹੇ ਹੋਏ ਸਨ। ਪੂੰਜੀਵਾਦੀ ਔਰਤਾਂ ਵਲੋਂ ਜਿੱਤੀ ਗਈ ਹਰ ਰਿਵਾਇਤ ਉਸ ਦੇ ਹੱਥ 'ਚ ਆਪਣੀ ਛੋਟੀ ਭੈਣ ਦੀ ਲੁਟ ਲਈ ਇਕ ਹੋਰ ਹਥਿਆਰ ਦੇਵੇਗੀ ਤੇ ਦੋ ਵਿਰੋਧੀ ਸਮਾਜਕ ਖੇਮਿਆਂ ਵਿਚਕਾਰ ਵੰਡ ਨੂੰ ਹੋਰ ਵਧਾ ਦੇਵੇਗੀ। ਤਦ ਉਹਨਾਂ ਦੇ ਹਿੱਤ ਇਕ-ਦੂਜੇ ਖਿਲਾਫ ਵੱਧ ਟਕਰਾਅ 'ਚ ਹੋਣਗੇ ਤੇ ਉਹਨਾਂ ਦੀਆਂ ਲਾਲਸਾਵਾਂ ਵੱਧ ਵਿਰੋਧ ਪੂਰਣ ਹੋਣਗੀਆਂ।

ਤਦ ਆਮ ਔਰਤ ਦਾ ਸੁਆਲ ਕੀ ਹੈ? ਨਾਰੀਵਾਦੀ ਜਿਸ ਗੱਲ 'ਤੇ ਏਨਾ ਸ਼ੋਰ ਸ਼ਰਾਬਾ ਕਰਦੇ ਹਨ, ਵੈਸੀਆਂ ਲਾਲਸਾਵਾਂ ਦੀ ਏਕਤਾ ਦਾ ਕਾਰਜ ਕੀ ਹੈ? ਅਸਲੀਅਤ ਤੇ ਸਰਸਰੀ ਨਿਗਾਹ ਮਾਰਨ 'ਤੇ ਇਹ ਵਿਖਾਈ ਦਿੰਦਾ ਹੈ ਕਿ ਅਜੇਹੀ ਏਕਤਾ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ। ਨਾਰੀਵਾਦੀ ਆਪਣੇ ਆਪ ਨੂੰ ਢਾਰਸ ਦੇਣ ਲਈ ਅਜਿਹੀਆਂ ਬੇਕਾਰ ਕੋਸ਼ਿਸ਼ਾਂ ਕਰਦੇ ਹਨ ਕਿ ਨਾਰੀ ਸੁਆਲ ਦਾ ਕਿਸੇ ਰਾਜਸੀ ਪਾਰਟੀ ਨਾਲ ਕੋਈ ਵਾਅ-ਵਾਸਤਾ ਨਹੀਂ ਹੈ ਕਿ "ਇਸ ਦਾ ਹੱਲ ਸਾਰੀਆਂ ਪਾਰਟੀਆਂ ਤੇ ਸਾਰੀਆਂ ਔਰਤਾਂ ਦੀ ਸ਼ਮੂਲੀਅਤ ਨਾਲ ਹੀ ਸੰਭਵ ਹੈ।"

# ਸ਼ੋਲਾਪੁਰ ਕਮਿਊਨ ਦੀ ਕਹਾਣੀ-ਤੱਥਾਂ ਦੀ ਜੁਬਾਨੀ

ਸੰਨ 1930 ਈ: ਮਹੀਨਾ ਮਈ ਦਾ। ਗਾਂਧੀ ਦੀ ਅਗਵਾਈ 'ਚ ਕਾਂਗਰਸ ਦਾ ਅਹਿੰਸਕ ਸੰਘਰਸ਼ ਸ਼ੁਰੂ ਹੋ ਚੁਕਿਆ ਸੀ। ਸਭ ਥਾਵਾਂ ਦੇ ਮਜ਼ਦੂਰ-ਕਿਸਾਨ ਤੇ ਮੱਧਵਰਗ ਦੇ ਲੋਕ ਉਸ ਸੰਘਰਸ਼ ਨੂੰ ਸਾਮਰਾਜ ਵਿਰੋਧੀ ਸੰਗਰਾਮ ਵਜੋਂ ਮੰਨ ਕੇ ਅੰਦੋਲਨ 'ਚ ਕੁੱਦ ਪਏ ਸਨ। ਪੁਲਸ ਲਾਠੀ ਤੇ ਗੋਲੀ ਚਲਾ ਉਸ ਅੰਦੋਲਨ ਨੂੰ ਕੁਚਲਣ ਲਈ ਪਾਗਲ ਹੋ ਉਠੀ ਸੀ। ਇਹ ਬੇਰਹਿਮ ਅਤਿਆਚਾਰ ਨੂੰ ਵੇਖ ਕੇ ਸੋਲਾਪੁਰ ਦੀ ਕੱਪੜਾ ਸਨਅਤ ਦੇ 50 ਹਜ਼ਾਰ ਮਜ਼ਦੂਰ ਚੁਪ ਕਰਕੇ ਅਤੇ ਹੱਥਾਂ 'ਤੇ ਹੱਥ ਧਰ ਕੇ ਕਿਵੇਂ ਬੈਠੇ ਰਹਿ ਸਕਦੇ ਸਨ। ਬ੍ਰਿਟਿਸ਼ ਸਰਕਾਰ ਦੇ ਗੈਰ-ਮਨੁੱਖੀ ਅਤਿਆਚਾਰ ਖਿਲਾਫ ਅੱਠ ਮਈ ਨੂੰ ਸੋਲਾਪੁਰ ਦੇ ਮਜ਼ਦੂਰਾਂ ਨੇ ਇਕ ਵਿਸ਼ਾਲ ਜਲੂਸ ਕੱਢਿਆ। ਬ੍ਰਿਟਿਸ਼ ਸਰਕਾਰ ਦੀ ਪੁਲਸ ਨੇ ਉਸ ਜਲੂਸ 'ਤੇ ਹਮਲਾ ਕੀਤਾ। ਕਰੀਬ ਢਾਈ ਘੰਟੇ ਤਕ ਲੜਾਈ ਚਲਦੀ ਰਹੀ। ਇਸ ਲੜਾਈ 'ਚ ਪੁਲਸ ਦੇ ਅੱਠ ਸਿਪਾਹੀ ਮਾਰੇ ਗਏ। ਇਸ ਪਿਛੋਂ ਹਥਿਆਰ ਬੰਦ ਪੁਲਸ ਨੇ ਆ ਕੇ ਮਜ਼ਦੂਰਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮਜ਼ਦੂਰ ਵੀ ਇੱਟਾਂ ਪੱਥਰਾਂ ਨਾਲ ਪੁਲਸ 'ਤੇ ਹਮਲਾ ਕਰਦੇ ਰਹੇ। ਪਰ ਰਾਇਫਲਾ ਬੰਦੂਕਾਂ ਮੂਹਰੇ ਬਹੁਤੇ ਸਮੇਂ ਤਕ ਯੁੱਧ ਸੰਭਵ ਨਹੀਂ ਹੁੰਦੇ ਦੇਖ ਕੇ ਮਜ਼ਦੂਰ ਪਿਛੇ ਹਟ ਗਏ। ਇਸ ਗੋਲੀਕਾਂਡ 'ਚ 5 ਮਜ਼ਦੂਰ ਮਾਰੇ ਗਏ ਅਤੇ ਬੱਚਿਆਂ ਸਮੇਤ ਇਕ ਸੌ ਤੋਂ ਵੱਧ ਮਜ਼ਦੂਰ ਜਖਮੀ ਹੋਏ। ਮਜ਼ਦੂਰਾਂ ਦੀ ਹੱਤਿਆ ਕਰਨ ਲਈ ਖੁਦ ਵਾਇਸਰਾਏ ਨੇ ਪੁਲਸ ਨੂੰ ਵਧਾਈ ਦਿੱਤੀ (ਡੇਲੀਵਰਕਰ 9 ਮਈ, 1930) ਮਜ਼ਦੂਰਾਂ ਦੀ ਇਸ ਹੱਤਿਆ ਖਿਲਾਫ ਸੋਲਾਪੁਰ ਦੇ 50 ਹਜ਼ਾਰ ਮਜ਼ਦੂਰ ਗਰਜ ਉਠੇ। ਸੋਲਾਪੁਰ ਦੇ ਕਾਂਗਰਸੀ ਨੇਤਾਵਾਂ ਦੀਆਂ 'ਸ਼ਾਂਤੀ ਦੀ ਰਾਖੀ' ਕਰਨ ਦੀਆਂ ਸਭ ਕੋਸ਼ਿਸ਼ਾਂ ਤੇ ਬੇਨਤੀਆਂ ਨੂੰ ਨਾ ਮੰਜੂਰ ਕਰਕੇ ਮਜ਼ਦੂਰ ਇਕ ਫੈਸਲਾਕੁੰਨ ਯੁੱਧ ਲਈ ਤਿਆਰ ਹੋ ਗਏ। ਸਾਰੇ ਸ਼ੋਲਾਪੁਰ ਦੀ ਅਗਵਾਈ ਨੂੰ ਨੇਤਾਵਾਂ ਦੇ ਹੱਥਾਂ ਤੋਂ ਖੋਹ ਕੇ ਮਜ਼ਦੂਰਾਂ ਨੇ ਆਪਣੇ ਹੱਥਾਂ 'ਚ ਲੈ ਲਿਆ। ਹਰ ਮੁਹੱਲੇ 'ਚ ਇਕ ਇਕ ਸੰਘਰਸ਼ ਸੰਮਤੀ ਬਣ ਗਈ ਤੇ ਚੁਣੇ ਹੋਏ ਮਜ਼ਦੂਰ ਆਗੂਆਂ ਦੀ ਇਕ ਕੇਂਦਰੀ ਸੰਘਰਸ਼ ਸੰਮਤੀ ਬਣੀ। ਸੋਲਾਪੁਰ ਦੇ ਹਰਮਨ ਪਿਆਰੇ ਮਜ਼ਦੂਰ ਨੇਤਾ ਮਾਲਾਪਾ ਧਾਨਸੇਟ੍ਰਿਟ, ਜਗਨਨਾਥ ਸ਼ਿੰਘੇ, ਕਿਸੇਨ ਸਰਦਾ ਤੇ ਅਬਦੁੱਲਾ ਰਸੂਲ, ਕੁਰਬਾਨ ਹੁਸੈਨ ਆਦਿ ਨੇ ਕੇਂਦਰੀ ਸੰਮਤੀ ਦੀ ਲੀਡਰਸ਼ਿਪ ਲੈ ਲਈ। ਕੇਂਦਰੀ ਸੰਘਰਸ਼ ਸੰਮਤੀ ਦੀ ਅਗਵਾਈ 'ਚ ਮਜ਼ਦੂਰ ਨੌਜਵਾਨਾਂ ਦੀ ਤਿਆਰ ਕੀਤੀ ਗਈ ਇਕ 'ਲਾਲ ਫੌਜ'। ਇਸ ਪਿਛੋਂ ਸ਼ੁਰੂ ਹੋ ਗਈ ਜੰਗੀ (ਡੇਲੀ ਵਰਕਰ, 13 ਮਈ 1930) ਵਿਦ੍ਰੋਹੀ ਮਜ਼ਦੂਰਾਂ ਨੇ ਬ੍ਰਿਟਿਸ਼ ਸਰਕਾਰ ਦੇ ਦਸਤਾਵੇਜਾਂ ਦਾ ਦਫਤਰ, ਥਾਣਿਆ, ਕਈ ਸ਼ਰਾਬ ਦੀਆਂ ਦੁਕਾਨਾਂ, ਅੰਗ੍ਰੇਜ਼ ਵਪਾਰੀਆਂ ਦੀਆਂ ਦੁਕਾਨਾਂ ਅਤੇ ਉਹਨਾਂ ਦੇ ਦਫਤਰਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ (ਉਹੀ 15 ਤੇ 19 ਮਈ 1930) ਸ਼ਹਿਰ 'ਚ ਅੰਗ੍ਰੇਜ ਪੱਖੀ ਸਭ ਦਲਾਲ ਭਾਰਤੀ, ਮਿੱਲ-ਮਾਲਕ ਤੇ ਅੰਗ੍ਰੇਜ਼ ਕਰਮਚਾਰੀ ਸ਼ਹਿਰੋਂ ਭੱਜ ਕੇ ਸੋਲਾਪੁਰ ਦੇ ਸੁਰਖਿਅਤ ਰੇਲਵੇ ਸਟੇਸ਼ਨ 'ਚ ਜਾ ਛੁਪੇ। ਫੌਜੀ ਅਫਸਰਾਂ ਤੇ ਪੁਲਸ ਵਿਭਾਗ ਨੇ ਇਕ ਰਾਜ ਮਹਲ ਦੀ ਤਰਾਂ ਰੇਲਵੇ ਸਟੇਸ਼ਨ ਦੀ ਰਾਖੀ ਕੀਤੀ। ਕਈ ਮਸ਼ੀਨਗੰਨਾ ਲਿਆ ਕੇ ਇਕ ਦਲ ਡੋਗਰਾ ਸੈਨਾ ਤੇ ਬ੍ਰਿਟਿਸ਼ ਮਸ਼ੀਨ ਗੰਨ ਚਾਲਕ ਦਿਨ-ਰਾਤ ਰੇਲਵੇ ਸਟੇਸ਼ਨ 'ਤੇ ਪਹਿਰਾ ਦਿੰਦੇ ਰਹੇ (ਖਾਜਾ ਅਹਿਮਦ ਅਬਾਸ ਸਨ ਆਫ

ਇੰਡੀਆ ਪੰਨਾ ਨੰ: 10) ਬਾਗੀ ਮਜਦੂਰ ਸਾਰਾ ਸੋਹਲਾਪੁਰ ਸ਼ਹਿਰ ਕਬਜੇ ’ਚ ਕਰੀ ਬੈਠੇ ਸਨ। ਸ਼ਹਿਰ ’ਚ ਹਰ ਥਾਂ ਮੇਨ ਰੋਡ ਤੇ ਅਤੇ ਸਰਕਾਰੀ ਦਫਤਰਾਂ ਉਪਰ ਕੌਮੀ ਝੰਡਾ ਲਹਿਰਾ ਕੇ ਉਹਨਾਂ ਨੇ ਆਪਣੇ ਅਧਿਕਾਰਾਂ ਨੂੰ ਜ਼ਾਹਰ ਕੀਤਾ। ਕੇਂਦਰੀ ਸੰਘਰਸ਼ ਸੰਮਤੀ ਨੇ ਸ਼ਹਿਰ ਵਿੱਚ ਇਕ ਨਵੀਂ ਹਕੂਮਤੀ ਨਿਜਾਮ ਕਾਇਮ ਕੀਤਾ। ਸਭ ਪੁਰਾਣੇ ਮੁਲਾਜਮ ਭਜਾ ਦਿਤੇ ਅਤੇ ਉਹਨਾਂ ਦੀ ਥਾਂ ਨਵੇਂ ਮਜ਼ਦੂਰ ਤੈਨਾਤ ਕਰ ਦਿੱਤੇ ਗਏ। ਮਜ਼ਦੂਰਾਂ ਦੀ ‘ਲਾਲ ਫੌਜ’ ਨੇ ਸ਼ਹਿਰ ’ਚ ਸ਼ਾਂਤੀ ਪ੍ਰਬੰਧ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਈ। ਲਾਲ ਫੌਜ ਦੇ ਮਤਾਹਿਤ ਸ਼ਹਿਰ ਦੇ ਸਾਰੇ ਕੰਮ ਸੁਭਾਵਿਕ ਢੰਗ ਨਾਲ ਚਲਣ ਲੱਗੇ। ਗੱਡੀਆਂ ਦਾ ਆਉਣਾ ਜਾਣਾ, ਪਾਣੀ ਦਾ ਪ੍ਰਬੰਧ, ਸ਼ਾਂਤੀ ਰਖਿਆ ਸਭ ਕੁਝ ਪੂਰੀ ਤਰਾਂ ਸਚਾਰੂ ਰੂਪ ਨਾਲ ਕਾਇਮ ਰਿਹਾ। ਮਜ਼ਦੂਰਾਂ ਦੀ ਰਾਜ ਸੱਤਾ ਦੀ ਇਸ ਸੰਪੂਰਨ ਵਿਵਸਥਾ ਨੂੰ ਵੇਖਦੇ ਹੋਇਆਂ ਪੂਨਾ ਸਟਾਰ ਅਖਬਾਰ ਨੇ ਲਿਖਿਆ ਸੀ ਮਜ਼ਦੂਰ ਸਮੁਚੀ ਹਕੂਮਤੀ ਵਿਵਸਥਾ ’ਤੇ ਪੂਰੀ ਤਰਾਂ ਕਬਜਾ ਕਰ ਲੈਣ ਪਿਛੋਂ ਹੁਣ ਆਪਣਾ ਕਨੂੰਨ ਤਿਆਰ ਕਰ ਲੈਣ ਲਈ ਸਰਗਰਮ ਹੋ ਗਏ। (ਰਜਨੀਪਾਸ 10, ਇੰਡੀਆ ਟੂਡੇ ਪੰਨਾ 344 ਤੋਂ) ਬ੍ਰਿਟਿਸ਼ ਹਕੂਮਤ ਵਾਲੇ ਭਾਰਤ ਦੀ ਛਾਤੀ ’ਤੇ ਸੋਲਾਪੁਰ ਦੀ ਇਹ ਅਜਾਦ ਰਾਜਸੱਤਾ ਸਿਰਫ 7 ਦਿਨਾਂ ਤਕ ਟਿਕੀ ਰਹੀ। ਇਸ ਪਿਛੋਂ ਉਸ ’ਤੇ ਬ੍ਰਿਟਿਸ਼ ਫੌਜਾਂ ਦਾ ਹਮਲਾ ਸ਼ੁਰੂ ਹੋ ਗਿਆ। ਪੇਸ਼ਾਵਰ ’ਚ ਜਦ ਬਗਾਵਤ ਹੋਈ ਤਾਂ ਭਾਰਤੀ ਗੜਵਾਲਾ ਫੌਜ ਦੇ ਬਾਗੀ ਜਵਾਨਾਂ ਨੇ ਗੋਲੀ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ। ਇਸ ਲਈ ਸੋਲਾਪੁਰ ਦੇ ਮਜ਼ਦੂਰਾਂ ’ਤੇ ਜਬਰ ਢਾਹੁਣ ਦੇ ਕੰਮ ’ਚ ਭਾਰਤੀ ਫੌਜੀਆਂ ਨੂੰ ਭੇਜਣ ਦੀ ਉਹਨਾਂ ਦੀ ਹਿੰਮਤ ਨਹੀਂ ਹੋਈ। ਉਹਨਾਂ ਨੇ ਬ੍ਰਿਟਿਸ਼ ਫੌਜੀਆਂ ਨੂੰ ਸੋਲਾਪੁਰ ਦੇ ਮਜ਼ਦੂਰਾਂ ਲਈ ਤੈਨਾਤ ਕੀਤਾ। ‘ਯਾਰਦਸ਼ਾਅਰ ਰਾਈਫਲਜ’ ਫੌਜ ਦੀ ਇਕ ਰੈਜੀਮੈਂਟ ਅਤੇ ਕਿੰਗਸ ਅਲਸਟਰ ਰਾਈਫਲ ਦੀ ਇਕ ਬਟਾਲੀਅਨ (ਕਰੀਬ 3000 ਫੌਜੀ) ਸ਼ੋਲਾਪੁਰ ਦੀ ਮਜ਼ਦੂਰ ਰਾਜਸੱਤਾ ਨੂੰ ਬਰਬਾਦ ਕਰਨ ਲਈ ਤੈਨਾਤ ਕਰ ਦਿੱਤੀ ਗਈ। ‘ਯਾਰਕਸ਼ਾਅਰ ਰਾਈਫਲ’ ਫੌਜ ਨੂੰ ਸ਼ੋਲਾਪੁਰ ਦੇ ਮਜ਼ਦੂਰਾਂ ਤੇ ਅਤਿਆਚਾਰ ਕਰਨ ਲਈ ਤੈਨਾਤ ਕੀਤੇ ਜਾਣ ਦੀ ਖਬਰ ਜਦ ਇੰਗਲੈਂਡ ’ਚ ਫੈਲੀ ਤਾਂ ਬ੍ਰਿਟੇਨ ਦੇ ਯਾਰਕਸ਼ਾਅਰ ਦੀ ਕੱਪੜਾ ਸਨਅਤ ਦੇ ਮਜ਼ਦੂਰਾਂ ਨੇ ਬ੍ਰਿਟਿਸ਼ ਸਰਕਾਰ ਦੀ ਸਖਤ ਸਬਦਾਂ ’ਚ ਨਿੰਦਾ ਕਰਦਿਆਂ ਸ਼ੋਲਾਪੁਰ ਕਪੜਾ ਸਨਅਤ ਦੇ ਮਜ਼ਦੂਰਾਂ ਦੀ ਬਗਾਵਤ ਦਾ ਸੁਆਗਤ ਕੀਤਾ ਅਤੇ ਉਸ ਨੂੰ ਆਪਣੀ ਪੂਰੀ ਹਮਾਇਤ ਦਿੱਤੀ। ਬ੍ਰਿਟੇਨ ਦੀ ਕਮਿਊਨਿਸਟ ਪਾਰਟੀ ਨੇ ਇਕ ਮੈਨੀਫੈਸਟੋ ਛਪਵਾ ਕੇ ਭਾਰਤ ਦੀ ਮਜ਼ਦੂਰ ਜਮਾਤ ਦੇ ਇਨਕਲਾਬੀ ਸੰਘਰਸ਼ ਦੀ ਹਮਾਇਤ ਕਰਨ ਲਈ ਅਤੇ ਉਸ ਉਪਰ ਬ੍ਰਿਟਿਸ਼ ਅਤਿਆਚਾਰ ਬੰਦ ਕਰਨ ਲਈ ਸਰਗਰਮ ਕਦਮ ਚੁੱਕਣ ਲਈ ਮਜ਼ਦੂਰਾਂ ਨੂੰ ਸੱਦਾ ਦਿੱਤਾ (ਡੇਲੀਵਰਕਰ 10 ਤੋਂ 15 ਮਈ 1930) ਕਰੀਬ 3 ਹਜ਼ਾਰ ਬ੍ਰਿਟਿਸ਼ ਫੌਜੀ ਰਾਈਫਲਾਂ ਤੇ ਬਹੁਤ ਸਾਰੀਆਂ ਤੋਪਾਂ ਦੇ ਨਾਲ ਭੱਜ ਆਏ। ਮਜ਼ਦੂਰ ਜਮਾਤ ਦੀ ਇਸ ਬੱਚਾ (ਮੁਢਲੀ) ਰਾਜ ਸੱਤਾ ਨੂੰ ਭਾਰਤ ਦੀ ਛਾਤੀ ਤੋਂ ਮਿਟਾ ਦੇਣ ਲਈ ਮਜ਼ਦੂਰਾਂ ਦੀ ਲਾਲ ਫੌਜ ਅਤੇ ਸੋਲਾਪੁਰ ਦੇ ਸਾਰੇ ਮਜ਼ਦੂਰ ਬ੍ਰਿਟਿਸ਼ ਫੌਜ ਖਿਲਾਫ ਲੜਨ ਲਈ ਤਿਆਰ ਹੋ ਗਏ। ਬ੍ਰਿਟਿਸ਼ ਫੌਜ ਨੂੰ ਸ਼ਹਿਰ ’ਚ ਵੜਨ ਤੋਂ ਰੋਕਣ ਲਈ ਮਜ਼ਦੂਰਾਂ ਨੇ ਸ਼ਹਿਰ ਦੇ ਸਾਰੇ ਰਾਜ ਮਾਰਗਾਂ ਤੇ ਵੱਡੀਆਂ ਵੱਡੀਆਂ ਪਾਈਪਾਂ, ਦਰਖਤ ਤੇ ਰੇਹੜੇ ਆਦਿ ਰਾਹੀਂ ਰੁਕਾਵਟਾਂ (ਬੇਰੀ ਕੇਡ) ਖੜੀਆਂ ਕਰ ਦਿੱਤੀਆਂ। ਸਰਕਾਰ ਦੇ ਕਾਗਜਾਂ

'ਚ ਇਹ ਮੰਨਿਆ ਗਿਆ ਕਿ ਸ਼ੋਲਾਪੁਰ ਦੇ ਮਜਦੂਰਾਂ ਦਾ ਇਹ ਬੇਰਿਕੇਟ ਤੇ ਰੁਕਾਵਟਾਂ ਪਾਉਣ ਦਾ ਦੂਜਾ ਇੰਤਜਾਮ ਚੱਟ ਗ੍ਰਾਮ (ਪੂਰਬੀ ਬੰਗਾਲ) ਦੇ ਮੱਧ ਮਾਰਗ ਦੇ ਇਨਕਲਾਬੀਆਂ ਦੀ ਤੁਲਨਾ 'ਚ ਕਿਤੇ ਵੱਧ ਉਨਤ ਸੀ। ਬ੍ਰਿਟਿਸ਼ ਹਾਕਮਾਂ ਨੇ ਇਹ ਵੀ ਮੰਨਿਆ ਕਿ ਭਾਰਤ ਦੀ ਲੋਕ ਬਗਾਵਤ ਦੇ ਇਤਿਹਾਸ 'ਚ ਇਸ ਤਰਾਂ ਦੇ ਬੇਰਿਕੇਟ ਕਿਤੇ ਵੀ ਨਹੀਂ ਬਣਿਆ ਸੀ। (ਉਹੀ 19 ਮਈ 1930) ਸ਼ੋਲਾਪੁਰ ਮਜ਼ਦੂਰ ਦੀ ਬਗਾਵਤ ਤੇ ਅਜ਼ਾਦ ਰਾਜ ਦੀ ਸਥਾਪਨਾ ਦੀ ਖਬਰ ਸੁਣ ਕੇ ਭਾਰਤ ਦੇ ਵਾਇਸਰਾਇ ਤੇ ਫੌਜ ਦਾ ਚੀਫ ਕਮਾਂਡਰ ਡਰ ਗਏ। ਇਥੋਂ ਤਕ ਕਿ ਬ੍ਰਿਟੇਨ ਦੀ ਹਾਕਮ ਵੀ ਦਹਿਸ਼ਤ ਨਾਲ ਚੀਕ ਉਠੇ। ਸ਼ੋਲਾਪੁਰ ਦੇ 50 ਹਜ਼ਾਰ ਮਜ਼ਦੂਰਾਂ ਦੀ ਇਨਕਲਾਬੀ ਏਕਤਾ, ਸਰਵ ਵਿਆਪਕ ਸੰਗ੍ਰਾਮ ਤੇ ਅਜ਼ਾਦ ਰਾਜਸੱਤਾ ਦੇ ਕਾਇਮ ਹੋਣ ਦੀ ਖਬਰ ਚਾਰੋਂ ਪਾਸੇ ਫੈਲ ਜਾਣ ਨਾਲ ਭਾਰਤ ਦੇ ਸਾਰੇ ਸਨਅਤੀ ਖੇਤਰਾਂ 'ਚ ਇਕ ਭਿਆਨਕ ਇਨਕਲਾਬ ਦੀ ਅੱਗ ਬਲ ਉਠੀ ਅਤੇ ਇਸ ਦੇ ਸਿਟੇ ਵਜੋਂ ਬ੍ਰਿਟਿਸ਼ ਸਾਮਰਾਜ ਤਾਂ ਖਤਮ ਹੋਵੇਗਾ ਹੀ, ਨਾਲ ਹੀ ਨਾਲ ਪੂੰਜੀਵਾਦੀ ਜਾਗੀਰੂ ਲੁੱਟ-ਖਸੁੱਟ ਦਾ ਤਾਣਾ ਬਾਣਾ ਵੀ ਚਕਨਾਚੂਰ ਹੋ ਜਾਵੇਗਾ। ਇਸ ਡਰ ਨਾਲ ਸਾਮਰਾਜੀ ਹਾਕਮਾਂ ਤੇ ਭਾਰਤ ਦੇ ਹਾਕਮਾਂ ਨੇ ਫੌਰਨ ਹੀ ਸ਼ੋਲਾਪੁਰ ਦੀ ਮਜਦੂਰ ਰਾਜਸੱਤਾ ਦਾ ਅਤੇ ਉਸ ਨੂੰ ਨਸ਼ਟ ਕਰਨ ਦੇ ਪ੍ਰੋਗਰਾਮ ਦਾ ਪ੍ਰਚਾਰ ਕਰਨਾ ਬੰਦ ਕਰ ਦੇਣਾ ਤਹਿ ਕੀਤਾ। ਸੋਲਾਪੁਰ ਦੀਆਂ ਖਬਰਾਂ ਨੂੰ ਭਾਰਤੀ ਅਖਬਾਰਾਂ 'ਚ ਛਾਪਣ 'ਤੇ ਸਖਤ ਪਬੰਦੀ ਲਾ ਦਿੱਤੀ ਗਈ। ਖਬਰਾਂ ਕੰਨੋ ਕੰਨੀ ਵੀ ਨਹੀਂ ਫੈਲ ਸਕੀਆਂ। ਇਸ ਦਾ ਕੁਝ ਇੰਤਜਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਤਦ ਵੀ ਲੋਕਾਂ ਦੇ ਮੂੰਹੋਂ ਸ਼ੋਲਾਪੁਰ ਦੀਆਂ ਖਬਰਾਂ ਨੇੜਲੇ ਇਲਾਕਿਆਂ 'ਚ ਪਹੁੰਚ ਗਈਆਂ। ਚਾਰੋਂ ਪਾਸੇ ਸ਼ੋਲਾਪੁਰ ਦੇ ਮਜਦੂਰਾਂ ਦੀ ਹਮਾਇਤ 'ਚ ਸੰਭਾਵਾਂ ਹੋਣ ਲੱਗੀਆਂ ਅਤੇ ਜਲੂਸ ਕੱਢੇ ਜਾਣ ਲੱਗੇ। ਬੰਬਈ ਦੇ ਮਜ਼ਦੂਰਾਂ ਨੇ ਹੜਤਾਲ, ਸਾਂਝੀ ਸਭਾ ਤੇ ਜਲੂਸ ਦਾ ਆਯੋਜਨ ਕਰਕੇ ਸ਼ੋਲਾਪੁਰ ਦੇ ਮਜ਼ਦੂਰਾਂ ਦੀ ਹਮਾਇਤ ਕੀਤੀ ਤੇ ਸੋਲਾਪੁਰ 'ਚ ਫੋਜ ਭੇਜੇ ਜਾਣ ਖਿਲਾਫ ਸਖਤ ਵਿਰੋਧ ਜਾਹਰ ਕੀਤਾ। ਸ਼ੋਲਾਪੁਰ ਦੇ ਨੇੜਲੇ ਪੇਡੂ ਇਲਾਕਿਆਂ ਵਿੱਚ ਕਿਸਾਨਾਂ ਨੇ ਮਜਦੂਰਾਂ ਦੀ ਹਮਾਇਤ 'ਚ ਕਈ ਰੈਲੀਆ ਕੀਤੀਆਂ, ਮੁਜਾਹਰੇ ਕੀਤੇ ਤੇ ਥਾਣੇ ਸਾੜ ਦਿੱਤੇ। ਇਸ ਤਰ੍ਹਾਂ ਫੌਜ ਭੇਜੇ ਜਾਣ ਦਾ ਵਿਰੋਧ ਕੀਤਾ (ਉਹ 14 ਮਈ ਤੋਂ 16 ਮਈ 1930) ਭਾਰਤ ਦੇ ਵਾਇਸਰਾਇ ਨੇ 12 ਮਈ ਨੂੰ ਸ਼ੋਲਾਪੁਰ 'ਚ 'ਮਾਰਸ਼ਲ ਲਾਅ' ਜਾਰੀ ਕਰ ਦਿੱਤਾ ਅਤੇ ਤਦ ਅੰਗ੍ਰੇਜ ਫੌਜੀਆਂ ਦੇ ਨਾਲ ਬ੍ਰਿਟਿਸ਼ ਕਮਾਂਡਰਾਂ ਨੇ ਸ਼ੋਲਾਪੁਰ 'ਚ ਦਾਖਲ ਹੋਏ। ਸ਼ੋਲਾਪੁਰ ਸ਼ਹਿਰ ਦੀ ਮੁੱਖ ਸੜਕੇ 'ਤੇ ਦਿਨ-ਰਾਤ ਲੜਾਈ ਚਲਦੀ ਰਹੀ। ਲੜਾਈ 12 ਮਈ ਤੋਂ 16 ਮਈ ਤਕ ਚੱਲੀ। ਬ੍ਰਿਟਿਸ ਫੌਜ ਦੀਆਂ ਰਾਈਫਲਾਂ ਤੋਪਾਂ ਤੇ ਮਸ਼ੀਨਗੰਨਾਂ ਖਿਲਾਫ ਨਿਹੱਥੇ ਮਜਦੂਰਾਂ ਨੇ ਜੰਗ ਕਰਦਿਆਂ ਬਿਨਾ ਹੌਸਲਾ ਛੱਡੇ ਪ੍ਰਾਣਾਂ ਦੀ ਆਹੂਤੀ ਦਿੱਤੀ। ਮਜ਼ਦੂਰਾਂ ਦੇ ਖ਼ੂਨ ਨਾਲ ਮੁੱਖ ਸੜਕਾਂ 'ਤੇ ਨਦੀ ਵਹਿ ਗਈ ਅਤੇ ਸ਼ੋਲਾਪੁਰ ਕਮਿਊਨ ਉਸ ਖ਼ੂਨ 'ਚ ਡਬੋ ਦਿੱਤਾ ਗਿਆ। ਅੰਤ 'ਚ ਜੰਗ ਖਤਮ ਹੋਈ। ਅਜ਼ਾਦ ਮਜਦੂਰ ਰਾਜ ਦੇ ਸਾਰੇ ਨੇਤਾ ਬੰਦੀ ਬਣਾ ਲਏ ਗਏ। ਬੰਦੀ ਬਣਾਉਣ ਦੇ ਨਾਲ ਹੀ ਸ਼ੋਲਾਪੁਰ ਦੇ ਮੇਨ ਰੋਡ 'ਤੇ ਸ਼ੋਲਾਪੁਰ ਬਗਾਵਤ ਦੇ 30 ਮੁੱਖ ਮਜਦੂਰ ਨੇਤਾਵਾਂ ਨੂੰ ਸ਼ਰੇਆਮ ਫਾਂਸੀ ਦੇ ਦਿੱਤੀ ਗਈ। ਇਸ ਪਿਛੋਂ ਫੌਜੀ ਅਦਾਲਤ 'ਚ ਕਰੀਬ 200 ਮਜਦੂਰਾਂ ਨੂੰ ਵੱਖ ਵੱਖ ਅਰਸੇ ਤਕ ਲੰਬੀਆਂ ਸਜਾਵਾਂ ਦਿੱਤੀਆਂ ਗਈਆਂ (ਉਹੀ 17 ਮਈ 1930) ਸ਼ੋਲਾਪੁਰ ਦੀ

ਮਜਦੂਰ ਰਾਜਸੱਤਾ ਸੋਲਾਪੁਰ ਕਮਿਊਨ ਨੂੰ ਉਸ ਦਿਨ ਮਜਦੂਰਾਂ ਦੇ ਖ਼ੂਨ 'ਚ ਡਬੋ ਦੇਣ 'ਤੇ ਵੀ ਉਸ ਦੀ ਇਨਕਲਾਬੀ ਸਿਖਿਆ, ਉਸ ਇਨਕਲਾਬੀ ਪੁਕਾਰ ਦਾ ਅੰਤ ਨਹੀਂ ਹੋਇਆ। ਸਫਲਤਾ ਹੀ ਇਨਕਲਾਬ ਦੀ ਪ੍ਰਧਾਨ ਵਸਤੂ ਨਹੀਂ ਹੈ। ਬਲਕਿ ਅਸਫਲਤਾ ਰਾਹੀਂ ਹਾਸਲ ਹੋਈ ਸਿਖਿਆ ਵੀ ਉਸ ਦਾ ਮੁੱਖ ਤੱਤ ਹੈ। 1871 'ਚ 'ਪੈਰਿਸ ਕਮਿਊਨ' ਦੀ ਅਸਫਲਤਾ ਦੀ ਸੰਭਾਵਨਾ ਨੂੰ ਪਹਿਲਾ ਤੋਂ ਜਾਣ ਕੇ ਵੀ ਮਾਰਕਸ ਨੇ 'ਪੈਰਿਸ ਕਮਿਊਨ' ਦੇ ਸੰਗ੍ਰਾਮ 'ਚ ਆਪਣੀ ਸਾਰੀ ਤਾਕਤ ਦੇ ਨਾਲ ਸਹਿਯੋਗ ਦਿੱਤਾ ਸੀ। ਉਸ ਪਿਛੋਂ ਜਰਮਨ ਸੋਸਲ ਡੈਮੋਕ੍ਰੇਟ ਨੇਤਾ ਕਾਊਤਸਕੀ ਨੇ ਫ੍ਰਾਂਸਕੀ ਮਜ਼ਦੂਰ ਜਮਾਤ ਦੀ ਇਸ ਕੋਸ਼ਿਸ਼ ਨੂੰ 'ਸਵਰਗ ਦਾ ਨਾਸ਼ ਕਰਨ ਦੀ ਕਾਰਵਾਈ' ਕਹਿ ਕੇ ਬਦਨਾਮ ਕੀਤਾ ਸੀ ਅਤੇ ਉਸ ਦੇ ਜੁਆਬ 'ਚ ਲੈਨਿਨ ਨੇ ਫ੍ਰਾਂਸ ਦੇ ਮਜ਼ਦੂਰਾਂ ਦੀ ਤਾਰੀਫ਼ ਕਰਦਿਆਂ ਇਹ ਕਿਹਾ ਸੀ ਕਿ ਮਜ਼ਦੂਰ ਜਮਾਤ ਹੀ ਇਕ ਦਿਨ ਪੂੰਜੀਵਾਦੀ ਸਵਰਗ ਦਾ ਨਾਸ਼ ਕਰੇਗਾ- ਇਹ ਬਿਲਕੁਲ ਨਿਸ਼ਚਿਤ ਹੈ ਅਤੇ ਪੈਰਿਸ ਕਮਿਊਨ ਉਸ ਦਾ ਪਹਿਲਾ ਯਤਨ ਹੈ। ਮਜ਼ਦੂਰ ਜਮਾਤ ਵਲੋਂ ਉਸ ਸਵਰਗ ਦੇ ਨਾਸ਼ ਹੋਣ ਦਾ ਦਿਨ ਨੇੜੇ ਹੈ (ਲੈਨਿਨ, ਪੈਰਿਸ ਕਮਿਊਨ) 1917 ਈਃ 'ਚ ਲੈਨਿਨ ਦੀ ਅਗਵਾਈ 'ਚ ਰੂਸ ਦੀ ਮਜਦੂਰ ਜਮਾਤ ਨੇ ਉਸੇ ਸਵਰਗ ਦਾ ਨਾਸ਼ ਕੀਤਾ ਸੀ। ਲੈਨਿਨ ਦੀ ਗੱਲ ਸੱਚ ਸਾਬਤ ਹੋਈ। 1908 ਈਃ 'ਚ ਬੰਬਈ ਦੀ ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਵੇਖ ਕੇ ਲੈਨਿਨ ਨੇ ਕਿਹਾ ਸੀ ਕਿ ਭਾਰਤ 'ਚ ਸਾਮਰਾਜ ਦੀ ਸ਼ੈਤਾਨੀ ਖੇਡ ਦਾ ਅੰਤ ਬਹੁਤ ਨਜ਼ਦੀਕ ਹੈ। ਸੋਲਾਪੁਰ ਦੇ ਮਜ਼ਦੂਰਾਂ ਦੀ ਬਗਾਵਤ ਅਤੇ ਉਹਨਾਂ ਦੇ ਕਮਿਊਨ ਨੇ ਲੈਨਿਨ ਦੀ ਇਹ ਗੱਲ ਸੱਚ ਸਾਬਤ ਕਰ ਦਿਖਾਈ ਸੀ ਕਿ ਭਾਰਤ 'ਚ ਵੀ ਮਜ਼ਦੂਰ ਜਮਾਤ ਸਾਮਰਾਜ ਦੇ ਪੂੰਜੀਪਤੀਆਂ ਤੇ ਜਾਗੀਰਦਾਰਾਂ ਦੇ ਸਵਰਗ ਨੂੰ ਨਸ਼ਟ ਕਰਨ ਦੀ ਕਾਬਲੀਅਤ ਰਖਦਾ ਹੈ। ਸੋਲਾਪੁਰ ਕਮਿਊਨ ਦੀ ਇਨਕਲਾਬੀ ਪੁਕਾਰ ਭਾਰਤ ਦੀ ਮਜ਼ਦੂਰ ਜਮਾਤ ਨੂੰ ਗਰੀਬ ਕਿਸਾਨਾਂ ਤੇ ਬੇਜ਼ਮੀਨੇ ਖੇਤ ਮਜਦੂਰਾਂ ਨੂੰ ਅਤੇ ਸਭ ਇਨਕਲਾਬੀਆਂ ਨੂੰ ਸਾਮਰਾਜ ਵਿਰੋਧੀ ਜਾਗੀਰਦਾਰੀ ਵਿਰੋਧ ਨਵ ਜਮਹੂਰੀ ਇਨਕਲਾਬ ਲਈ ਪ੍ਰੇਰਿਤ ਕਰੇਗੀ ਅਤੇ ਆਪਣੀ ਰਾਜਸੱਤਾ ਦੀ ਸਥਾਪਨਾ ਲਈ ਮਜ਼ਦੂਰ ਜਮਾਤ ਨੂੰ ਅੱਗੇ ਵਧਾਵੇਗੀ।

ਨੋਟ :- ਇਸ ਬਗਾਵਤ ਦੀ ਕੋਈ ਵੀ ਖਬਰ ਭਾਰਤ ਦੇ ਕਿਸੇ ਅਖਬਾਰ 'ਚ ਨਹੀਂ ਛਪੀ ਸੀ। ਸਿਰਫ ਇੰਗਲੈਂਡ 'ਚ ਇਕ-ਦੋ ਅਖਬਾਰਾਂ 'ਚ ਥੋੜਾ-ਥੋੜਾ ਤੱਥ ਛਪਿਆ ਸੀ। ਜਾਨ ਬੀਸ਼ੰਪ ਦੀ ਕਿਤਾਬ ਤੋਂ ਸਮੱਗਰੀ ਲਈ ਗਈ ਹੈ।

# ਕੀ ਹੈ ਅਬਾਦੀ ਦਾ ਰਾਜਸੀ ਅਰਥਸ਼ਾਸਤਰ?

ਦੇਸ਼ ਅੰਦਰ 2011 ਦੀ ਮਰਦਮਸ਼ੁਮਾਰੀ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ ਤੇ ਉਸ ਦੇ ਨਾਲ ਹੀ ਕਈ ਮਿਥਾਂ ਦੇ ਪ੍ਰਚਾਰੇ ਜਾਣ ਦੀ ਵੀ ਸੰਭਾਵਨਾ ਹੈ। ਅਜਿਹੇ ਵਿੱਚ ਅਸੀਂ ਆਬਾਦੀ ਦਾ ਰਾਜਸੀ ਅਰਥਸ਼ਾਸਤਰ ਵਿਚਾਰ ਸਕਦੇ ਹਾਂ ਜੋ 2005 ਦੇ ਸਮੇਂ ਸੀ। ਕੁਝ ਮਹੀਨੇ ਪਹਿਲਾਂ ਜਦ ਅਬਾਦੀ ਕਮਿਸ਼ਨ ਵਲੋਂ 2001 ਦੀ ਮਰਦਮਸ਼ੁਮਾਰੀ ਦੇ ਅੰਕੜੇ ਪ੍ਰਕਾਸ਼ਿਤ ਕੀਤੇ ਗਏ ਤਾਂ ਸੰਘ ਪ੍ਰੀਵਾਰ ਦੀਆਂ ਵਾਂਛਾਂ ਖਿਲ ਗਈਆਂ। ਉਸ ਨੇ ਇਹਨਾਂ ਅੰਕੜਿਆਂ ਨੂੰ ਫੜ ਲਿਆ ਅਤੇ ਜੋਰ ਸ਼ੋਰ ਨਾਲ ਪ੍ਰਸਾਰਿਤ ਕਰਨਾ ਸ਼ੁਰੂ ਕਰ ਦਿੱਤਾ ਕਿ ਦੇਸ਼ ਵਿਚ ਮੁਸਲਮਾਨਾਂ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ ਅਤੇ ਜੇ ਇਸ ਤਰ੍ਹਾਂ ਨਾਲ ਵਧਦੀ ਰਹੀ ਤਾਂ ਬਹੁਤ ਜਲਦੀ ਹੀ ਏਨੀ ਹੋ ਜਾਵੇਗੀ ਕਿ ਹਿੰਦੂ ਦੇਸ਼ ਵਿੱਚ ਘੱਟ ਗਿਣਤੀ ਵਿੱਚ ਰਹਿ ਜਾਣਗੇ। ਸ਼ੁਰੂ ’ਚ ਕਮਿਸ਼ਨ ਨੇ ਜੋ ਅੰਕੜੇ ਪ੍ਰਕਾਸ਼ਿਤ ਕੀਤੇ ਸਨ ਉਸ ਅਨੁਸਾਰ 1991 ਤੋਂ 2001 ਵਿਚਕਾਰ ਮੁਸਲਮਾਨਾਂ ਦੀ ਗਿਣਤੀ ’ਚ 36 ਫੀਸਦੀ ਵਾਧਾ ਹੋਇਆ ਜਦ ਕਿ ਹਿੰਦੂਆਂ ਦੀ 20 ਫੀਸਦੀ। ਇਸ ਤਰ੍ਹਾਂ ਦੇਸ਼ ਵਿੱਚ ਹਿੰਦੂਆਂ ਦੀ ਅਬਾਦੀ ਕੁੱਝ ਅਬਾਦੀ ਦੀ 1991–ਤੋਂ 82 ਫੀਸਦੀ ਤੋਂ ਘਟਾ ਕੇ 80.5 ਫੀਸਦੀ ਰਹਿ ਗਈ ਜਦ ਕਿ ਮੁਸਲਮਾਨਾਂ ਦੀ 12.1 ਫੀਸਦੀ ਤੋਂ ਵਧ ਕੇ 13.4 ਫੀਸਦੀ ਹੋ ਗਈ। ਇਹਨਾਂ ਅੰਕੜਿਆਂ ਨੂੰ ਅਧਾਰ ਬਣਾ ਕੇ ਜਦ ਸੰਘ ਪ੍ਰੀਵਾਰ ਨੇ ਸ਼ੋਰ ਪਾਉਣਾ ਸ਼ੁਰੂ ਕੀਤਾ ਤਾਂ ਅਬਾਦੀ ਕਮਿਸ਼ਨ ਨੇ ਇਕ ਨਵਾਂ ਅੰਕੜਾ ਪੇਸ਼ ਕੀਤਾ। ਇਸ ਵਿੱਚ 1991 ਦੀ ਅਬਾਦੀ ’ਚ ਅਸਮ ਤੇ ਜੰਮੂ ਕਸ਼ਮੀਰ ਨੂੰ ਛੱਡ ਕੇ ਸੋਧ ਕੀਤੀ ਗਈ ਕਿਉਂਕਿ 1991 ’ਚ ਇਹਨਾਂ ਰਾਜਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਇਹਨਾਂ ਨੂੰ ਸ਼ਾਮਲ ਕਰਨ ਪਿਛੋਂ ਤਸਵੀਰ ਕੁਝ ਬਦਲ ਗਈ। ਤਥ ਪਾਇਆ ਗਿਆ ਕਿ 1991 ਤੋਂ 2001 ਵਿਚਕਾਰ ਹਿੰਦੂਆਂ ਦੀ ਗਿਣਤੀ ਵਾਧਾ 20 ਫੀਸਦੀ ਰਿਹਾ ਜਦ ਕਿ ਮੁਸਲਮਾਨਾਂ ਦੀ 29.3 ਫੀਸਦੀ ਰਹਿ ਗਈ। ਇਸ ਤਰ੍ਹਾਂ ਅਨੁਪਾਤ ਦੀ ਗੱਲ ਕਰੀਏ ਤਾਂ 1991 ’ਚ ਹਿੰਦੂ 82.4 ਫੀਸਦੀ ਸਨ ਜੋ 2001 ’ਚ 81.4 ਫੀਸਦੀ ਅਤੇ ਇਸ ਦੇ ਮੁਕਾਬਲੇ ਮੁਸਲਮਾਨਾਂ ਦਾ ਅਨੁਪਾਤ 11.7 ਫੀਸਦੀ ਤੇ 12.4 ਫੀਸਦੀ ਸੀ। ਇਸ ਸੋਧੇ ਹੋਏ ਅੰਕੜਿਆਂ ਨਾਲ ਸੰਘ ਪ੍ਰੀਵਾਰ ਦਾ ਸ਼ੋਰ ਥੋੜਾ ਘੱਟ ਹੋ ਗਿਆ ਪਰ ਤਦ ਵੀ ਆਮ ਹਿੰਦੂ ਜਨਮਾਨਸ ’ਚ ਇਹ ਗੱਲ ਘਰ ਕਰ ਗਈ ਹੈ ਕਿ ਮੁਸਲਮਾਨ ਵੱਧ ਬੱਚੇ ਪੈਦਾ ਕਰਦੇ ਹਨ। ਅਬਾਦੀ ’ਚ ਮੁਸਲਮਾਨਾਂ ਦਾ ਅਨੁਪਾਤ ਵੱਧ ਗਿਆ ਹੈ। ਇਕ ਲੰਮੇ ਸਮੇਂ ਤੋਂ ਝੂਠੇ ਪ੍ਰਚਾਰ ਕਾਰਨ ਸੰਘ ਪ੍ਰੀਵਾਰ ਦੀ ਗੱਲਾਂ ਸਿੱਧ ਸੱਚ ਦਾ ਦਰਜਾ ਹਾਸਲ ਕਰ ਚੁਕੀਆਂ ਹਨ ਜਦਕਿ ਉਹ ਵੱਧ ਤੋਂ ਵੱਧ ਅੱਧਾ ਸੱਚ ਹੀ ਹਨ। ਆਓ ਅਬਾਦੀ ਦੇ ਪੂਰੇ ਮਾਮਲੇ ’ਤੇ ਵਿਚਾਰ ਕਰੀਏ। ਅਜੇ ਤਿੰਨ ਸੌ ਸਾਲ ਪਹਿਲਾਂ ਤਕ ਸਾਰੀ ਦੁਨੀਆਂ ਦੀ ਅਬਾਦੀ ਸਿਰਫ ਸੱਠ ਕਰੋੜ ਸੀ। ਇਹ ਅਬਾਦੀ ਇਸ ਸਮੇਂ 600 ਕਰੋੜ ਹੈ। ਅਬਾਦੀ ’ਚ ਇਹ ਤੇਜ ਵਾਧਾ 18 ਸ਼ਤਾਬਦੀ ’ਚ ਯੂਰਪ ’ਚ ਸ਼ੁਰੂ ਹੋਇਆ। ਅੱਜ ਯੂਰਪ ਦੀ ਅਬਾਦੀ ਜਾਂ ਤਾਂ ਸਿਖਰ ਹੈ ਜਾਂ ਘੱਟ ਰਹੀ ਹੈ। ਅੱਜ ਅਬਾਦੀ ’ਚ ਤੇਜ ਵਾਧਾ ਏਸ਼ੀਆ ਤੇ ਅਫਰੀਕਾ ’ਚ ਹੋ ਰਿਹਾ ਹੈ ਜਦ ਕਿ 18ਵੀਂ ਸ਼ਤਾਬਦੀ ’ਚ ਇਹਨਾਂ ਥਾਵਾਂ ਤੇ ਠਹਿਰਾਅ ਸੀ। 18ਵੀਂ ਸ਼ਤਾਬਦੀ ਤੋਂ ਪਹਿਲਾਂ ਲਗਭਗ ਪੂਰੇ 2000 ਸਾਲ ਪਹਿਲਾਂ ’ਚ ਦੁਨੀਆਂ ਦੀ ਅਬਾਦੀ ’ਚ ਸਿਰਫ

ਦੋ ਗੁਣਾ ਦਾ ਵਾਧਾ ਹੋਇਆ ਜਦ ਕਿ ਇਸ ਤੋਂ ਬਾਅਦ ਦੇ ਤਿੰਨ ਸੌ ਸਾਲਾਂ ਵਿਚ ਇਹ ਅਬਾਦੀ ਕਈ 10 ਗੁਣਾ ਵਧ ਗਈ ਹੈ। ਕੀ ਕਾਰਨ ਹੈ ਕਿ ਇਸ ਪ੍ਰੀਘਟਨਾ ਦਾ? ਕੀ ਇਸ ਦੀ ਰੋਸ਼ਨੀ ਵਿੱਚ ਅਸੀਂ ਮੌਜੂਦਾ ਭਾਰਤ ਦੀ ਅਬਾਦੀ ਦੇ ਵਿਵਾਦ ਨੂੰ ਸਮਝ ਸਕਦੇ ਹਾਂ? ਆਓ ਪਹਿਲਾਂ ਪੂਰੀ ਦੁਨੀਆਂ ਨੂੰ ਵੇਖੀਏ?

18ਵੀਂ ਸਦੀ ਤੋਂ ਪਹਿਲਾਂ ਦੀ ਦੁਨੀਆਂ ਵਿੱਚ ਗਿਆਨ-ਵਿਗਿਆਨ ਦਾ ਪੱਧਰ ਬਹੁਤ ਨੀਵਾਂ ਸੀ। ਇਸ ਦੇ ਅਨਰੂਪ ਪੈਦਾਵਾਰ ਦਾ ਪੱਧਰ ਵੀ ਬਹੁਤ ਨੀਵਾਂ ਸੀ। ਖਾਸ ਕਰਕੇ ਡਾਕਟਰੀ ਵਿਗਿਆਨ ਦਾ ਪੱਧਰ ਅੱਜ ਦੇ ਮੁਕਾਬਲੇ ਕੁਝ ਵੀ ਨਹੀਂ ਸੀ। ਇਕ ਪਾਸੇ ਭੁੱਖਮਰੀ ਦਾ ਬੋਲਬਾਲਾ ਸੀ ਤਾਂ ਦੂਜੇ ਪਾਸੇ ਪਲੇਗ, ਚੇਚਕ ਵਰਗੀਆਂ ਬੀਮਾਰੀਆਂ ਮਹਾਂਮਾਰੀਆਂ ਦਾ ਰੂਪ ਧਾਰਨ ਕਰਕੇ ਅਬਾਦੀ ਦੇ ਭਾਰੀ ਹਿੱਸੇ ਨੂੰ ਨਸ਼ਟ ਕਰ ਦਿੰਦੀਆਂ ਸਨ। 14ਵੀਂ, 15ਵੀਂ ਸ਼ਤਾਬਦੀ ਵਿੱਚ ਤਾਂ ਪਲੇਗ ਦੇ ਕਾਰਨ ਯੂਰਪ ਦੀ ਇਕ ਤਿਹਾਈ ਅਬਾਦੀ ਨਸ਼ਟ ਹੋ ਗਈ ਸੀ। ਹੈਜਾ ਅਤੇ ਮਲੇਰੀਆ ਵਰਗੀਆਂ ਸਾਧਾਰਨ ਬੀਮਾਰੀਆਂ ਵੀ ਬੰਦੇ ਲਈ ਘਾਤਕ ਹੁੰਦੀਆਂ ਸਨ। ਪੈਦਾਵਾਰ ਦੀ ਕਮੀ ਕਾਰਣ ਲੋਕਾਂ ਪਾਸ ਖਾਣ ਪੀਣ ਦੀ ਕਾਫੀ ਕਮੀ ਹੁੰਦੀ ਸੀ। ਅਜਿਹੀ ਹਾਲਤ 'ਚ ਪਹਿਨਣ ਕਰਨ ਦੀ। ਅਜਿਹੇ 'ਚ ਇਨਸਾਨਾਂ ਦਾ ਰੋਗਾਂ ਨਾਲ ਲੜਨ ਦੀ ਪ੍ਰਤੀਰੋਧਕ ਯੋਗਤਾ ਕਾਫੀ ਘੱਟ ਹੋ ਜਾਂਦੀ ਸੀ। ਖਾਸ ਕਰਕੇ ਬੱਚਿਆਂ ਦੀ। ਬੱਚੇ ਬਹੁਤ ਅਸਾਨੀ ਨਾਲ ਛੋਟੀਆਂ ਮੋਟੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਸਨ। ਬੀਮਾਰ ਤੇ ਕਮਜੋਰ ਮਾਵਾਂ ਨੂੰ ਪੈਦਾ ਹੋਣ ਵਾਲੇ ਬੱਚੇ ਖੁਦ ਵੀ ਬੀਮਾਰ ਤੇ ਕਮਜੋਰ ਹੁੰਦੇ ਸਨ ਅਤੇ ਧੱਕੇ ਵੀ ਨਹੀਂ ਝੱਲ ਸਕਦੇ ਸਨ। ਵੱਡੇ ਲੋਕ ਕੰਮ ਦੀ ਕਠੋਰਤਾ ਕਾਰਨ ਜਲਦੀ ਹੀ ਬੁੱਢੇ ਹੋ ਜਾਂਦੇ ਸਨ। 40-50 ਸਾਲਾਂ ਤੋਂ ਵੱਧ ਜਿਉਂਦੇ ਰਹਿਣਾ ਬਹੁਤ ਹੀ ਘੱਟ ਲੋਕਾਂ ਦੇ ਨਸੀਬ ਵਿਚ ਹੁੰਦਾ। ਔਰਤਾਂ ਨੂੰ ਇਸ ਤੋਂ ਇਲਾਵਾ ਇਕ ਹੋਰ ਚੀਜ਼ ਦਾ ਸ਼ਿਕਾਰ ਹੋਣਾ ਪੈਂਦਾ ਸੀ। ਅਕਸਰ ਹੀ ਬੱਚੇ ਪੈਦਾ ਕਰਨ ਸਮੇਂ ਉਹਨਾਂ ਦੀ ਮੌਤ ਹੋ ਜਾਂਦੀ ਸੀ। ਇਹਨਾਂ ਸਾਰੀਆਂ ਚੀਜ਼ਾਂ ਦੀ ਸਿੱਟਾ ਇਹ ਹੁੰਦਾ ਸੀ ਕਿ ਬਹੁਤ ਜ਼ਿਆਦਾ ਬੱਚੇ ਪੈਦਾ ਹੋਣ ਪਿਛੋਂ ਵੀ ਜਿਉਂਦੇ ਬਚਣ ਵਾਲੇ ਅਤੇ ਬਾਲਗ ਹੋਣ ਵਾਲੇ ਬੱਚਿਆਂ ਦੀ ਗਿਣਤੀ ਕਾਫੀ ਘੱਟ ਹੁੰਦੀ ਸੀ। ਕਿਸੇ ਦੇ 10-12 ਬੱਚੇ ਹੋਣ ਤੋਂ ਪਿਛੋਂ ਵੀ ਉਸ ਦੇ ਬਾਲਗ ਬੱਚਿਆਂ ਦੀ ਗਿਣਤੀ ਦੋ ਜਾਂ ਤਿੰਨ ਹੀ ਹੁੰਦੀ ਸੀ, ਨਾਲ ਹੀ ਇਕ ਮਨੋਬਿਰਤੀ ਵੀ ਪੈਦਾ ਹੁੰਦੀ ਸੀ ਹਰ ਜੋੜਾ ਚਾਹੁੰਦਾ ਸੀ ਕਿ ਉਹ ਵੱਧ ਤੋਂ ਵੱਧ ਬੱਚੇ ਪੈਦਾ ਕਰੇ ਜਿਹਨਾਂ ਚੋਂ ਘੱਟੋ ਘੱਟ ਕੁਝ ਤਾਂ ਬਚਣ। ਫਿਰ ਇਹ ਗੱਲ ਵੀ ਸੀ ਕਿ ਉਸ ਜਮਾਨੇ 'ਚ ਸਾਰਾ ਕੰਮ ਹੱਥਾਂ ਨਾਲ ਹੁੰਦਾ ਸੀ। ਇਸ ਲਈ ਕੰਮ ਕਰਨ ਵਾਸਤੇ ਵੱਧ ਹੱਥ ਹੋਣੇ ਅੱਛੀ ਗੱਲ ਸੀ, ਬੁਢਾਪੇ 'ਚ ਉਦੋਂ ਬੱਚਿਆਂ ਦਾ ਸਹਾਰਾ ਲਾਜਮੀ ਸੀ। ਇਹਨਾਂ ਸਾਰੇ ਕਾਰਨਾਂ ਨੇ ਧਾਰਮਿਕ ਮਾਣਤਾਵਾਂ ਨੂੰ ਜਨਮ ਦਿੱਤਾ ਕਿ ਬੱਚੇ ਤਾਂ ਰੱਬ ਦੀ ਦਾਤ ਹੁੰਦੇ ਹਨ ਕਿ ਜਿੰਨੇ ਬੱਚੇ ਹੋਣ ਉਨਾ ਅੱਛਾ। ਬਾਂਝ ਹੋਣਾ ਬੁਰੀ ਗੱਲ ਸੀ।

ਪਰ 18ਵੀਂ ਸ਼ਤਾਬਦੀ ਤੋਂ ਸਥਿਤੀਆਂ ਬਦਲਣ ਲੱਗੀਆਂ। ਸਨਅਤੀ ਸਭਿਅਤਾ ਪੈਦਾ ਹੋਈ (ਸਰਮਾਏ ਦੇ ਰੂਪ ਵਿੱਚ) ਗਿਆਨ ਵਿਗਿਆਨ ਦਾ ਵਿਕਾਸ ਤੇਜੀ ਨਾਲ ਹੋਇਆ। ਉਸ ਦੇ ਨਾਲ ਪੈਦਾਵਾਰ ਦਾ ਵੀ। ਇਲਾਜ ਪ੍ਰਣਾਲੀ 'ਚ ਵੀ ਬਹੁਤ ਤਰੱਕੀ ਹੋਈ। ਇਸ ਦੇ ਨਾਲ ਨਾਲ ਸਿਖਿਆ ਵਿੱਚ ਵੀ ਵਿਸਥਾਰ ਹੋਇਆ। ਇਹਨਾਂ ਸਾਰਿਆਂ ਦਾ ਸਿੱਟਾ ਕੁਲ ਮਿਲਾ ਕੇ ਪਹਿਲਾਂ ਅਬਾਦੀ 'ਚ ਤੇਜ ਵਾਧਾ ਅਤੇ

ਪਿਛੋਂ ਠਹਿਰਾਅ ਵਿੱਚ ਅਤੇ ਆਖਰ ਨੂੰ ਗਿਰਾਵਟ ਵਿੱਚ ਨਿਕਲਿਆ। ਪੈਦਾਵਾਰ ਵਧਣ ਕਾਰਨ ਆਮ ਲੋਕਾਂ ਦੇ ਖਾਣ ਪੀਣ ਤੇ ਰਹਿਣ ਸਹਿਣ 'ਚ ਵਾਧਾ ਹੋ ਗਿਆ। ਇਸ ਨਾਲ ਉਹਨਾਂ ਦੇ ਸਰੀਰ ਅੰਦਰਲੇ ਰੋਗਾਂ ਨਾਲ ਲੜਨ ਦੀ ਯੋਗਤਾ ਵੱਧ ਗਈ। ਇਸ ਦੇ ਨਾਲ ਹੀ ਜੋ ਸਭ ਤੋਂ ਮਹੱਤਵਪੂਰਨ ਗੱਲ ਹੋਈ ਉਹ ਇਹ ਕਿ ਕਈ ਬੀਮਾਰੀਆਂ 'ਤੇ ਕਾਬੂ ਪਾ ਲਿਆ ਗਿਆ। ਇਸ ਕਾਰਨ ਬੱਚਿਆਂ ਦੀ ਮੌਤ ਦਰ ਘੱਟ ਗਈ। ਹੁਣ ਵੱਧ ਬੱਚੇ ਜਿਉਂਦੇ ਰਹਿਣ ਲੱਗੇ। ਇਸ ਨਾਲ ਬੰਦੇ ਦੀ ਔਸਤ ਉਮਰ ਵੀ ਵਧ ਗਈ। ਲੋਕ ਵੱਧ ਸਾਲਾਂ ਤਕ ਜਿਉਣ ਲੱਗੇ। ਇਸ ਤਰ੍ਹਾਂ ਜਿਉਂਦੇ ਰਹਿਣ ਵਾਲਿਆਂ ਦੀ ਗਿਣਤੀ ਅਤੇ ਉਹਨਾਂ ਦੀ ਜਿੰਦਗੀ ਦੇ ਸਾਲ ਦੋਨੋ ਵੱਧ ਗਏ। ਦੂਜੇ ਪਾਸੇ ਬੱਚਿਆਂ ਦੇ ਪੈਦਾ ਹੋਣ ਦੀ ਦਰ ਅਜੇ ਔਸਤ ਉਹੀ ਬਣੀ ਰਹੀ। ਲੋਕ ਧਾਰਮਿਕ-ਸਮਾਜਿਕ ਚੇਤਨਾ ਅਨੁਸਾਰ ਇਹੀ ਮੰਨਦੇ ਰਹੇ ਕਿ ਵੱਧ ਤੋਂ ਵੱਧ ਬੱਚੇ ਪੈਦਾ ਕਰਨਾ ਅੱਛੀ ਗੱਲ ਹੈ। ਜੀਵਨ ਦੀਆਂ ਭੌਤਿਕ ਹਾਲਤਾਂ ਬਦਲ ਰਹੀਆਂ ਸਨ ਜਦ ਕਿ ਚੇਤਨਾ ਪਿਛਲੇ ਜਮਾਨੇ ਦੇ ਹਿਸਾਬ ਨਾਲ ਚੱਲ ਰਹੀ ਸੀ। ਇਹਨਾਂ ਸਾਰੇ ਕਾਰਨਾਂ ਦਾ ਸਿੱਟਾ ਇਹ ਹੋਇਆ ਕਿ ਅਬਾਦੀ 'ਚ ਬੇਹੱਦ ਤੇਜ ਵਾਧੇ ਦਾ ਵਿਸਫੋਟ ਹੋਇਆ। ਜੇ 8-10 ਬੱਚਿਆਂ ਵਿਚੋਂ 2-3 ਦੀ ਬਜਾਏ 5-6 ਜਿਉਂਦੇ ਰਹਿਣ ਲੱਗੇ ਅਤੇ ਔਸਤ ਉਮਰ ਵੀ 30-40 ਸਾਲਾਂ ਦੀ ਬਜਾਏ 40-50 ਸਾਲ ਹੋ ਗਈ ਤਾਂ ਅਬਾਦੀ ਦੇ ਵਾਧੇ ਦੀ ਸਹਿਜੇ ਹੀ ਕਲਪਨਾ ਕੀਤੀ ਜਾ ਸਕਦੀ ਸੀ। ਇਹ ਯੂਰਪ 'ਚ ਤੇਜ ਅਬਾਦੀ ਦੇ ਵਾਧੇ ਦਾ ਦੌਰ ਸੀ ਅਠਾਰਵੀਂ-ਉਨੀਵੀਂ ਸਦੀ। ਪਰ ਸਮੇਂ ਦੇ ਨਾਲ ਦੂਜੀ ਚੀਜ ਵੀ ਸ਼ੁਰੂ ਹੋਈ। ਜਿਵੇਂ ਜਿਵੇਂ ਸਰਮਾਏਦਾਰੀ ਸਮਾਜ ਅੱਗੇ ਵਧਿਆ ਤਾਂ ਸਿਖਿਆ ਦਾ ਵਿਸਥਾਰ ਹੋਇਆ। ਲੋਕਾਂ ਦੀ ਸਮਝ 'ਚ ਆਉਣਾ ਸ਼ੁਰੂ ਹੋਇਆ ਕਿ ਵੱਧ ਬੱਚੇ ਫਾਇਦੇ ਦੀ ਬਜਾਏ ਭਾਰੇ ਹੁੰਦੇ ਹਨ ਕਿ ਉਹਨਾਂ ਨੂੰ ਪੜ੍ਹਾ ਲਿਖਾ ਕੇ ਆਪਣੇ ਪੈਰਾਂ 'ਤੇ ਖੜੇ ਕਰਨਾ ਵੱਧ ਬੱਚਿਆਂ 'ਚ ਮੁਸ਼ਕਲ ਹੁੰਦਾ ਹੈ ਅਤੇ ਘੱਟ ਬੱਚੇ ਦੋ ਜਾਂ ਤਿੰਨ ਪੈਦਾ ਹੋਣ 'ਤੇ ਹੀ ਬਚ ਜਾਣਗੇ ਕਿ ਕੋਈ ਜਰੂਰੀ ਨਹੀਂ ਕਿ ਬੱਚੇ ਬੁਢਾਪੇ ਦਾ ਸਹਾਰਾ ਬਣਨ ਕਿ ਵੱਧ ਬੇਹਤਰ ਇਹੀ ਹੈ ਕਿ ਬੱਚੇ ਘੱਟ ਪੈਦਾ ਹੋਣ। ਇਸ ਕਾਰਨ ਕਰਕੇ ਲੋਕਾਂ ਨੇ ਘੱਟ ਬੱਚੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਅੱਠ-ਦਸ ਬੱਚਿਆਂ ਤੋਂ ਘਟਦੇ-ਘਟਦੇ ਇਹ ਗਿਣਤੀ ਦੋ-ਤਿੰਨ ਤਕ ਆ ਗਈ। ਅਬਾਦੀ ਦੇ ਵਾਧੇ ਵਿੱਚ ਤੇਜੀ ਨਾਲ ਗਿਰਾਵਟ ਆਈ। ਯੂਰਪ 'ਚ ਇਹ ਅਮਲ ਉਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ 'ਚ ਹੋਇਆ। ਯੂਰਪ ਦੇ ਕੁਝ ਦੇਸ਼ਾਂ 'ਚ ਇਹ ਮਾਮਲਾ ਦੂਜੀ ਅਤਿ ਤਕ ਜਾ ਪਹੁੰਚਿਆ। ਪੂੰਜੀਵਾਦੀ ਸਭਿਆਚਾਰ ਤੇ ਵਿਵਸਥਾ ਦੇ ਸੰਕਟ ਕਾਰਨ ਕੁਝ ਲੋਕਾਂ ਨੂੰ ਬੱਚੇ ਭਾਰ ਲੱਗਣ ਲੱਗੇ। ਬੱਚਿਆਂ ਦੀ ਦਰ ਪ੍ਰਤੀ ਪ੍ਰੀਵਾਰ ਦੋ ਤੋਂ ਵੀ ਹੇਠਾਂ ਚਲੀ ਗਈ। ਅਬਾਦੀ 'ਚ ਵਾਧਾ ਤਾਂ ਕੀ ਗਿਰਾਵਟ ਆਉਣ ਲੱਗੀ। ਅੱਜ ਯੂਰਪ-ਅਮਰੀਕਾ ਦੇ ਦੇਸ਼ਾਂ ਵਿੱਚ ਅਬਾਦੀ 'ਚ ਤਾਂ ਬੇਹੱਦ ਮਮੂਲੀ ਵਾਧਾ ਹੋ ਰਿਹਾ ਹੈ ਜਾਂ ਉਥੇ ਠਹਿਰਾਅ ਤੇ ਗਿਰਾਵਟ ਹੈ। ਉਹ ਹੈ ਯੂਰਪ ਵਿੱਚ ਅਬਾਦੀ 'ਚ ਵਾਧੇ ਦਾ ਗ੍ਰਾਫ ਅਠਾਰਵੀ ਸਦੀ ਦੇ ਪਹਿਲੇ ਲਗਭਗ ਠਹਿਰਾਅ ਅਠਾਰਵੀਂ-ਉਨੀਵੀਂ ਸਦੀ 'ਚ ਅਬਾਦੀ ਵਿਸਫੋਟ ਤੇ ਵੀਹਵੀਂ ਸਦੀ 'ਚ ਫਿਰ ਠਹਿਰਾਅ। ਇਹ ਰੁਝਾਣ ਦੇ ਨਿਸਚਤ ਕਾਰਨ ਹਨ ਜਿਹਨਾਂ ਦਾ ਵਰਨਣ ਉਪਰ ਕੀਤਾ ਗਿਆ ਹੈ। ਭਾਰਤ ਵਿਚ ਇਹ ਅਮਲ ਵੀਹਵੀਂ ਸਦੀ 'ਚ ਸ਼ੁਰੂ ਹੋਇਆ ਅਤੇ ਅਜੇ ਜਾਰੀ ਹੈ। ਭਾਰਤ 'ਚ ਇਸ ਸਮੇਂ ਅਬਾਦੀ ਵਾਧਾ ਆਪਣੀ ਸਭ ਤੋਂ ਉਚੀ ਸਿਖਰ

’ਤੇ ਪਹੁੰਚ ਕੇ ਹੁਣ ਉਤਰਾਅ ਵੱਲ ਹੈ। ਸਭ ਭਵਿੱਖ ਬਾਣੀਆਂ ਅਨੁਸਾਰ ਇਹ ਇਕੀਵੀਂ ਸਦੀ ਦੇ ਅੱਧ ਤੋਂ ਪਹਿਲਾਂ ਸਥਿਰ ਹੋ ਜਾਵੇਗੀ। ਭਾਰਤ ਵਿੱਚ ਅਬਾਦੀ ਦੇ ਵਾਧੇ ਦੀ ਸ਼ੁਰੂਆਤ ਜਿਥੇ ਅੰਗ੍ਰੇਜ਼ਾਂ ਦੀ ਹਕੂਮਤ ਸਥਾਪਤ ਹੋਣ ਤੋਂ ਬਾਅਦ ਹੋਈ। ਉਸ ਦੇ ਪਹਿਲਾਂ ਇਥੋਂ ਦੀ ਅਬਾਦੀ ਵੀ ਲਗਭਗ ਸਥਿਰ ਸੀ। ਭਾਰਤ ’ਚ ਅੰਗ੍ਰੇਜ਼ਾਂ ਦਾ ਰਾਜ ਸਥਾਪਤ ਹੋਣ ਪਿਛੋਂ ਇਥੇ ਸਾਮਰਾਜੀ ਪੂੰਜੀਵਾਦ ਦਾ ਦਾਖਲਾ ਹੋਇਆ। ਅੰਗ੍ਰੇਜ਼ਾਂ ਨੇ ਆਪਣੀ ਲੁੱਟ ਘਸੁੱਟ ਲਈ ਕੁਝ ਗਿਆਨ-ਵਿਗਿਆਨ ਦਾ ਪਸਾਰ ਕੀਤਾ। ਸਨਅਤੀ ਪੈਦਾਵਾਰ ਦੇ ਨਾਲ ਬਾਕੀ ਪੈਦਾਵਾਰ ’ਚ ਕੁਝ ਵਾਧਾ ਹੋਇਆ। ਇਹਨਾਂ ਸਾਰੇ ਕਾਰਨਾਂ ਕਰਕੇ ਵੀਹਵੀਂ ਸਦੀ ਦੀ ਸ਼ੁਰੂਆਤ ਨਾਲ ਭਾਰਤ ਦੀ ਅਬਾਦੀ ’ਚ ਤੇਜ ਵਾਧਾ ਹੋਇਆ। ਇਸ ਦੇ ਆਮ ਕਾਰਨ ਉਹੀ ਸਨ ਜੋ ਯੂਰਪ ਵਿੱਚ ਸਨ। ਇਹ ਵਾਧਾ 1947 ਦੀ ਸੱਤਾ ਬਦਲੀ ਪਿਛੋਂ ਹੋਰ ਤੇਜ ਹੋ ਗਿਆ। ‘ਆਜ਼ਾਦ’ ਭਾਰਤ ਦੀ ਸਰਕਾਰ ਨੇ ਅਬਾਦੀ ’ਚ ਇਸ ਵਾਧੇ ਨੂੰ ਰੋਕਣ ਲਈ ਕੁਝ ਯਤਨ ਕੀਤੇ। ਉਸ ਦੇ ਇਹ ਯਤਨ ਨਾ ਕਾਫੀ ਹੀ ਨਹੀਂ ਬਲਕਿ ਇਕ ਤਰ੍ਹਾਂ ਨਾਲ ਬੇਕਾਰ ਤੇ ਜਬਰੀ (ਇਕ ਪਾਸੜ) ਸਨ। ਇਹ ਕਾਫੀ ਹੱਦ ਤਕ ਜੁਬਾਨੀ ਪ੍ਰਚਾਰ ਤਕ ਸੀਮਤ ਸਨ। ਜਿਵੇਂ ਕਿ ਯੂਰਪ ਸਬੰਧੀ ਹੋਇਆ। ਅਬਾਦੀ ’ਚ ਵਿਸਫੋਟ ਨੂੰ ਤਾਂ ਹੀ ਰੋਕਿਆ ਜਾ ਸਕਦਾ ਸੀ ਜਦ ਬੱਚਿਆਂ ਦੇ ਪੈਦਾ ਹੋਣ ਦੀ ਦਰ ਨੂੰ ਘੱਟ ਕੀਤਾ ਜਾਂਦਾ। ਪਰ ਇਸ ਦੇ ਲਈ ਲੋਕਾਂ ’ਚ ਨਵੀਂ ਚੇਤਨਾ ਦਾ ਪੈਦਾ ਹੋਣਾ ਲਾਜਮੀ ਸੀ। ਇਹ ਚੇਤਨਾ ਤਾਂ ਹੀ ਪੈਦਾ ਹੋ ਸਕਦੀ ਸੀ ਜੇ ਲੋਕ ਸਿਖਿਅਤ ਹੁੰਦੇ ਅਤੇ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਆਸਵੰਦ ਹੁੰਦੇ ਕਿ ਭੁੱਖਮਰੀ ਉਹਨਾਂ ਦੇ ਬੱਚੇ ਨਹੀਂ ਖੋਹ ਸਕੇਗੀ। ਯਾਨੀ ਭੁੱਖਮਰੀ ਖਤਮ ਕਰਨਾ ਤੇ ਸਿਖਿਆ ਦੇਣਾ ਅਬਾਦੀ ਕੰਟਰੋਲ ਲਈ ਜਰੂਰੀ ਹੈ। ਸਮਾਜ ’ਚ ਏਨੀ ਭੁੱਖਮਰੀ ਤਾਂ ਘੱਟ ਗਈ ਕਿ ਵੱਧ ਬੱਚੇ ਜਿਉਂਦੇ ਰਹਿਣ ਲੱਗੇ ਪਰ ਉਹ ਏਨੀ ਘੱਟ ਨਹੀਂ ਹੋਈ ਕਿ ਘੱਟ ਬੱਚੇ ਪੈਦਾ ਕੀਤੇ ਜਾਣ। ਪਰ 1947 ਤੋਂ ਬਾਅਦ ਦੀ ਅਰਧ ਜਾਗੀਰੂ ਅਰਧ ਬਸਤੀਵਾਦੀ ਵਿਵਸਥਾ ਤੇ ਸਰਕਾਰ ਨੇ ਠੀਕ ਇਹਨਾਂ ਦੋਨਾ ਕੰਮਾਂ ਨੂੰ ਨਹੀਂ ਕੀਤਾ। ਇਸ ਨੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਹੱਕ ’ਚ ਵਿਕਾਸ ਦਾ ਜੋ ਮਾਡਲ ਅਪਣਾਇਆ ਉਸ ਨਾਲ ਭੁੱਖਮਰੀ ਤੇ ਅਨਪੜ੍ਹਤਾ ਦੋਨੋ ਹੀ ਜਿਉਂ ਦੇ ਤਿਉਂ ਬਣੇ ਰਹੇ। ਇਸ ’ਚ ਤੇਜ ਗਿਰਾਵਟ ਨਹੀਂ ਆਈ ਅਤੇ ਇਸ ਕਾਰਨ ਅਬਾਦੀ ਵਾਧੇ ’ਚ ਤੇਜੀ ਨਾਲ ਗਿਰਾਵਟ ਨਹੀਂ ਆਈ। ਇਸ ਸਭ ਦੇ ਬਾਵਜੂਦ ਸਮਾਜ ’ਚ ਜੋ ਚੇਤਨਾ ਦਾ ਪਸਾਰ ਹੋਇਆ, ਲੋਕਾਂ ਨੇ ਆਪਣੇ ਅਨੁਭਵ ’ਚੋਂ ਜੋ ਸਿਖਿਆ ਤੇ ਜੋ ਕੁਝ ਸਰਕਾਰੀ ਯਤਨਾਂ ਦੇ ਬਾਵਜੂਦ ਵੀ ਬੱਚੇ ਪੈਦਾ ਹੋਣ ਦੀ ਦਰ ’ਚ ਕਮੀ ਆਈ। ਭਾਰਤ ਦੀ ਅਬਾਦੀ ’ਚ ਵਾਧਾ ਉਸ ਵੱਲ ਵਧਣ ਲੱਗਿਆ ਕਿ ਉਹ 30-40 ਸਾਲਾਂ ਵਿੱਚ ਸਥਿਰ ਹੋ ਜਾਵੇ। 1961-71 ਵਿਚਕਾਰ ਹੋਣ ਵਾਲੀ 2.21 ਫੀਸਦੀ ਦੀ ਸਲਾਨਾ ਵਾਧਾ ਦਰ 1991-01 ਦੇ ਵਿਚਕਾਰ ਘੱਟ ਕੇ 1.95 ਫੀਸਦੀ ਰਹਿ ਗਈ। 1991-01 ’ਚ ਪ੍ਰਤੀ ਔਰਤ ਬੱਚੇ ਪੈਦਾ ਹੋਣ ਦੀ ਦਰ ਹਿੰਦੂਆਂ ’ਚ 3.6 ਅਤੇ ਮੁਸਲਮਾਨਾਂ ’ਚ 4.6 ਸੀ। ਇਸ ਦੇ (ਦੋਨਾ ’ਚ) 2040 ਤਕ ਘਟ ਕੇ 2.1 ਤਕ ਸੀਮਤ ਰਹਿ ਜਾਣ ਦੀ ਸੰਭਾਵਨਾ ਹੈ। ਉਪਰੋਕਤ ਤੋਂ ਸਪਸ਼ਟ ਹੈ ਕਿ ਭਾਰਤ ਦੀ ਅਬਾਦੀ ਬਹੁਤ ਜ਼ਿਆਦਾ ਘਟ ਜਾਣ ਦਾ ਸਰਕਾਰੀ ਪ੍ਰਚਾਰਾਂ ਅਤੇ ਮੁਸਲਮਾਨਾਂ ਦੀ ਅਬਾਦੀ ਬਹੁਤ ਜ਼ਿਆਦਾ ਵੱਧ ਜਾਣ ਦਾ ਸੰਘੀ ਪ੍ਰਚਾਰ ਦੋਨੋਂ ਕਿਸ ਹੱਦ ਤਕ ਭਰਮਾਊ ਹਨ।

ਭਾਰਤ ਦੀ ਅਬਾਦੀ ਦੇ ਇਸ ਸਦੀ ਦੇ ਅੱਧ ਤਕ ਡੇਢ ਅਰਬ ਦੇ ਨੇੜ-ਤੇੜ ਸਥਿਰ ਹੋ ਜਾਣ ਦੀ ਸੰਭਾਵਨਾ ਹੈ ਜੇ ਇਸ ਨੂੰ ਹੋਰ ਘੱਟ ਰੱਖਣਾ ਹੈ ਤਾਂ ਭਾਰਤ ਸਰਕਾਰ ਨੂੰ ਇਹ ਕਰਨਾ ਚਾਹੀਦਾ ਹੈ ਜੋ ਉਸ ਨੇ ਅੱਜ ਤਕ ਨਹੀਂ ਕੀਤਾ। ਯਾਨੀ ਦੇਸ਼ 'ਚ ਭੁੱਖਮਰੀ ਤੇ ਅਨਪੜ੍ਹਤਾ ਦਾ ਖਾਤਮਾ। ਦੇਸ਼ 'ਚ ਭੁੱਖਮਰੀ ਤੇ ਅਨਪੜ੍ਹਤਾ ਲਈ ਸਰਮਾਏਦਾਰ ਜਮਾਤ ਤੇ ਸਰਕਾਰ ਜ਼ਿੰਮੇਵਾਰ ਹੈ। ਜਦ ਤਕ ਭੁੱਖਮਰੀ ਤੇ ਅਨਪੜ੍ਹਤਾ ਵਿਆਪਕ ਪੈਮਾਨੇ 'ਤੇ ਮੌਜੂਦ ਹੈ, ਤਦ ਤਕ ਅਬਾਦੀ ਵਾਧੇ 'ਤੇ ਤੇਜੀ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ। ਸਿਰਫ ਉਪਦੇਸ਼ ਦੇਣ ਨਾਲ ਲੋਕ ਘੱਟ ਬੱਚੇ ਪੈਦਾ ਨਹੀਂ ਕਰਨਗੇ। ਅਬਾਦੀ ਦੇ ਬਹੁਤ ਜ਼ਿਆਦਾ ਹੋਣ ਦਾ ਸ਼ੋਰ ਦਲਾਲ ਨੌਕਰਸ਼ਾਹ ਸਰਮਾਏਦਾਰੀ ਤੇ ਉਸ ਦੀ ਸਰਕਾਰ ਇਸ ਲਈ ਪਾਉਂਦੇ ਹਨ ਕਿ ਉਹ ਲੋਕਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਚ ਸਕਣ। ਦੇਸ਼ ਦੀਆਂ ਸਮੱਸਿਆਵਾਂ ਲਈ ਵਧਦੀ ਅਬਾਦੀ ਜ਼ਿੰਮੇਵਾਰ ਹੈ ਅਤੇ ਵਧਦੀ ਅਬਦੀ ਲਈ ਖੁਦ ਲੋਕ ਇਹ ਕਹਿਕੇ ਸਰਮਾਏਦਾਰ ਜਮਾਤ ਤੇ ਉਹਨਾਂ ਦੀ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਚ ਜਾਂਦੇ ਹਨ। ਲੋਕ ਆਪਣੇ ਆਪ ਨੂੰ ਕੋਸਦੇ ਰਹਿ ਜਾਂਦੇ ਹਨ ਤੇ ਸਰਮਾਏਦਾਰਾਂ ਦੀ ਦੌਲਤ ਵਧਦੀ ਜਾਂਦੀ ਹੈ। ਜਿਥੋਂ ਤਕ ਮੁਸਲਮਾਨਾਂ ਦੀ ਗਿਣਤੀ ਦਾ ਸੁਆਲ ਹੈ। ਦੇਸ਼ 'ਚ ਉਹਨਾਂ ਦਾ ਅਨੁਪਾਤ ਅਬਾਦੀ ਦੇ ਸਥਿਰ ਹੋਣ ਤਕ ਵੀ ਵਧ ਤੋਂ ਵਧ 17-18 ਫੀਸਦੀ ਤਕ ਪੁੱਜੇਗਾ ਮੌਜੂਦਾ 12.4 ਫੀਸਦੀ ਦੇ ਮੁਕਾਬਲੇ। ਇਹ ਗੱਲ ਝੂਠ ਹੈ ਕਿ ਮੁਸਲਮਾਨ ਗਰਭਨਿਰੋਧਕ ਸਾਧਨ ਨਹੀਂ ਵਰਤਦੇ ਤੇ ਉਹ ਧਾਰਮਕ ਕਾਰਨਾਂ ਕਰਕੇ ਵੱਧ ਬੱਚੇ ਪੈਦਾ ਕਰਨਾ ਚਾਹੁੰਦੇ ਹਨ। ਗਰਭ ਨਿਰੋਧਕ ਤਰੀਕਿਆਂ ਦੀ ਵਰਤੋਂ ਹਿੰਦੂਆਂ 'ਚ 50 ਫੀਸਦੀ ਜਦਕਿ ਮੁਸਲਮਾਨਾਂ 'ਚ 40 ਫੀਸਦੀ। ਇਸ 'ਚ ਅੜਿਕਾ ਸਿਰਫ ਭੁੱਖਮਰੀ ਤੇ ਅਨਪੜ੍ਹਤਾ ਹੈ। ਔਸਤਨ ਦੇਸ਼ ਦੀ ਮੁਸਲਮਾਨ ਔਰਤ ਹਿੰਦੂ ਔਰਤ ਦੇ ਮੁਕਾਬਲੇ ਬਸ ਇਕ ਬੱਚਾ ਵੱਧ ਪੈਦਾ ਕਰਦੀ ਹੈ। ਪ੍ਰਤੀ ਔਰਤ ਹਿੰਦੂਆਂ 'ਚ ਬੱਚੇ ਪੈਦਾ ਹੋਣ ਦੀ ਦਰ 3.6 ਹੈ ਅਤੇ ਮੁਸਲਮਾਨਾਂ 'ਚ 4.6। ਦੇਸ਼ 'ਚ ਅਜਿਹੇ ਕਈ ਸੂਬੇ ਹਨ ਮੁਸਲਮਾਨ ਔਰਤਾਂ ਦੇ ਬੱਚਿਆਂ ਦੀ ਦਰ 3.6 ਤੋਂ ਹੇਠਾਂ ਹੈ। ਯਾਨੀ ਹਿੰਦੂ ਔਰਤਾਂ ਦੀ ਕੌਮੀ ਔਸਤ ਤੋਂ ਘੱਟ ਬੱਚੇ ਪੈਦਾ ਕਰਦੀ ਹੈ। ਇਹ ਸੂਬੇ ਕਿਹੜੇ ਹਨ? ਉਹ ਸੂਬੇ ਜਿਥੇ ਭੁੱਖਮਰੀ ਘੱਟ ਹੈ ਤੇ ਸਾਖਰਤਾ ਜ਼ਿਆਦਾ ਹੈ। ਇਹ ਵੀ ਸਾਫ ਹੈ ਕਿ ਪੜ੍ਹੀਆਂ ਲਿਖੀਆਂ ਮੁਸਲਮਾਨ ਔਰਤਾਂ ਅਨਪੜ੍ਹ ਹਿੰਦੂ ਔਰਤਾਂ ਦੇ ਮੁਕਾਬਲੇ ਘੱਟ ਬੱਚੇ ਪੈਦਾ ਕਰਦੀਆਂ ਹਨ। 1992-93 ਦੇ ਇਕ ਸਰਵੇਖਣ ਅਨੁਸਾਰ ਇਕ ਅਨਪੜ੍ਹ ਹਿੰਦੂ ਔਰਤ 3.9 ਬੱਚੇ ਪੈਦਾ ਕਰ ਰਹੀ ਸੀ। ਜਦ ਕਿ ਪੜ੍ਹੀ ਲਿਖੀ ਮੁਸਲਮਾਨ ਔਰਤ 3.0 ਇਥੇ ਜੇ ਵਾਰ ਵਾਰ ਔਰਤਾਂ ਦੀ ਗੱਲ ਕੀਤੀ ਜਾ ਰਹੀ ਹੈ ਤੇ ਮਰਦਾਂ ਦੀ ਨਹੀਂ ਤਾਂ ਸਿਰਫ ਇਸ ਕਾਰਨ ਕਿ ਸਭ ਅੰਕੜੇ ਇਸ ਰੂਪ ਵਿਚ ਮੁਹਈਆ ਹਨ। ਇਥੇ ਬੱਚਿਆਂ ਦੇ ਪੈਦਾ ਹੋਣ ਲਈ ਔਰਤਾਂ ਦੇ ਜ਼ਿੰਮੇਵਾਰ ਹੋਣ ਦੀ ਗੱਲ ਨਹੀਂ ਹੈ। ਬਲਕਿ ਔਰਤਾਂ ਤਾਂ ਅਕਸਰ ਮਰਦ ਤੇ ਪ੍ਰੀਵਾਰ ਇਛਾ ਅਨੁਸਾਰ ਹੀ ਚਲਦੀਆਂ ਹਨ।

ਇਸ ਸਭ ਦੇ ਬਾਵਜੂਦ ਜੇ ਮੁਸਲਮਾਨਾਂ ਦੀ ਵਾਧਾ ਦਰ ਜ਼ਿਆਦਾ ਹੈ ਤੇ ਇਸ 'ਚ ਹਿੰਦੂਆਂ ਜਿੰਨੀ ਗਿਰਾਵਟ ਨਹੀਂ ਹੈ ਤਾਂ ਸਿਰਫ ਇਸ ਕਾਰਣ ਕਿ ਮੁਸਲਮਾਨਾਂ 'ਚ ਔਸਤ ਗਰੀਬੀ ਤੇ ਅਨਪੜ੍ਹਤਾ ਵੱਧ ਹੈ। ਮੁਸਲਮਾਨਾਂ ਬਾਰੇ ਸੰਘੀ ਪ੍ਰੀਵਾਰ ਦੇ ਪ੍ਰਚਾਰ ਦੇ ਬਾਵਜੂਦ ਸਚਾਈ ਇਹੀ ਹੈ ਕਿ ਤਬਕੇ ਵਜੋਂ ਮੁਸਲਮਾਨਾਂ 'ਚ ਗਰੀਬੀ ਤੇ

ਅਨਪੜ੍ਹਤਾ ਵੱਧ ਹੈ। ਖੁਦ ਹਿੰਦੂਆਂ 'ਚ ਵੀ ਦਲਿਤ ਜਾਤੀਆਂ ਦੀ ਅਬਾਦੀ ਵਾਧਾ ਵੱਧ ਹੈ ਅਤੇ ਇਹ ਮੁਸਲਮਾਨ ਵਾਧਾ ਦਰ ਦੇ ਆਸ-ਪਾਸ ਹੈ। ਇਸ ਦਾ ਵੀ ਇਹੀ ਕਾਰਨ ਹੈ ਕਿ ਦਲਿਤਾਂ 'ਚ ਗਰੀਬੀ ਤੇ ਅਣਪੜ੍ਹਤਾ ਵੱਧ ਹੈ। ਇਸ ਤਰ੍ਹਾਂ ਵੇਖਿਆ ਜਾਵੇ ਤਾਂ ਸੰਘ ਪ੍ਰੀਵਾਰ ਦਾ ਇਹ ਪ੍ਰਚਾਰ ਕਿ ਮੁਸਲਮਾਨ ਜਾਣ-ਬੁਝ ਕੇ ਆਪਣੀ ਅਬਾਦੀ ਵਧਾ ਰਹੇ ਹਨ। ਜਿਸ ਨਾਲ ਉਹ ਦੇਸ਼ ਦੇ ਬਹੁਗਿਣਤੀ ਬਣ ਜਾਣ, ਹਿਟਲਰੀ ਪ੍ਰਚਾਰ ਤੋਂ ਵੱਧ ਕੁਝ ਨਹੀਂ ਹੈ। ਮੁਸ਼ਕਲ ਨਾਲ 10 ਫੀਸਦੀ ਮੁਸਲਮਾਨ ਹਨ ਜੋ ਧਾਰਮਿਕ ਕਾਰਨਾਂ ਕਰਕੇ ਗਰਭ ਨਿਰੋਧਕ ਸਾਧਨਾਂ ਦੀ ਵਰਤੋਂ ਨਹੀਂ ਕਰਦੇ। ਪਰ ਉਹ ਵੀ ਬਹੁਗਿਣਤੀ ਬਣ ਜਾਣ ਦੀ ਮਾਨਸਿਕਤਾ ਨਾਲ ਅਜਿਹਾ ਕਰਦੇ ਹੋਣ ਐਸਾ ਨਹੀਂ ਹੈ।

ਅਬਾਦੀ ਦੇ ਉਤਰਾਅ ਚੜ੍ਹਾਅ ਦੇ ਰਾਜਸੀ ਅਰਥਸਾਸ਼ਤਰ ਦੀ ਸਹੀ ਸਮਝ ਵਿਆਪਕ ਹਿੰਦੂ ਜਨਮਾਨਸ ਤੋਂ ਸੰਘੀ ਪ੍ਰੀਵਾਰ ਨੂੰ ਖੋ ਸਕਦੀ ਹੈ। ਇਸ ਤਰ੍ਹਾਂ ਪੂੰਜੀਵਾਦ ਦੇ ਰਾਜਸੀ ਅਰਥਸ਼ਾਸਤਰ ਦੀ ਸਹੀ ਸਮਝ ਆਮ ਮੇਹਨਤਕਸ਼ ਲੋਕਾਂ ਨੂੰ ਦਸ ਸਕਦੀ ਹੈ ਕਿ ਕਿਉਂ ਪੂੰਜੀਵਾਦੀ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਮੇਹਨਤਕਸ਼ ਹੋਰ ਗਰੀਬ।

ਅਬਾਦੀ 'ਚ ਵਾਧਾ ਦਰ ਚਾਹੇ ਜੋ ਮਰਜੀ ਹੋਵੇ।

# ਕੀ ਹੈ ਔਰਤ ਮਸਲੇ ਦਾ ਸਮਾਜਕ ਅਧਾਰ?

ਔਰਤ ਮਸਲੇ ਦਾ ਇਕ ਪਹਿਲੂ ਹੈ ਵਿਆਹ ਤੇ ਪ੍ਰੀਵਾਰ ਦੀ ਸਮੱਸਿਆ। ਇਸ ਗੁੰਝਲਦਾਰ ਸੁਆਲ ਦੇ ਹੱਲ ਦਾ ਮਹੱਤਵ ਔਰਤਾਂ ਦੀ ਅਸਲੀ ਮੁਕਤੀ ਨਾਲ ਜੁੜਿਆ ਰਾਜਸੀ ਅਧਿਕਾਰਾਂ ਲਈ ਸੰਘਰਸ਼ ਡਾਕਟਰੇਟ ਅਤੇ ਦੂਜੀਆਂ ਸਿਖਿਆ ਡਿਗਰੀਆਂ ਹਾਸਲ ਕਰਨ ਦਾ ਅਧਿਕਾਰ ਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਅਧਿਕਾਰ ਆਦਿ ਬਰਾਬਰੀ ਲਈ ਸੰਘਰਸ਼ ਦਾ ਪੂਰਨ ਯੋਗ ਨਹੀਂ ਹੈ। ਔਰਤ ਨੂੰ ਅਜ਼ਾਦ ਹੋਣ ਲਈ ਪ੍ਰੀਵਾਰ ਦੇ ਮੌਜੂਦਾ ਰੂਪਾਂ ਦੀਆਂ ਜ਼ੰਜੀਰਾਂ ਨੂੰ ਤੋੜਨਾ ਪਵੇਗਾ। ਇਹ ਰੂਪ ਦਮਨਕਾਰੀ ਹਨ। ਔਰਤ ਲਈ ਪ੍ਰੀਵਾਰ ਦੇ ਸੁਆਲ ਦਾ ਹੱਲ ਰਾਜਸੀ ਬਰਾਬਰੀ ਤੇ ਆਰਥਕ ਅਜਾਦੀ ਹਾਸਲ ਕਰਨ ਦੀ ਤੁਲਨਾ ਵਿਚ ਘੱਟ ਮਹੱਤਵਪੂਰਣ ਨਹੀਂ ਹੈ। ਮੌਜੂਦਾ ਪ੍ਰੀਵਾਰ 'ਚ ਜਿਸ ਦਾ ਢਾਂਚਾ ਰੀਤੀ-ਰਿਵਾਜਾਂ ਤੇ ਕਨੂੰਨਾਂ ਰਾਹੀਂ ਮਜਬੂਤ ਬਣਾਇਆ ਔਰਤਾਂ ਨਾ ਸਿਰਫ ਵਿਅਕਤੀ ਵਜੋਂ ਬਲਕਿ ਪਤਨੀ ਤੇ ਮਾਂ ਵਜੋਂ ਵੀ ਪੀੜਤ ਹੁੰਦੀਆਂ ਹਨ। ਸਭਿਅਕ ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ 'ਨਾਗਰਿਕ ਕਨੂੰਨ' ਔਰਤਾਂ ਨੂੰ ਆਪਣੇ ਪਤੀ 'ਤੇ ਘੱਟ ਜਾਂ ਵੱਧ ਨਿਰਭਰ ਬਣਾਉਂਦੇ ਹਨ ਅਤੇ ਪਤੀ ਨੂੰ ਨਾ ਸਿਰਫ ਆਪਣੀ ਜਾਇਦਾਦ 'ਤੇ ਕੰਟਰੋਲ ਰੱਖਣ ਦਾ ਅਧਿਕਾਰ ਬਲਕਿ ਉਸ ਉਪਰ ਨੈਤਿਕ ਜਾਂ ਭੌਤਿਕ ਦਾਬੇ ਦੇ ਅਧਿਕਾਰ ਵੀ ਦਿੰਦੇ ਹਨ। ਜਿਥੇ ਔਰਤਾਂ ਦੀ ਅਧਿਕਾਰਿਤ ਤੇ ਕਨੂੰਨੀ ਗੁਲਾਮੀ ਖਤਮ ਹੁੰਦੀ ਹੈ। ਉਥੇ ਹੀ "ਲੋਕਾਂ ਦੀ ਰਾਇ" (ਪਬਲਿਕ ਔਪੀਨੀਅਨ) ਦੀ ਤਾਕਤ ਸ਼ੁਰੂ ਹੋ ਜਾਂਦੀ ਹੈ। ਇਸ "ਲੋਕਾਂ ਦੀ ਰਾਇ" ਨੂੰ ਸਰਮਾਏਦਾਰੀ ਜਮਾਤ ਵਲੋਂ "ਜਾਇਦਾਦ ਦੀ ਪਵਿੱਤਰ ਸੰਸਥਾ" ਨੂੰ ਬਣਾਈ ਰੱਖਣ ਦੇ ਮਕਸਦ ਨਾਲ ਨਿਰਮਿਤ ਕੀਤਾ ਜਾਂਦਾ ਹੈ। ਦੋਹਰੀ ਨੈਤਿਕਤਾ ਦਾ ਪਖੰਡ ਇਕ ਦੂਜਾ ਹਥਿਆਰ ਹੈ। ਸਰਮਾਏਦਾਰੀ ਸਮਾਜ ਆਪਣੀਆਂ ਆਰਥਕ ਬੁਰਾਈਆਂ ਦੇ ਨਾਲ ਉਸ ਦੀ ਮਜਦੂਰੀ ਨੂੰ ਬਹੁਤ ਘੱਟ ਰੇਟਾਂ 'ਤੇ ਦੇ ਕੇ ਔਰਤ ਨੂੰ ਕੁਚਲਦਾ ਹੈ। ਔਰਤ ਆਪਣੇ ਹਿੱਤਾਂ ਦੀ ਰਾਖੀ ਲਈ ਆਵਾਜ਼ ਉਠਾਉਣ ਦੇ ਨਾਗਰਿਕ ਅਧਿਕਾਰਾਂ ਤੋਂ ਵੰਚਿਤ ਕੀਤੀ ਜਾਂਦੀ ਹੈ। ਇਸ ਦੀ ਬਜਾਏ ਉਸ ਨੂੰ ਸਿਰਫ ਦੋ ਹੀ ਵਿਕਲਪ ਦਿੱਤੇ ਜਾਂਦੇ ਹਨ। ਜਾਂ ਤਾਂ ਉਹ ਵਿਆਹ ਦੇ ਬੰਧਨ ਨੂੰ ਸਵੀਕਾਰ ਕਰੇ ਜਾਂ ਵੇਸਵਾ ਬਣੇ। ਵੇਸ਼ਵਾ ਬਿਰਤੀ ਅਜੇਹਾ ਪੇਸ਼ਾ ਹੈ ਜਿਸ ਨੂੰ ਜਨਤਕ ਤੌਰ 'ਤੇ ਘ੍ਰਿਣਾ ਕੀਤੀ ਜਾਂਦੀ ਹੈ ਅਤੇ ਰੋਕ ਲਾਈ ਜਾਂਦੀ ਹੈ। ਪਰ ਗੁਪਤ ਤੌਰ 'ਤੇ ਉਸ ਨੂੰ ਹੱਲਾਸ਼ੇਰੀ ਤੇ ਹਮਾਇਤ ਦਿੱਤੀ ਜਾਂਦੀ ਹੈ। ਕੀ ਮੌਜੂਦਾ ਪ੍ਰੀਵਾਰਿਕ, ਢਾਂਚੇ ਅੰਦਰ ਉਹਨਾਂ ਦੀ ਸਥਿਤੀ ਸਬੰਧੀ ਵਿਆਹਿਕ ਜੀਵਨ ਦੇ ਕਾਲੇ ਪੱਖਾਂ ਅਤੇ ਔਰਤਾਂ ਵਲੋਂ ਝੱਲੇ ਤਸੀਹਿਆਂ 'ਤੇ ਲਾਜਮੀ ਜੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਬਾਰੇ ਪਹਿਲਾਂ ਹੀ ਬਹੁਤ ਜ਼ਿਆਦਾ ਲਿਖਿਆ ਤੇ ਕਿਹਾ ਜਾ ਚੁਕਿਆ ਹੈ। ਵਿਆਹੁਤਾ ਤੇ ਪ੍ਰੀਵਾਰਿਕ ਜੀਵਨ ਸਬੰਧੀ ਸਾਹਿਤ ਪਹਿਲਾਂ ਤੋਂ ਹੀ ਅਵਸਾਦ ਪੈਦਾ ਕਰਨ ਵਾਲੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ। ਕਿੰਨੇ ਮਨੋਵਿਗਿਆਨਕ ਨਾਟਕ ਰਚੇ ਜਾਂਦੇ ਹਨ। ਕਿੰਨੀਆਂ ਵੱਧ ਜ਼ਿੰਦਗੀਆਂ ਅਪਾਹਜ ਬਣਾਈਆਂ ਜਾਂਦੀਆਂ ਹਨ। ਇਥੇ ਸਿਰਫ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਘੱਟ ਜਾਂ ਵੱਧ ਹੱਦ ਤਕ ਮੌਜੂਦਾ ਪ੍ਰੀਵਾਰਿਕ ਢਾਂਚਾ ਸਭ ਵਰਗਾਂ ਤੇ ਅਬਾਦੀ ਦੇ ਸਾਰੇ ਹਿਸਿਆਂ ਦੀਆਂ ਔਰਤਾਂ ਦੀ ਲੁੱਟ ਖਸੁੱਟ ਕਰਦਾ ਹੈ। ਅਬਾਦੀ ਦੇ ਕਿਸੇ ਵੀ ਤਬਕੇ ਦੀਆਂ

ਨੌਜਵਾਨ ਮਾਵਾਂ ਨੂੰ ਰੀਤੀ ਰਿਵਾਜਾਂ 'ਤੇ ਰਵਾਇਤਾਂ ਕਾਰਣ ਦਰਦ ਸਹਿਣ ਕਰਨਾ ਪੈਂਦਾ ਹੈ। ਕਨੂੰਨ ਪੂੰਜੀਵਾਦੀ ਔਰਤਾਂ, ਮਜਦੂਰ ਔਰਤਾਂ ਤੇ ਕਿਸਾਨ ਔਰਤਾਂ ਨੂੰ ਆਪਣੇ ਪਤੀ ਦੇ ਦਾਬੇ ਹੇਠ ਰਖਦਾ ਹੈ। ਤਦ ਕੀ ਅੰਤ 'ਚ ਅਸੀਂ ਇਹ ਨਹੀਂ ਖੋਜ ਲਿਆ ਕਿ ਔਰਤ ਸੁਆਲ ਦੇ ਇਸ ਪਹਿਲੂ 'ਤੇ ਸਭ ਵਰਗਾਂ ਦੀਆਂ ਔਰਤਾਂ ਇਕਜੁੱਟ ਹੋ ਸਕਦੀਆਂ ਹਨ? ਕੀ ਆਪਣੀ ਲੁੱਟ ਖਸੁੱਟ ਦੀਆਂ ਹਾਲਤਾਂ ਵਿਰੁੱਧ ਉਹ ਮਿਲਜੁਲ ਕੇ ਸੰਘਰਸ਼ ਨਹੀਂ ਕਰ ਸਕਦੀਆਂ? ਕੀ ਇਹ ਸੰਭਵ ਨਹੀਂ ਹੈ ਕਿ ਇਸ ਮਾਮਲੇ 'ਚ ਔਰਤਾਂ ਜੋ ਤਕਲੀਫ ਤੇ ਦਰਦ ਝਲਦੀਆਂ ਹਨ। ਉਹ ਜਮਾਤੀ ਵਿਰੋਧ ਦੇ ਪੰਜੇ ਨੂੰ ਕਮਜ਼ੋਰ ਕਰਦਾ ਹੈ ਅਤੇ ਵੱਖ ਵੱਖ ਖੇਮੇ ਦੀਆਂ ਔਰਤਾਂ ਲਈ ਇਕੋ ਜਿਹੀਆਂ ਉਮੀਦਾਂ ਤੇ ਇਕੋ ਜਿਹੀ ਕਾਰਵਾਈ ਦੇ ਮੌਕੇ ਮੁਹਈਆ ਕਰਵਾਉਂਦਾ ਹੈ? ਕੀ ਇਹਨਾਂ ਇਕੋ ਜਿਹੀਆਂ ਇਛਾਵਾਂ ਤੇ ਉਦੇਸ਼ਾਂ ਦੇ ਅਧਾਰ 'ਤੇ ਪੂੰਜੀਵਾਦੀ ਔਰਤਾਂ ਤੇ ਮਜਦੂਰਾਂ ਔਰਤਾਂ ਵਿਚਕਾਰ ਸਹਿਯੋਗ ਸੰਭਵ ਹੋ ਸਕਦਾ ਹੈ? ਵਿਆਹ ਤੋਂ ਵੱਧ ਆਜ਼ਾਦ ਰੂਪਾਂ ਅਤੇ ਮਾਤਰਿਤਵ ਦੇ ਅਧਿਕਾਰਾਂ ਲਈ ਨਾਰੀਵਾਦੀ ਔਰਤਾਂ ਸੰਘਰਸ਼ ਕਰ ਰਹੀਆਂ ਹਨ। ਉਹ ਵੇਸਵਾ ਦੀ ਰਾਖੀ ਲਈ ਆਪਣੀਆਂ ਆਵਾਜਾਂ ਉਠਾ ਰਹੀਆਂ ਹਨ। ਨਾਰੀਵਾਦੀ ਸਾਹਿਤ ਸਬੰਧਾਂ ਦੇ ਨਵੇਂ ਰੂਪਾਂ ਦੀ ਖੋਜ ਨਾਲ ਅਤੇ ਲਿੰਗਾਂ ਵਿਚਕਾਰ ਨੈਤਿਕ ਬਰਾਬਰੀ ਦੀਆਂ ਉਤਸ਼ਾਹਪੂਰਣ ਮੰਗਾਂ ਨਾਲ ਭਰਿਆ ਪਿਆ ਹੈ। ਕੀ ਇਹ ਸਹੀ ਨਹੀਂ ਹੈ ਕਿ ਆਰਥਕ ਮੁਕਤੀ ਦੇ ਖੇਤਰ ਵਿੱਚ ਪੂੰਜੀਵਾਦੀ ਔਰਤਾਂ ਮਜ਼ਦੂਰ ਔਰਤਾਂ ਦੀ ਲੱਖਾਂ ਦੀ ਮਜ਼ਬੂਤ ਫੌਜ ਤੋਂ ਕਾਫੀ ਪਿਛੇ ਹਨ? ਪਰ ਪ੍ਰੀਵਾਰ ਦੇ ਸੁਆਲ ਦੇ ਹੱਲ ਦੀ ਲੜਾਈ 'ਚ ਨਾਰੀਵਾਦੀਆਂ ਦੇ ਗੁਣ ਗਾਏ ਜਾਂਦੇ ਹਨ। ਪੂੰਜੀਵਾਦੀ ਔਰਤਾਂ ਰਵਾਇਤੀ ਚਰਚ ਵਾਲੀ ਸ਼ਾਦੀ ਦੇ ਦ੍ਰਿੜ ਪ੍ਰੀਵਾਰ ਦੀ ਥਾਂ 'ਤੇ ਵੱਧ ਲਚਕੀਲੀ ਕਿਸਮ ਦੇ ਸਬੰਧਾਂ ਵੱਲ ਹਿੰਮਤ ਨਾਲ ਅੱਗੇ ਵਧਦੀਆਂ ਹਨ। ਇਹ ਇਸ ਸਮਾਜਕ ਤਬਕੇ ਦੀਆਂ ਜਰੂਰਤਾਂ ਨੂੰ ਪੂਰਾ ਕਰਦਾ ਹੈ। ਵੱਖ ਵੱਖ ਔਰਤਾਂ ਵਲੋਂ ਇਸ ਸੁਆਲ ਦਾ ਅੰਦਰੂਨੀ ਹੱਲ ਸਥਿਤੀ ਨੂੰ ਨਹੀਂ ਬਦਲਦਾ ਹੈ ਅਤੇ ਪ੍ਰੀਵਾਰਕ ਜੀਵਨ ਦੀ ਸਮੁਚੇ ਤੌਰ 'ਤੇ ਤਕਲੀਫ ਦੇਹ ਸਥਿਤੀ ਤੋਂ ਕੋਈ ਛੁਟਕਾਰਾ ਨਹੀਂ ਦਿਵਾਉਂਦਾ। ਜੇ ਕੋਈ ਤਾਕਤ ਪ੍ਰੀਵਾਰ ਦੇ ਅਧੁਨਿਕ ਰੂਪ ਨੂੰ ਨਸ਼ਟ ਕਰ ਰਹੀ ਹੈ ਤਾਂ ਉਹ ਵੱਖ-ਵੱਖ ਤੇ ਮਜ਼ਬੂਤ ਵਿਅਕਤੀਆਂ ਕਰਕੇ ਨਹੀਂ ਬਲਕਿ ਪੈਦਾਵਾਰ ਜੜ੍ਹ ਤੇ ਤਾਕਤਵਰ ਸ਼ਕਤੀਆਂ ਕਰਕੇ ਹੈ ਜੋ ਸਮਝੌਤਾ ਹੀਣ ਤਰੀਕੇ ਨਾਲ ਨਵੇਂ ਅਧਾਰ 'ਤੇ ਜੀਵਨ ਨੂੰ ਜਨਮ ਦੇ ਰਹੀਆਂ ਹਨ। ਪੂੰਜੀਵਾਦੀ ਸੰਸਾਰ ਦੀਆਂ ਨੌਜਵਾਨ ਔਰਤਾਂ ਦੇ ਵਿਅਕਤੀਗਤ ਬਹਾਦਰਾਨਾ ਸੰਘਰਸ਼ਾਂ ਦੇ ਕਾਰਨ ਉਹਨਾਂ ਨੇ ਜ਼ੰਜੀਰਾਂ ਲਾਹ ਸੁੱਟੀਆਂ ਹਨ ਅਤੇ ਉਹ ਸਮਾਜ ਤੋਂ ਮੰਗ ਕਰਦੀਆਂ ਹਨ ਕਿ ਬਿਨਾ ਕਿਸੇ ਵਿਵਸਥਾ ਦੇ ਅਤੇ ਬਿਨਾ ਕਿਸੇ ਬੰਧਨਾਂ ਦੇ ਪਿਆਰ ਕਰਨ ਦਾ ਅਧਿਕਾਰ ਉਹਨਾਂ ਨੂੰ ਮਿਲੇ ਪਰ ਕਿ ਪ੍ਰੀਵਾਰਕ ਬੰਧਨਾਂ 'ਚ ਜਕੜੀਆਂ ਸਭ ਔਰਤਾਂ ਲਈ ਇਹ ਉਦਾਹਰਣ ਦਾ ਕੰਮ ਕਰ ਸਕਦੀਆਂ ਹਨ? ਜ਼ਿਆਦਾ ਮੁਕਤ ਨਾਰੀਵਾਦੀ ਇਸ ਤਰਾਂ ਦੀ ਮੁਕਤੀ ਦੇ ਉਪਦੇਸ਼ ਦਿੰਦੇ ਹਨ। ਦੂਜੇ ਸ਼ਬਦਾਂ 'ਚ ਵਿਆਹ ਦਾ ਸੁਆਲ ਬਾਹਰੀ ਹਾਲਤਾਂ ਨੂੰ ਧਿਆਨ 'ਚ ਰਖੇ ਬਿਨਾ ਉਹਨਾਂ ਦੀ ਦ੍ਰਿਸ਼ਟੀ ਨਾਲ ਹੱਲ ਹੋ ਜਾਂਦਾ ਹੈ। ਇਹ ਸਮਾਜ ਦੇ ਆਰਥਕ ਢਾਂਚੇ 'ਚ ਤਬਦੀਲੀ ਤੋਂ ਪਾਸੇ ਹੀ ਹੱਲ ਹੋ ਜਾਂਦਾ ਹੈ। ਇਹਨਾਂ ਦੇ ਨਜ਼ਰੀਏ ਨਾਲ ਵਿਅਕਤੀਆਂ ਦੇ ਇਧਰ ਉਧਰ ਦੇ ਇਕੱਲੇ ਕਹਿਰੇ ਤੇ ਜ਼ਰੂਰਤਮੰਦ ਯਤਨਾਂ ਨਾਲ ਇਸ ਦਾ ਹੱਲ ਹੋ ਜਾਂਦਾ ਹੈ। ਉਹਨਾਂ ਦੀ ਨਜ਼ਰ 'ਚ ਤਾਂ

ਏਨਾ ਕਾਫੀ ਹੈ ਕਿ ਔਰਤ ਸਿਰਫ ਹਿੰਮਤ ਕਰੇ ਅਤੇ ਵਿਆਹ ਦੀ ਸਮੱਸਿਆ ਹੱਲ ਹੋ ਜਾਵੇਗੀ। ਪਰ ਮੁਕਾਬਲਤਨ ਘੱਟ ਬਹਾਦਰ ਔਰਤਾਂ ਬੇਵਿਸਵਾਸੀ ਨਾਲ ਆਪਣਾ ਸਿਰ ਹਿਲਾਉਂਦੀਆਂ ਹਨ। ਇਹ ਪ੍ਰਭਾਵਸ਼ਾਲੀ ਲੇਖਕਾਂ ਵਲੋਂ ਸਨਮਾਨਿਤ ਨਾਵਲਾਂ ਦੀਆਂ ਨਾਇਕਾਵਾਂ ਦੇ ਲਈ ਹੀ ਸੰਭਵ ਹੈ। ਜਿਨ੍ਹਾਂ ਕੋਲ ਅਜਾਦੀ ਹੈ। ਸੁਆਰਥਹੀਣ ਦੋ ਦੋਸਤ ਹਨ, ਖਿੱਚ ਦੇ ਅਸਧਾਰਨ ਗੁਣ ਹਨ, ਉਹ ਜ਼ੰਜੀਰਾਂ ਨੂੰ ਤੋੜ ਸਕਦੀ ਹੈ। ਪਰ ਉਹ ਕੀ ਕਰਨ ਜਿਹਨਾਂ ਕੋਲ ਪੂੰਜੀ ਨਹੀਂ ਹੈ। ਜਿਹਨਾਂ ਦੀ ਮਜਦੂਰੀ ਕਾਫੀ ਨਹੀਂ ਹੈ, ਜਿਹਨਾਂ ਦੇ ਕੋਈ ਦੋਸਤ ਨਹੀਂ ਹਨ, ਅਤੇ ਜੋ ਘੱਟ ਖਿਚਪਾਊ ਹਨ? ਅਜਾਦੀ ਲਈ ਸੰਘਰਸ਼ ਕਰਨ ਵਾਲੀਆਂ ਔਰਤਾਂ ਦੇ ਦਿਮਾਗ 'ਚ ਛਾਇਆ ਰਹਿਣ ਵਾਲਾ ਮਾਤਰਿਤਵ ਦਾ ਸੁਆਲ ਹੈ। ਕੀ "ਅਜਾਦ ਪਿਆਰ" ਸੰਭਵ ਹੈ? ਕੀ ਇਸ ਨੂੰ ਆਮ ਪ੍ਰੀਘਟਨਾ ਵਜੋਂ ਹਾਸਲ ਕੀਤਾ ਜਾ ਸਕਦਾ ਹੈ? ਕੀ ਸਾਡੇ ਸਮਾਜ ਦੇ ਆਰਥਕ ਢਾਂਚੇ ਨੂੰ ਵੇਖਦਿਆਂ ਨਿਜੀ ਅਪਵਾਦਾਂ ਦੀ ਬਜਾਏ ਸਭਿਆਚਾਰਕ ਮਾਪਦੰਡ ਵਜੋਂ ਇਸ ਨੂੰ ਹਾਸਲ ਕੀਤਾ ਜਾ ਸਕਦਾ ਹੈ? ਕੀ ਮੌਜੂਦਾ ਵਿਆਹ 'ਚ ਨਿਜੀ ਜਾਇਦਾਦ ਦੇ ਤੱਤ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਹੈ? ਮੌਜੂਦਾ ਜਮਾਤੀ ਸਮਾਜ 'ਚ ਨਿਰੰਤਰ ਪੇਸ਼ ਕੀਤਾ ਗਿਆ "ਅਜ਼ਾਦ ਪਿਆਰ" ਦਾ ਨਾਹਰਾ ਪ੍ਰੀਵਾਰਿਕ ਜੀਵਨ ਦੀਆਂ ਪ੍ਰੇਸ਼ਾਨੀਆਂ ਤੋਂ ਨਾਰੀ ਨੂੰ ਅਜ਼ਾਦ ਕਰਨ ਦੀ ਬਜਾਏ ਉਹਨਾਂ ਦੇ ਮੋਢਿਆਂ 'ਤੇ ਨਿਸਚੈ ਹੀ ਨਵਾਂ ਬੋਝ ਲੱਦ ਦੇਵੇਗਾ। ਉਹ ਇਕੱਲੇ ਬਿਨਾ ਕਿਸੇ ਮਦਦ ਦੇ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜਿੰਮੇਵਾਰੀ ਚੁਕਣ ਲਈ ਮਜ਼ਬੂਰ ਹੋਣਗੀਆਂ। ਅਸੀਂ ਉਹਨਾ ਵਿਗਾੜਾਂ ਤੇ ਭ੍ਰਿਸ਼ਟਾਚਾਰ ਤੋਂ ਜਾਣੂ ਨਹੀਂ ਹਾਂ ਜੋ ਮੌਜੂਦਾ ਹਾਲਤਾਂ 'ਚ ਇਸ ਸਹੂਲਤਾਂ ਪ੍ਰਾਪਤ ਲੇਬਲ ਹੇਠਾਂ ਆਪਣੇ ਆਪ ਨੂੰ ਛੋਟ ਦੇਣ ਲਈ ਬੇਚੈਨ ਰਹਿੰਦੇ ਹਨ। ਸਨਅਤੀ ਅਦਾਰਿਆਂ ਦੇ ਮਾਲਕਾਂ ਤੇ ਪ੍ਰਸਾਸਕਾਂ 'ਤੇ ਗੌਰ ਕਰੀਏ ਤਾਂ ਆਪਣੀਆਂ ਸੈਕਸ ਲਾਲਸਾਵਾਂ ਨੂੰ ਸੰਤੁਸ਼ਟ ਕਰਨ ਲਈ ਆਪਣੇ ਮਜਦੂਰ ਤੇ ਕਲਰਕਾਂ ਵਿਚੋਂ ਔਰਤਾਂ ਨੂੰ ਮਜਬੂਰ ਕਰਦੇ ਹਨ। ਉਹ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਲਈ ਨੌਕਰੀ ਤੋਂ ਕੱਢਣ ਦੀ ਧਮਕੀ ਦਿੰਦੇ ਹਨ। ਕੀ ਉਹ ਆਪਣੇ ਤਰੀਕੇ ਨਾਲ 'ਅਜਾਦ ਪਿਆਰ' ਤੇ ਅਮਲ ਨਹੀਂ ਕਰ ਰਹੇ ਹਨ?

ਸਮਾਜਕ ਸਬੰਧਾਂ ਦੇ ਖੇਤਰ ਵਿਚ ਸਿਰਫ ਅਨੇਕਾਂ ਬੁਨਿਆਦੀ ਸੁਧਾਰਾਂ ਦੀ ਲੜੀ ਨਾਲ, ਅਜਿਹੇ ਸੁਧਾਰ ਜੋ ਪ੍ਰੀਵਾਰ ਦੀ ਜਿੰਮੇਵਾਰੀ ਨੂੰ ਰਾਜ ਤੇ ਸਮਾਜ ਨੂੰ ਦੇ ਸਕਣ, ਅਜਿਹੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ ਜਿਸ ਵਿਚ 'ਅਜਾਦ ਪਿਆਰ' ਦੇ ਸਿਧਾਂਤ ਨੂੰ ਕੁਝ ਹੱਦ ਤਕ ਪੂਰਾ ਕੀਤਾ ਜਾ ਸਕੇ। ਪਰ ਅਧੁਨਿਕ ਜਮਾਤੀ ਸਮਾਜ 'ਚ ਚਾਹੇ ਉਹ ਕਿੰਨਾ ਵੀ ਲੋਕਰਾਜੀ ਕਿਉਂ ਨਾ ਹੋਵੇ ਕੀ ਅਸੀਂ ਇਹ ਉਮੀਦ ਕਰ ਸਕਦੇ ਹਾਂ ਕਿ ਉਹ ਮਾਂ ਤੇ ਬੱਚਿਆਂ ਪ੍ਰਤੀ ਕਰਤੱਬਾਂ ਨੂੰ ਆਪਣੇ ਉਪਰ ਲੈ ਸਕਦਾ ਹੈ? ਇਹਨਾਂ ਕਰਤੱਬਾਂ ਨੂੰ ਅਜੇ ਅਧੁਨਿਕ ਪ੍ਰੀਵਾਰ ਦੀ ਨਿਜੀ ਇਕਾਈ ਵਲੋਂ ਨਿਭਾਇਆ ਜਾਂਦਾ ਹੈ। ਸਾਰੇ ਪੈਦਾਵਾਰੀ ਸਬੰਧਾਂ ਦੀ ਬੁਨਿਆਦੀ ਤਬਦੀਲੀ ਨਾਲ ਹੀ ਇਹ ਸਮਾਜਕ ਪੂਰਵ ਸ਼ਰਤ ਪੈਦਾ ਹੋ ਸਕਦੀ ਹੈ। ਜੋ 'ਅਜਾਦ ਪ੍ਰੇਮ' ਸੂਤਰ ਦੇ ਨਾਕਾਰਤਮਕ ਪਹਿਲੂਆਂ ਤੋਂ ਔਰਤਾਂ ਦੀ ਰਾਖੀ ਕਰ ਸਕੇਗਾ। ਅਜਾਦ ਵਿਆਹ ਦੇ ਪੈਰੋਕਾਰ ਵਿਰੋਧ ਕਰਦੇ ਹੋਏ ਕਹਿੰਦੇ ਹਨ। ਪਰ ਅਸੀਂ ਇਸ ਕਿਸਮ ਦੀ ਅਜਾਦੀ ਦੀ ਗੱਲ ਨਹੀਂ ਕਰ ਰਹੇ ਹਾਂ ਇਸ ਦੇ ਉਲਟ ਅਸੀਂ ਦੋਨੋ ਲਿੰਗਾਂ ਨੂੰ ਬਰਾਬਰ ਤੌਰ 'ਤੇ

ਬੰਨਣ ਵਾਲੀ ਨੈਤਿਕਤਾ ਨੂੰ ਮੰਨਣ ਦੀ ਮੰਗ ਕਰ ਰਹੇ ਹਾਂ। ਅਸੀਂ ਮੌਜੂਦਾ ਪ੍ਰਚਲਿਤ ਯੌਨਿਕ ਲਾਇਸੰਸ ਦਾ ਵਿਰੋਧ ਅਤੇ ਸੱਚੇ ਪਿਆਰੇ 'ਤੇ ਅਧਾਰਤ ਅਜਾਦ ਮਿਲਣ ਨੂੰ ਹੀ ਨੈਤਿਕ ਮੰਨਦੇ ਹਾਂ। ਪਰ ਮੇਰੇ ਪਿਆਰੇ ਦੋਸਤਾਂ, ਜੇ ਮੌਜੂਦਾ ਸਮਾਜ ਦੀਆਂ ਸਥਿਤੀਆਂ 'ਚ ਅਮਲ 'ਚ ਲਿਆਉਣ 'ਤੇ ਕੀ ਆਪਦੇ 'ਸੁਤੰਤਰ ਵਿਆਹ' ਦੇ ਆਦਰਸ਼ ਅਜਿਹੇ ਸਿੱਟੇ ਨਹੀਂ ਕੱਢਣਗੇ ਜੋ ਯੌਨਿਕ ਅਜਾਦੀ ਦੇ ਵਿਗੜੇ ਵਰਤਾਅ ਤੋਂ ਅਲੱਗ ਹੋਣ? ਜਦ ਤਕ ਔਰਤਾਂ ਉਹਨਾਂ ਸਾਰੇ ਭੌਤਿਕ ਬੋਝਾਂ ਤੋਂ ਜੋ ਮੌਜੂਦਾ ਸਮੇਂ 'ਚ ਉਨ੍ਹਾਂ ਉਪਰ ਦੋਹਰੀ ਨਿਰਭਰਤਾ-ਇਕ ਪੂੰਜੀ ਤੇ ਦੂਜੀ ਪਤੀ ਦੀ- ਮੁਕਤੀ ਨਹੀਂ ਹੋ ਸਕਦੀ, ਸਿਰਫ ਤਾਂ ਹੀ 'ਸੁਤੰਤਰ ਪਿਆਰ' ਦਾ ਸਿਧਾਂਤ ਲਾਗੂ ਹੋ ਸਕਦਾ ਹੈ ਜੋ ਔਰਤਾਂ ਨੂੰ ਨਵੀਆਂ ਤਕਲੀਫਾਂ ਨਾ ਪੈਦਾ ਕਰਨ। ਜਦੋਂ ਕੋਈ ਔਰਤ ਬਾਹਰ ਕੰਮ ਕਰਨ ਨਹੀਂ ਨਿਕਲਦੀ ਹੈ ਤੇ ਆਰਥਕ ਅਜਾਦੀ ਹਾਸਲ ਕਰਦੀ ਹੈ ਤਦ "ਅਜ਼ਾਦ ਪਿਆਰ" ਦੀ ਵਿਸੇਸ਼ ਤੌਰ 'ਤੇ ਬੁੱਧੀਜੀਵੀ ਸਮੂਹ ਦੀਆਂ ਬੇਹਤਰ ਤਨਖਾਹ ਲੈਣ ਵਾਲੀਆਂ ਔਰਤਾਂ ਲਈ ਕੁਝ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਪਰ ਔਰਤਾਂ ਦੀ ਪੂੰਜੀ 'ਤੇ ਨਿਰਭਰਤਾ ਬਣੀ ਰਹਿੰਦੀ ਹੈ ਅਤੇ ਜਦ ਜ਼ਿਆਦਾਤਰ ਮਜ਼ਦੂਰ ਔਰਤਾਂ ਆਪਣੀ ਕਿਰਤ ਸ਼ਕਤੀ ਵੇਚਦੀਆਂ ਹਨ ਹਨ ਤਾਂ ਇਹ ਨਿਰਭਰਤਾ ਵਧਦੀ ਜਾਂਦੀ ਹੈ। ਕੀ ਸਿਰਫ ਆਪਣੇ ਆਪ ਨੂੰ ਜਿਉਂਦਿਆਂ ਰੱਖਣ ਲਾਇਕ ਆਮਦਨੀ ਕਮਾਉਣ ਵਾਲੀਆਂ ਇਹਨਾਂ ਔਰਤਾਂ ਦੀ ਦੁਖਦ ਹਾਲਤ ਨੂੰ ਸੁਧਾਰਨ ਲਈ "ਅਜਾਦ ਪਿਆਰ" ਦਾ ਇਹ ਨਾਹਰਾ ਸਮਰਥ ਹੈ? ਤੇ ਕੀ ਮਜਦੂਰ ਜਮਾਤ ਵਿਚਕਾਰ ਪਹਿਲਾਂ ਤੋਂ ਹੀ "ਅਜ਼ਾਦ ਪਿਆਰ" ਅਸਲ 'ਚ ਨਹੀਂ ਹੈ ਅਤੇ ਇਹ ਵਿਆਪਕ ਤੌਰ 'ਤੇ ਪਹਿਲਾਂ ਹੀ ਨਹੀਂ ਚਲਦਾ। ਜਿਸ ਵਿਰੁੱਧ ਪੂੰਜੀਪਤੀ ਜਮਾਤ ਨੇ ਮਜ਼ਦੂਰ ਜਮਾਤ ਦੀ "ਭ੍ਰਿਸ਼ਟਤਾ ਤੇ ਅਨੈਤਿਕਤਾ" ਉਪਰ ਚਿੰਤਾ ਜਾਹਰ ਕੀਤੀ ਤੇ ਪ੍ਰਚਾਰ ਕੀਤਾ ਇਸ ਨੂੰ ਧਿਆਨ 'ਚ ਰੱਖਿਆ ਜਾਣਾ ਚਾਹੀਦਾ ਹੈ ਕਿ ਵਿਆਹ ਤੋਂ ਬਾਹਰ ਗ੍ਰਹਿਜੀਵਨ ਦੇ ਨਵੇਂ ਰੂਪਾਂ ਬਾਰੇ ਨਾਰੀਵਾਦੀ ਜਦ ਉਤਸ਼ਾਹ ਨਾਲ ਚਰਚਾ ਕਰਦੀਆਂ ਹਨ ਤਦ ਉਹ ਉਸ ਨੂੰ "ਅਜ਼ਾਦ ਪਿਆਰ" ਕਹਿੰਦੀਆਂ ਹਨ। ਪਰ ਜਦ ਮਜਦੂਰ ਜਮਾਤ ਦੀ ਚਰਚਾ ਹੁੰਦੀ ਹੈ ਤਾਂ ਇਹਨਾਂ ਸੰਬੰਧਾਂ ਨੂੰ ਪੂੰਜੀਵਾਦੀ ਨਾਰੀਵਾਦੀਆਂ ਵਲੋਂ ਤਿਰਸਕਾਰ ਦੇ ਨਾਲ "ਵਿਗੜੇ ਯੌਨ ਸੰਬੰਧਾਂ" ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਅੱਜਕਲ ਮਜਦੂਰ ਔਰਤ ਦੇ ਲਈ ਸਭ ਸੰਬੰਧ ਚਾਹੇ ਉਹ ਚਰਚਾ ਕਰਕੇ ਮੰਨੇ ਗਏ ਹੋਣ ਜਾਂ ਨਹੀਂ, ਆਪਣੇ ਸਿਟਿਆਂ ਵਜੋਂ ਉਨੇ ਹੀ ਕਠੋਰ ਹਨ। ਮਜ਼ਦੂਰ ਪਤਨੀ ਤੇ ਮਾਂ ਲਈ ਪ੍ਰੀਵਾਰ ਤੇ ਵਿਆਹ ਸਮੱਸਿਆ ਦਾ ਅਸਲ ਗੱਲ ਪਵਿਤਰ ਜਾਂ ਦੁਨਿਆਵੀ ਬਾਹਰੀ ਰੂਪ ਦੀਆਂ ਔਰਤਾਂ ਦੀਆਂ ਜਟਿਲ ਜਿੰਮੇਵਾਰੀਆਂ ਨੂੰ ਪ੍ਰਭਾਸ਼ਿਤ ਕਰਦੀ ਹੈ। ਹਾਂ, ਇਹ ਵੀ ਉਸ ਦੇ ਲਈ ਮਾਅਨੇ ਰੱਖਦਾ ਹੈ ਕਿ ਉਸ ਦੇ ਪਤੀ ਨੂੰ ਉਸ ਦੀ ਆਮਦਨ ਨੂੰ ਖਰਚ ਕਰਨ ਦਾ ਹੈ ਜਾਂ ਨਹੀਂ ਜਾਂ ਉਸ ਦੇ ਪਤੀ ਨੂੰ ਕਨੂੰਨ ਰਾਹੀਂ ਇਹ ਅਧਿਕਾਰ ਮਿਲਿਆ ਹੋਇਆ ਹੈ ਜਾਂ ਨਹੀਂ ਕਿ ਜਦ ਪਤਨੀ ਉਸ ਦੇ ਨਾਲ ਨਹੀਂ ਰਹਿਣਾ ਚਾਹੁੰਦੀ, ਤਦ ਵੀ ਉਸ ਦੇ ਨਾਲ ਰਹਿਣ ਲਈ ਮਜਬੂਰ ਹੈ। ਜਾਂ ਉਸ ਦਾ ਪਤੀ ਉਸ ਦੇ ਬੱਚਿਆਂ ਨੂੰ ਆਪਣੇ ਨਾਲ ਰੱਖਣ ਅਤੇ ਉਸ ਤੋਂ ਖੋਹਣ ਲਈ ਮਜਬੂਰ ਕਰ ਸਕਦਾ ਹੈ ਜਾਂ ਨਹੀ। ਤਦ ਵੀ ਨਾਗਰਿਕ ਕਨੂੰਨ ਦੀ ਕੋਈ ਧਾਰਾ ਪ੍ਰੀਵਾਰ ਅੰਦਰ ਨਾਰੀ ਦੀ ਸਥਿਤੀ ਨੂੰ ਨਿਰਧਾਰਿਤ ਨਹੀਂ ਕਰਦੀ ਅਤੇ ਨਾ ਹੀ ਇਹ ਧਾਰਾਵਾਂ ਪ੍ਰੀਵਾਰ ਸਮੱਸਿਆ 'ਚ ਭਰਮ 'ਤੇ ਜਟਿਲਤਾ ਪੈਦਾ

ਕਰਦੀਆਂ ਹਨ। ਜ਼ਿਆਦਾਤਰ ਔਰਤਾਂ ਲਈ ਸਬੰਧਤਾਂ ਦਾ ਸੁਆਲ ਇਸ ਤਰਾਂ ਕਸ਼ਟਦਾਇਕ ਨਹੀਂ ਰਹਿ ਜਾਂਦਾ। ਜੇ ਸਮਾਜ ਔਰਤਾਂ ਨੂੰ ਉਹਨਾਂ ਸਾਰੀਆਂ ਤੁਛ ਘਰੇਲੂ ਚਿੰਤਾਵਾਂ ਤੋਂ ਛੁਟਕਾਰਾ ਦਿਵਾ ਦੇਵੇ ਜਿਸ ਦੀ ਅੱਜਕਲ ਉਮੀਦ ਨਹੀਂ ਕੀਤੀ ਜਾ ਸਕਦੀ। (ਨਿਜੀ, ਵਖਰੀ ਹੋਈ ਘਰੇਲੂ ਅਰਥ ਵਿਵਸਥਾ ਦੇ ਕਾਰਨ) ਜੇ ਸਮਾਜ ਨਵੀਂ ਪੀੜ੍ਹੀ ਦੀ ਜਿੰਮੇਵਾਰੀ ਲੈ ਲਵੇ। ਮਾਤ੍ਰਿਤਵ ਸੁਰਖਿਅਤ ਹੋਵੇ ਅਤੇ ਜਨਮ ਪਿਛੋਂ ਸ਼ੁਰੂਆਤੀ ਮਹੀਨਿਆਂ ਲਈ ਘੱਟੋ ਘੱਟ ਸਮੇਂ ਤਕ ਬੱਚਾ ਮਾਂ ਦੇ ਕੋਲ ਰਹੇ। ਕਨੂੰਨੀ ਤੇ ਪਵਿੱਤਰ ਧਰਮ ਤੇ ਵਿਆਹ ਸਮਝੌਤੇ ਦਾ ਵਿਰੋਧ ਕਰਦੇ ਹੋਏ ਨਾਰੀਵਾਦ ਇਕ ਲੜਾਈ ਲੜ ਰਹੇ ਹਨ। ਦੂਜੇ ਪਾਸੇ ਮਜ਼ਦੂਰ ਔਰਤਾਂ ਵਿਆਹ ਤੇ ਪ੍ਰੀਵਾਰ ਦੇ ਆਧੁਨਿਕ ਰੂਪ ਪਿਛੇ ਖੜੇ ਕਾਰਕਾਂ ਦੇ ਵਿਰੁੱਧ ਲੜਾਈ ਲੜ ਰਹੀਆਂ ਹਨ। ਜੀਵਨ ਦੀ ਸਥਿਤੀਆਂ ’ਚ ਬੁਨਿਆਦੀ ਤੌਰ ’ਤੇ ਤਬਦੀਲੀ ਲਿਆਉਣ ਵਾਲੇ ਸੰਘਰਸ਼ ਕਰਨ ’ਚ ਉਹ ਜਾਣਦੀਆਂ ਹਨ ਕਿ ਇਸ ਨਾਲ ਲਿੰਗਾਂ ਵਿਚਕਾਰ ਸੰਬੰਧਾਂ ਨੂੰ ਸੁਧਾਰਨ ’ਚ ਮਦਦ ਮਿਲੇਗੀ। ਪ੍ਰੀਵਾਰ ਦੀ ਕਠਿਨ ਸਮੱਸਿਆ ਬਾਰੇ ਪੂੰਜੀਵਾਦ ਤੇ ਮਜਦੂਰ ਪਹੁੰਚ ਵਿਚਾਲੇ ਮੁੱਖ ਅੰਤਰ ਅਸੀਂ ਇਥੇ ਵੇਖਦੇ ਹਾਂ। ਨਾਰੀਵਾਦ ਤੇ ਪੂੰਜੀਵਾਦ ਖੇਮੇ ਦੇ ਸਮਾਜ ਸੁਧਾਰਕ ਮੌਜੂਦਾ ਜਮਾਤੀ ਸਮਾਜ ਦੇ ਸ਼ੋਕ ਯੁਕਤ ਪਿਛੋਕੜ ਵਿਰੁੱਧ ਪ੍ਰੀਵਾਰ ਦੇ ਨਵੇਂ ਰੂਪਾਂ ਤੇ ਵਿਆਹ ਸੰਬੰਧਾਂ ਦੀਆਂ ਨਵੀਆਂ ਕਿਸਮਾਂ ਦੀ ਉਸਾਰੀ ਦੀ ਸੰਭਾਵਨਾ ’ਤੇ ਭੋਲੇਪਨ ਨਾਲ ਵਿਸ਼ਵਾਸ਼ ਕਰਦੇ ਹਨ। ਉਹ ਆਪਣੇ ਇਹਨਾਂ ਨਵੇਂ ਰੂਪਾਂ ਦੀ ਖੋਜ ’ਚ ਆਪਣੇ ਆਪ ਨੂੰ ਬੰਨ ਲੈਂਦੇ ਹਨ। ਜੇ ਜੀਵਨ ਨੇ ਅਜੇ ਤਕ ਇਹਨਾਂ ਰੂਪਾਂ ਨੂੰ ਖੁਦ ਨਹੀਂ ਪੈਦਾ ਕੀਤਾ ਹੈ ਤਾਂ ਉਹ ਕਲਪਨਾ ਕਰਦੇ ਹਨ ਕਿ ਕਿਸੇ ਵੀ ਕੀਮਤ ’ਤੇ ਇਹਨਾਂ ਦੇ ਗਠਨ ਬਾਰੇ ਸੋਚਣਾ ਲਾਜਮੀ ਹੈ। ਉਹਨਾਂ ਦਾ ਵਿਸਵਾਸ਼ ਹੈ ਕਿ ਮੌਜੂਦਾ ਸਮਾਜਕ ਪ੍ਰਬੰਧ ਦੇ ਤਹਿਤ ਜਟਿਲ ਪ੍ਰੀਵਾਰਿਕ ਸਮੱਸਿਆ ਨੂੰ ਹੱਲ ਕਰਨ ’ਚ ਯੌਨਿਕ ਸੰਬੰਧਾਂ ਦੇ ਇਹ ਆਧੁਨਿਕ ਰੂਪ ਅਸਮਰਥ ਹੋਣਗੇ ਪੂੰਜੀਵਾਦ ਸੰਸਾਰ ਦੇ ਇਹ ਵਿਚਾਰਧਾਰਾ-ਨਿਰੂਪਕ-ਪੱਤ੍ਰਕਾਰ ਲੇਖਕ ਤੇ ਮੁਕਤੀ ਲਈ ਲੜਨ ਵਾਲੀਆਂ ਮੁੱਖ ਔਰਤਾਂ ਇਕ ਤੋਂ ਬਾਅਦ ਇਕ ਆਪਣੀ “ਪ੍ਰੀਵਾਰਿਕ ਰਾਮਬਣ ਦਵਾਈ” ਆਪਣਾ ਨਵਾਂ ‘ਪ੍ਰੀਵਾਰਿਕ ਸੂਤਰ’ ਪੇਸ਼ ਕਰਦੇ ਹਨ। ਵਿਆਹ ਦੇ ਇਹ ਸੂਤਰ ਕਿੰਨੇ ਫਰਜੀ ਲੱਗਦੇ ਹਨ। ਸਾਡੇ ਆਧੁਨਿਕ ਪ੍ਰੀਵਾਰਕ ਢਾਂਚੇ ਦੀ ਧੁੰਦਲੀ ਅਸਲੀਅਤ ਦੀ ਰੋਸ਼ਨੀ ’ਚ ਵੇਖਣ ’ਤੇ ਇਹਨਾਂ ਦੇ ਨੁਸਖੇ ਬੇਹੱਦ ਕਾਫੀ ਹਨ। “ਅਜਾਦ ਸੰਬੰਧਾਂ” ਤੇ “ਅਜਾਦ ਪ੍ਰੇਮ” ਦੇ ਇਹਨਾਂ ਸੂਤਰਾਂ ਨੂੰ ਅਸਲ ’ਚ ਲਿਆਉਣ ਤੋਂ ਪਹਿਲਾਂ ਇਹ ਹਰਮਨ ਪਿਆਰਾ ਲਾਜਮੀ ਹੈ ਕਿ ਲੋਕਾਂ ਵਿਚਾਲੇ ਸਾਰੇ ਸਮਾਜ ਸੰਬੰਧਾਂ ’ਚ ਬੁਨਿਆਦੀ ਤੌਰ ’ਤੇ ਸੁਧਾਰ ਲਿਆਂਦੇ ਜਾਣਗੇ। ਇਸ ਤੋਂ ਵੀ ਵੱਧ ਕੇ ਨੈਤਿਕ ਤੇ ਯੌਨਿਕ ਮਾਪਦੰਡਾਂ ਤੇ ਮਾਨਵਤਾ ਦੇ ਸਮੁੱਚੇ ਮਨੋਵਿਗਿਆਨ ਨੂੰ ਸਮੁੱਚੇ ਵਿਕਾਸ ’ਚੋਂ ਨਿਕਲਣਾ ਹੋਵੇਗਾ। ਕੀ ਅੱਜ ਦਾ ਬੰਦਾ ਮਨੋ ਵਿਗਿਆਨਕ ਤੌਰ ’ਤੇ “ਸੁਤੰਤਰ ਪ੍ਰੇਮ” ਨਾਲ ਨਿਬੜਣ ’ਚ ਸਮਰਥ ਹੋਵੇਗਾ? ਜਲਨ ਬਾਰੇ ਕੀ ਕਿਹਾ ਜਾਵੇ ਜੋ ਸਭ ਤੋਂ ਅੱਛੀਆਂ ਮਨੁੱਖੀ ਆਤਮਾਵਾਂ ਨੂੰ ਵੀ ਖਾ ਜਾਂਦੀਆਂ ਹਨ ਅਤੇ ਡੂੰਘਾਈ ਨਾਲ ਜੜ੍ਹਾਂ ਜਮਾਈ ਸਮੱਸਿਆ ਜਾਇਦਾਦ ਦੇ ਭਾਅ ਦਾ ਕੀ ਹੋਵੇਗਾ ਜੋ ਨਾ ਸਿਰਫ ਸਰੀਰ ’ਤੇ ਬਲਕਿ ਦੂਜੇ ਦੀ ਆਤਮਾ ’ਤੇ ਵੀ ਅਧਿਕਾਰ ਚਾਹੁੰਦਾ ਹੈ? ਅਤੇ ਉਹ ਦੂਜੇ ਦੇ ਵਿਅਕਤੀਤਵ ਦਾ ਸਹੀ ਆਦਰ ਕਰਨ ’ਚ ਅਸਮਰਥ ਹੈ। ਆਪਣੀ ਪ੍ਰੇਮਿਕਾ ਨੂੰ ਅਧੀਨ ਕਰਨ ਜਾਂ ਉਸ ਨੂੰ ਆਪਣੇ ਬਣਾਉਣ

ਦੀ ਆਦਤ ਦਾ ਕੀ ਹੋਵੇਗਾ? ਅਤੇ ਛੱਡ ਦੇਣ ਦੀ ਤਲਖ ਤੇ ਬੇਚੈਨ ਕਰਨ ਵਾਲੀ ਭਾਵਨਾ ਦਾ ਅਸੀਮ ਇੱਕਲਾਪਨ ਦਾ ਜਦੋਂ ਕੋਈ ਪ੍ਰੇਮੀ ਪ੍ਰੇਮ ਕਰਨਾ ਛੱਡ ਦਿੰਦਾ ਹੈ ਤੇ ਛੱਡ ਕੇ ਚਲਾ ਜਾਂਦਾ ਹੈ ਤਾਂ ਕੀ ਹੋਵੇਗਾ? ਆਪਣੀ ਹੋਂਦ ਦੇ ਕੇਂਦਰ ਵਿੱਚ ਘੋਰ ਵਿਅਕਤੀਵਾਦੀ ਇਕੱਲੇ ਬੰਦੇ ਨੂੰ ਚੈਨ ਕਿਥੇ ਮਿਲੇਗੀ?

ਆਪਣੀਆਂ ਖੁਸ਼ੀਆਂ ਦੇ ਨਾਲ ਅਤੇ ਨਿਰਾਸ਼ਾਵਾਂ 'ਤੇ ਲਾਲਸਾਵਾਂ ਸਮੇਤ ਸਮੂਹ ਵਿਅਕਤੀ ਦੀ ਭਾਵਨਾਤਮਕ ਤੇ ਬੌਧਿਕ ਊਰਜਾ ਲਈ ਸਭ ਤੋਂ ਵੱਡਾ ਵਿਕਾਸ ਹੁੰਦਾ ਹੈ। ਪਰ ਕਿ ਆਧੁਨਿਕ ਮਨੁੱਖ ਇਸ ਸਮੂਹਿਕਤਾ ਦੇ ਨਾਲ ਇਸ ਤਰੀਕੇ ਨਾਲ ਕੰਮ ਕਰਨ 'ਚ ਸਮਰਥ ਹੈ ਜੋ ਆਪਸੀ ਕ੍ਰਿਆ ਕਰਕੇ ਅਸਰਾਂ ਨੂੰ ਮਹਿਸੂਸ ਕਰਦਾ ਹੋਵੇ? ਕੀ ਸਮੂਹ ਦਾ ਜੀਵਨ ਅੱਜਕਲ ਵਿਅਕਤੀ ਦੀਆਂ ਕੁਝ ਨਿਜੀ ਖੁਸ਼ੀਆਂ ਦੀ ਖੁਦ ਥਾਂ ਲੈਣ 'ਚ ਸਮਰਥ ਹੈ?

ਸਿਰਫ ਮਜ਼ਦੂਰ ਜਮਾਤ ਵਿੱਚ ਹੀ ਅਸੀਂ ਭਵਿੱਖ ਦੀ ਇਕ ਧੁੰਦਲੀ ਝਲਕ ਵੇਖਦੇ ਹਾਂ। ਲੋਕਾਂ ਵਿਚਕਾਰ ਜ਼ਿਆਦਾ ਸਮਾਜਕ ਸੰਬੰਧ ਵੇਖਦੇ ਹਾਂ। ਪ੍ਰੀਵਾਰਿਕ ਸਮੱਸਿਆ ਉਨੀ ਹੀ ਗੁੰਝਲਦਾਰ ਹੈ ਤੇ ਬਹੁਪੱਖੀ ਹੈ ਜਿੰਨਾ ਕਿ ਖੁਦ ਜੀਵਨ ਜਟਿਲ ਹੈ। ਮੌਜੂਦਾ ਸਮਾਜਕ ਪ੍ਰਬੰਧ ਇਸ ਦਾ ਹੱਲ ਕੱਢਣ 'ਚ ਅਸਮਰਥ ਹੈ। ਵਿਆਹ ਸੰਬੰਧੀ ਹੋਰ ਸੂਤਰ ਪੇਸ਼ ਕੀਤੇ ਜਾਂਦੇ ਹਨ। ਕਈ ਅਗਾਂਹਵਧੂ ਤੇ ਸਮਾਜਕ ਚਿੰਤਕ ਵਿਆਹ ਮਿਲਨ ਨੂੰ ਸਿਰਫ ਸੰਤਾਨ ਪੈਦਾ ਕਰਨ ਦਾ ਇਕ ਤਰੀਕਾ ਮੰਨਦੇ ਹਨ। ਉਹ ਮੰਨਦੇ ਹਨ ਕਿ ਆਪਣੇ ਆਪ 'ਚ ਵਿਆਹ ਔਰਤ ਲਈ ਕੋਈ ਵਿਸੇਸ਼ ਮੁੱਲ ਨਹੀਂ ਰੱਖਦਾ। ਉਸ ਦਾ ਤਾਂ ਉਦੇਸ ਮਾਤਰਿਤਵ ਹੈ, ਉਸ ਦੇ ਜੀਵਨ ਦਾ ਪਵਿਤਰ ਉਦੇਸ਼ ਹੈ, ਉਸ ਦਾ ਕਾਰਜ ਹੈ। ਇਸ ਵਿਚੋਂ "ਮਾਤਰਿਤਵ ਦੇ ਅਧਿਕਾਰ" ਦਾ ਨਾਹਰਾ ਨਿਕਲਦਾ ਹੈ। "ਮਾਤਰਿਤਵ ਦੇ ਅਧਿਕਾਰ" ਦਾ ਸੁਆਲ ਅਜਿਹਾ ਹੈ ਜੋ ਨਾ ਸਿਰਫ ਪੂੰਜੀਵਾਦੀ ਜਮਾਤ ਤੋਂ ਆਉਣ ਵਾਲੀਆਂ ਔਰਤਾਂ ਨੂੰ ਛੂੰਹਦਾ ਹੈ। ਬਲਕਿ ਉਸ ਤੋਂ ਵੀ ਵੱਧ ਮਜ਼ਦੂਰ ਜਮਾਤ ਦੀਆਂ ਔਰਤਾਂ ਨੂੰ ਛੂੰਹਦਾ ਹੈ। ਮਾਂ ਹੋਣ ਦਾ ਅਧਿਕਾਰ ਇਹ ਸੁਨਿਹਰੇ ਸ਼ਬਦ 'ਕਿਸੇ ਵੀ ਔਰਤ ਦੇ ਦਿਲ' 'ਤੇ ਸਿੱਧੇ ਲੱਗਦੇ ਹਨ ਅਤੇ ਉਸ ਦਾ ਦਿਲ ਹੋਰ ਵੱਧ ਤੇਜ਼ੀ ਨਾਲ ਧੜਕਣ ਲੱਗਦਾ ਹੈ। ਆਪਣੇ ਖੁਦ ਦੇ ਦੁੱਧ ਨੂੰ ਆਪਣੇ 'ਖੁਦ ਦੇ ਬੱਚੇ' ਨੂੰ ਪਿਲਾਉਣ ਦਾ ਅਧਿਕਾਰ ਅਤੇ ਉਸ ਦੇ ਚੇਤਨਾ 'ਚ ਆਉਣ ਤੋਂ ਪਹਿਲਾਂ ਗੰਭੀਰਤਾ ਨਾਲ ਦੇਖਣਾ। ਉਸ ਦੇ ਛੋਟੇ ਜਿਹੇ ਸਰੀਰ 'ਤੇ ਧਿਆਨ ਰੱਖਣ ਤੇ ਉਸ ਦੀ ਕੋਮਲ ਆਤਮਾ ਨੂੰ ਜੀਵਨ ਦੇ ਕੰਢਿਆਂ ਅਤੇ ਪੀੜਾਂ ਦੀ ਪਹਿਲੀ ਪੈੜ ਚਾਲ ਤੋਂ ਰਾਖੀ ਕਰਨ ਦਾ ਅਧਿਕਾਰ – ਅਜਿਹੀ ਕਿਹੜੀ ਮਾਂ ਹੋਵੇਗੀ ਜੋ ਇਹਨਾਂ ਮੰਗਾਂ ਦੀ ਹਮਾਇਤ ਨਹੀਂ ਕਰੇਗੀ?

ਅਜਿਹਾ ਲੱਗਦਾ ਹੈ ਕਿ ਅਸੀਂ ਫਿਰ ਅਜਿਹੇ ਸੁਆਲ ਵਿਚ ਫਸ ਗਏ ਹਾਂ ਜਿਥੇ ਵੱਖ ਵੱਖ ਸਮਾਜਕ ਤਬਕਿਆਂ ਦੀਆਂ ਔਰਤਾਂ 'ਚ ਏਕਤਾ ਹੋ ਸਕਦੀ ਹੈ। ਇਥੇ ਅਜਿਹਾ ਲੱਗਦਾ ਹੈ ਕਿ ਦੋ ਵਿਰੋਧੀ ਦੁਨੀਆਂ ਦੀਆਂ ਔਰਤਾਂ ਵਿਚਾਲੇ ਅਸੀਂ ਏਕਤਾ ਦਾ ਪੁਲ ਹਾਸਲ ਕਰ ਲਿਆ ਹੈ। ਆਓ ਆਪਾਂ ਹੋਰ ਨੇੜਿਉਂ ਵੇਖੀਏ। ਆਪਾ ਇਹ ਜਾਨਣ ਦੀ ਕੋਸ਼ਿਸ਼ ਕਰੀਏ ਕਿ "ਮਾਤਰਿਤਵ ਦੇ ਅਧਿਕਾਰ" ਨਾਲ ਪ੍ਰਗਤੀਸ਼ਾਲੀ ਪੂੰਜੀਵਾਦੀ ਔਰਤ ਦਾ ਕੀ ਮਤਲਬ ਹੈ। ਤਦ ਅਸੀਂ ਇਹ ਦੇਖ ਸਕਦੇ ਹਾਂ ਕਿ ਕੀ ਮਜ਼ਦੂਰ ਔਰਤਾਂ ਇਹਨਾਂ ਪੂੰਜੀਵਾਦੀ ਔਰਤਾਂ ਵਲੋਂ ਪੇਸ਼ ਮਾਤਰਿਤਵ ਦੀ ਸਮਸਿਆ

ਦੇ ਹੱਲ ਨਾਲ ਸਹਿਮਤ ਹੋ ਸਕਦੀਆਂ ਹਨ। ਇਸ ਦੇ ਮੁਖਰ ਪੈਰੋਕਾਰਾਂ ਦੀ ਨਜ਼ਰ 'ਚ ਮਾਤਰਿਤਵ ਇਕ ਤਕਰੀਬਨ ਪਵਿਤਰ ਗੁਣ ਹੈ। ਮਾਤਰਿਤਵ ਦੇ ਅਧਿਕਾਰ ਲਈ ਲੜਨ ਵਾਲੀਆਂ ਔਰਤਾਂ ਮਾਤਰਿਤਵ ਨੂੰ ਔਰਤ ਦੇ ਜੀਵਨ ਦਾ ਉਦੇਸ ਬਣਾ ਦਿੰਦੀਆਂ ਹਨ। ਸਿਖਿਆਤਮਕ ਕਾਰਜ ਪ੍ਰੀਵਾਰ ਦੇ ਹੱਥ ਨਾਲ ਸਮਾਜ 'ਚ ਥਾਂ ਗ੍ਰਹਿਣ ਕਰਨ ਦੇ ਨਾਲ ਆਧੁਨਿਕ ਅਲੱਗ ਅਲੱਗ ਪ੍ਰੀਵਾਰ ਨੂੰ ਸਾਥ ਰਹਿਣ ਦਾ ਅੰਤਿਮ ਬੰਧਨ ਕਮਜ਼ੋਰ ਹੋ ਜਾਵੇਗਾ। ਇਸ ਦੇ ਟੁੱਟਣ ਦਾ ਅਮਲ ਹੋਰ ਤੇਜ ਹੋ ਜਾਵੇਗਾ ਅਤੇ ਭਵਿੱਖ ਦੇ ਵਿਆਹ ਸੰਬੰਧਾਂ ਦੇ ਧੁੰਦਲੇ ਰੇਖਾ ਚਿਤਰਾਂ ਦਾ ਉਭਰਨਾ ਸ਼ੁਰੂ ਹੋਵੇਗਾ।

## ਰਾਜਸੀ ਅਧਿਕਾਰਾਂ ਲਈ ਸੰਘਰਸ਼

ਨਾਰੀਵਾਦੀ ਸਾਡੀਆਂ ਆਲੋਚਨਾਵਾਂ ਦਾ ਜੁਆਬ ਦਿੰਦੇ ਹੋਏ ਕਹਿੰਦੇ ਹਨ ਜੇ ਔਰਤਾਂ ਦੇ ਰਾਜਸੀ ਅਧਿਕਾਰਾਂ ਦਾ ਸਾਡੇ ਤਰਕਾਂ ਨੂੰ ਆਪ ਗਲਤ ਵੀ ਸਮਝਦੇ ਹੋ ਤਾਂ ਵੀ ਖੁਦ ਇਹ ਮੰਗ ਨਾਰੀਵਾਦੀਆਂ ਤੇ ਮਜ਼ਦੂਰ ਜਮਾਤ ਦੇ ਨੁਮਾਇੰਦਿਆਂ ਲਈ ਬਰਾਬਰ ਦੀ ਲੋੜ ਬਣਦੀ ਹੈ। ਕੀ ਦੋ ਸਮਾਜਕ ਗਰੁੱਪਾਂ ਦੀਆਂ ਔਰਤਾਂ ਆਪਣੀਆਂ ਇਕੋ ਜਿਹੀ ਰਾਜਸੀ ਲਾਲਸਾਵਾਂ ਲਈ ਆਪਣੇ ਨੂੰ ਵੰਡਣ ਵਾਲੇ ਵਰਗ ਵਿਰੋਧਾਂ ਦੀਆਂ ਰੁਕਾਵਟਾਂ ਨੂੰ ਨਹੀਂ ਹਟਾ ਸਕਦੇ? ਨਿਸ਼ਚੇ ਹੀ ਆਪਣੇ ਆਲੇ ਦੁਆਲੇ ਖੜੀਆਂ ਵਿਰੋਧੀ ਸ਼ਕਤੀਆਂ ਵਿਰੁੱਧ ਸਾਂਝਾ ਸੰਘਰਸ਼ ਛੇੜਨ 'ਚ ਉਹ ਸਮਰਥ ਹਨ। ਜਿਥੋਂ ਤਕ ਹੋਰ ਸੁਆਲਾਂ ਦੀ ਗੱਲ ਹੈ ਪੂੰਜੀਵਾਦੀ ਤੇ ਮਜ਼ਦੂਰ ਔਰਤਾਂ ਵਿਚਕਾਰ ਨਖੇੜਾ ਅਟਲ ਹੈ। ਪਰ ਇਸ ਵਿਸੇਸ ਸੁਆਲ ਸੰਬੰਧੀ ਨਾਰੀਵਾਦੀ ਕਲਪਨਾ ਕਰਦੇ ਹਨ ਕਿ ਵੱਖ ਵੱਖ ਸਮਾਜਕ ਜਮਾਤਾਂ ਦੀਆਂ ਔਰਤਾਂ ਵਿਚਕਾਰ ਕੋਈ ਅੰਤਰ ਨਹੀਂ ਹੈ। ਕੀ ਰਾਜ ਉਮੀਦਾਂ 'ਚ ਪੂਰਨ ਏਕਤਾ ਹੈ ਜਾਂ ਹੋਰ ਸਭ ਸੁਆਲਾਂ ਵਾਗੂੰ ਇਸ ਮਾਮਲੇ ਵਿਚ ਵੀ ਅਣਵੰਡੀ ਤੇ ਜਮਾਤੀ ਭਿਆਲੀ ਔਰਤਾਂ ਦੀ ਫੌਜ ਦੀ ਸਥਾਪਨਾ ਜਮਾਤੀ-ਦੁਸ਼ਮਣੀ ਕਾਰਨ ਇਕ ਰੁਕਾਵਟ ਹੈ? ਸਾਨੂੰ ਇਸ ਸੁਆਲ ਦਾ ਜੁਆਬ ਦੇਣਾ ਪਵੇਗਾ। ਇਸ ਨਾਲ ਮਜ਼ਦੂਰ ਔਰਤਾਂ ਵਲੋਂ ਰਾਜਸੀ ਅਧਿਕਾਰ ਹਾਸਲ ਕਰਨ 'ਚ ਉਹਨਾਂ ਦੀ ਰਣਨੀਤੀ ਤਹਿ ਹੋਵੇਗੀ। ਨਾਰੀਵਾਦੀ ਆਪਣੇ ਆਪ ਨੂੰ ਸਮਾਜ ਸੁਧਾਰ ਦੇ ਪੱਖ 'ਚ ਐਲਾਨ ਕਰਦੀਆਂ ਹਨ ਅਤੇ ਉਹਨਾਂ 'ਚੋਂ ਕੁਝ ਤਾਂ ਸਮਾਜਵਾਦ ਦੇ ਪੱਖ 'ਚ ਵੀ ਐਲਾਨ ਕਰਦੀਆਂ ਹਨ। ਪਰ ਉਹ ਸੋਹਣੇ ਭਵਿੱਖ ਦੀ ਗੱਲ ਕਰਦੀਆਂ ਹਨ। ਇਸ ਦੇ ਬਾਵਜੂਦ ਉਹਨਾਂ ਟੀਚਿਆਂ ਨੂੰ ਹਾਸਲ ਕਰਨ ਲਈ ਮਜ਼ਦੂਰ ਜਮਾਤ ਦੀਆਂ ਕਤਾਰਾਂ ਵਿਚਕਾਰ ਸੰਘਰਸ਼ ਕਰਨ ਦਾ ਇਰਾਦਾ ਨਹੀਂ ਰੱਖਦੀਆਂ। ਉਹਨਾ 'ਚੋਂ ਸਭ ਤੋਂ ਵੱਡੀ ਆਪਣੇ ਭੋਲੇਪਨ ਭਰੀ ਸੰਜੀਦਗੀ ਦੇ ਨਾਲ ਸੋਚਦੀ ਹੈ ਕਿ ਜੇ ਇਕ ਵਾਰੀ ਸੰਸਦ ਦੀ ਮੈਂਬਰੀ ਉਹਨਾਂ ਦੇ ਹੱਥ ਆ ਜਾਵੇ ਤਾਂ ਉਹ ਸਮਾਜਕ ਬੁਰਾਈਆਂ ਦਾ ਇਲਾਜ ਕਰਨ ਵਿਚ ਸਮਰਥ ਹੋ ਜਾਣਗੀਆਂ ਕਿਉਂਕਿ ਇਸ ਦਾ ਕਾਰਨ ਉਹਨਾਂ ਦੀਆਂ ਨਜ਼ਰਾਂ ਵਿੱਚ ਮਰਦ ਆਪਣੇ ਮਰਦਾਵੇਂ ਹੰਕਾਰ ਕਰਕੇ ਪ੍ਰਸਥਿਤੀ ਦਾ ਮਾਲਕ ਬਣ ਗਿਆ। ਮਜ਼ਦੂਰ ਵਰਗ ਪ੍ਰਤੀ ਨਾਰੀਵਾਦੀ ਗਰੁੱਪਾਂ ਦੇ ਇਰਾਦੇ ਚਾਹੇ ਕਿੰਨੇ ਵੀ ਨੇਕ ਹੋਣ ਫਿਰ ਵੀ ਜਿਉਂ ਹੀ ਵਰਗ ਸੰਘਰਸ਼ ਦਾ ਸੁਆਲ ਉਹਨਾਂ ਮੂਹਰੇ ਪੇਸ਼ ਕਰ ਦਿੱਤਾ ਜਾਂਦਾ ਹੈ ਉਹ ਡਰ ਕੇ ਯੁੱਧ ਦੇ ਮੈਦਾਨ ਨੂੰ ਛੱਡ ਦਿੰਦੀਆਂ ਹਨ। ਪੂੰਜੀਵਾਦੀ ਨਾਰੀਵਾਦੀ ਜਿੰਨਾ ਵੱਧ ਆਪਣੀਆਂ ਰਾਜਸੀ ਇਛਾਵਾਂ ਦੇ ਅਸਲੀ ਮਕਸਦਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਉਹ ਜਿੰਨਾ ਵਧ ਆਪਣੀਆਂ ਛੋਟੀਆਂ ਭੈਣਾਂ

ਨੂੰ ਰਾਜਸੀ ਸੰਘਰਸ਼ 'ਚ ਸ਼ਾਮਲ ਹੋਣ ਦੇ ਲਈ ਅਨੇਕਾਂ ਫਾਇਦਿਆਂ ਦਾ ਵਾਅਦਾ ਕਰਦੀਆਂ ਹਨ, ਉਨਾ ਹੀ ਵੱਧ ਸਮੁੱਚੇ ਨਾਰੀਵਾਦੀ ਅੰਦੋਲਨ 'ਚ ਉਹਨਾਂ ਦੀ ਪੂੰਜੀਵਾਦੀ ਆਤਮਾ ਆਮ ਮੰਗਾਂ 'ਚ ਵੀ ਘੁਸੀ ਹੋਈ ਨਜ਼ਰ ਆਉਂਦੀ ਹੈ। ਰਾਜਸੀ ਅਧਿਕਾਰਾਂ ਦੀ ਵਰਤੋਂ ਬਾਰੇ ਵੱਖ ਵੱਖ ਉਦੇਸ਼ ਤੇ ਸਮਝ ਪੂੰਜੀਵਾਦੀ ਤੇ ਮਜ਼ਦੂਰ ਔਰਤਾਂ ਵਿਚਾਲੇ ਨਾ ਭਰਨ ਵਾਲਾ ਪਾੜਾ ਖੜਾ ਕਰ ਦਿੰਦੀ ਹੈ। ਇਸ ਨਾਲ ਇਸ ਗੱਲ ਦਾ ਖੰਡਨ ਨਹੀਂ ਹੁੰਦਾ ਹੈ ਕਿ ਇਹਨਾਂ ਦੋ ਗਰੁੱਪਾਂ ਦੀਆਂ ਔਰਤਾਂ ਵਿਚ ਕੁਝ ਹੱਦ ਤਕ ਫੌਰੀ ਕਾਰਜ ਇਕ ਹੋ ਜਾਂਦੇ ਹਨ। ਤਦ ਵੀ ਇਹਨਾਂ ਫੌਰੀ ਕਾਰਜਾਂ 'ਚ ਇਕ ਸਹਿਮਤੀ ਸਪਸ਼ਟ ਹੈ। ਕਿਉਂਕਿ ਸੁਧਾਰਾਂ ਪ੍ਰਤੀ ਇਹਨਾਂ ਦੋ ਜਮਾਤਾਂ ਵਿਚਾਲੇ ਨਜ਼ਰੀਆ ਨਿਰਧਾਰਿਤ ਕਰਨ ਵਾਲੀ ਜਮਾਤੀ ਹਿੱਤ ਬੇਹੱਦ ਅੰਤਰ ਵਿਰੋਧੀ ਹੈ। ਨਾਰੀਵਾਦੀ ਜੋ ਮਰਜੀ ਕਹਿਣ ਜਮਾਤ ਦਾ ਅੰਤਰਜਾਤ ਗੁਣ ਹਮੇਸ਼ਾ ਉਹਨਾਂ ਦੀ ਜਮਾਤੀ ਭਿਆਲੀ ਰਾਜਨੀਤੀ ਦੇ ਨੇਕ ਉਤਸਵ ਦੇ ਮੁਕਾਬਲੇ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਾਬਤ ਕਰਦਾ ਰਿਹਾ ਹੈ। ਜਦ ਤਕ ਪੂੰਜੀਵਾਦੀ ਔਰਤਾਂ 'ਤੇ ਉਹਨਾਂ ਦੀਆਂ "ਛੋਟੀਆਂ ਭੈਣਾਂ" ਆਪਣੀ ਨਾ ਬਰਾਬਰੀ 'ਚ ਵੀ ਬਰਾਬਰ ਹਨ। ਤਦ ਤਕ ਪੂੰਜੀਵਾਦੀ ਔਰਤਾਂ ਆਪਣੀ ਸਮੁੱਚੀ ਸੰਜੀਦਗੀ ਦੇ ਨਾਲ ਔਰਤਾਂ ਦੇ ਆਮ ਹਿੱਤਾਂ ਦੀ ਰਾਖੀ ਲਈ ਭਰਪੂਰ ਕੋਸ਼ਿਸ਼ਾਂ ਕਰਦੀਆਂ ਹਨ। ਪਰ ਜਦ ਇਕ ਵਾਰ ਅੜਿਕੇ ਟੁੱਟ ਜਾਂਦੇ ਹਨ ਤੇ ਪੂੰਜੀਵਾਦੀ ਔਰਤਾਂ ਨੂੰ ਰਾਜਸੀ ਸਰਗਰਮੀਆਂ 'ਚ ਦਾਖਲਾ ਮਿਲ ਜਾਂਦਾ ਹੈ ਤਾਂ ਸਭ ਔਰਤਾਂ ਦੇ ਅਧਿਕਾਰ ਦੇ ਰਾਖੇ ਆਪਣੀ ਜਮਾਤ ਦੀਆਂ ਸਹੂਲਤਾਂ ਦੇ ਉਤਸ਼ਾਹੀ ਹਮਾਇਤੀ ਹੋ ਜਾਂਦੇ ਹਨ ਅਤੇ ਛੋਟੀਆਂ ਭੈਣਾਂ ਨੂੰ ਬਿਨਾਂ ਕਿਸੇ ਅਧਿਕਾਰਾਂ ਦੇ ਛੱਡ ਦਿੰਦੇ ਹਨ। ਇਸ ਤਰਾਂ, ਜਦ ਨਾਰੀਵਾਦੀ ਔਰਤ ਮਜ਼ਦੂਰ ਔਰਤਾਂ ਨਾਲ ਸਾਂਝੇ ਸੰਘਰਸ਼ ਦੀ ਲੋੜ 'ਤੇ ਗੱਲ ਕਰਦੀ ਹੈ ਜਿਸ ਨਾਲ ਕੁਝ ਆਮ ਔਰਤ ਅਧਿਕਾਰਾਂ ਨੂੰ ਹਾਸਲ ਕੀਤਾ ਜਾ ਸਕੇ ਤਾਂ ਸੁਭਾਵਕ ਤੌਰ 'ਤੇ ਮਜ਼ਦੂਰ ਜਮਾਤ ਉਸ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੀ ਹੈ।

ਆਪਣੇ ਮੇਜ ਨਾਲ ਚਿੰਬੜੇ ਰਹਿਣ ਵਾਲੇ ਜਾਂ ਫਿਰ ਬਰਗਰ ਤੇ ਕੋਲਾ ਵਿਚਕਾਰ ਫਸੇ ਰਹਿਣ ਵਾਲੇ ਗੈਰ ਸਰਗਰਮ ਜੀਵਨ-ਸ਼ੈਲੀ ਦੇ ਸ਼ਿਕਾਰ ਬੱਚਿਆਂ ਨੂੰ ਖਪਤਕਾਰਾਂ ਦਰਮਿਆਨ ਅਸਾਨੀ ਨਾਲ ਪਹਿਚਾਣਿਆ ਜਾ ਸਕਦੈ। ਪਰ ਜਦ ਬੱਚਿਆਂ 'ਚ ਗੈਰ-ਸਰਗਰਮੀ ਦੇ ਲੱਛਣ ਨਜ਼ਰ ਆਉਣ ਲੱਗਣ ਤਾਂ ਸਮਝ ਲਓ ਕਿ ਹੁਣ ਸਮਾਂ ਆ ਗਿਆ ਹੈ ਕਿ ਸੋਫੇ 'ਚ ਧਸੇ ਲੋਕ ਤਣ ਕੇ ਬੈਠ ਜਾਣ ਅਤੇ ਆਪਣੇ ਮੱਥੇ 'ਤੇ ਚਿੰਤਾ ਦੀਆਂ ਤਿਊੜੀਆਂ ਪਾ ਲੈਣ। ਇਸ ਸਾਲ ਨਵੰਬਰ ਮਹੀਨੇ ਦੇ ਸ਼ੁਰੂ ਵਿੱਚ ਇਕ ਚਿੰਤਤ ਮਾਪੇ ਬਾਲਰੋਗ ਮਾਹਰ ਰਮੇਸ਼ ਕਾਂ ਚਾਰਲਾ ਦੇ ਕਲੀਨਿਕ 'ਚ ਆਏ। ਕਾਂ ਚਾਰਲਾ ਹੈਦਰਾਬਾਦ 'ਚ ਬੱਚਿਆਂ ਦੇ ਰੇਨਬੋ ਲੜੀ ਦੇ ਹਸਪਤਾਲਾਂ ਦੇ ਸੰਸਥਾਪਕ ਵੀ ਹਨ। ਬੱਚਿਆਂ ਦੀ ਚਿੰਤਤ ਮਾਂ ਨੇ ਦੱਸਿਆ ਮੇਰੀ ਬੇਟੀ ਨੌਂ ਮਹੀਨੇ ਦੀ ਹੋ ਚੁੱਕੀ ਹੈ ਪਰ ਆਮ ਬੱਚਿਆਂ ਵਾਗੂੰ ਅਜੇ ਤਕ ਉਸ ਨੇ ਰੁੜਨਾ ਵੀ ਨਹੀਂ ਸ਼ੁਰੂ ਕੀਤਾ ਹੈ। ਹਾਲਾਂਕਿ ਇਹ ਬਹੁਤ ਹੀ ਸਰਗਰਮ ਤੇ ਖੁਸ਼ ਮਿਜਾਜ ਹੈ। ਕਾਂ ਚਾਰਲਾ ਨੂੰ ਇਹ ਸਮਝਣ 'ਚ ਵਕਤ ਨਹੀਂ ਲੱਗਿਆ ਕਿ ਬੱਚੀ ਨਾਲ ਸਮੱਸਿਆ ਕੀ ਹੈ। ਉਹਨਾਂ ਮੁਤਾਬਕ ਅੱਜਕਲ ਇਹ ਗੱਲ ਆਮ ਹੈ, ਬੱਚੇ ਆਖਰ ਕਿਸ ਚੀਜ ਲਈ ਕਿਸ ਵਸਤੂ ਨੂੰ ਹਾਸਲ ਕਰਨ ਲਈ ਰੁੜ ਦੇ ਜਾਣੇਗਾ? ਉਹਨਾਂ ਦੇ ਸਾਰੇ ਖਿਡੌਣੇ ਤਾਂ ਅਚਲ ਹੁੰਦੇ ਹਨ ਅਤੇ

ਸਿਰਫ ਇਕ ਬਟਨ ਨੱਪਣ ਨਾਲ ਹੀ ਕੰਮ ਕਰਨ ਲੱਗਦੇ ਹਨ। ਸਰੀਰਕ ਸਰਗਰਮੀ ਦੀ ਘਾਟ ਸਭ ਤੋਂ ਜ਼ਿਆਦਾ ਆਮ ਹੈ, 4 ਤੋਂ 12 ਸਾਲ ਦੀ ਉਮਰ ਦੇ ਬੱਚਿਆਂ ’ਚ ਇਹ ਬਚਪਨ ’ਚ ਮੋਟਾਪੇ ਵਜੋਂ ਸਾਹਮਣੇ ਆਉਂਦੀ ਹੈ। ਇਸ ਕਿਸਮ ਦੇ ਬੱਚਿਆਂ ਦਾ ਜ਼ਿਆਦਾਤਰ ਸਮਾਂ ਟੀ.ਵੀ. ਕੰਪਿਊਟਰ ਜਾਂ ਗੇਮਿੰਗ ਕੰਸੋਲ ਦੇ ਅੱਗੇ ਬੈਠੇ ਬੈਠੇ ਅਤੇ ਜੰਕ ਫੂਡ ਖਾਂਦੇ ਹੋਏ ਲੰਘਦਾ ਹੈ। ਕਾਂ ਚਰਲਾ, ਜੋ ਗੈਟ੍ਰੋਲਾਜਿਸਟ ਹੋਣ ਦੇ ਨਾਲ ਨਾਲ ਬੱਚਿਆਂ ਦੇ ਜਿਗਰ ਦੇ ਰੋਗਾਂ ਦੇ ਮਾਹਰ ਵੀ ਹਨ, ਕਹਿੰਦੇ ਹਨ ਸਾਡੇ ਕੋਲ ਹਰ ਦਿਨ ਬਾਲਪਨ ’ਚ ਮੋਟਾਪੇ ਦੇ ਦੋ ਕੇਸ ਤਾਂ ਆਉਂਦੇ ਹੀ ਹਨ। ਜਦ ਕਿ ਪੰਜ ਸਾਲ ਪਹਿਲਾਂ ਤਕ ਇਹ ਅੰਕੜਾ ਹਫਤੇ ’ਚ ਦੋ ਜਾਂ ਤਿੰਨ ਕੇਸਾਂ ਤਕ ਸੀਮਤ ਸੀ। ਇਕ ਅਨੁਮਾਨ ਮੁਤਾਬਕ ਪ੍ਰਮੁੱਖ ਮਹਾਂਨਗਰਾਂ ਦੇ ਸਕੂਲ ਜਾਣ ਵਾਲੇ 20 ਫੀਸਦੀ ਬੱਚੇ ਜਾਂ ਤਾਂ ਮੋਟਾਪੇ ਜਾਂ ਮੋਟਾਪੇ ਨਾਲ ਸਬੰਧਤ ਲੱਛਣਾਂ ਨਾਲ ਗ੍ਰਸਿਤ ਹਨ। ਸਿਹਤ ’ਤੇ ਪੈਣ ਵਾਲੇ ਅਨੇਕਾਂ ਦੁਰ ਪ੍ਰਭਾਵਾਂ ’ਚੋਂ ਇਕ ਹੈ ਆਮ ਨਾਲ ਵਧ ਵਜਨ ਪੁਣੇ ’ਚ ਚੇਸਟ ਰਿਸਰਚ ਫਾਊਂਡੇਸ਼ਨ ਦੇ ਨਿਰਦੇਸ਼ਕ ਡਾ. ਸੰਦੀਪ ਸਾਲਵੀ ਦਾ ਕਹਿਣਾ ਹੈ ਕਿ “ਪਿਛਲੇ ਪੰਜ ਸਾਲਾਂ ਵਿੱਚ ਇਕੱਲੇ ਪੁਣੇ ’ਚ ਹੀ ਦਮੇ ਨਾਲ ਪ੍ਰਭਾਵਿਤ ਬੱਚਿਆਂ ਦੀ ਗਿਣਤੀ ਦੋਗੁਣੀ ਹੋ ਗਈ ਹੈ। ਉਹ ਇਸ ਸਿਟੇ ’ਤੇ ਉਸ ਖੋਜ ਰਾਹੀਂ ਪਹੁੰਚੇ ਹਨ, ਜੋ ਉਹਨਾਂ ਦੀ ਸੰਸਥਾ ਨੇ ਪਿਛਲੇ ਸਾਲ ਸ਼ਹਿਰ ’ਚ ਕੀਤੀ ਸੀ। ਸਲਵੀ ਮੁਤਾਬਕ ਦੂਜੇ ਸ਼ਹਿਰਾਂ ਦੀ ਸਥਿਤੀ ਕੁਝ ਖਾਸ ਵੱਖਰੀ ਨਹੀਂ ਹੋਵੇਗੀ। ਦਮੇ ਦੇ ਇਲਾਜ ’ਚ ਕੰਮ ਕਰਨ ਵਾਲੀ ਇਕ ਵੱਡੀ ਦਵਾ ਕੰਪਨੀ ਸਿਪਲਾ ਦੇ ਮੁੱਖ ਅਧਿਕਾਰੀ ਐਸ ਰਾਧਾ ਕ੍ਰਿਸ਼ਨਨ ਕਹਿੰਦੇ ਹਨ ਭਾਰਤ ’ਚ ਲਗਭਗ ਹਰ ਦਸ ਬੱਚਿਆਂ ’ਚੋਂ ਇਕ ਨੂੰ ਦਮਾ ਹੈ, ਸਕੂਲ ਤੋਂ ਉਹਨਾਂ ਦੀ ਗੈਰ ਹਾਜਰੀ ਦਾ ਇਹ ਮੁੱਖ ਕਾਰਨ ਹੈ। ਦਮੇ ਦੇ ਕਾਰਨ ਹਨ :- ਵਧਦਾ ਹਵਾ ਪ੍ਰਦੂਸ਼ਣ ਤੇ ਘੱਟਦੀ ਸਰੀਰਕ ਚੁਸਤੀ ਫੁਰਤੀ ਸੁਸਤੀ ਕਾਰਨ ਫੇਫੜਿਆਂ ਦੀ ਲੋੜੀਂਦੀ ਕਸਰਤ ਨਹੀਂ ਹੁੰਦੀ ਤਲੇ ਹੋਏ ਜੰਕ ਫੂਡ ਵਿੱਚ ਮੌਜੂਦ ਚਰਬੀ ਭਰਪੂਰ ਤੇਲ, ਪ੍ਰਜਰਵੇਟਿਵ ਤੇ ਫੂਡ ਐਡੇਟਿਵ ਸਮੱਸਿਆ ਨੂੰ ਹੋਰ ਵਧਾ ਰਹੇ ਹਨ। ਉਸ ਤੇ ਬੱਚਿਆਂ ਉਪਰ ਸਭ ਤੋਂ ਵਧ ਧਿਆਨ ਦੇਣ ਵਾਲੇ ਮਾਪੇ (ਖਾਸ ਕਰਕੇ ਉਹ ਜਿਨ੍ਹਾਂ ਦੀ ਇਕਲੌਤੀ ਸੰਤਾਨ ਹੈ) ਬੱਚੇ ਨੂੰ ਘਰ ਤੋਂ ਬਾਹਰ ਨਿਕਲਣ ਨਹੀਂ ਦੇਣਾ ਚਾਹੁੰਦੇ ਅਤੇ ਇਕ ਛਿੱਕ ਆਉਣ ’ਤੇ ਐਂਟੀਬਾਇਟਕ ਦਵਾਈਆਂ ਦੀ ਖੁਰਾਕ ਸ਼ੁਰੂ ਕਰ ਦਿੰਦੇ ਹਨ। ਅਜਿਹੇ ਮਾਪੇ ਬੱਚਿਆਂ ’ਚ ਰੋਗ-ਪ੍ਰਤੀਰੋਧਕ ਸਮਰਥਾ ਵਧਣ ਹੀ ਨਹੀਂ ਦਿੰਦੇ। ਬੱਚਿਆਂ ਦੀਆਂ ਬਹੁਤੀਆਂ ਸਮਸਿਆਵਾਂ ਮਨ ਤੇ ਸਰੀਰ ਨਾਲ ਸਬੰਧਤ ਹੁੰਦੀਆਂ ਹਨ ਜੋ ਟੀ. ਵੀ. ’ਤੇ ਅਨੁਚਿਤ ਚੀਜ਼ਾਂ ਵੇਖਣ ਕਰਕੇ ਜਾਂ ਮਾਪਿਆਂ ਦੇ ਧਿਆਨ ਨਾ ਦੇਣ ਕਾਰਨ ਜਾਂ ਸਾਥੀਆਂ ਦੇ ਦਬਾਅ ਕਾਰਨ ਵਿਕਸਤ ਹੁੰਦੀਆਂ ਹਨ ਅਤੇ ਇਹ ਆਚਰਣ ਸਬੰਧੀ ਸਮੱਸਿਆਵਾਂ ਵਜੋਂ ਸਾਹਮਣੇ ਆ ਸਕਦੀਆਂ ਹਨ। ਨਵੀਂ ਮੁੰਬਈ ਦੇ ਸਭ ਤੋਂ ਪੁਰਾਣੇ ਨਿਜੀ ਮੈਡੀਕਲ ਕਾਲਜਾਂ ’ਚੋਂ ਇਕ ਟੇਰਨਾ ਮੈਡੀਕਲ ਕਾਲਜ ਅਤੇ ਹਸਪਤਾਲ ’ਚ ਸਹਾਇਕ ਅਧਿਆਪਕ ਤੇ ਨਿਊਰੋ ਸਾਈਕੇਟਰਿਸਟ ਡਾ. ਨੀਰਜ ਰਵਾਨੀ ਕਹਿੰਦੇ ਹਨ ਮਾਪਿਆਂ ਦੀ ਸ਼ਿਕਾਇਤ ਹੁੰਦੀ ਹੈ ਕਿ ਬੱਚੇ ਉਹਨਾਂ ਦੀ ਸੁਣਦੇ ਨਹੀਂ, ਸਾਥੀਆਂ ਦੇ ਦਬਾਅ ਕਾਰਨ ਮੰਗਾਂ ਰਖਦੇ ਹਨ। ਰਵਾਨੀ ਦਾ ਮੰਨਣਾ ਹੈ ਕਿ ਆਚਰਣ ਸਬੰਧੀ ਸਮੱਸਿਆਵਾਂ ਖਾਸ ਤੌਰ ਤੇ ਉਹਨਾਂ ਬੱਚਿਆਂ ’ਚ ਹੁੰਦੀਆਂ ਹਨ ਜੋ ਕੰਮਕਾਜੀ ਮਾਪਿਆਂ ਦੀ ਇਕਲੌਤੀ ਸੰਤਾਨ ਹੁੰਦੀ ਹੈ। ਅਜਿਹਾ ਇਸ ਲਈ ਕਿਉਂਕਿ ਮਾਪਿਆਂ ਕੋਲ ਨਾ

ਤਾਂ ਸਬਰ ਹੁੰਦਾ ਹੈ ਤੇ ਨਾ ਹੀ ਚਰਚਾ ਕਰਨ ਤੇ ਹੱਲ ਕੱਢਣ ਲਈ ਸਮਾਂ ਅਤੇ ਇਸ ਤਰਾਂ ਦੇ ਮਾਪੇ ਘਰ 'ਚ ਸ਼ਾਂਤੀ ਬਣਾਈ ਰੱਖਣ ਲਈ ਬੱਚਿਆਂ ਦੀ ਬਦਤਮੀਜੀ ਅੱਗੇ ਹਥਿਆਰ ਸੁੱਟ ਦਿੰਦੇ ਹਨ ਹਾਂ ਸਾਂਝੇ ਪ੍ਰੀਵਾਰ ਦੀਆਂ ਵੀ ਆਪਣੀਆਂ ਸਮੱਸਿਆਵਾਂ ਹਨ ਜਿਵੇਂ ਬੱਚਿਆਂ ਦਾ ਲੋੜ ਤੋਂ ਵੱਧ ਲਾਡ ਕਰਨਾ ਅਤੇ ਉਹਨਾਂ ਨੂੰ ਕੁਝ ਜ਼ਿਆਦਾ ਹੀ ਸੁਰੱਖਿਆ ਵਿੱਚ ਰੱਖਣਾ ਜਿਸਦੀ ਸ਼ੁਰੂਆਤ ਆਮਤੌਰ 'ਤੇ ਦਾਦਾ ਦਾਦੀ ਵਲੋਂ ਹੁੰਦੀ ਹੈ। ਕੁਝ ਕੇਸਾਂ ਵਿੱਚ ਦੂਜੇ ਦੇ ਸਟੇਟਸ ਦਾ ਮੁਕਾਬਲਾ ਕਰਨ ਦੇ ਇਛੁੱਕ ਮਾਪੇ ਜਾਣੇ-ਅਣਜਾਣੇ ਆਪਣੇ ਬੱਚਿਆਂ ਵਿੱਚ ਹੀ ਇਹ ਆਦਤ ਪਾ ਦਿੰਦੇ ਹਨ। ਹੈਦਰਾਬਾਦ ਦੇ ਬਾਲ ਤੇ ਕਿਸ਼ੋਰ ਮਨੋਵਿਗਿਆਨੀ ਡਾ. ਕਲਿਆਣ ਚੱਕਰਵਰਤੀ ਕਹਿੰਦੇ ਹਨ ਜਦ ਮਾਪੇ ਹਰ ਉਸ ਚੀਜ ਨੂੰ ਖਰੀਦਣਾ ਚਾਹੁੰਦੇ ਹਨ ਜੋ ਉਹਨਾਂ ਦੇ ਗੁਆਂਢੀ ਕੋਲ ਨਹੀਂ ਹੈ। ਇਸ ਤਰਾਂ ਉਹ ਆਪਣੇ ਬੱਚਿਆਂ 'ਚ ਕਈ ਸੰਤੁਸ਼ਟ ਨਾ ਰਹਿਣ ਦੀ ਤੇ ਬਾਜ਼ਾਰ 'ਚ ਆਉਣ ਵਾਲੀ ਹਰ ਨਵੀਂ ਚੀਜ ਦੀ ਉਡੀਕ ਪੀੜੀ ਮਾਪੇ ਤੇ ਬੱਚੇ-ਬਾਜ਼ਾਰ 'ਚ ਮੌਜੂਦ ਵਿਕਲਪਾਂ ਦਾ ਫਾਇਦਾ ਤਾਂ ਉਠਾ ਰਹੀ ਹੈ ਪਰ ਦੂਜਾ ਪਹਿਲੂ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਵਿਕਲਪ ਜਿੰਨੇ ਵੱਧ ਹੁੰਦੇ ਹਨ ਉਸ ਦੇ ਨਾਲ-ਨਾਲ ਉਤਸੁਕਤਾ ਵੀ ਉਨੀ ਹੀ ਵਧਦੀ ਜਾਂਦੀ ਹੈ।

# ਅਸੀਂ ਕਦੋਂ ਤਕ ਤਮਾਸ਼ਬੀਨ ਬਣੇ ਰਹਾਂਗੇ?

ਵੈਸੇ ਤਾਂ ਪੂੰਜੀਵਾਦੀ ਤੇ ਅਰਧ ਜਾਗੀਰੂ ਅਰਧ ਬਸਤੀਵਾਦ ਸਮਾਜ 'ਚ ਰੋਜ਼ਾਨਾ ਹੀ ਅਸੀਂ ਅਜੇਹੀਆਂ ਘਟਨਾਵਾਂ ਦੇ ਗਵਾਹ ਬਣਦੇ ਹਾਂ ਜੋ ਇਸ ਦਲਾਲ ਨੌਕਰਸਾਹ ਸਰਮਾਏਦਾਰੀ ਸਮਾਜ ਦੀ ਸਚਾਈ ਨੂੰ ਸਾਡੀਆਂ ਅੱਖਾਂ ਦੇ ਸਾਹਮਣੇ ਉਜਾਗਰ ਕਰਦੀਆਂ ਹਨ। ਪਰ ਪਿਛਲੇ ਕੁਝ ਮਹੀਨਿਆਂ ਦੌਰਾਨ ਦੇਸ਼ ਦੇ ਪੈਮਾਨੇ 'ਤੇ ਇਹ ਨਿਜ਼ਾਮ ਜਿਸ ਹੱਦ ਤਕ ਨੰਗਾ ਹੋਇਆ ਹੈ ਉਸ ਨੂੰ ਦਸਣ ਲਈ ਹੁਣ ਵਿਸ਼ੇਸ਼ ਤਰਦੱਦ ਦੀ ਲੋੜ ਨਹੀਂ ਰਹਿ ਗਈ ਹੈ। ਅੱਜ ਇਸ ਪੂਰੇ ਆਦਮਖੋਰ ਮੁਨਾਫਾਖੋਰ ਨਿਜ਼ਾਮ ਦੀ ਬੇਰਹਿਮ ਅਤਿਆਚਾਰੀ ਤੇ ਗੈਰਮਨੁਖੀ ਵਿਵਸਥਾ ਸਿੱਧੀ ਸਾਡੇ ਸਾਹਮਣੇ ਖੜੀ ਹੈ– ਬਿਲਕੁਲ ਸ਼ਰੇਬਜ਼ਾਰ ਨੰਗੀ ਸਚਾਈ, ਇਸ ਨੂੰ ਸਪੱਸ਼ਟ ਸ਼ਬਦਾਂ 'ਚ ਲੋਕਾਂ ਸਾਹਮਣੇ ਰੱਖ ਦੇਣਾ ਸਭ ਤੋਂ ਜ਼ਰੂਰੀ ਹੋ ਗਿਆ ਹੈ। ਪਿਛਲੇ ਕੁਝ ਮਹੀਨਿਆਂ 'ਚ ਹੋਈਆਂ ਘਟਨਾਵਾਂ 'ਤੇ ਨਜ਼ਰ ਮਾਰਦਿਆਂ ਹੀ ਇਹ ਸਾਫ ਹੋਣ ਲਗਦਾ ਹੈ ਕਿ ਦਲਾਲ ਨੌਕਰਸ਼ਾਹ ਸਰਮਾਏਦਾਰੀ ਜਮਾਤ ਹੁਣ ਆਪਣੇ ਗਲੇ ਸੜੇ ਨਿਜ਼ਾਮ ਦੀਆਂ ਸ਼ਰਮਨਾਕ ਸਚਾਈਆਂ 'ਤੇ ਪੜਦਾ ਪਾਉਣ ਦੀ ਵੀ ਜਰੂਰਤ ਨਹੀਂ ਮਹਿਸੂਸ ਕਰਦੀ ਹੈ। ਉਹ ਜਾਣ ਚੁੱਕੀ ਹੈ ਕਿ ਸਮੁੱਚੀ ਪੂੰਜੀਵਾਦੀ ਸਭਿਅਤਾ ਦੀ ਘ੍ਰਿਣਤ ਸਚਾਈ ਜਦ ਲੋਕਾਂ ਸਾਹਮਣੇ ਹੈ ਬਿਲਕੁਲ ਸਾਫ ਹੈ। ਇਸ ਨੂੰ ਢੱਕਣ ਦੀ ਕੋਸ਼ਿਸ਼ ਕਰਨਾ ਬੇਕਾਰ ਹੈ। ਹੁਣ ਉਸ ਦੀਆਂ ਉਮੀਦਾਂ ਦਲਾਲ ਸਰਮਾਏਦਾਰੀ ਸਬੰਧੀ ਆਮ ਲੋਕਾਂ 'ਚ ਕੋਈ ਭਰਮ ਫੈਲਾਉਣ ਤੇ ਨਹੀਂ ਟਿਕੀਆਂ ਹੋਈਆਂ। ਹੁਣ ਉਸ ਦੀਆਂ ਉਮੀਦਾਂ ਇਸ ਗੱਲ 'ਤੇ ਟਿਕੀਆਂ ਹਨ ਕਿ ਲੋਕ ਬੇਵਸੀ ਹਾਰ ਦੇ ਬੋਧ ਤੇ ਹਿਤਾਸ਼ਾਂ 'ਚ ਜਿਤੀ ਹੋਈ ਇਸ ਅਫਸੋਸਨਾਕ ਹਾਲਤ ਨੂੰ ਹੀ ਆਪਣੀ ਹੋਣੀ ਸਮਝ ਲਵੇਗੀ ਤੇ ਇਸ ਨੂੰ ਕਬੂਲ ਕਰ ਲਵੇਗੀ। ਕਹਿਣ ਦੀ ਲੋੜ ਨਹੀਂ ਹੈ ਕਿ ਇਹ ਉਸ ਦੀ ਗਲਤ ਫਹਿਮੀ ਹੈ। ਆਓ ਕੁਝ ਅਹਿਮ ਘਟਨਾਵਾਂ 'ਤੇ ਨਜ਼ਰ ਮਾਰੀਏ :

**ਪਹਿਲੀ ਘਟਨਾ** :- ਪਿਛੇ ਜਿਹੇ ਹੀ ਦੇਸ਼ ਦੀ ਸਰਵਉਚ ਅਦਾਲਤ ਨੇ ਦੇਸ਼ ਦੀ ਸਰਕਾਰ ਨੇ ਇਸ ਗੱਲ ਲਈ ਕਾਫੀ ਲਾਹਣਤਾਂ ਪਾਈਆਂ ਕਿ ਇਕ ਪਾਸੇ ਤਾਂ ਲੋਕ ਭੁੱਖ ਤੇ ਕੁਪੋਸ਼ਣ ਨਾਲ ਮਰ ਰਹੇ ਹਨ ਤੇ ਦੂਜੇ ਪਾਸੇ ਗੋਦਾਮਾਂ 'ਚ ਹਜ਼ਾਰਾਂ ਟਨ ਅਨਾਜ ਸੜ ਗਿਆ। ਅਸੀਂ ਸਭ ਜਾਣਦੇ ਹਾਂ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਹਰ ਸਾਲ ਭਾਰਤੀ ਅਨਾਜ ਕਾਰਪੋਰੇਸ਼ਣ ਦੇ ਗੋਦਾਮਾਂ 'ਚ ਹਜ਼ਾਰਾਂ ਟਨ ਅਨਾਜ ਜਾਂ ਤਾਂ ਸੜ ਜਾਂਦਾ ਹੈ ਜਾਂ ਉਸ ਨੂੰ ਚੂਹੇ ਖਾ ਜਾਂਦੇ ਹਨ ਜਾਂ ਫਿਰ ਖੁਦ ਅਦਾਲਤ ਹੀ ਉਸ ਨੂੰ ਸਾੜਨ ਦਾ ਹੁਕਮ ਦੇ ਦਿੰਦੀ ਹੈ। ਹਰ ਸਾਲ ਹੀ ਦੇਸ਼ 'ਚ ਲੱਖਾਂ ਲੋਕ ਭੁੱਖ ਤੇ ਕੁਪੋਸ਼ਣ ਕਾਰਨ ਦਮ ਤੋੜ ਦਿੰਦੇ ਹਨ। ਹਰ ਵਾਰੀ ਹੀ ਸੁਪਰੀਮ ਕੋਰਟ ਸਰਕਾਰ ਨੂੰ ਅਜੇਹੀਆਂ ਝਿੜਕਾਂ ਦਿੰਦੀ ਹੈ ਤੇ ਕਿਸੇ ਸਾਲ ਸਰਕਾਰ ਗਰੀਬਾਂ 'ਚ ਅਨਾਜ ਮੁਫਤ ਨਹੀਂ ਵੰਡਦੀ ਹੈ। ਨਿਸ਼ਚੈ ਹੀ ਸੁਪਰੀਮ ਕੋਰਟ ਦੇ ਜੱਜ ਵੀ ਇਸ ਗੱਲ ਨੂੰ ਅੱਛੀ ਤਰਾਂ ਸਮਝਦੇ ਹਨ ਕਿ ਸਰਕਾਰ ਅਜੇਹਾ ਕੁਝ ਨਹੀਂ ਕਰੇਗੀ ਕਿਉਂ ਅਰਧ ਜਾਗੀਰੂ ਅਰਧ ਬਸਤੀਵਾਦੀ ਨਿਜਾਮ 'ਚ ਅਜੇਹਾ ਸੰਭਵ ਨਹੀਂ ਹੈ। ਨਿਜੀ ਮੁਨਾਫੇ ਦੇ ਇਕ ਅਜੇਹੇ ਨਿਜਾਮ 'ਚ ਜਿਸ 'ਚ ਆਦਮੀ ਦੀ ਜਾਨ ਸਮੇਤ ਹਰ ਚੀਜ਼ ਵੇਚੀ ਤੇ ਖਰੀਦੀ ਜਾਂਦੀ ਹੋਵੇ ਉਥੇ ਇਹ ਸੰਭਵ ਨਹੀਂ ਹੋ ਸਕਦਾ ਕਿਉਂਕਿ ਮੁਫਤ ਅਨਾਜ ਵੰਡਣ ਨਾਲ ਕੀਮਤਾਂ

ਡਿਗਣਗੀਆਂ ਤੇ ਦਲਾਲ ਸਰਮਾਏਦਾਰੀ ਜਮਾਤ ਨੂੰ ਘਾਟਾ ਪਵੇਗਾ। ਇਸ ਲਈ ਲੋਕ ਭੁੱਖੇ ਮਰਦੇ ਰਹਿੰਦੇ ਹਨ ਕਿਉਂਕਿ ਅਨਾਜ ਵੰਡਿਆ ਨਹੀਂ ਜਾਂਦਾ। ਇਕ ਪੂੰਜੀਵਾਦੀ ਨਿਆਂਪਾਲਿਕਾ 'ਚ ਬੈਠਾ ਜੱਜ ਇਸ ਸਿਧੇ ਜਿਹੇ ਤਰਕ ਨੂੰ ਨਾ ਸਮਝਦਾ ਹੋਵੇ, ਅਜਿਹਾ ਸੰਭਵ ਨਹੀਂ ਹੈ। ਪਰ ਇਹ ਸਮਝਣ ਦੇ ਬਾਵਜੂਦ ਉਹ ਨਿਯਮ ਹਰ ਸਾਲ ਸਰਕਾਰ ਨੂੰ ਇਕ ਵਾਰੀ ਅਨਾਜ ਸਾੜਣ ਲਈ ਸਰਕਾਰ ਨੂੰ ਝਿੜਕ ਦਿੰਦਾ ਹੈ। ਅਜਿਹਾ ਉਹ ਸਿਰਫ ਇਸ ਲਈ ਕਰਦਾ ਹੈ ਕਿ ਪੂੰਜੀਵਾਦੀ ਨਿਆਂਪਾਲਿਕਾ 'ਤੇ ਲੋਕਾਂ ਦਾ ਭਰੋਸਾ ਬਣਿਆ ਰਹੇ। ਘਟੋ ਘੱਟ ਇਕ ਅਜਿਹਾ ਥੜਾ ਹੋਣਾ ਚਾਹੀਦਾ ਹੈ। ਇਸ ਨਿਜ਼ਾਮ ਦਾ, ਜੋ ਇਸ ਨਿਜਾਮ 'ਤੇ ਲੋਕਾਂ ਦਾ ਵਿਸਵਾਸ਼ ਟੁਟਣੋ ਰੋਕਣ ਲਈ ਕੰਮ ਕਰ ਸਕੇ। ਉਸ ਨੂੰ ਸਾਫ ਸੁਥਰਾ ਹੋਣਾ ਚਾਹੀਦਾ ਹੈ ਅਤੇ ਅੱਛੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਨਿਆਂਪਾਲਿਕਾ ਦਾ ਪੂੰਜੀਵਾਦੀ ਨਿਜ਼ਾਮ 'ਚ ਇਹ ਕੰਮ ਹੁੰਦਾ ਹੈ। ਹਾਲਾਂਕਿ ਸਾਫ ਸੁਥਰੀ ਤਾਂ ਉਹ ਹੁਣ ਵੀ ਨਹੀਂ ਦਿਸਦੀ ਹੈ। ਤਾਂ ਇਸ ਵਾਰ ਵੀ ਨਿਆਂਪਾਲਿਕਾ ਨੇ ਪੂੰਜੀਵਾਦੀ ਨਿਜ਼ਾਮ ਦੀ ਇਜ਼ਤ ਬਚਾਉਣ ਦੇ ਇਰਾਦੇ ਨਾਲ ਇਕ ਜਮਹੂਰੀ ਅਧਿਕਾਰਾਂ ਨੂੰ ਸਮਰਪਿਤ ਜਥੇਬੰਦੀ ਸੀ. ਐਲ. ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸਰਕਾਰ ਨੂੰ ਗੋਦਾਮਾਂ 'ਚ ਵਾਧੂ ਪਏ ਅਨਾਜ ਨੂੰ ਗਰੀਬਾਂ 'ਚ ਵੰਡ ਦੇਣ ਦਾ ਹੁਕਮ ਦਿੱਤਾ। ਪਰ ਇਸ ਆਰਥਕ ਤੇ ਰਾਜਸੀ ਸੰਕਟ 'ਚ ਘਿਰੀ ਸਰਕਾਰ ਨੇ ਉਲਟਾ ਨਿਆਂ ਪਾਲਿਕਾ ਨੂੰ ਹੀ ਝਿੜਕ ਦਿੱਤਾ ਤੇ ਉਸ ਦੇ ਮਾਣ-ਸਨਮਾਨ ਦੀਆਂ ਧੱਜੀਆਂ ਉਡਾ ਦਿੱਤੀਆਂ। ਅਰਥਸ਼ਾਸਤਰੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਾਫ ਕਹਿ ਦਿੱਤਾ ਕਿ ਅਨਾਜ ਗਰੀਬਾਂ 'ਚ ਨਹੀਂ ਵੰਡਿਆ ਜਾ ਸਕਦਾ। ਕਿਉਂਕਿ ਇਸ ਨਾਲ ਧਨੀ ਕਿਸਾਨ ਤਬਾਹ ਹੋ ਜਾਣਗੇ ਅਤੇ ਉਹਨਾਂ ਨੂੰ ਪੈਦਾਵਾਰ ਦੀ ਪ੍ਰੇਰਣਾ ਮਿਲੇਗੀ। ਇਸ ਨਾਲ ਬਜ਼ਾਰ ਦਾ ਸਾਰਾ ਤਾਣਾ ਬਾਣਾ ਉਖੜ ਜਾਵੇਗਾ ਤੇ ਸਾਰੀਆਂ ਕੰਪਨੀਆਂ ਜੋ ਅਨਾਜ ਦੀ ਪੈਦਾਵਾਰ ਜਾਂ ਸੰਭਾਲ 'ਚ ਲੱਗੀਆਂ ਹੋਈਆਂ ਹਨ। ਮੂੰਹ ਦੇ ਭਾਰ ਆ ਡਿੱਗਣਗੀਆਂ। ਨਿਆਂਪਾਲਿਕਾ ਨੂੰ ਸਰੀਫ ਮੰਨੇ ਜਾਂਦੇ ਪ੍ਰਧਾਨ ਮੰਤਰੀ ਨੇ ਆਪਣੀ ਹੱਦ 'ਚ ਰਹਿਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਸਰਕਾਰ ਦੇ ਕੰਮਕਾਜ 'ਚ ਸਰਕਾਰ ਦਖਲਅੰਦਾਜੀ ਨਾ ਕਰੇ। ਸੰਸਦੀ ਖੱਬੇ ਪੱਖੀ ਭਾ. ਕ. ਪਾ. ਦੇ ਡੀ ਰਾਜਾ ਨੇ ਵੀ ਮਨਮੋਹਨ ਸਿੰਘ ਦੀ ਸੁਰ 'ਚ ਸੁਰ ਮਿਲਾਈ ਤੇ ਕਿਹਾ ਕਿ ਨਿਆਂਪਾਲਿਕਾ ਆਪਣੀ ਹੱਦ ਨਾ ਉਲੰਘੇ। ਥੋੜਾ ਹੋਰ ਗਰਮ ਕਿਸਮ ਦਾ ਸੰਸਦਵਾਦ ਕਰਨ ਵਾਲੀ ਭਾ. ਕ. ਪਾ. ਨੇ ਅਨਾਜ ਸੜਨ 'ਤੇ ਚਿੰਤਾ ਜਤਾਈ ਅਤੇ ਸਰਕਾਰ ਨੂੰ ਸਲਾਹ ਦਿੱਤੀ ਕਿ ਪੂੰਜੀਵਾਦੀ ਵਿਵਸਥਾ ਦੇ ਭੇਦ ਇਸ ਤਰਾਂ ਨਾ ਖੋਹਲੇ। ਉਹਨਾਂ ਦੇ ਅਰਥਸ਼ਾਸਤਰੀਆਂ ਨੇ ਅਚਾਨਕ ਸਾਰੇ ਅਖਬਾਰਾਂ 'ਚ ਕਾਲਮ ਲਿਖਦਿਆਂ ਸਲਾਹਾਂ ਤੇ ਸੁਝਾਵਾਂ ਤੇ ਦੀ ਝੜੀ ਲਾ ਦਿੱਤੀ। ਜਿਸ ਦਾ ਤੱਤ ਇਹ ਸੀ ਕਿ ਜੇ ਥੋੜਾ ਜਿਨਾ ਅਨਾਜ ਨਹੀਂ ਵੰਡਾਂਗੇ ਤੇ ਸੁਪਰੀਮ ਕੋਰਟ 'ਤੇ ਵੀ ਚਿੜਚੜਾਓਗੇ ਤਾਂ ਨਿਜਾਮ ਨੂੰ ਸੰਕਟ 'ਚ ਪਾ ਦਿਉਗੇ। ਇਸ ਲਈ ਮਨਮੋਹਨ ਜੀ ਸਾਡੇ "ਮਾਰਕ ਸੀ" ਅਰਥਸ਼ਾਸਤਰ ਦਾ ਥੋੜਾ ਫਾਇਦਾ ਲਓ, ਕਲਿਆਣ ਕਰੋ। ਪਰ ਮਨਮੋਹਨ ਪੂੰਜੀਵਾਦੀ ਅਰਥਸ਼ਾਸਤਰ ਦੇ ਨਿਯਮਾਂ ਨੂੰ ਚੰਗੀ ਤਰਾਂ ਜਾਣਦੇ ਹਨ ਤਾਂ ਉਹਨਾ ਨੇ ਉਹਨਾਂ ਨਿਯਮਾਂ ਨੂੰ ਪੂਰੀ ਤਰ੍ਹਾਂ ਇਮਾਨਦਾਰੀ ਨਾਲ ਰੱਖ ਦਿੱਤਾ। ਬਿਲਕੁਲ ਨੰਗੇ ਸ਼ਬਦਾਂ 'ਚ ਮੇਹਨਤਕਸ਼ ਲੋਕ ਭੁੱਖ ਤੇ ਕੁਪੋਸ਼ਣ ਨਾਲ ਮਰਦੇ ਹਨ ਤਾਂ ਮਰਦੇ ਰਹਿਣ। ਉਹਨਾਂ ਲਈ ਅਨਾਜ ਵੰਡ ਦੇ ਸਰਮਾਏਦਾਰਾਂ ਦੇ ਮੁਨਾਫੇ

ਹੇਠ ਦਾਤੀ ਨਹੀਂ ਫੇਰੀ ਜਾ ਸਕਦੀ? ਕਿਉਂਕਿ ਇਹ ਨਿਜ਼ਾਮ ਤੇ ਸਰਕਾਰ ਉਹਨਾਂ ਦੀ ਹੈ।

**ਦੂਜੀ ਘਟਨਾ** :- ਦੂਜੀ ਘਟਨਾ ਲਗਭਗ ਉਸ ਸਮੇਂ ਵਾਪਰੀ ਜਦ ਸੁਪਰੀਮ ਕੋਰਟ ਤੇ ਸਰਕਾਰ ਵਿਚਾਲੇ ਇਹ ਸੰਵਾਦ ਚਲ ਰਿਹਾ ਸੀ, ਦੇਸ਼ ਦੇ ਸਾਂਸਕਾਂ (MPS) ਨੇ ਹੜਤਾਲ ਕਰ ਦਿੱਤੀ। ਆਪਣੀ ਤਨਖਾਹ ਵਧਾਉਣ ਦੀ ਮੰਗ ਸਬੰਧੀ ਦੇਸ਼ ਪਾਰਲੀਮੈਂਟ ਮੈਂਬਰਾਂ ਨੇ ਪਾਰਲੀਮੈਂਟ ਦਾ ਕੰਮ ਠੱਪ ਕਰ ਦਿਤਾ, ਬੜੀ ਨਾਟਕਬਾਜੀ ਕੀਤੀ, ਨਕਲੀ ਸਰਕਾਰ ਦਾ ਡਰਾਮਾ ਕੀਤਾ। ਸਰਕਾਰ ਖਿਲਾਫ ਵਿਰੋਧ ਮੁਜਾਹਰਾ ਕੀਤਾ ਪਰ ਕੁਝ ਕਿੰਨਾਂ ਆਪਸੀ ਸੁਰ ਮਿਲਾ ਕੇ ਹੋਇਆ। ਇਕ ਅਜੀਬ ਜਿਹੀ ਯਾਰੀ ਸਾਰੇ ਮਾਹੌਲ ’ਤੇ ਛਾਈ ਹੋਈ ਸੀ। ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰ ਬੱਚਿਆਂ ਵਾਗੂੰ ਰੋ ਪਿੱਟ ਕੇ ਤਨਖਾਹ ਵਧਾਉਣ ਦੀ ਮੰਗ ਕਰ ਰਹੇ ਸਨ। ਉਹਨਾਂ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਦੇ ਸਭ ਤੋਂ ਵੱਡੇ ਨੌਕਰਸ਼ਾਹ (IAS) ਚੀਫ ਸੈਕਟਰੀ ਦੀ ਤਨਖਾਹ ਤੋਂ ਐਮ ਪੀ ਦੀ ਤਨਖਾਹ ਇਕ ਰੁਪਿਆ ਵੱਧ ਹੋਣੀ ਚਾਹੀਦੀ ਹੈ। ਭਾਵ 80001 ਰੁਪਏ ਕਾਫੀ ਡਰਾਮੇਬਾਜੀ ਪਿਛੋਂ ਸਰਕਾਰ ਨੇ ਇਸ ਜਿੰਦ ਨੂੰ ਕੁਝ ਹੱਦ ਤਕ ਸੰਨ ਲਿਆ ਤੇ ਐਮ ਪੀ ਦੀ ਤਨਖਾਹ ਵਧਾ ਕੇ 65000 ਰੁਪਏ ਕਰ ਦਿੱਤੀ। ਜੇ ਯਾਦ ਹੋਵੇ ਤਾਂ, ਇਕ ਐਮ ਪੀ ਨੂੰ ਕਈ ਹਵਾਈ ਸਫਰ, ਇਲਾਜ, ਲੱਖਾਂ ਟੈਲੀਫੋਨ ਕਾਲਾਂ, ਸਿਖਿਆ ਆਦਿ ਸਹੂਲਤਾਂ ਮੁਫਤ ਮਿਲਦੀਆਂ ਹਨ। ਉਹਨਾਂ ਨੂੰ ਮਮੂਲੀ ਕਿਰਾਏ ’ਤੇ ਸਰਕਾਰੀ ਬੰਗਲਾ ਮਿਲਦਾ ਹੈ। ਕਈ ਨੌਕਰ ਚਾਕਰ ਮਿਲਦੇ ਹਨ। ਸਰਕਾਰੀ ਗੱਡੀ, ਡਰਾਈਵਰ ਮਿਲਦੇ ਹਨ। ਇਹਨਾਂ ਸਹੂਲਤਾਂ ਦੀ ਲਿਸਟ ਪੂਰੀ ਕਰਨ ਲਈ ਕਈ ਸਫੇ ਲਿਖੇ ਜਾ ਸਕਦੇ ਹਨ ਪਰ ਇਥੇ ਇਹ ਜਰੂਰਤ ਨਹੀਂ। ਮੁੱਦੇ ਦੀ ਗੱਲ ਇਹ ਹੈ ਕਿ ਇਹਨਾਂ ਸੰਸਦਾਂ (ਐਮ. ਪੀ.) ਜਾਂ ਪਾਰਲੀਮੈਂਟ ਮੈਂਬਰਾਂ ਦੀ ਡੱਕਾ ਵੀ ਕੋਲੋਂ ਖਰਚ ਨਹੀਂ ਹੁੰਦਾ। ਸਭ ਕੁਝ ਲੋਕਾਂ ਦੇ ਪੈਸੇ ਨਾਲ ਇਹਨਾਂ ਨੂੰ ਦਿੱਤਾ ਜਾਂਦਾ ਹੈ। ਯਾਨੀ ਸਰਕਾਰੀ ਖਜਾਨਾ ਇਹਨਾਂ ਦੇ ਹਰ ਆਰਾਮ- ਐਸ਼ ਦਾ ਬੋਝ ਢੋਂਹਦਾ ਹੈ। ਇਸ ਤੋਂ ਇਲਾਵਾ ਹਰ ਸੰਸਦ ਕੋਲ ਆਪਣੇ ਖੇਤਰ ਦੇ ਵਿਕਾਸ ਲਈ ਕਰੋੜਾਂ ਰੁਪਏ ਆਉਂਦੇ ਹਨ। ਇਹ ਧਨ ਕਿਥੇ ਜਾਂਦਾ ਹੈ। ਇਹ ਵੀ ਦੇਸ਼ ਦਾ ਹਰ ਆਦਮੀ ਜਾਣਦਾ ਹੈ। ਵਿਦੇਸ਼ੀ ਬੈਂਕਾਂ ’ਚ ਇਹਨਾਂ ਸੰਸਦਾਂ ਦੇ ਕਰੋੜਾਂ ਰੁਪਏ ਐਂਵੇ ਹੀ ਨਹੀਂ ਜਮਾ ਹਨ। ਇਹ ਤਾਂ ਉਹਨਾਂ ਦੀ ‘ਗਾੜੀ ਮੇਹਨਤ ਦੀ ਕਮਾਈ’ ਹੈ- ਜੋ ਮੇਹਨਤ ਇਹਨਾਂ ਨੇ ਲੋਕਾਂ ਦੀ ਧਨ ਦੌਲਤ ਚੋਰੀ ਕਰਕੇ ਇਕੱਠੀ ਕਰਨ ’ਚ ਲਾਈ ਹੈ। ਇਸ ਸਾਰੀ ਸਫੈਦ ਤੇ ਕਾਲੀ ਕਮਾਈ ਨੂੰ ਜੇ ਜੋੜ ਲਿਆ ਜਾਵੇ ਤਾਂ ਇਕ ਐਮ ਪੀ ਆਪਣੀਆਂ ਸੱਤ ਪੀੜੀਆਂ ਦੀ ਜ਼ਿੰਦਗੀ ਸੁਰਖਿਅਤ ਕਰ ਸਕਦਾ ਹੈ। ਇਸ ਪਿਛੋਂ ਵੀ ਅਜਿਹੇ ਦੇਸ਼ ’ਚ ਜਿਸ ਦੇ ਲੋਕਾਂ ਦਾ 77 ਫੀਸਦੀ ਹਿੱਸਾ 20 ਰੁਪਏ ਦਿਹਾੜੀ ਜਾਂ ਉਸ ਤੋਂ ਵੀ ਘੱਟ ਆਮਦਨ ’ਤੇ ਜਿਉਂਦਾ ਹੋਵੇ, ਉਹ ਐਮ. ਪੀ ਆਪਣੀ ਮਾਸਕ ਆਮਦਨ ਨੂੰ 80000 ਹਜ਼ਾਰ ਰੁਪਏ ਕਰਨ ਲਈ ਅੜੇ ਹੋਏ ਸਨ। ਇਹ ਸਭ ਕੁਝ ਉਸ ਦੇਸ਼ ’ਚ ਹੋ ਰਿਹਾ ਹੈ ਜਿਸ ਦੀ 70 ਫੀਸਦੀ ਅਬਾਦੀ ਬਸ ਮੁਸ਼ਕਲ ਨਾਲ ਇਕ ਡੰਗ ਦੀ ਰੋਟੀ ਖਾਂਦੀ ਹੈ। ਪਰ ਦੂਜੇ ਪਾਸੇ ਇਹ ਸਰਮਾਏਦਾਰ ਨੇਤਾ, ਸਰਮਾਏਦਾਰੀ ’ਤੇ ਜਾਗੀਰਦਾਰੀ ਦੀ ਸੇਵਾ ਕਰਨ ਦੀ ਫੀਸ ਵਧਾਉਣ ਲਈ ਵਿਰੋਧ ਦਾ ਨਾਟਕ ਕਰ ਰਹੇ ਹਨ। ਜ਼ਾਹਰ ਹੈ ਕਿ ਐਮ ਪੀ (ਪਾਰਲੀਮੈਂਟ ਮੈਂਬਰਾਂ) ਦੀ ਵਧਦੀ ਹੋਈ ਤਨਖਾਹ ਦੀ ਕੀਮਤ ਟੈਕਸਾਂ ਰਾਹੀਂ ਇਸ ਦੇਸ਼ ਦੀ ਜਨਤਾ ਤੋਂ ਹੀ ਵਸੂਲੀ ਜਾਣੀ

ਹੈ। ਇਕ ਪਾਸੇ ਇਸ ਦੇਸ਼ ਦੇ 59 ਕਰੋੜ ਮਜਦੂਰ ਤਹਿਸੁਦਾ ਘੱਟੋ ਘੱਟ ਦਿਹਾੜੀ ਵੀ ਹਾਸਲ ਨਹੀਂ ਕਰ ਰਹੇ ਜਾਂ ਭੁਖਮਾਰੀ ਪੱਧਰ ਤਕ ਜਿਉਣ ਲਾਇਕ ਖੇਤ ਮਜਦੂਰੀ 'ਤੇ ਲਟਕ ਰਹੇ ਹਨ ਅਤੇ ਮਹਿੰਗਾਈ ਦੇ ਕਹਿਰ ਨਾਲ ਦਮ ਤੋੜ ਰਹੇ ਹਨ। ਪਰ ਦੂਜੇ ਪਾਸੇ ਦੇਸ਼ ਦੇ ਅਖੌਤੀ ਲੋਕ ਨੁਮਾਇੰਦੇ ਤੇ ਲੋਕ ਸੇਵਕ ਆਪਣੇ ਐਸ਼ੋ ਆਰਾਮ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਲਈ ਕੋਸ਼ਿਸ਼ ਵਿੱਚ ਹਨ। ਅਸਲ 'ਚ ਇਹ ਐਮ ਪੀ ਸੰਸਦ ਪਿਛਲੇ 63 ਸਾਲਾਂ ਦੌਰਾਨ ਦੇਸ਼ ਦੇ ਸਰਮਾਏਦਾਰਾਂ ਦੀ ਹਰ ਸੰਭਵ ਸੇਵਾ ਕਰਨ, ਪੂਰੀ ਸਰਮਾਏਦਾਰਾਨਾ ਨਾ ਲੁੱਟ ਦੇ ਨਿਜ਼ਾਮ ਦੇ ਕੁਸਲ ਪ੍ਰਬੰਧਕ ਹੋਣ ਦਾ ਮੇਹਨਤਾਨਾ ਮੰਗ ਰਹੇ ਹਨ। ਜ਼ਾਹਿਰ ਹੈ ਕਿ ਸਾਰੀ ਪੂੰਜੀਵਾਦੀ ਲੁੱਟ ਤੇ ਉਸ ਲੁੱਟ ਨੂੰ ਬਚਾਉਣ ਵਾਲੇ ਨਿਜ਼ਾਮ ਦੇ ਪ੍ਰਬੰਧ ਦੀ ਕੀਮਤ ਪਿਛਲੇ 63 ਸਾਲਾਂ ਤੋਂ ਲੋਕ ਚਕਾਉਂਦੇ ਆਏ ਹਨ। ਹੁਣ ਵੀ ਲੋਕ ਹੀ ਚਕਾਉਣਗੇ। ਇਹ ਪੂਰਾ ਅਮਲ ਭਾਰਤੀ ਦਲਾਲ ਸਰਮਾਏਦਾਰੀ ਹਕੂਮਤ ਦੇ ਕਰਤਿਆਂ ਧਰਤਿਆਂ ਦੇ ਪੂਰੀ ਤਰਾਂ ਸ਼ਰਮ ਲਾਹ ਕੇ ਲੋਕਾਂ ਨੂੰ ਲੁੱਟਣ ਤੇ ਉਤਾਰੂ ਹੋਣ ਦਾ ਲੋਕਾਂ ਦੀ ਨਜ਼ਰ ਮੂਹਰੇ ਸਾਫ ਕਰ ਦਿੰਦਾ ਹੈ। ਇਥੇ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਹੈ।

**ਤੀਜੀ ਘਟਨਾ** :- ਹੈ ਦਿਲੀ 'ਚ ਕਾਮਨਵੈਲਥ ਖੇਡਾਂ ਦਾ ਆਯੋਜਨ ਅਸਲ 'ਚ ਇਸ ਪੂਰੇ ਖੇਡ ਮੇਲੇ ਦੀ ਆੜ 'ਚ ਇਸ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਸਰਕਾਰ ਨੇ ਲੁਟਣ ਦਾ ਪ੍ਰਬੰਦ ਕੀਤਾ ਸੀ। ਸਰਕਾਰੀ ਅੰਕੜਿਆਂ ਮੁਤਾਬਕ ਇਸ ਖੇਡ ਮੇਲੇ ਦਾ ਆਯੋਜਨ 'ਚ 80000 ਕਰੋੜ ਰੁਪਏ ਖਰਚ ਕਰ ਦਿੱਤੇ ਗਏ। ਸਾਰੀਆਂ ਵਿਕਾਸ ਮੱਦਾਂ ਦੇ ਪੈਸੇ ਵੀ ਇਸ ਖੇਡ ਆਯੋਜਨ 'ਚ ਖਰਚ ਕਰ ਦਿੱਤੇ ਗਏ। ਹੁਣ ਇਹ ਕਿਸੇ ਤੋਂ ਛੁਪਿਆ ਤੱਥ ਨਹੀਂ ਹੈ ਕਿ ਲੋਕਾਂ ਦੇ 80000 ਕਰੋੜ ਰੁਪਿਆਂ ਦੀ ਲੁੱਟ ਦੇ ਆਯੋਜਨ 'ਚ ਭ੍ਰਿਸ਼ਟਾਚਾਰ ਦੀ ਹਰ ਉਹ ਕਿਸਮ ਮੌਜੂਦ ਸੀ। ਜਿਸ 'ਚ ਸਰਮਾਏਦਾਰੀ ਜਮਾਤ 'ਤੇ ਉਹਨਾਂ ਦੀ ਸਰਕਾਰ ਮਾਹਿਰ ਹੈ। ਠੇਕੇ ਦੇਣ 'ਚ ਬੇਨਿਯਮੀਆਂ, ਉਸਾਰੀ-ਕਾਰਜਾਂ 'ਚ ਖਰਾਬ ਸਮੱਗਰੀ ਲਾਉਣੀ। ਖੇਡਾਂ ਨਾਲ ਜੁੜੇ ਬੰਦਿਆਂ ਦੇ ਆਉਣ ਜਾਣ ਲਈ ਟੈਕਸੀਆਂ ਦਾ ਕਿਰਾਇਆ ਦੇਣਾ, ਉਹਨਾਂ ਦੇ ਖਾਣੇ ਦੇ ਇੰਤਜਾਮ ਹੋਣ ਵਾਲੇ ਖਰਚ ਵਿੱਚ ਘਪਲਾ, ਗੈਰ-ਜਰੂਰੀ ਇਮਾਰਤਾਂ ਤੇ ਸਟੇਡੀਅਮਾਂ ਦੀ ਉਸਾਰੀ, ਵਿਸ਼ਾਲ ਖੇਡ ਪਿੰਡ ਦੀ ਉਸਾਰੀ 'ਚ ਘਪਲਾ ਅਤੇ ਨਾ ਜਾਣੇ ਕੀ ਕੀ ਘਪਲਾ। ਆਮ ਘਪਲਿਆਂ ਦੇ ਜਿਸ ਵੀ ਸੰਭਵ ਰੂਪ ਬਾਰੇ ਸੋਚ ਸਕਦੇ ਹਾਂ, ਉਹ ਸਭ ਰਾਸ਼ਟਰ ਮੰਡਲ ਖੇਡਾਂ ਦੌਰਾਨ ਹੋਇਆ। ਅਰਧ ਜਾਗੀਰੂ, ਅਰਧ ਬਸਤੀਵਾਦੀ ਨਿਜ਼ਾਮ 'ਚ ਹਰ ਅਜਿਹੇ ਜਲਸੇ 'ਚ ਅਜਿਹਾ ਹੀ ਭ੍ਰਿਸ਼ਟਾਚਾਰ ਹੋਇਆ। 1982 ਦੇ ਏਸ਼ੀਆਡ ਦੌਰਾਨ ਵੀ ਅਜਿਹਾ ਹੀ ਹੋਇਆ ਸੀ। ਇਸ ਬਾਰੇ ਗੋਰਖਧੰਦੇ ਸਬੰਧੀ ਕੋਈ ਸੁਆਲ ਉਠਦਾ ਹੈ ਤਾਂ ਉਸ ਦੇ ਮੂੰਹ 'ਤੇ 'ਦੇਸ਼ ਦੀ ਇਜ਼ਤ' ਦੀ ਚੇਪੀ ਲਾ ਦਿੱਤੀ ਜਾਂਦੀ ਹੈ। ਇਸ ਦੁਰਾਚਾਰ, ਨੰਗੀ ਲੁੱਟ, ਭ੍ਰਿਸ਼ਟਾਚਾਰ ਤੇ ਚੋਰੀ ਸਬੰਧੀ ਕੋਈ ਅਵਾਜ਼ ਉਠਾਏ ਤਾਂ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ ਕਿ ਇਸ ਨਾਲ ਦੇਸ਼ ਦੀ ਇੱਜ਼ਤ ਖਰਾਬ ਹੁੰਦੀ ਹੈ। ਸੁਆਲ ਇਹ ਪੈਦਾ ਹੁੰਦਾ ਹੈ ਕਿ ਇਕ ਅਜਿਹੀ ਖੇਡ ਦੇ ਆਯੋਜਨ 'ਚ ਕਿਹੜੀ ਇੱਜ਼ਤ ਹੈ ਜੋ ਉਸ ਬਸਤੀਵਾਦੀ ਅਤੀਤ ਦੀ ਯਾਦ ਤਾਜਾ ਕਰਦੀ ਹੈ ਜੋ ਅਸਲ 'ਚ ਸਾਡੇ ਦੇਸ਼ ਦੇ ਅਪਮਾਨ ਦੀ ਯਾਦ ਦਿਵਾਉਂਦਾ ਹੈ। ਰਾਸ਼ਟਰਮੰਡਲ 'ਚ ਸ਼ਾਮਲ ਦੇਸ਼ ਉਹ ਦੇਸ਼ ਹਨ ਜੋ ਕਦੀ ਅੰਗ੍ਰੇਜ਼ਾਂ ਦੇ ਗੁਲਾਮ ਰਹੇ ਸਨ।

ਮੇਹਨਤਕਸਾਂ ਤੇ ਆਮ ਲੋਕਾਂ ਦੀਆਂ ਕੁਰਬਾਨੀਆਂ ਆਸਰੇ 1947 ਦੀ ਸੱਤਾ ਬਦਲੀ ਤੇ ਅੰਗ੍ਰੇਜ਼ਾਂ ਦੇ ਚਲੇ ਜਾਣ ਦੇ 63 ਸਾਲਾ ਬਾਅਦ ਵੀ ਦੇਸ਼ ਦੇ ਹਾਕਮ ਮਹਾਰਾਨੀ ਨੂੰ ਬੇਟਨ (ਮਸਾਲ) ਲੈ ਕੇ ਦੌੜਨ 'ਚ ਮਾਣ ਮਹਿਸੂਸ ਕਰਦੇ ਹਨ ਤਾਂ ਇਹ ਗੱਲ ਸੋਚਣ ਵਾਲੀ ਹੈ। ਇਹ ਕਿਸ ਕਿਸਮ ਦੀ ਇਜ਼ਤ ਹੈ ਸਾਡੇ ਦੇਸ਼ ਦੀ? ਇਹ ਤਾਂ ਅੰਗ੍ਰੇਜ਼ਾਂ ਵਿਰੁੱਧ ਕੁਰਬਾਨੀਆਂ ਕਰਨ ਵਾਲੇ ਮੇਹਨਤਕਸਾਂ ਦੀ ਬੇਇਜਤੀ ਹੈ? ਇਸ ਲਈ ਇਜਤ ਦਾ ਇਹ ਬੜਾ ਵੱਡਾ ਬੇਇਜਤੀ ਭਰਿਆ ਤਰਕ ਹੈ। ਜੋ ਹਾਕਮ ਜਮਾਤ ਆਪਣੇ ਭ੍ਰਿਸ਼ਟਾਚਾਰ ਅਤੇ ਲੁੱਟ ਸਬੰਧੀ ਉਂਗਲੀ ਉਠਾਏ ਜਾਣ ਦਿੰਦੀ ਹੈ। ਇਹਨਾਂ ਰਾਸ਼ਟਰਮੰਡਲ ਖੇਡਾਂ ਦੀ ਤਿਆਰੀ ਤੇ ਉਸਾਰੀ ਦਾ ਪੂਰਾ ਅਮਲ ਦਿਖਾ ਦਿੰਦਾ ਹੈ ਕਿ ਇਹ ਨਿਜ਼ਾਮ ਕਿਸ ਦਾ ਹੈ ਅਤੇ ਇਹ ਕੈਸਾ ਨਿਜ਼ਾਮ ਹੈ। ਖੇਡ ਦੀਆਂ ਤਿਆਰੀਆਂ ਦੇ ਪੂਰੇ ਦੌਰ 'ਚ ਸੁਪਰੀਮ ਕੋਰਟ, ਸਵੈ ਸੇਵੀ ਸੰਗਠਨ, ਮਜਦੂਰ ਜਥੇਬੰਦੀਆਂ, ਟ੍ਰੇਡ ਯੂਨੀਅਨਾਂ ਤੇ ਇਥੋਂ ਤਕ ਕਿ ਸਰਕਾਰੀ ਸੰਮਤੀਆਂ ਤਕ ਬੋਲਦੀਆਂ ਰਹੀਆਂ ਹਨ ਕਿ ਉਸਾਰੀ ਕੰਮ 'ਚ ਲੱਗੇ ਮਜਦੂਰਾਂ ਦੇ ਕਿਰਤ ਕਨੂੰਨਾਂ ਦੀ ਦਿਲੀ ਸਰਕਾਰੀ ਬੇਸ਼ਰਮੀ ਨਾਲ ਉਲੰਘਣਾ ਕਰ ਰਹੀ ਹੈ। ਸੁਪਰੀਮ ਕੋਰਟ ਵਲੋਂ ਬਣਾਈ ਇਕ ਸੰਮਤੀ ਨੇ ਦੱਸਿਆ ਕਿ ਰਾਸ਼ਟਰਮੰਡਲ ਖੇਡਾਂ ਦੀ ਉਸਾਰੀ 'ਚ ਲੱਗੇ ਮਜਦੂਰਾਂ ਨੂੰ ਇਕ ਵੀ ਕਨੂੰਨੀ ਅਧਿਕਾਰ ਮੁਹਈਆ ਨਹੀਂ ਹੈ ਅਤੇ ਸਰਕਾਰ ਦੀ ਸਹਿ 'ਤੇ ਠੇਕੇਦਾਰ ਜਲਦੀ ਕੰਮ ਪੂਰਾ ਕਰਾਉਣ ਦੇ ਨਾਂ 'ਤੇ ਮਜ਼ਦੂਰਾਂ ਤੋਂ 14-16 ਘੰਟੇ ਕੰਮ ਕਰਵਾ ਰਹੇ ਹਨ। ਉਹਨਾਂ ਦੇ ਕੰਮ ਕਰਨ ਦੀਆਂ ਹਾਲਤਾਂ ਬੇਹੱਦ ਖਤਰਨਾਕ ਤੇ ਤਰਸਯੋਗ ਹਨ। ਉਹਨਾਂ ਦੇ ਬੱਚਿਆਂ ਦੀ ਦੇਖਭਾਲ ਦੀ ਕੋਈ ਵਿਵਸਥਾ ਨਹੀਂ ਹੈ। ਉਹ ਸਭ ਕਿਸਮਾਂ ਦੀ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਕੁਲ ਮਿਲਾ ਕੇ ਇਹਨਾਂ ਮਜ਼ਦੂਰਾਂ ਤੋਂ ਗੁਲਾਮਾਂ ਵਾਗੂੰ ਕੰਮ ਲਿਆ ਜਾਂਦਾ ਹੈ। ਉਹਨਾਂ ਨੂੰ ਕੋਈ ਅਧਿਕਾਰ ਨਹੀਂ ਹੈ। ਬੇਰਹਿਮ ਲੁੱਟ-ਖਸੁੱਟ ਅਵਾਜ ਉਠਾਉਂਦਿਆਂ ਹੀ ਕੰਮ ਤੋਂ ਬਾਹਰ ਜਿਉਣ ਦੀ ਖੁਰਾਕ ਤੋਂ ਵੀ ਘੱਟ ਮਜ਼ਦੂਰੀ। ਇਸ ਤਰਾਂ ਰਾਸ਼ਟਰਮੰਡਲ ਖੇਡਾਂ ਲਈ ਦਿਲੀ ਦੇ ਚਕਾਚੌਂਧ ਆਲੀਸ਼ਾਨ ਸਟੇਡੀਅਮਾਂ, ਹੋਟਲਾਂ, ਗੈਸਟ ਹਾਊਸਾਂ ਆਦਿ ਦੀ ਉਸਾਰੀ ਕੀਤੀ ਗਈ ਅਤੇ ਜਦ ਉਸਾਰੀ ਪੂਰੀ ਹੋ ਗਈ ਤਾਂ ਇਹਨਾਂ ਹੀ ਮਜਦੂਰਾਂ ਨੂੰ ਦਿੱਲੀ ਤੋਂ ਬਾਹਰ ਭੇਜ ਦਿੱਤਾ ਗਿਆ ਤਾਂ ਕਿ ਦਿੱਲੀ ਦੀ ਦਿੱਖ ਨਾ ਵਿਗੜੇ। ਅਸੀਂ ਸਿਰਫ ਉਹਨਾਂ ਦੇ ਮੁਨਾਫੇ ਲਈ ਮਰਦੇ ਜਿਉਂਦੇ ਹਾਂ। ਇਹ ਸਚਾਈ ਐਨ ਨੰਗੇ ਰੂਪ 'ਚ ਸਭ ਦੇ ਸਾਹਮਣੇ ਸੀ। ਅਸੀਂ ਉਹਨਾਂ ਲਈ ਮੁਨਾਫਾ ਕਮਾਉਣ ਦੀ ਮਸ਼ੀਨ ਤੋਂ ਵੱਧ ਕੁਝ ਨਹੀਂ ਹਾਂ। ਇਹ ਅਸਲੀਅਤ ਸਾਡੀਆਂ ਅੱਖਾਂ 'ਚ ਅੱਖਾਂ ਪਾ ਕੇ ਝਾਕ ਰਹੀ ਹੈ। ਕਾਮਨਵੈਲਥ ਖੇਡਾਂ ਦੇ ਆਯੋਜਨ ਦੀ ਤਿਆਰੀ 'ਚ ਕਰੀਬ ਸਵਾ ਸੌ ਮਜਦੂਰ ਮਾਰੇ ਗਏ। ਜਖਮੀ ਤੇ ਬੀਮਾਰ ਹੋਣ ਵਾਲਿਆਂ ਦੀ ਕੋਈ ਗਿਣਤੀ ਹੀ ਨਹੀਂ ਹੈ। ਦਿੱਲੀ 'ਚ ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਨੇ ਪੂਰੇ ਦੇਸ਼ ਦੀ ਮਜਦੂਰ ਜਮਾਤ ਦੇ ਮੂਹਰੇ ਸਪੱਸ਼ਟ ਕਰ ਦਿੱਤਾ ਕਿ ਇਸ ਪੂਰੀ ਮੁਨਾਫਾ ਕੇਂਦਰਿਤ ਵਿਵਸਥਾ 'ਚ ਮਜਦੂਰਾਂ ਦੀ ਜਾਨ ਤੇ ਸਰੀਰ ਦੀ ਕੋਈ ਕੀਮਤ ਨਹੀਂ ਹੈ। ਜੇ ਕੀਮਤ ਹੈ ਤਾਂ ਸਿਰਫ ਸਰਮਾਏਦਾਰਾਂ, ਵਿਚੋਲਿਆਂ, ਠੇਕੇਦਾਰਾਂ, ਲੀਡਰਾਂ ਨੌਕਰਸ਼ਾਹਾਂ ਦੇ ਮੁਨਾਫੇ ਦੀ। ਅਸੀਂ ਤਾਂ ਬਸ ਇਸ ਮੁਨਾਫੇ ਖਾਤਰ ਮਰਨ ਖਪਣ ਲਈ ਹੀ ਹਾਂ। ਖੇਡਾਂ ਦੀਆਂ ਤਿਆਰੀਆਂ 'ਤੇ ਖਰਚ ਹੋਏ 80000 ਕਰੋੜ ਰੁਪਏ 'ਚ ਸਰਮਾਏਦਾਰ ਜਮਾਤ ਦੇ ਹਰ ਥੜੇ ਨੇ ਕਮਾਈ ਕੀਤੀ। ਕਾਰਪੋਰੇਟ ਘਰਾਂ ਨੇ, ਠੇਕੇਦਾਰ, ਸ਼ੇਅਰ ਬਾਜ਼ਾਰ, ਵਿਚੋਲੇ

ਨੇਤਾ, ਅਫਸਰ, ਪੁਲਸ ਤੇ ਮੀਡੀਆ ਸਭ ਦੀ ਚਾਂਦੀ ਸੀ। ਮਰ ਰਿਹਾ ਸੀ ਆਮ ਮੇਹਨਤਕਸ਼। ਪਹਿਲਾਂ ਤਾਂ ਉਸ ਦੀ ਕਮਾਈ 'ਤੇ ਖੜੇ ਸਰਕਾਰੀ ਖਜਾਨੇ ਦੇ 80000 ਕਰੋੜ ਰੁਪਏ ਜੋ ਕਹਿਣ ਵਜੋਂ ਉਹਨਾਂ ਦੇ ਕਲਿਆਣ ਲਈ ਉਸ ਤੋਂ ਟੈਕਸ ਦੇ ਰੂਪ 'ਚ ਵਸੂਲੇ ਜਾਦੇ ਹਨ ਪਾਣੀ ਵਾਗੂੰ ਰੋੜ ਦਿੱਤੇ ਗਏ। ਤੇ ਹੁਣ ਉਸ ਦੀ ਵਸੂਲੀ ਵੀ ਟੈਕਸ ਨੂੰ ਵਧਾ ਕੇ ਉਹਨਾਂ ਤੋਂ ਹੀ ਕੀਤੀ ਜਾਵੇਗੀ। ਜ਼ਾਹਰ ਹੈ ਕਿ ਇਸ ਦੀ ਕੀਮਤ ਵਧੀ ਹੋਈ ਮਹਿੰਗਾਈ ਵਜੋਂ ਦੇਸ਼ ਦੀ ਸਭ ਤੋਂ ਗਰੀਬ ਅਬਾਦੀ ਹੀ ਚਕਾਉਣਥ ਵਾਲੀ ਹੈ ਅਤੇ ਉਸ ਦੀਆਂ ਤਿਆਰੀਆਂ ਦੌਰਾਨ ਤਾਂ ਮਜਦੂਰਾਂ ਦੀ ਜਿੰਨੀ ਬੇਰਹਿਮ ਲੁਟ ਕੀਤੀ ਜਾ ਸਕਦੀ ਸੀ ਉਹ ਕੀਤੀ ਗਈ।

ਇਹ ਤਿੰਨੇ ਘਟਨਾਵਾਂ ਇਕ ਹੀ ਗੱਲ ਵੰਨੀ ਇਸ਼ਾਰਾ ਕਰਦੀਆਂ ਹਨ ਕਿ ਦੇਸ਼ ਦੀ ਦਲਾਲ ਸਰਮਾਏਦਾਰੀ ਜਮਾਤ ਤੇ ਉਸ ਦੀ ਮੈਨੇਜਿੰਗ ਕਮੇਟੀ ਦਾ ਕੰਮ ਕਰਨ ਵਾਲੀ ਸਰਕਾਰ ਲੋਕਾਂ ਨੂੰ ਲੁੱਟ-ਘਸੁੱਟਣ ਦੇ ਕੰਮ 'ਚ ਪੂਰੀ ਤਰਾਂ ਬੇਸ਼ਰਮ ਹੋ ਚੁੱਕੀ ਹੈ। ਹੁਣ ਤਾਂ ਉਹ ਕਿਸੇ ਤਰਾਂ ਦੀ ਸਫਾਈ ਦੇਣ ਦੀ ਜਰੂਰਤ ਵੀ ਨਹੀਂ ਸਮਝਦੀ। ਦੇਸ਼ ਦੇ ਲੋਕ ਅੱਜ ਭਿਅੰਕਰ ਮਹਿੰਗਾਈ ਥੱਲੇ ਕਰਾਹ ਰਹੇ ਹਨ। ਮਜਦੂਰਾਂ ਦੀ ਖੁਲੇਆਮ ਗੁਲਾਮਾਂ ਵਾਂਗੂੰ ਲੁੱਟ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਨਵੇਂ ਰਿਕਾਰਡ ਬਣਾ ਰਹੀ ਹੈ। ਕੁਪੋਸ਼ਣ ਦੇ ਗਰੀਬੀ ਦੇ ਮਾਮਲੇ 'ਚ ਦੇਸ਼ ਅਫਰੀਕੀ ਦੇਸ਼ਾਂ ਤਕ ਤੋਂ ਪਿੱਛੇ ਜਾ ਚੁਕਿਆ ਹੈ। ਹਜ਼ਾਰਾਂ ਬੱਚੇ ਰੋਜ ਭੁੱਖ ਤੇ ਕੁਪੋਸ਼ਣ ਨਾਲ ਦਮ ਤੋੜ ਰਹੇ ਹਨ, ਦੂਜੇ ਪਾਸੇ ਦੇਸ਼ ਦੀ ਹਾਕਮ ਜਮਾਤ ਰੰਗ ਰਲੀਆਂ ਮਨਾ ਰਹੀ ਹੈ। ਇਹ ਆਪਣੀ ਨੰਗੀ ਆਯਾਸ਼ੀ 'ਚ ਮਗਨ ਹੈ। ਕਿਉਂਕਿ ਉਸ ਨੂੰ ਭਰੋਸਾ ਹੋ ਚੁਕਿਆ ਹੈ ਕਿ ਇਸ ਦੇਸ਼ ਦੇ ਲੋਕ ਦਾਸ ਰੁਝਾਣ ਦਾ ਸ਼ਿਕਾਰ ਹੋ ਚੁੱਕੇ ਹਨ। ਲੋਕਾਂ 'ਚ ਸਬਰ ਕਰਨ ਦੀ ਬਹੁਤ ਸਹਿਣਸ਼ੀਲਤਾ ਹੈ। ਹਰ ਤਰਾਂ ਦੀ ਲੁੱਟ-ਖਸੁੱਟ ਨੂੰ ਵੀ ਥੋੜੀ ਬਹੁਤੀ ਆਨਾ ਕਾਨੀ ਕਰਕੇ ਕਬੂਲ ਕਰ ਲੈਂਦੀ। ਅੱਜ ਸਰਮਾਏਦਾਰਾਂ ਦੇ ਹੌਂਸਲੇ ਬੁਲੰਦ ਹਨ। ਪਰ ਦੂਜੇ ਪਾਸੇ ਲੋਕ ਜਥੇਬੰਦ ਹੋ ਕੇ ਬਗਾਵਤਾਂ ਕਰਦੇ ਹਨ ਅਤੇ ਇਨਕਲਾਬ ਦੀ ਸੋਚਦੇ ਹਨ।

# ਧਰਮ, ਅੰਧਵਿਸਵਾਸ਼ ਤੇ ਵਿਗਿਆਨ

ਧਰਮ, ਅੰਧਵਿਸਵਾਸ਼ ਤੇ ਵਿਗਿਆਨ ਨੂੰ ਸਮੇਂਕਿਤ ਕਰਕੇ ਲਿਖਣਾ ਜਾਂ ਬੋਲਣਾ ਇਕ ਵੱਡੇ ਕੈਨਵਾਸ ਦੀ ਮੰਗ ਕਰਦਾ ਹੈ। ਆਧੁਨਿਕ ਵਿਗਿਆਨ ਦੇ ਪੂਰਵਜਨਮ-ਪੁਨਰਜਨਮ, ਭੂਤ-ਪ੍ਰੇਤ, ਕਿਸਮਤਵਾਦ, ਕਰਮ ਕਾਂਡ, ਸਵਰਗ-ਨਰਕ, ਜੋਤਿਸ਼, ਭਵਿੱਖਬਾਣੀ ਆਦਿ ਨਾਲ ਜੁੜੀਆਂ ਮਾਨਤਾਵਾਂ ਨੂੰ ਗੈਰਵਿਗਿਆਨਕ ਸਿੱਧ ਕੀਤਾ ਅਤੇ ਉਹਨਾਂ 'ਚ ਵਿਸਵਾਸ਼ ਕਰਦੇ ਜਾਣ ਨੂੰ ਅੰਧਵਿਸਵਾਸ਼ ਦੱਸਿਆ। ਆਧੁਨਿਕ ਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਅਤੇ ਸਾਹਿਤ ਤੇ ਕਲਾਵਾਂ ਨੇ ਅਜਿਹੇ ਅੰਧਵਿਸ਼ਵਾਸ਼ਾਂ ਨੂੰ ਦੂਰ ਕਰਕੇ ਲੋਕਾਂ 'ਚ ਵਿਗਿਆਨਕ ਚੇਤਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹੁਣ ਅਸੀਂ ਵੇਖ ਰਹੇ ਹਾਂ ਕਿ ਵਿਗਿਆਨਕ ਚੇਤਨਾ ਤੇ ਸੁਆਲ ਖੜ੍ਹੇ ਕੀਤੇ ਜਾ ਰਹੇ ਹਨ ਅਤੇ ਅੰਧਵਿਸਵਾਸ਼ਾਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਸ ਦਾ ਕਾਰਨ ਸਾਨੂੰ ਲੱਭਣਾ ਪਵੇਗਾ। ਲਗਾਤਾਰ ਵਧ ਰਹੇ ਧਾਰਮਿਕ ਜਨੂੰਨ, ਮੂਲਵਾਦ, ਦਹਿਸ਼ਤਵਾਦ ਤੇ ਫਿਰਕੂ ਫਾਸ਼ੀਵਾਦ ਦੇ ਅੱਜ ਦੇ ਵਾਤਾਵਰਣ 'ਚ ਧਰਮ, ਜਾਤੀ, ਖੇਤਰ, ਸਭਿਆਚਾਰ ਆਦਿ ਦੀ ਬਹੁਲਤਾ ਦੇ ਨਾਂ ਹੇਠ ਗੈਰ ਵਿਗਿਆਨਕ ਤੇ ਗੈਰ ਮਨੁੱਖੀ ਵਿਚਾਰਾਂ, ਮਾਨਤਾਵਾਂ, ਪ੍ਰਥਾਵਾਂ ਆਦਿ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਤੇ ਪਾਲਿਆ ਪੋਸ਼ਿਆ ਜਾ ਰਿਹਾ ਹੈ। ਦਵੰਦਵਾਦੀ ਭੌਤਿਕਵਾਦ 'ਤੇ ਅਧਾਰਤ ਵਿਗਿਆਨ ਤੇ ਵਿਗਿਆਨਕਤਾ 'ਤੇ ਇਕ ਵਾਰ ਫਿਰ ਤੋਂ ਜ਼ੋਰ ਦੇਣਾ ਲਾਜ਼ਮੀ ਹੋ ਗਿਆ ਹੈ। ਅੱਜ ਦਾ ਪੂੰਜੀਵਾਦ ਤਰਕਸ਼ੀਲ ਤੇ ਅਥਾਰਤਵਾਦ ਤੋਂ ਛੁੱਟੀ ਪਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਨੂੰ ਇਕ ਜ਼ਮਾਨੇ 'ਚ ਖੁਦ ਉਸ ਨੇ ਹੱਲਾਸ਼ੇਰੀ ਦਿੱਤੀ ਸੀ। ਸਾਨੂੰ ਇਸ ਨਵੇਂ ਹਾਲਾਤ ਨਾਲ ਨਿਪਟਣ ਲਈ ਵਿਗਿਆਨਕ ਉਪਾਅ ਖੋਜਣਾ ਚਾਹੀਦਾ ਹੈ। ਸਾਮਰਾਜ ਦੇ ਸਭ ਤੋਂ ਖਤਰਨਾਕ ਦੌਰ ਨਵ-ਬਸਤੀਵਦ ਦੇ ਤਹਿਤ ਜਦ ਅਮਰੀਕਾ ਦੀ ਅਗਵਾਈ 'ਚ ਸਾਮਰਾਜੀ ਤਾਕਤਾਂ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਰਾਹੀਂ ਅਤੇ ਮੁਕਤ ਦੁਨੀਆਂ ਤੇ ਮੁਕਤ ਮਾਨਵ ਦੀ ਧੋਖਾਧੜੀ ਵਾਲੀ ਵਿਚਾਰਧਾਰਾ ਦੀ ਆੜ 'ਚ ਪੂਰੀ ਦੁਨੀਆਂ 'ਤੇ ਖਾਸ ਕਰਕੇ ਏਸ਼ੀਆ, ਅਫਰੀਕਾ ਤੇ ਲਤੀਨੀ ਅਮਰੀਕਾ ਦੇ ਲੋਕਾਂ 'ਤੇ ਚੌਤਰਫੇ ਹਮਲੇ ਕਰ ਰਹੇ ਹਨ ਤਾਂ ਵਿਗਿਆਨਕ ਚਿੰਤਨ ਤੇ ਵਿਗਿਆਨਕ ਖੋਜ ਦੀ ਥਾਂ ਅੰਧਵਿਸ਼ਵਾਸ਼ਾਂ ਦਾ ਬੋਲਬਾਲਾ ਹੋ ਰਿਹਾ ਹੈ। ਅਜਿਹੀ ਸਥਿਤੀ ਨੂੰ ਦੇਖ ਕੇ ਦੁਨੀਆਂ ਭਰ ਦੇ ਵਿਗਿਆਨਕਾਂ 'ਤੇ ਇਕ ਉਦਾਸੀ ਛਾਈ ਹੋਈ ਹੈ। ਇਕ ਜ਼ਮਾਨਾ ਸੀ ਜਦ ਅਮਰੀਕੀ ਵਿਗਿਆਨ 'ਚ ਇਕ ਆਇਨਸਟਾਈਨ ਦੀ ਥਾਂ ਹੁੰਦੀ ਸੀ। ਅਮਰੀਕੀ ਵਿਗਿਆਨ ਚੰਦ 'ਤੇ ਗਿਆ ਸੀ ਅਤੇ ਉਸ ਨੇ ਦੁਨੀਆਂ ਨੂੰ ਲੇਜਰ ਕੰਪਿਊਟਰ, ਨਾਟੀਲਾਨ, ਟੈਲੀਵਿਜ਼ਨ ਤੇ ਪੋਲੀਓ ਦਾ ਇਲਾਜ ਵਰਗੀਆਂ ਚੀਜ਼ਾਂ ਦਿੱਤੀਆਂ ਸਨ ਪਰ ਹੁਣ ਉਸ 'ਚ ਉਹ ਗੱਲ ਨਹੀਂ ਰਹੀ। ਵਿਗਿਆਨ ਦੀਆਂ ਕਈ ਪ੍ਰੀਭਾਸ਼ਾਵਾਂ ਹਨ। ਪਰ ਕਿਸੇ ਇਕ ਪ੍ਰੀਭਾਸ਼ਾ ਤੇ ਇਸ ਦੀ ਸਹਿਮਤੀ ਨਹੀਂ ਹੈ। ਇਥੋਂ ਤਕ ਕਿ ਕਈ ਲੋਕ ਵਿਗਿਆਨ ਤੇ ਟੈਕਨੋਲੋਜੀ 'ਚ ਵੀ ਕੋਈ ਫਰਕ ਨਹੀਂ ਕਰਦੇ। ਠੀਕ-ਠਾਕ ਪੜ੍ਹੇ ਲਿਖੇ ਲੋਕ ਵੀ ਜਦ ਵਿਗਿਆਨ ਦੀ ਗੱਲ ਕਰ ਰਹੇ ਹੁੰਦੇ ਹਨ ਤਾਂ ਤਕਨੀਕ ਦੀਆਂ ਮਿਸ਼ਾਲਾਂ ਦੇਣ ਲੱਗਦੇ ਹਨ ਤੇ ਜਦ ਤਕਨੀਕੀ ਦੀ ਗੱਲ ਕਰਦੇ ਹਨ ਤਾਂ ਵਿਗਿਆਨ ਦੀਆਂ ਉਦਾਹਰਣਾਂ ਦੇਣ ਲੱਗਦੇ ਹਨ। ਇਸ ਲਈ ਪ੍ਰੀਭਾਸ਼ਾ ਦੇ ਚੱਕਰ 'ਚ ਨਾ ਪੈ ਕੇ ਵਿਗਿਆਨ ਨੂੰ ਸਮਝਣ ਦੀ ਕੋਸ਼ਿਸ਼ ਕਰੋਗੇ ਤਾਂ ਪਤਾ ਲੱਗੇਗਾ ਕਿ ਵਿਗਿਆਨ ਜੋ ਸਭ ਤੋਂ ਵੱਡਾ

ਸੁਆਲ ਪੁੱਛਦਾ ਹੈ ਇਹ ਹੈ ਕਿ "ਕਿਵੇਂ" ਇਹ ਸੋਚਣ ਦਾ ਇਕ ਤਰੀਕਾ ਹੈ ਜੋ ਸੋਚਣ ਦੇ ਉਸ ਤਰੀਕੇ ਤੋਂ ਵੱਖਰਾ ਹੈ ਕਿ ਜਿਸ 'ਚ ਸੁਆਲ ਉਠਾਇਆ ਜਾਂਦਾ ਹੈ। "ਕਿਉਂਕਿ?" ਸੋਚਣ ਦੇ ਇਹਨਾਂ ਤਰੀਕਿਆਂ 'ਚ ਕੀ ਫਰਕ ਹੈ ਇਹ ਸਮਝਣ ਲਈ ਆਪਾਂ ਦਿਨ ਤੇ ਰਾਤ ਦੇ ਹੋਣ ਦੀ ਉਦਾਹਰਣ ਲੈ ਸਕਦੇ ਹਾਂ। ਜਦ ਤੁਸੀਂ ਪੁੱਛੋਗੇ ਕਿ ਦਿਨ ਰਾਤ ਕਿਉਂ ਹੁੰਦੇ ਹਨ ਤਾਂ ਇਸ ਦਾ ਜੁਆਬ ਤਕ ਪਹੁੰਚੋਗੇ ਕਿ ਕੋਈ ਸ਼ਕਤੀ ਹੈ ਜੋ ਚਾਹੁੰਦੀ ਹੈ ਕਿ ਦਿਨ ਰਾਤ ਹੋਣ ਤੇ ਉਸ ਦੀ ਮਰਜ਼ੀ ਨਾਲ ਹੀ ਦਿਨ ਰਾਤ ਬਣਦੇ ਹਨ ਪਰ ਜਦ ਅੱਜ ਪੁੱਛਾਂਗੇ ਤਾਂ ਦਿਨ ਰਾਤ ਕਿਵੇਂ ਬਣਦੇ ਹਨ ਤਾਂ ਜੁਆਬ ਬਦਲ ਜਾਏਗਾ ਅਤੇ ਤੁਸੀਂ ਇਸ ਜੁਆਬ ਤਕ ਪਹੁੰਚੋਗੇ ਕਿ ਧਰਤੀ ਸੂਰਜ ਦਾ ਚੱਕਰ ਲਾਉਂਦੀ ਹੋਈ ਆਪਣੇ ਧੁਰੇ ਦੁਆਲੇ ਘੁੰਮਦੀ ਹੈ ਤਾਂ ਉਸ ਦੇ ਸੂਰਜ ਸਾਹਮਣੇ ਆਉਣ ਵਾਲੇ ਹਿੱਸੇ 'ਚ ਦਿਨ ਹੁੰਦਾ ਹੈ ਅਤੇ ਪਿਛੇ ਵਾਲੇ ਇਸ 'ਚ ਰਾਤ। ਇਹ ਇਕ ਵਿਗਿਆਨਕ ਜੁਆਬ ਹੈ। ਵਿਗਿਆਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਆਪ ਨੂੰ ਸਹੀ ਕਰਦਾ ਰਹਿੰਦਾ ਹੈ ਜਦ ਕਿ ਵਿਗਿਆਨਕ ਸੋਚ 'ਚ ਇਸ ਤਰ੍ਹਾਂ ਦੀ ਗੁੰਜਾਇਸ਼ ਨਹੀਂ ਹੁੰਦੀ। ਮਸਲਨ ਜਦ ਇਹ ਮੰਨ ਲਿਆ ਜਾਂਦਾ ਹੈ ਕਿ ਦਿਨ ਅਤੇ ਰਾਤ ਭਗਵਾਨਾਂ, ਖੁਦਾ ਜਾਂ ਰੱਬ ਦੀ ਮਰਜੀ ਨਾਲ ਹੁੰਦੇ ਹਨ ਤਾਂ ਇਸ ਮਾਨਤ ਨੂੰ ਬਦਲਣਾ ਜਾਂ ਬੇਹਤਰ ਬਣਾਉਣਾ ਮੁਸ਼ਕਲ ਨਹੀਂ ਹੈ। ਵਿਗਿਆਨ 'ਚ ਚਪਟੀ ਜ਼ਮੀਨ ਗੋਲ ਹੋ ਸਕਦੀ ਹੈ। ਸੂਰਜ ਧਰਤੀ ਦੇ ਚੱਕਰ ਲਾਵੇ, ਇਸ ਦੀ ਬਜਾਏ ਧਰਤੀ ਸੂਰਜ ਦੇ ਚੱਕਰ ਲਾ ਸਕਦੀ ਹੈ। ਪੁਰਾਣੀਆਂ ਮਾਨਤਾਵਾਂ ਗਲਤ ਸਾਬਤ ਹੋ ਜਾਣੀਆਂ ਬਾਜ਼ਾਰ 'ਚ ਬੁਰਾ ਨਹੀਂ ਮੰਨਿਆ ਜਾਂਦਾ ਹੈ। ਪੁਰਾਣੇ, ਸਿਧਾਂਤਾਂ ਨੂੰ ਕਦੀ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ। ਪ੍ਰਯੋਗਾਂ, ਤੱਥਾਂ ਅਤੇ ਤਰਕਾਂ ਦੇ ਅਧਾਰ 'ਤੇ ਉਨ੍ਹਾਂ ਨੂੰ ਗਲਤ ਸਿੱਧ ਕੀਤਾ ਜਾ ਸਕਦਾ ਹੈ। ਪਰ ਧਰਮ ਵਗੈਰਾ 'ਚ ਇਸ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਹੈ ਕਿਉਂਕਿ ਉਥੇ 'ਕਿਉਂ' ਦਾ ਇਕ ਜੁਆਬ ਸਦਾ ਲਈ ਮਿਲ ਚੁੱਕਿਆ ਹੈ। ਈਸ਼ਵਰ ਦੀ ਇੱਛਾ ਅੱਗੇ ਕੋਈ ਕੁਝ ਨਹੀਂ ਕਰ ਸਕਦਾ। ਉਸ 'ਤੇ ਕੋਈ ਜੇ ਸੁਆਲ ਉਠਾਏਗਾ ਤਾਂ ਕਾਫਿਰ ਜਾਂ ਅਧਰਮੀ ਮੰਨਿਆ ਜਾਵੇਗਾ। ਨਾ ਜਾਣੇ ਕਿੰਨੇ ਵਿਗਿਆਨਕ ਜਿਹਨਾਂ ਨੇ ਅਜਿਹੇ ਸੁਆਲ ਉਠਾਏ ਸਨ ਧਾਰਮਿਕ ਲੋਕਾਂ ਹੱਥੋਂ ਮਾਰੇ ਗਏ ਜਾਂ ਗੈਲੀਲੀਓ ਵਾਂਗੂੰ ਡਰਾ-ਧਮਕਾ ਕੇ ਸੱਚੀ ਗੱਲ ਤੋਂ ਮੁਕਰਨ ਲਈ ਮਜ਼ਬੂਰ ਕੀਤੇ ਗਏ ਹਨ। ਵਿਗਿਆਨ ਤੇ ਵਿਗਿਆਨਕਤਾ ਦਾ ਵਿਕਾਸ ਸੰਘਰਸ਼ਾਂ ਭਰੇ ਅਮਲ 'ਚੋਂ ਹੋਇਆ ਹੈ। ਵਿਗਿਆਨ ਤੇ ਗੈਰ-ਵਿਗਿਆਨਕਤਾ 'ਚ ਝਗੜਾ ਹਮੇਸ਼ਾ ਰਿਹਾ ਹੈ। ਪਰ ਸਾਰੇ ਤਰ੍ਹਾਂ ਦੇ ਅੰਕੜਿਆਂ ਤੇ ਅੱਗ 'ਚ ਜਿੰਦਾ ਸਾੜ ਦੇਣ ਤਕ ਦੀ ਸਜ਼ਾ ਦੇ ਬਾਵਜੂਦ ਵਿਗਿਆਨੀਆਂ ਨੇ ਵਿਗਿਆਨ ਪ੍ਰਤੀ ਨਿਸ਼ਠਾ ਵਿਖਾਈ ਹੈ ਅਤੇ ਉਸ ਨੂੰ ਅੱਗੇ ਵਧਾਇਆ ਹੈ। ਦੁਨੀਆਂ ਦੇ ਹਰ ਧਰਮ 'ਚ ਹੱਦਾਂ ਜਾਂ ਮਰਿਆਦਾਵਾਂ ਹੁੰਦੀਆਂ ਹਨ ਜਿਹਨਾਂ ਨੂੰ ਪਾਰ ਕਰਨਾ ਪਾਪ ਜਾਂ ਸਜ਼ਾਯੋਗ ਅਪਰਾਧ ਮੰਨਿਆ ਜਾਂਦਾ ਹੈ। ਵਿਗਿਆਨ 'ਚ ਅਜਿਹੀ ਕੋਈ ਹੱਦ ਨਹੀਂ ਹੁੰਦੀ। ਵਿਗਿਆਨ 'ਚ ਕੋਈ ਚੀਜ਼ ਆਖਰੀ ਨਹੀਂ ਹੁੰਦੀ ਯਾਨੀ ਕੋਈ ਅੰਤਿਮ ਜਾਂ ਆਖਰੀ ਸੱਚ ਨਹੀਂ ਹੁੰਦਾ। ਫਿਰ ਵਿਗਿਆਨ ਧਰਮ ਦੀ ਤਰ੍ਹਾਂ ਹਿੰਦੂ, ਵਿਗਿਆਨ, ਮੁਸਲਿਮ ਵਿਗਿਆਨ ਜਾਂ ਇਸਾਈ ਵਿਗਿਆਨ ਨਹੀਂ ਹੁੰਦਾ। ਇਹ ਭੂਗੋਲ ਭਾਸ਼ਾ, ਜਾਤੀ, ਧਰਮ ਆਦਿ ਹੱਦਾਂ 'ਚ ਬੱਝਿਆ ਨਹੀਂ ਹੁੰਦਾ। ਫਿਰਕੂ ਲੋਕ ਵਿਗਿਆਨ ਨੂੰ ਆਪਣੇ ਗਣਿਤ ਜਾਂ ਦੂਜੇ ਵਿਗਿਆਨ ਹੁੰਦੇ ਹਨ। ਪਰ ਵਿਗਿਆਨ 'ਚ ਅਜਿਹੀ ਕੋਈ ਵੰਡ

ਨਹੀਂ ਹੁੰਦੀ। ਕਿਸੇ ਵਿਗਿਆਨਕ ਨਿਯਮ ਦੀ ਖੋਜ ਕਿਸੇ ਹਿੰਦੂ ਨੇ ਕੀਤੀ ਹੋਵੇ ਜਾਂ ਮੁਸਲਮਾਨ ਨੇ ਜਾਂ ਇਸਾਈ ਨੇ, ਇਸ ਨਾਲ ਵਿਗਿਆਨ ਨੂੰ ਕੋਈ ਫਰਕ ਨਹੀਂ ਪੈਂਦਾ। ਜੇ ਜਾਚਣ-ਪ੍ਰਖਣ ਪਿੱਛੋਂ ਇਹ ਨਿਯਮ ਸਹੀ ਪਾਇਆ ਜਾਂਦਾ ਹੈ ਤਾਂ ਜਦ ਤਕ ਉਸ ਨੂੰ ਗਲਤ ਸਾਬਤ ਨਾ ਕਰ ਦਿੱਤਾ ਜਾਵੇ ਤਦ ਤਕ ਸਭ ਦੇਸ਼ਾਂ, ਸਭ ਧਰਮਾਂ, ਸਭ ਵਰਗਾਂ, ਸਭ ਵਰਣਾਂ ਤੇ ਸਭ ਜਾਤੀਆਂ ਦੇ ਵਿਗਿਆਨਕਾਂ ਨੇ ਇਹ ਮੰਨਣਾ ਹੁੰਦਾ ਹੈ ਅਤੇ "ਕੈਸੈ" ਦੇ ਜੁਆਬ ਉਸ ਦੇ ਅਧਾਰ 'ਤੇ ਦਿੱਤੇ ਜਾਂਦੇ ਹਨ। ਉਹ ਇਕ ਮਾਡਲ ਹੁੰਦਾ ਹੈ। ਵਿਗਿਆਨ ਦੀ ਉਨਤੀ ਦੇ ਨਾਲ ਐਸੇ ਮਾਡਲ ਬੇਹਤਰ ਤੋਂ ਬੇਹਤਰ ਹੁੰਦੇ ਚਲੇ ਜਾਂਦੇ ਹਨ ਅਤੇ ਅਸੀਂ ਬੇਹਤਰ ਨੂੰ ਅਪਣਾ ਕੇ ਪੁਰਾਣੇ ਨੂੰ ਛੱਡਦੇ ਜਾਂਦੇ ਹਾਂ। ਦੁਨੀਆਂ ਭਰ 'ਚ ਅਜਿਹਾ ਹੀ ਹੁੰਦਾ ਹੈ ਅਤੇ ਅਜਿਹਾ ਕਰਨ 'ਚ ਕਿਸੇ ਨੂੰ ਇਤਰਾਜ਼ ਨਹੀਂ ਹੁੰਦਾ। ਪਰ ਧਰਮ 'ਚ ਜਿੰਨਾ ਪੁਰਾਣਾ ਮਾਡਲ ਹੋਵੇ, ਉਹਨਾਂ ਹੀ ਅੱਛਾ ਮੰਨਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਵਿਗਿਆਨਕ ਸੋਚ ਦੇ ਲੋਕ ਹਮੇਸ਼ਾਂ ਨਵੀਆਂ ਚੀਜ਼ਾਂ ਦੀ ਗੱਲ ਕਰਦੇ ਹਨ। ਅੱਜ ਵੀ ਅਤੇ ਅੱਗੇ ਆਉਣ ਵਾਲੀਆਂ ਚੀਜ਼ਾਂ ਦੀ ਜਦ ਕਿ ਦੂਜੀ ਸੋਚ ਦੇ ਲੋਕ ਪ੍ਰਚਾਨ ਧਰਮ, ਪ੍ਰੀਚੀਨ ਸਭਿਅਤਾ ਦੇ ਪ੍ਰਾਚੀਨ ਸਭਿਆਚਾਰ ਦੀਆਂ ਗੱਲਾਂ ਕਰਦੇ ਹਨ। ਕਈ ਵਾਰ ਵਿਗਿਆਨ ਦੀ ਇਹ ਕਹਿ ਕੇ ਪ੍ਰੀਭਾਸ਼ਾ ਕੀਤੀ ਜਾਂਦੀ ਹੈ ਜੋ ਚੀਜ਼ ਪ੍ਰਯੋਗ ਨਾ ਸਾਬਤ ਹੋ ਜਾਵੇ ਉਹ ਵਿਗਿਆਨ ਹੈ ਅਤੇ ਸਾਬਿਤ ਨਾ ਹੋਵੇ ਤਾਂ ਗੈਰਵਿਗਿਆਨਕ ਹੈ। ਪਰ ਇਹ ਪ੍ਰੀਭਾਸ਼ਾ ਖੁਦ ਕਿੰਨੀ ਵਿਗਿਆਨਕ ਹੈ ਇਸ 'ਤੇ ਵਿਚਾਰ ਕਰਨਾ ਚਾਹੀਦਾ ਹੈ। ਮੁਸਲਨ ਕਈ ਲੋਕ ਕਹਿੰਦੇ ਹਨ ਕਿ ਹਵਨ ਕਰਨਾ ਬੜੀ ਵਿਗਿਆਨਕ ਚੀਜ਼ ਹੈ ਕਿਉਂਕਿ ਹਵਨ ਕਰਨ ਨਾਲ ਬਾਰਿਸ਼ ਹੁੰਦੀ ਹੈ। ਜੇ ਹਵਨ ਕਰਨ ਨਾਲ ਬਾਰਿਸ਼ ਹੋ ਗਈ ਤਾਂ ਸਮਝਿਆ ਕਿ ਪ੍ਰਯੋਗ ਸਫਲ ਹੋਇਆ, ਨਾ ਹੋਈ ਤਾਂ ਅਸਫਲ। ਇਸ ਵਿਚ ਇਕ ਗੁਜਾਇੰਸ਼ ਇਹ ਵੀ ਰਹਿੰਦੀ ਹੈ ਕਿ ਭਵਨ ਪਿੱਛੋਂ ਬਾਰਿਸ਼ ਹੋ ਗਈ ਤਾਂ ਆਪ ਕਹਿ ਸਕਦੇ ਹੋ ਕਿ ਵੇਖੋ ਹਵਨ ਕਿੰਨੀ ਵਿਗਿਆਨਕ ਚੀਜ਼ ਹੈ। ਜੇ ਨਾ ਹੋਈ ਤਾਂ ਕਹਿ ਸਕਦੇ ਹੋ ਕਿ ਦੇਖੋ ਅਜਕਲ ਦੇ ਲੋਕਾਂ ਨੂੰ ਹਵਨ ਕਰਨ ਦਾ ਪ੍ਰਾਚੀਨ ਵਿਗਿਆਨਕ ਤਰੀਕਾ ਨਹੀਂ ਆਉਂਦਾ। ਇਸ ਤਰ੍ਹਾਂ ਦੀਆਂ ਗੱਲਾਂ ਸਭ ਦੇਸ਼ਾਂ 'ਚ ਸਭ ਧਰਮਾਂ ਤੇ ਸਭ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦੇ ਲੋਕਾਂ 'ਚ ਪਾਈਆਂ ਜਾਂਦੀਆਂ ਹਨ। ਭੌਤਿਕਵਾਦ ਬਨਾਮ, ਆਦਰਸ਼ਵਾਦ, ਇਹ ਬਹਿਸ ਸਾਡੇ ਲਈ ਕਿਉਂ ਮਹੱਤਵ ਰੱਖਦੀ ਹੈ? ਇਸ ਲਈ ਕਿ ਇਹ ਸਿਰਫ ਹਵਾਈ ਬਹਿਸ ਜਾਂ ਖਿਆਲੀ ਦੁਨੀਆਂ ਦਾ ਸੁਆਲ, ਅਮਲੀ ਸੁਆਲ ਬਣ ਜਾਂਦਾ ਹੈ। ਮਨੁੱਖ ਬਾਹਰਗੀ ਕੁਦਰਤ ਨੂੰ ਸਿਰਫ ਵੇਖਦਾ ਹੀ ਨਹੀ, ਉਸ ਨੂੰ ਬਦਲਦਾ ਵੀ ਹੈ ਅਤੇ ਉਸ ਨੂੰ ਬਦਲਣ ਦੇ ਨਾਲ-ਨਾਲ ਆਪਣੇ ਆਪ ਨੂੰ ਵੀ ਬਦਲਦਾ ਹੈ। ਇਸ ਲਈ ਭੌਤਿਕਵਾਦ ਖਾਸ ਕਰਕੇ ਦਵੰਦਾਤਮਕ ਭੌਤਿਕਵਾਦ ਦਾ ਮਹੱਤਵ ਹੈ। ਮਨੁੱਖ ਦੀ ਉਤਪਤੀ ਪਿੱਛੋਂ ਵਿਕਾਸ ਦੇ ਪੜਾਅ 'ਚ ਜਿਸ ਨੂੰ ਪ੍ਰਾਚੀਨ ਕਾਲ ਦੀ ਸਭਿਅਤਾ ਕਹਿੰਦੇ ਹਨ ਜਾਂ ਜਿਸ ਨੂੰ ਆਦਿਕਲੀਨ ਸਮਾਜਵਾਦੀ ਸਮਾਜ ਕਹਿੰਦੇ ਹਨ। ਜਦ ਸਮਾਜ 'ਚ ਨਿੱਜੀ ਸੰਪਤੀ ਦਾ ਉਭਾਰ ਨਹੀਂ ਹੋਇਆ ਸੀ। ਉਸ ਸਮੇਂ ਹੀ ਵਿਕਾਸ ਕਰਮ 'ਚ ਵਿਚਾਰ ਤੇ ਸਚੇਤਨ ਵਿਹਾਰ ਨੇ ਜਨਮ ਲਿਆ ਸੀ। ਇਸ ਦਾ ਅਰਥ ਇਹ ਹੈ ਕਿ ਵਸਤੂ ਅਰਥਾਤ ਉਹ ਅਸਲੀਅਤ ਜੋ ਅਚੇਤਨ ਹੈ ਪਹਿਲਾਂ ਤੋਂ ਸੀ ਅਤੇ ਮਨ ਭਾਵ ਉਹ ਅਸਲੀਅਤ ਜੋ ਸਚੇਤਨ ਹੈ ਪਿੱਛੋਂ ਆਈ। ਉਸ ਸਮੇਂ ਮਨੁੱਖ ਬਿਜਲੀ ਦਾ ਗਰਜਣਾ, ਤੇਜ਼ ਮੀਂਹ, ਹਨੇਰੀ, ਤੂਫਾਨ, ਭੂਚਾਲ,

ਹੜ੍ਹ, ਜਵਾਲਾਮੁੱਖੀ, ਸੋਕਾ ਆਦਿ 'ਕੁਦਰਤੀ ਘਟਨਾਵਾਂ ਦੀ ਵਿਗਿਆਨਕ ਤੇ ਭੌਤਿਕਵਾਦੀ ਵਿਆਖਿਆ ਨਾ ਕਰ ਸਕਣ ਕਰਕੇ ਇਹਨਾਂ ਸਾਰਿਆਂ ਨੂੰ ਕੋਈ ਅਤਿ ਕੁਦਰਤੀ ਜਾਂ ਅਲੌਕਿਕ ਘਟਨਾ ਮੰਨਦੇ ਸਨ। ਜਨ ਸਮੂਹ ਦੇ ਵਿਚੋਂ ਕਈ ਲੋਕ ਇਸ ਨੂੰ ਗੈਰ ਕੁਦਰਤੀ ਜਾਂ ਅਲੌਕਿਕ ਘਟਨਾ ਕਹਿ ਕੇ ਇਹਨਾਂ ਪਿੱਛੋਂ ਕਿਸ ਸਰਬਸ਼ਕਤੀ ਮਾਨ ਪ੍ਰਮੇਸ਼ਰ ਨੂੰ ਖੁਸ਼ ਕਰਨ ਲਈ ਆਚਾਰ-ਵਿਚਾਰਾਂ ਦੀ ਰਚਨਾ ਹੋਈ। ਕਾਲਾਂਤਰ 'ਚ ਇਹ ਧਰਮ ਅਖਵਾਇਆ। "ਦਰਸ਼ਨ ਸਾਸ਼ਤਰ ਤੇ ਭਵਿੱਖ" ਕਿਤਾਬ 'ਚ ਸਵਨਾਮਧੰਦ ਦੇਵੀ ਪ੍ਰਸ਼ਾਦ ਚੋਟਾਪਧਾਇਮ ਅਨੁਸਾਰ" ਇਕ ਅੰਧਾਕਾਰਮਈ ਤੇ ਬੇਰਹਿਮ ਦੁਨੀਆਂ 'ਚ ਭੋਜਨ ਤੇ ਸੁਰਖਿਆ ਦੀ ਭਾਲ 'ਚ ਬੈਚੇਨੀ ਨਾਲ ਭਟਕਦੇ ਹੋਏ, ਸਿਰਫ ਟੁੱਟੇ ਡਲਿਆਂ ਜਾਂ ਪੱਥਰਾਂ ਨਾਲ ਲੈਸ ਅਤੇ ਨੰਗੇ ਜੰਗਲੀਆਂ ਦੇ ਝੁੰਡ। ਹਤਾਸ਼ਾ ਦੇ ਨਾਲ ਆਪਣੀਆਂ ਆਦਿਮ ਇਛਾਵਾਂ ਦੀ ਪੂਰਤੀ ਦੀ, ਸ਼ਿਕਾਰ 'ਚ ਬਰਖਾ ਬਣਾਉਣ 'ਚ ਅਤੇ ਦੁਸ਼ਮਣ ਨੂੰ ਮਾਰ ਭਜਾਉਣ 'ਚ ਸਫਲਤਾ ਲਈ ਭਮਤੀਆਂ ਦੀ ਉਸਾਰੀ ਕਰਦੇ ਹਨ। ਅਲੌਕਿਕ ਸ਼ਕਤੀ, ਤੰਤਰ-ਮੰਤਰ ਦੀ ਪੰਤਾਸੀ ਇਕ ਐਸੀ ਮਾਨਸਕ ਉਨਮਾਦ ਦੀ ਅਵਸਥਾ ਹੈ ਜੋ ਇਕ ਕਿਸਮ ਦੀ ਕਾਲਪਨਿਕ ਤਕਨੀਕ ਹੈ। ਪਰ ਉਸ ਨੂੰ ਮਦਦ ਪਹੁੰਚਾਉਂਦੀ ਹੈ।" ਇਸ ਗੱਲ ਨੂੰ ਫ੍ਰੈਡਰਿਕ ਇੰਗੇਲਸ ਨੇ "ਕੁਦਰਤ 'ਚ ਦਵੰਦ" ਨਾਮਕ ਰਚਨਾ 'ਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ" ਪ੍ਰਾਚੀਨ ਦਰਸ਼ਨ ਸ਼ਾਸਤਰ ਆਦਿਮ ਸਹਿਜ ਭੌਤਿਕਵਾਦ ਸੀ ਅਤੇ ਇਸ ਲਈ ਇਹ ਵਿਚਾਰ ਤੇ ਪਦਾਰਥ ਵਿਚਕਾਰ ਰਿਸ਼ਤੇ ਨੂੰ ਸਪਸ਼ਟ ਕਰ ਸਕਣ 'ਚ ਅਸਮਰਥ ਸੀ। ਪਰ ਇਸ ਮੁੱਦੇ 'ਤੇ ਸਪਸ਼ਟਤਾ ਪਾਉਣ ਦੀ ਲੋੜ ਨੇ ਆਤਮਾ ਦਾ ਇਕ ਸਿਧਾਂਤ ਕੱਢਿਆ ਜੋ ਆਤਮਾ ਨੂੰ ਸਰੀਰ ਤੋਂ ਵੱਖਰਾ ਹੋ ਸਕਣ ਵਾਲੀ ਸੱਤਾ ਮੰਨਦੇ ਹਨ। ਫਿਰ ਉਸ ਵਿਚੋਂ ਇਸ ਆਤਮਾ ਦੀ ਅਮਰਤਾ ਦਾ ਸਿਧਾਂਤ ਨਿਕਲਿਆ ਅਤੇ ਫਿਰ ਏਕੇਸ਼ਵਰਵਾਦ ਦਾ ਉਦੈ ਹੋਇਆ।"

ਸ਼ੁਰੂਆਤੀ ਦੌਰ 'ਚ ਧਰਮ ਦੀ ਇਕ ਪ੍ਰਗਤੀਸ਼ੀਲ ਭੂਮਿਕਾ ਸੀ ਉਹ ਪੀੜਤਾਂ ਦੇ ਵੰਚਿਤ ਲਈ ਇਕ ਆਸਰੇ ਵਾਂਗੂੰ ਸੀ। ਪਰ ਹੌਲੀ-ਹੌਲੀ ਇਤਿਹਾਸ ਦੇ ਹਰ ਦੌਰ 'ਚ ਵਰਗਾਂ 'ਚ ਵੰਡੇ ਸਮਾਜ ਨੂੰ ਟਿਕਾਈ ਰੱਖਣ 'ਚ ਤੇ ਬੇਕਿਰਕ ਹਾਕਮਾਂ ਦੇ ਇਕ ਪ੍ਰਮੁੱਖ ਹਥਿਆਰ ਵਜੋਂ ਧਰਮ ਦੇ ਸਿਧਾਂਤ ਵਜੋਂ ਵਰਤਿਆ ਜਾਣ ਲੱਗਿਆ। ਅੰਧ ਵਿਸਵਾਸ਼ਾਂ ਰੂੜੀਵਾਦੀ ਰਵਾਇਤਾਂ ਤੇ ਪ੍ਰਗਤੀਵਾਦੀ ਵਿਚਾਰਾਂ ਨੂੰ ਫੈਲਾਉਣ ਤੇ ਮਜ਼ਬੂਤ ਕਰਨ ਵਿਚ ਦੁਨੀਆਂ 'ਚ ਮੌਜੂਦ ਹਰ ਧਰਮ ਨੇ ਵਧ ਚੜ੍ਹ ਕੇ ਆਪਣੇ ਕਿਰਦਾਰ ਨੂੰ ਅੰਜਾਮ ਦਿਤਾ ਹੈ। ਇਸ ਲਈ ਕਾਰਲ ਮਾਰਕਸ ਨੇ "ਧਰਮ ਨੂੰ ਇਕ ਅਫੀਮ ਕਿਹਾ" ਉਹਨਾਂ ਨੇ ਅੱਗੇ ਕਿਹਾ ਕਿ "ਇਕ ਮਿਹਰਬਾਨ ਸੰਸਾਰ ਦਾ ਦਿਲ ਹੈ ਅਤੇ ਆਤਮ ਹੀਣ ਸੰਸਾਰ ਦੀ ਆਤਮਾ ਹੈ" ਇਸ ਤਰ੍ਹਾਂ ਆਦਰਸ਼ਵਾਦ ਜਾਂ ਭਾਗਵਾਦ। ਤਰ੍ਹਾਂ-ਤਰ੍ਹਾਂ ਦੇ ਭੇਦ ਭਾਵ ਦੀ ਆੜ 'ਚ ਲੋਕਾਂ ਦੀ ਭੌਤਿਕਵਾਦੀ ਸੋਚ ਨੂੰ ਖੁੰਢਾ ਕਰਨਾ ਤੇ ਮੁਠੀਭਰ ਲੁਟੇਰਿਆਂ ਦੇ ਹਿੱਤ ਵਿਚ ਬਹੁਗਿਣਤੀ ਲੁੱਟੇ ਜਾਂਦੇ ਲੋਕਾਂ ਦੀ ਲੁੱਟ ਦਾ ਹਥਿਆਰ ਬਣਦਾ ਗਿਆ। ਜਿਥੋਂ ਤੱਕ ਅਧੁਨਿਕ ਭਾਰਤ 'ਚ ਧਰਮ ਤੇ ਰਾਜਨੀਤੀ 'ਚ ਸਬੰਧ ਦਾ ਸੁਆਲ ਹੈ ਤਾਂ ਅਸੀਂ ਵੇਖਦੇ ਹਾਂ ਕਿ ਲਾਲ ਬਹਾਦਰ ਸਾਸ਼ਤਰੀ ਦੇ ਸਮੇਂ ਤੋਂ ਹੀ ਕਾਂਗਰਸ ਧਾਰਮਿਕ ਵਿਸਵਾਸ਼ਾਂ ਦੀ ਰਾਜਸੀ ਹਿੱਤਾਂ ਲਈ ਵਰਤੋਂ ਕਰਨ 'ਚ ਜਨਸੰਘ ਤੋਂ ਅੱਗੇ ਲੰਘਣ ਲੱਗੀ ਸੀ। ਇੰਦਰਾ ਗਾਂਧੀ ਨੇ ਤਾਂ 1981 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਅਗਵਾਈ ਵਾਲੇ ਏਕਾਤਮਕਤਾ ਯੱਗ ਨੂੰ ਝੰਡਾ ਵਿਖਾ ਕੇ ਰਵਾਨਾ

ਕੀਤਾ ਸੀ। ਉਹਨਾਂ ਨੇ ਹੀ ਧਰਮਿੰਦਰ ਬ੍ਰਮਚਾਰੀ ਨੂੰ ਹੱਲਾ ਸ਼ੇਰੀ ਦਿੱਤੀ। ਰਾਜੀਵ ਗਾਂਧੀ ਨੇ ਬਾਬਰੀ ਮਸਜਿਦ ਦਾ ਤਾਲਾ ਖੁਲਵਾਇਆ ਤੇ ਦੇਸ਼ 'ਚ ਹਮੇਸ਼ਾ ਲਈ ਫਿਰਕੂ ਅੱਗ ਭੜਕਣ ਦਾ ਪ੍ਰੋਗ੍ਰਾਮ ਪੁਖਤਾ ਕਰ ਦਿੱਤਾ। ਚੰਦਰਸ਼ੇਖਰ, ਨਰਸਿੰਮਾ ਰਾਓ ਸਮੇਤ ਕਈ ਵੱਡੇ ਰਾਜਨੇਤਾ ਵਿਵਾਦ ਗ੍ਰਸਿਤ ਚੰਦਰਾ ਸੁਆਮੀ ਦੇ ਪੈਰ ਧੋ ਕੇ ਪੀਂਦੇ ਰਹੇ। ਰਾਜਸਥਾਨ 'ਚ ਜਦ ਭਾਜਪਾ ਸਰਕਾਰ ਸੀ ਤਾਂ ਉਸ ਨੇ ਸਾਲ 2004 'ਚ ਰਾਜ 'ਚ ਖੁਸ਼ਹਾਲੀ ਤੇ ਅੱਛੀ ਬਾਰਸ਼ ਦੀ ਕਾਮਨਾ ਸਬੰਧੀ ਧਾਰਮਿਕ ਸਮਾਗਮਾਂ ਦੀ ਝੜੀ ਲਾ ਦਿੱਤੀ ਸੀ। ਰਾਜ ਦੇ ਪੰਜ ਮੁੱਖ ਸ਼ਿਵ ਮੰਦਰਾਂ 'ਚ 72 ਘੰਟੇ ਦਾ ਰੁਦਰਭਿਸ਼ੇਕ ਕੀਤਾ ਸੀ। ਇਸ ਮਾਮਲੇ 'ਚ ਗੁਜਰਾਤ, ਮੱਧ ਪ੍ਰਦੇਸ਼, ਸਤੀਸ਼ਗੜ੍ਹ ਅਤੇ ਬਹੁਤੇ ਸੂਬੇ ਆਪਸ 'ਚ ਮੁਕਾਬਲਾ ਕਰ ਰਹੇ ਸਨ। ਕਹਿਣ ਦਾ ਭਾਵ ਹੈ ਕਿ ਭਾਜਪਾ ਕੱਟੜ ਹਿੰਦੂਤਵ (ਅਤੀ ਅਮੀਰ ਹਿੰਦੂਆਂ ਲਈ) ਤੇ ਪਿਛਾਖੜੀ ਵਿਚਾਰਾਂ ਦਾ ਸਹਾਰਾ ਲੈਂਦੀ ਹੀ ਹੈ ਤਾਂ ਕਾਂਗਰਸ ਸਮੇਤ ਹੋਰ ਪੂੰਜੀਵਾਦੀ ਪਾਰਲੀਮਾਨੀ ਪਾਰਟੀਆਂ ਵੀ ਨਰਮ ਹਿੰਦੂਤਵ ਜਾਂ ਸਭ ਧਰਮ ਦਾ ਤੁਸ਼ਟੀਕਰਨ ਕਰਕੇ ਮੌਜੂਦਾ ਲੁਟੇਰੀ ਵਿਵਸਥਾ ਨੂੰ ਟਿਕਾਈ ਰੱਖਣ 'ਚ ਵੀ ਆਪਣੀ ਭਲਾਈ ਵੇਖਦੀ ਹੈ। ਪਿਛਾਖੜੀ ਤਾਕਤਾਂ ਵਲੋਂ ਸਮਾਜ 'ਚ ਲਗਾਤਾਰ ਗੈਰਵਿਗਿਆਨਕ ਸੋਚ ਦਾ ਫੈਲਾਅ ਕੀਤਾ ਜਾ ਰਿਹਾ ਹੈ। ਅਜਿਹਾ ਨਹੀਂ ਹੈ ਕਿ ਇਹ ਚੀਜ਼ ਸਿਰਫ ਹਿੰਦੂਆਂ 'ਚ ਹੋ ਰਹੀ ਹੈ। ਇਹ ਦੂਜੇ ਧਰਮਾਂ ਦੇ ਲੋਕਾਂ 'ਚ ਵੀ ਹੋ ਰਹੀ ਹੈ। ਮਸਲਨ ਮੁਸਲਮਾਨਾਂ 'ਚ ਵੀ ਲਗਾਤਾਰ ਗੈਰ ਵਿਗਿਆਨਕ ਸੋਚ ਦਾ ਫੈਲਾਅ ਕੀਤਾ ਜਾ ਰਿਹਾ ਹੈ। ਪੜ੍ਹੇ ਲਿਖੇ ਲੋਕ ਰੋਜ਼ਾ-ਨਮਾਜ ਜਾਂ ਤਬਲੀਗ ਵਗੈਰਾ 'ਚ ਸ਼ਾਮਲ ਹੋਣਾ ਗੈਰ ਜ਼ਰੂਰੀ ਸਮਝਦੇ ਸਨ। ਹੁਣ ਫਿਰ ਤੋਂ ਜ਼ਰੂਰੀ ਬਲਕਿ ਵੱਧ ਜ਼ਰੂਰੀ ਸਮਝਣ ਲੱਗੇ ਹਨ। ਇਸਾਈਆਂ ਵਿਚ ਵੀ ਜੋ ਖੁਲਦਿਲੀ ਪਹਿਲਾਂ ਸੀ ਹੁਣ ਵਿਖਾਈ ਨਹੀਂ ਦਿੰਦੀ ਅਤੇ ਤਾਕਤਾਂ ਦਾ ਜ਼ੋਰ ਹੋਰ ਧਰਮ ਦੇ ਲੋਕਾਂ 'ਚ ਵਧ ਰਿਹਾ ਹੈ। ਉਤਰੀ ਭਾਰਤ 'ਚ ਇਹ ਵੱਧ ਨਜ਼ਰ ਆਉਂਦਾ ਹੈ ਕਿਉਂਕਿ ਇਥੇ ਵਿਗਿਆਨਕ ਸੋਚ ਵਾਲੀਆਂ ਅਗਾਂਹ ਵਧੂ ਤਾਕਤਾਂ ਕਮਜ਼ੋਰ ਹਨ। ਉਹਨਾਂ 'ਚ ਏਨੀ ਸਮਰਥਾ ਨਹੀਂ ਹੈ ਕਿ ਉਹ ਸਭਿਆਚਾਰ ਤੇ ਤਕਨੀਕ 'ਚ ਵਿਚਕਾਰ "ਪਾੜੇ ਨੂੰ ਭਰ ਸਕਣ ਜਾਂ ਸੋਚ-ਸਮਝਣ ਲਈ ਨਵੇਂ ਮਾਡਲ ਲੋਕਾਂ ਨੂੰ ਦੇ ਸਕਣ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਉਤਰੀ ਭਾਰਤ 'ਚ ਸਮਾਜ ਸੁਧਾਰ ਦੇ ਵੈਸੇ ਅੰਦੋਲਨ ਨਹੀਂ ਚੱਲੇ ਜਿਵੇਂ ਪੂਰਬ ਤੇ ਦੱਖਣ 'ਚ ਚੱਲੇ। ਸ਼ਾਇਦ ਇਸ ਲਈ ਉਤਰੀ ਭਾਰਤ 'ਚ ਵਿਗਿਆਨਕਾਂ ਜਾਂ ਵਿਗਿਆਨਕ ਅਧਿਆਪਕਾਂ 'ਚ ਵੀ ਬਹੁਤ ਸਾਰੇ ਰੂੜੀਵਾਦੀ ਲੋਕ ਮਿਲ ਜਾਣਗੇ। ਅਜਿਹੇ ਇਕ ਵਿਗਿਆਨਕ ਸਿਖਿਅਕ ਕੇਂਦਰ 'ਚ ਰਾਜਗ ਸਰਕਾਰ ਦੌਰਾਨ ਮਨੁੱਖੀ ਵਸੀਲਿਆਂ ਬਾਰੇ ਵਿਕਾਸ ਮੰਤਰੀ ਸਨ ਜੋ ਤਿਲਕ ਲਾਉਂਦੇ ਸਨ। ਪੂਜਾ-ਪਾਠ ਕਰਦੇ ਸਨ ਅਤੇ ਜਿਹਨਾਂ ਨੇ ਸਿਖਿਆ ਦਾ ਫਿਰਕੂਕਰਣ ਕਰਨ 'ਚ ਕੋਈ ਕਸਰ ਨਹੀਂ ਛੱਡੀ। ਇਥੋਂ ਤਕ ਕਿ ਉਹਨਾਂ ਨੇ ਜੋਤਸ਼ੀ ਤੇ ਪੁਰੋਹਿਤ ਪੈਦਾ ਕਰਨ ਲਈ ਸਿਖਿਆ 'ਚ ਨਵੀਆਂ ਵਿਵਸਥਾਵਾਂ ਕੀਤੀਆਂ ਗਈਆਂ। ਇਕ ਆਦਮੀ ਨੇ ਬੇਟੇ ਜਾਂ ਬੇਟੀ ਦੀ ਸ਼ਾਦੀ ਕਰਨੀ ਹੈ ਤਾਂ ਮਹੂਰਤ ਕਢਵਾਉਣ ਲਈ ਇਹ ਪੰਡਿਤ ਪਾਸ ਜਾਵੇਗਾ। ਗ੍ਰਹਿ-ਨਛੱਤਰਾਂ ਮੁਤਾਬਕ ਸ਼ਾਦੀ ਦਾ ਮਹੂਰਤ ਨਿਕਲਵਾਉਣ 'ਚ ਕੁਝ ਵੀ ਵਿਗਿਆਨਕ ਨਹੀਂ ਹੈ। ਪਰ ਇਹ ਇਸ 'ਚ ਵਿਸਵਾਸ਼ ਕਰਦਾ ਹੈ। ਪਰ ਇਹੀ ਆਦਮੀ ਜਦ ਇਹ ਸੋਚਦਾ ਹੈ ਕਿ ਸ਼ਾਦੀ ਦੀ ਦਾਅਵਤ ਲਈ ਚੌਲ ਕਿਹੜੇ ਵਰਤਣੇ ਹਨ ਤਾਂ ਪੰਡਿਤ ਤੋਂ ਪੁੱਛਣ ਨਹੀਂ ਜਾਂਦਾ ਬਲਕਿ ਖੁਦ ਤਹਿ ਕਰਦਾ ਹੈ ਜਾਂ

ਕਿਸੇ ਜਾਣਕਾਰ ਆਦਮੀ ਤੋਂ ਪੁੱਛਦਾ ਹੈ ਕਿ ਕਿਹੜਾ ਚੌਲ ਵਧੀਆ ਰਹੇਗਾ ਅਤੇ ਉਹ ਕਿਥੋਂ ਮਿਲੇਗਾ। ਮਤਲਬ ਇਹ ਕਿ ਇਕ ਆਦਮੀ ਇਕ ਜਗ੍ਹਾ ਬਿਲਕੁਲ ਗੈਰਵਿਗਿਆਨਕ ਢੰਗ ਨਾਲ ਸੋਚਦਾ ਹੈ ਤਾਂ ਦੂਜੀ ਜਗ੍ਹਾ ਬਿਲਕੁਲ ਵਿਗਿਆਨਕ ਢੰਗ ਨਾਲ। ਇਸ ਤਰ੍ਹਾਂ ਵੇਖੀਏ ਤਾਂ 1947 ਪਿੱਛੋਂ ਉਤਰ ਭਾਰਤ 'ਚ ਵਿਗਿਆਨਕ ਸੋਚ ਵਾਲੀਆਂ ਰੂੜੀਵਾਦੀ ਤਾਕਤਾਂ ਮਜ਼ਬੂਤ ਹੋਈਆਂ ਹਨ। ਏਨੀਆਂ ਮਜ਼ਬੂਤ ਹੋਈਆਂ ਹਨ ਕਿ ਹੁਣ ਉਹ ਸੱਤਾ 'ਚ ਆ ਕੇ ਰਾਜਸੱਤਾ ਰਾਹੀਂ ਵੀ ਗੈਰਵਿਗਿਆਨਕਤਾ ਫੈਲਾਉਣ ਦਾ ਕੰਮ ਕਰਦੀ ਹੈ। ਉਹ ਇਸ ਕੰਮ ਲਈ ਸਾਰੇ ਰਾਜਸੀ ਸਮਾਜਕ ਤੇ ਸਭਿਆਚਾਰਕ ਤਰੀਕਿਆਂ ਦੀ ਵਰਤੋਂ ਕਰਦੀ ਹੈ ਅਤੇ ਸਭ ਤਰ੍ਹਾਂ ਦੀਆਂ ਸੰਸਥਾਵਾਂ ਦੀ ਵਰਤੋਂ ਕਰਦੀ ਹੈ। ਮਿਸਾਲ ਵਜੋਂ ਪਿਛਲੀ ਸਰਕਾਰ ਨੇ ਕਈ ਵਿਗਿਆਨ ਵਿਰੋਧੀ ਸੰਸਥਾਵਾਂ ਨੂੰ ਵਿਗਿਆਨ ਵਿਰੋਧੀ ਪ੍ਰੋਜੈਕਟ 'ਤੇ ਕੰਮ ਕਰਨ ਲਈ ਪੈਸਾ ਦਿੱਤਾ ਸੀ। ਦੂਜੇ ਪਾਸੇ ਸਮਾਜਕ ਪੱਧਰ 'ਤੇ ਦੇਖੀਏ ਤਾਂ ਧਾਰਮਿਕ ਤਿਉਹਾਰਾਂ ਨੂੰ ਚਾਹੇ ਉਹ ਜਗਰਾਤੇ ਹੋਣ ਜਾਂ ਮੁਹਰਮ ਦੇ ਜਲੂਸ, ਗੈਰ ਵਿਗਿਆਨਕ ਜਾਂ ਵਿਗਿਆਨ-ਵਿਰੋਧੀ ਗੱਲਾਂ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਖੱਬੇ ਪੱਖੀ, ਅਗਾਂਹ ਵਧੂ, ਜਮਹੂਰੀ ਤੇ ਧਰਮ ਨਿਰਪੱਖ ਤਾਕਤਾਂ ਦੀ ਜ਼ਿੰਮੇਵਾਰੀ ਸੀ ਕਿ ਉਹ ਇਹਨਾਂ ਰੂੜੀਵਾਦੀ ਤਾਕਤਾਂ ਨੂੰ ਨਾ ਵਧਣ ਦੇਣ। ਪਰ ਉਹਨਾਂ ਨੇ ਸ਼ਾਇਦ ਇਹ ਮੰਨ ਲਿਆ ਸੀ ਕਿ ਇਹ ਤਾਕਤਾਂ ਤਾਂ ਹਾਸ਼ੀਏ 'ਤੇ ਹਨ ਜਾਂ ਅਜੇ ਕਿਧਰੇ ਬਹੁਤ ਦੂਰ ਹਨ ਜਾਂ ਇਹ ਬਹੁਤ ਮਜ਼ਬੂਤ ਹੋਣ ਨਹੀਂ ਜਾ ਰਹੀਆਂ ਹਨ। ਮਿਸਾਲ ਹੈ 1990 'ਚ ਰਾਜੀਵ ਗਾਂਧੀ ਦੀ ਤਾਨਾਸ਼ਾਹੀ ਦਾ ਵਿਰੋਧ ਕਰਨ ਦੇ ਨਾਂ ਹੇਠ ਮਾਕਪਾ ਦੀ ਅਗਵਾਈ ਵਾਲੇ ਖੱਬੇ ਮੋਰਚੇ ਨੇ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਭਾਜਪਾ ਨਾਲ ਹੱਥ ਮਿਲਾਇਆ ਸੀ ਅਤੇ ਇਸ ਤਰ੍ਹਾਂ ਫਿਰਕੂ ਫਾਸ਼ੀਵਾਦੀ ਤਾਕਤਾਂ ਦੇ ਅੱਗੇ ਵਧਣ ਦਾ ਰਾਹ ਮੋਕਲਾ ਕੀਤਾ ਸੀ। ਦੂਜਾ ਬਹੁਤ ਸਾਰੇ ਖੱਬੇਪੱਖੀ ਤੇ ਜਮਹੂਰੀ ਲੋਕ ਉਤਰ ਅਧੁਨਿਕਤਾਵਾਦੀ ਜਾਂ ਸਵੈਸੇਵੀ ਸੰਗਠਨ ਦੀ ਵਿਚਾਰਧਾਰਾ ਨੂੰ ਅਪਣਾ ਕੇ ਵਿਗਿਆਨ ਵਿਰੋਧੀ ਹੋ ਗਏ ਹਨ। ਉਧਰ ਰੂੜੀਵਾਦੀ ਤਾਕਤਾਂ ਆਪਣਾ ਕੰਮ ਕਰਦੀਆਂ ਰਹੀਆਂ ਅਤੇ ਮਜ਼ਬੂਤ ਹੁੰਦੀਆਂ ਰਹੀਆਂ। ਵਿਗਿਆਨ ਤੇ ਤਕਨੀਕ ਵਿਚਕਾਰ ਦੇ ਸਭਿਆਚਾਰਕ ਅਰਸੇ ਨੂੰ ਉਹਨਾਂ ਨੇ ਆਪਣੇ ਹਿੰਦੂਤਵ ਤੇ ਸਭਿਆਚਾਰਕ ਰਾਸ਼ਟਰਵਾਦ ਨਾਲ ਭਰ ਦਿੱਤਾ। ਬਹੁਤ ਸਾਰੇ ਸੈਕੂਲਰ ਤੇ ਖੁੱਲੇ ਦਿਲ ਲੋਕ ਜਿਹਨਾਂ 'ਚੋਂ ਕਈ ਪ੍ਰਸਿੱਧ ਵਾਤਾਵਰਣਵਾਦੀ ਹਨ, ਵੱਡੀ ਤਕਨੀਕ ਦਾ ਮਸਲਨ ਵੱਡੇ ਬੰਨਾ ਤੇ ਵੱਡੇ ਕਾਰਖਾਨਿਆਂ ਦਾ ਵਿਰੋਧ ਕਰਦੇ ਸਮੇਂ ਕਈ ਵਿਗਿਆਨ ਵਿਰੋਧੀ ਗੱਲਾਂ ਕਰਨ ਲੱਗੇ। ਜਿਵੇਂ ਪੂੰਜੀਵਾਦ ਤੇ ਸਾਮਰਾਜਵਦ ਦੋਨੋਂ ਨੂੰ ਆਮ ਰੂਪ ਨਾਲ ਕੁਦਰਤ, ਸਮਾਜ ਤੇ ਮਨੁੱਖਤਾ ਦਾ ਦੁਸ਼ਮਣ ਦੱਸਿਆ ਜਾਂ ਮਾਰਕਸ ਤੇ ਗਾਂਧੀ ਦੇ ਵਿਚਾਰਾਂ ਨੂੰ ਮਿਲਾ ਕੇ ਵੱਖਰੀ ਹੀ ਖਿਚੜੀ ਪਕਾਉਣੀ ਜਾਂ ਉਤਰ ਅਧੁਨਿਕਤਾ ਦੇ ਨਾਂ ਹੇਠ ਸਾਰੇ ਅਧੁਨਿਕ ਵਿਕਾਸ ਤੇ ਵਿਗਿਆਨਕ ਤਰੱਕੀ ਤੇ ਵਿਗਿਆਨਕ ਵਿਕਾਸ 'ਤੇ ਪ੍ਰਸ਼ਨ ਚਿੰਨ੍ਹ ਲਾਉਣਾ। ਕਈ ਵਾਰ ਤਾਂ ਅਜਿਹਾ ਲੱਗਦਾ ਹੈ ਕਿ ਸਾਡੇ ਕਈ ਵਾਤਾਵਰਣੀ ਦੋਸਤ 'ਆ ਅੱਬ ਲੌਟ ਚਲੇਂ' ਵਰਗੇ ਵਿਚਾਰਾਂ ਨੂੰ ਅਪਣਾ ਕੇ ਪਿਛਾਕੜੀਆਂ ਦੀ ਕਤਾਰ 'ਚ ਜਾ ਖੜ੍ਹੇ ਹੋਏ ਹਨ। ਸੱਚੇ ਖੱਬੇ ਪੱਖੀਆਂ 'ਤੇ ਹੀ ਇਹ ਜ਼ਿੰਮੇਵਾਰੀ ਹੈ ਕਿ ਫਿਰ ਤੋਂ ਇਸ ਗੱਲ ਨੂੰ ਜ਼ੋਰ ਦੇ ਕੇ ਕਹਿਣ ਕਿ ਵਿਗਿਆਨ ਨੂੰ ਸਰਾਪ ਵਾਂਗੂੰ ਪੇਸ਼ ਕਰਨਾ ਗਲਤ ਹੈ ਕਿਉਂਕਿ ਵਿਗਿਆਨ ਸਰਾਪ ਨਹੀਂ ਹੈ ਇਹ

ਮਨੁੱਖ ਸਮਾਜ ਦੀ ਤਰੱਕੀ ਲਈ ਜ਼ਰੂਰੀ ਹੈ ਅਤੇ ਤਰੱਕੀ ਨੂੰ ਰੋਕਿਆ ਨਹੀਂ ਜਾ ਸਕਦਾ। ਹੋ ਸਕਦਾ ਹੈ ਕਿ ਸਮਾਜਕ ਤੇ ਰਾਜਸੀ ਪੱਧਰ 'ਤੇ ਸਰਗਰਮ ਤਰੱਕੀ ਵਿਰੋਧੀ ਸ਼ਕਤੀਆਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਨ ਤੇ ਇਸ 'ਚ ਕੁਝ ਸਮੇਂ ਲਈ ਸਫਲ ਹੋ ਜਾਣ, ਅਤੇ ਜੇ ਅਜਿਹਾ ਹੁੰਦਾ ਹੈ ਤਾਂ ਬਹੁਤ ਮਾੜੀ ਗੱਲ ਹੋਵੇਗੀ। ਵਿਕਾਸ ਨੂੰ ਧੱਕੇ ਤਾਂ ਲੱਗ ਸਕਦੇ ਹਨ ਪਰ ਇਹ ਰੁਕਦਾ ਨਹੀਂ ਹੈ। ਪੂੰਜੀਵਾਦ ਵਿਗਿਆਨ ਤੇ ਤਕਨੀਕ ਨੂੰ ਨਿੱਜੀ ਸੰਪਤੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਹ ਗੱਲ ਬਹੁਤਾ ਚਿਰ ਚੱਲਣ ਵਾਲੀ ਨਹੀਂ ਹੈ। ਕੁਦਰਤ ਤੇ ਮਨੁੱਖ ਵਿਕਾਸ 'ਚ ਸਹੀ ਸੰਤੁਲਨ ਕਾਇਮ ਹੋਣਾ ਚਾਹੀਦਾ ਹੈ। ਸਾਮਰਾਜੀ-ਪੂੰਜੀਵਾਦੀ ਪ੍ਰਣਾਲੀ ਨੇ ਵਿਗਿਆਨ ਦੀ ਪੂੰਜੀ ਤੇ ਬਾਜ਼ਾਰ ਦੇ ਹਿੱਤ 'ਚ ਵਰਤੋਂ ਕਰਕੇ ਵਿਕਾਸ ਦੇ ਬਹਾਨੇ ਕੁਦਰਤ ਦਾ ਵਿਨਾਸ਼ ਹੀ ਕੀਤਾ ਹੈ ਅਤੇ ਮਨੁੱਖੀ ਸਮਾਜ ਨੂੰ ਤਹਿਸ਼-ਨਹਿਸ ਕਰਨ ਕੰਢੇ ਖੜ੍ਹਾ ਕਰ ਦਿੱਤਾ ਹੈ। ਪਰ "ਪੂੰਜੀਵਾਦੀ-ਸਮਾਜਵਾਦ ਚਲ ਨਹੀਂ ਸਕਦਾ। ਕਹਿਣ ਦਾ ਭਾਵ ਇਹ ਨਹੀਂ ਹੈ ਕਿ ਉਹ ਖੁਦ-ਬ-ਖੁਦ ਖਤਮ ਹੋ ਜਾਵੇਗਾ ਅਤੇ ਉਸ ਦੀ ਥਾਂ ਆਪਣੇ ਆਪ ਸਮਾਜਵਾਦ ਆ ਜਾਵੇਗਾ। ਪੂੰਜੀਵਾਦ ਪਿੱਛੋਂ ਸਮਾਜਵਾਦ ਨੇ ਆਉਣਾ ਹੀ ਹੈ। ਅਜਿਹਾ ਸੋਚਣਾ ਸਹੀ ਨਹੀਂ ਹੈ। ਜੇ ਸਮਾਜਵਾਦ ਲਿਆਉਣ ਦੀ ਕੋਸ਼ਿਸ਼ ਨਾ ਕੀਤੀ ਗਈ ਤਾਂ ਉਸ ਦੀ ਥਾਂ ਬਰਾਬਰਤਾ ਆ ਸਕਦੀ ਹੈ।

ਇਰਾਨ 'ਚ ਆਪਾ ਦੇਖਿਆ ਹੈ ਇਸ ਲਈ ਪੂੰਜੀਵਾਦ ਨਹੀਂ ਚਲ ਸਕਦਾ ਦਾ ਮਤਲਬ ਏਨਾ ਨਹੀਂ ਹੈ ਕਿ ਇਸ ਦੀ ਥਾਂ ਇਸ ਤੋਂ ਵੀ ਬੇਹਤਰ ਤੇ ਟਿਕਾਊ ਪ੍ਰਬੰਦ ਜ਼ਰੂਰੀ ਹੈ ਅਤੇ ਇਹ ਬਣਾਈ ਵੀ ਜਾ ਸਕਦੀ ਹੈ। ਸਮਾਜਵਾਦ ਹੀ ਸਾਮਰਾਜ ਦਾ ਇਕੋ ਇਕ ਟਿਕਾਊ ਬਦਲ ਹੈ। ਇਸ ਨੂੰ ਟਿਕਾਊ ਬਣਾਉਣ ਲਈ ਵਿਗਿਆਨ ਤੇ ਤਕਨੀਕ ਦੀ ਲੋਕਾਂ ਦੇ ਹਿੱਤ 'ਚ ਵਰਤੋਂ ਜ਼ਰੂਰੀ ਹੈ। ਵਿਗਿਆਨਕ ਮਾਨਿਸਕਤਾ ਵਾਲੇ ਲੋਕਾਂ ਦੇ ਰਾਹੀਂ ਤੇ ਵਿਗਿਆਨਕ ਮਾਨਸਿਕਤਾ ਵਾਲੇ ਨੇਤਾਵਾਂ, ਪਾਰਟੀਆਂ, ਵਰਕਰਾਂ ਤੇ ਉਹਨਾਂ ਵਲੋਂ ਬਣਾਈਆਂ ਸਰਕਾਰਾਂ ਦੇ ਜ਼ਰੀਏ ਹੀ ਇਹ ਸੰਭਵ ਹੈ। ਧਰਮ ਅਧਿਆਤਮਕ ਜਬਰ ਦਾ ਇਕ ਰੂਪ ਹੈ। ਕੁਦਰਤ ਵਿਰੁੱਧ ਸੰਘਰਸ਼ 'ਚ ਅਸਭਿਆ ਦੀ ਅਵਸਥਾ ਕਾਰਨ ਜਿਸ ਤਰ੍ਹਾਂ ਦੇਵ ਦੇਵੀਆਂ, ਦੈਤ ਦਾਨਵ, ਅਲੌਕਿਕ ਘਟਨਾਵਾਂ 'ਚ ਵਿਸਵਾਸ਼ ਪੈਦਾ ਹੁੰਦਾ ਹੈ। ਇਸ ਤਰ੍ਹਾਂ ਮੌਤ ਪਿੱਛੋਂ ਵੱਧ ਐਸ਼ੋ ਆਰਾਮ ਵਾਲੇ ਜੀਵਨ 'ਚ ਵਿਸਵਾਸ਼ ਪੈਦਾ ਹੁੰਦਾ ਹੈ। ਧਰਮ ਦੇ ਪਿਛਾਖੜੀ ਕਿਰਦਾਰ ਕਰਕੇ ਹੀ ਫਿਰਕਾਪ੍ਰਸਤੀ ਤੇ ਅੰਧਵਿਸਵਾਸ਼ ਦੀ ਜੜ ਇਸ ਅੰਦਰ ਹੈ ਤੇ ਯੁੱਗਾਂ ਤੋਂ ਲੁਟੇਰੀ ਜਮਾਤ ਦੀ ਲੁੱਟ ਦੇ ਪ੍ਰਭਾਵਸ਼ੀਲ ਹਥਿਆਰ ਦੀ ਭੂਮਿਕਾ ਧਰਮ ਨੇ ਅਦਾ ਕੀਤੀ ਹੈ। ਧਰਮ ਨਿਰਪੱਖ ਰਾਜ 'ਚ ਧਰਮ ਇਕ ਵਿਅਕਤੀਗਤ ਮਸਲਾ ਹੋਣਾ ਚਾਹੀਦਾ ਹੈ। ਸੱਚੀ ਧਰਮ ਨਿਰਪੱਖਤਾ ਦਾ ਤਕਾਜ਼ਾ ਇਹੀ ਹੈ ਕਿ ਰਾਜਸੀ ਪਾਰਟੀਆਂ ਧਾਰਮਿਕ ਸੰਗਠਨਾਂ ਤੋਂ ਵੱਖ ਰਹਿਣ। ਅਦਾਲਤਾਂ ਵੀ ਭੌਤਿਕ ਤੇ ਵਿਗਿਆਨਕ ਸਬੂਤਾਂ ਦੀ ਥਾਂ ਆਸਥਾ ਨੂੰ ਰਾਇ ਦਾ ਅਧਾਰ ਬਣਾਉਂਦੇ ਹਨ ਤੇ ਇਸ ਤਰ੍ਹਾਂ ਪਿਛਾਖੜੀ ਰਾਜਨੀਤੀ ਦੀ ਸੇਵਾ ਕਰਦੀਆਂ ਹਨ। ਅੰਧਵਿਸਵਾਸ਼ ਜਾਂ ਆਸਥਾ ਤਰਕਸ਼ੀਲ ਸੋਚ ਨੂੰ ਖੁੰਢਾ ਕਰ ਦਿੰਦੀ ਹੈ। ਇਸ ਲਈ ਇਸ ਦੀ ਥਾਂ ਵਿਗਿਆਨਕ ਚੇਤਨਾ ਜਾਂ ਤਰਕਸ਼ੀਲ ਜੀਵਨ ਦੀ ਅਗਵਾਈ ਕਰੇ ਤੇ ਸਮਾਜ ਦੀ ਸੋਚ ਦੀ ਦਿਸ਼ਾ ਤਹਿ ਕਰੇ।

# ਮਾਸੂਮਾਂ ਦੇ ਖ਼ੂਨ ਨਾਲ ਲਿਖੀ ਜਾਂਦੀ ਇਬਾਰਤ - ਬਨਾਮ ਆਨਰ ਕਿਲਿੰਗ

ਡਾ. ਅਜੀਤਪਾਲ ਸਿੰਘ ਐਮ. ਡੀ. ਸੇਵਾ ਮੁਕਤ ਡਿਪਟੀ ਮੈਡੀਕਲ ਕਮਿਸ਼ਨਰ ਸੀਰੀਅਲ ਕਿਲਰ ਵਿਸ਼ੇ ਬਾਰੇ ਤੁਸੀਂ ਪੜ੍ਹਿਆ ਹੋਣੈ ਅਤੇ ਉਸ ਦੀ ਹੈਵਾਨੀਅਤ ਨੂੰ ਜਾਣ ਕੇ ਤੁਹਾਡੇ ਰੌਂਗਟੇ ਵੀ ਖੜ੍ਹੇ ਹੋ ਗਏ ਹੋਣਗੇ ਪਰ ਆਨਰ ਕਿਲਿੰਗ (ਇੱਜ਼ਤ ਦੇ ਨਾਂ 'ਤੇ ਖ਼ੂਨ) ਸਬੰਧੀ ਤੁਸੀਂ ਜਾਣੋਗੇ ਤਾਂ ਹੋਰ ਵੀ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕੋਗੇ। ਪ੍ਰੀਵਾਰ, ਜਾਤੀ, ਧਰਮ ਤੇ ਸਨਮਾਨ ਦੇ ਨਾਂ ਹੇਠ ਪੂਰੇ ਸੰਸਾਰ 'ਚ ਮੁਸਲਿਮ ਔਰਤਾਂ ਦੀ ਹੱਤਿਆ ਉਹਨਾਂ ਦੇ ਮਰਦਾਂ ਵਲੋਂ ਕੀਤੀ ਜਾ ਰਹੀ ਹੈ। ਇਹ ਭਿਅੰਕਰ ਤਾਂ ਹੈ ਹੀ, ਇਸਲਾਮਿਕ ਧਾਰਮਿਕ ਕਾਨੂੰਨ ਦੇ ਵੀ ਵਿਰੁੱਧ ਹੈ। ਸਕੇ ਸਬੰਧੀਆਂ ਵਲੋਂ ਔਰਤਾਂ ਦੀਆਂ ਇਹਨਾਂ ਹੱਤਿਆਵਾਂ ਨੂੰ ਹੀ 'ਆਨਰ ਕਿਲਿੰਗ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਗੌਰ ਕਰਨ ਲਾਇਕ ਹੈ ਕਿ ਆਨਰ ਕਿਲਿੰਗ ਦੇ 9000 ਤੋਂ ਵੀ ਵੱਧ ਕੇਸ ਪੂਰੇ ਸੰਸਾਰ ਵਿੱਚ ਹਰ ਸਾਲ ਸਾਹਮਣੇ ਆਉਂਦੇ ਹਨ। ਜਿੱਥੇ ਮੁਸਲਿਮ ਔਰਤਾਂ ਨੂੰ ਕਦੀ ਗਲਾ ਕੱਟ ਕੇ ਜਾਂ ਸਾੜ ਕੇ ਬੇਕਿਰਕੀ ਨਾਲ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਪੱਥਰ ਮਾਰ-ਮਾਰ ਕੇ ਤਦ ਤਕ ਉਹਨਾਂ ਨੂੰ ਲਹੂ ਲੁਹਾਣ ਕੀਤਾ ਜਾਂਦਾ ਹੈ ਜਦ ਤਕ ਉਹ ਮਰ ਨਹੀਂ ਜਾਂਦੀ।

ਮੁਸਲਿਮ ਪ੍ਰੀਵਾਰ ਦੇ ਕੱਟੜਪੰਥੀ ਮਰਦਾਂ ਵਲੋਂ ਏਨਾ ਵਹਿਸ਼ੀਪਣ ਔਰਤਾਂ 'ਤੇ ਸਿਰਫ਼ ਪਰਿਵਾਰ, ਜਾਤੀ ਜਾਂ ਧਰਮ ਦੇ ਝੂਠੇ ਸਨਮਾਨ ਹੇਠ ਵਰਤਾਇਆ ਜਾਂਦੈ। ਸੰਨ 2007 ਦੀ ਜੁਲਾਈ ਤੋਂ ਜੂਨ 2008 ਤਕ ਸੰਸਾਰ 'ਚ 6678 ਔਰਤਾਂ ਦੀ ਆਨਰ ਕਿਲਿੰਗ ਵਿੱਚ ਕਤਲ ਕਰ ਦਿੱਤਾ ਗਿਆ ਹੈ। ਉਪਰੋਕਿਤ ਗਿਣਤੀ ਵਿੱਚ ਸੰਨ 2008 ਦੀ ਜੂਨ ਤਕ ਹੋਏ ਕਤਲਾਂ 'ਚ ਪਾਕਿਸਤਾਨ 'ਚ ਹੋਣ ਵਾਲੀਆਂ ਘਟਨਾਵਾਂ ਸਭ ਤੋਂ ਵੱਧ ਹਨ। ਜੁਲਾਈ 2007 ਤੋਂ ਜੂਨ 2008 ਤਕ 8703 ਔਰਤਾਂ ਦੀ ਆਨਰ ਕਿਲਿੰਗ ਤਹਿਤ ਹੱਤਿਆ ਕੀਤੀ ਜਾ ਚੁੱਕੀ ਹੈ। ਜਦ ਕਿ ਸੰਨ 2008 ਤੋਂ ਜੂਨ 2009 ਤਕ ਅਤੇ ਜੁਲਾਈ 2009 ਤੋਂ ਜੂਨ 2010 ਤੱਕ ਇਹ ਗਿਣਤੀ 9000 ਨੂੰ ਵੀ ਪਾਰ ਕਰ ਗਈ। 16 ਫਰਵਰੀ 2007 ਨੂੰ 23 ਸਾਲਾਂ ਤੁਰਕੀ ਦੀ ਹਾਤੂਨ ਸੁਰੂਚੂ ਦੀ ਉਸ ਦੇ ਬਾਪ ਨੇ ਹੱਤਿਆ ਕਰ ਦਿੱਤੀ ਕਿਉਂਕਿ ਉਸ ਨੇ ਆਪਣੇ ਪਿਤਾ ਦੀ ਮਰਜੀ ਖਿਲਾਫ਼ ਆਪਣੀ ਪਸੰਦ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਸੀ। ਘਰੋਂ ਭੱਜ ਕੇ ਹਾਤੁਨ ਬੁਰਲਿਨ 'ਚ ਰਹਿ ਰਹੀ ਸੀ। ਜਿਸ ਨਾਲ ਕਿ ਉਸ ਦੇ ਪ੍ਰੀਵਾਰ ਦੀ ਅਖੌਤੀ ਇੱਜ਼ਤ ਮਿੱਟੀ ਵਿੱਚ ਮਿਲ ਗਈ ਸੀ। ਇਸ ਨਾਲ ਪਹਿਲਾਂ ਜਰਮਨੀ ਦੀ ਰਾਜਧਾਨੀ ਬਰਲਿਨ 'ਚ ਅਜਿਹੀ ਅੱਠ ਆਨਰ ਕਿਲਿੰਗ ਹੋ ਚੁੱਕੀਆਂ ਸਨ। 8 ਸਾਲਾਂ 'ਚ ਜਰਮਨੀ ਵਿੱਚ 147 ਲੜਕੀਆਂ ਨੂੰ ਉਹਨਾਂ ਦੇ ਘਰ ਵਾਲਿਆਂ ਨੇ ਇੱਜ਼ਤ ਦੇ ਨਾਂ 'ਤੇ ਮਾਰ ਦਿੱਤਾ ਹੈ ਅਤੇ ਸਰਕਾਰ ਚੁਪ ਦਰਸ਼ਕ ਬਣੀ ਰਹੀ। ਜਰਮਨੀ 'ਚ ਜਿਨ੍ਹਾਂ 147 ਲੜਕੀਆਂ ਦਾ ਕਤਲ ਹੋਇਆ ਉਹ ਸਾਰੇ ਕੇਸ ਮਰਜੀ ਦੇ ਖਿਲਾਫ਼ ਵਿਆਹ ਨਾਲ ਜੁੜੇ ਹੋਏ ਨਹੀਂ ਸਨ ਬਲਕਿ ਹਿਜਾਬ ਤੇ ਬੁਰਕਾ ਪਹਿਨਣ ਦੇ ਕੇਸਾਂ 'ਚ ਵੀ ਕਤਲ ਹੋਏ ਹਨ। ਇਹਨਾਂ ਖਿਲਾਫ਼ ਬਰਲਿਨ ਵਿੱਚ ਇਕ ਸੰਸਥਾ ਬਣੀ ਹੈ ਜੋ 12 ਤੋਂ 18 ਸਾਲਾਂ ਦੀਆਂ ਲੜਕੀਆਂ ਨੂੰ ਪਨਾਹ ਦਿੰਦੀ ਹੈ। ਜਿਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਤੋਂ ਖਤਰਾ ਮਹਿਸੂਸ

ਹੁੰਦਾ ਹੈ। ਇਸ ਦੇ ਨਾਲ ਹੀ ਜੋ ਔਰਤਾਂ ਹੈਡ ਸਕਾਰਫ ਦੀ ਰਵਾਇਤ ਨੂੰ ਮੰਨਣ ਤੋਂ ਇਨਕਾਰ ਕਰ ਰਹੀਆਂ ਹਨ। ਉਹਨਾਂ ਦੀ ਮਦਦ ਲਈ ਇਕ ਇਕ ਇਰਾਨੀ ਵਕੀਲ ਮੀਨਾ ਅਹਾਦੀ ਅੱਗੇ ਆਈ ਹੈ। ਲੜਕੀਆਂ ਕੱਟੜ ਪੰਥੀਆਂ ਦੇ ਦਬਾਅ ਹੇਠ ਹਨ, ਇਹ ਗੱਲ ਬਰਲਿਨ ਦੇ ਇਮਾਮ ਮੁਹੰਮਦ ਹਰਜੋਗ ਵੀ ਮੰਨਦੇ ਹਨ। ਇਸਲਾਮ ਆਕਾਈਬਸ ਦੇ ਮੁਖੀ ਮੁਹੰਮਦ ਸਲੀਮ ਵੀ ਇਸ ਕੱਟੜਪੰਥ ਦੇ ਵਿਰੋਧੀ ਹਨ। ਹੈਬੋਲੱਟ ਯੂਨੀਵਰਸਿਟੀ 'ਚ ਇਸਲਾਮੀ ਇਤਿਹਾਸ ਦੇ ਪ੍ਰੋਫੈਸਰ ਅਸਲਮ ਸੈਅਦ ਇਸ ਪ੍ਰਸੰਗ 'ਚ ਕਹਿੰਦੇ ਹਨ ਕਿ ਔਰਤਾਂ ਨੂੰ ਬੁਰਕਾ ਪਹਿਨਣ ਲਈ ਦਬਾਅ ਪਾਉਣਾ ਤੇ ਇੱਜ਼ਤ ਦੇ ਨਾਂ ਹੇਠ ਬੇਟੀਆਂ ਨੂੰ ਮਾਰਨ ਦੀਆਂ ਜੋ ਘਟਨਾਵਾਂ ਇਥੇ ਵੀ ਹੋ ਰਹੀਆਂ ਹਨ। ਇਸ ਲਈ ਨਿਸਚੈ ਹੀ ਅਜਿਹੇ ਇਮਾਮ ਤੇ ਮੁੱਲ੍ਹਾ ਦੋਸ਼ੀ ਹਨ ਜੋ ਇਸਲਾਮ ਨੂੰ 1500 ਸੌ ਸਾਲ ਪਿੱਛੇ ਲਿਜਾਣਾ ਚਾਹੁੰਦੇ ਹਨ।

ਜ਼ਿਕਰਯੋਗ ਹੈ ਕਿ ਪੱਛਮੀ ਸਭਿਆਚਾਰ ਅਪਣਾਉਣ 'ਤੇ ਵੀ ਮੁਸਲਿਮ ਕੁਰਦਿਸ਼ ਪਰਿਵਾਰ ਦੇ ਮੁਖੀ ਔਰਤਾਂ ਨੂੰ ਬਹੁਤ ਹੀ ਖੌਫਨਾਕ ਸਜਾਵਾਂ ਦਿੰਦੇ ਹਨ ਤਾਂ ਕਿ ਦੂਜੀਆਂ ਔਰਤਾਂ ਇਸ ਤੋਂ ਸਬਕ ਲੈ ਸਕਣ ਅਤੇ ਅਜਿਹੀ ਹਰਕਤ ਦੁਬਾਰਾ ਨਾ ਕਰਨ, ਜਿਸ ਨਾਲ ਪਰਿਵਾਰ, ਜਾਤੀ ਜਾਂ ਧਰਮ ਨੂੰ ਠੇਸ ਪਹੁੰਚੇ। ਲੰਦਨ 'ਚ ਰਹਿਣ ਵਾਲੀ 16 ਸਾਲਾ ਬੇਰਵਲ ਆਗਾ ਨੂੰ ਉਸ ਦੇ ਪਿਤਾ ਮਹਿਮੂਦ ਆਗਾ ਨੇ ਗਰਮ ਸਰੀਆਂ ਨਾਲ ਉਸ ਦੀਆਂ ਲੱਤਾਂ ਨੂੰ ਸਿਰਫ਼ ਇਸ ਲਈ ਦਾਗਿਆ ਕਿ ਉਹ ਇਕ ਅੰਗ੍ਰੇਜ਼ ਲੜਕੇ ਨਾਲ ਡਿਸਕੋ ਕਲੱਬ ਵਿੱਚ ਗਈ ਸੀ। ਬ੍ਰਿਟੇਨ 'ਚ ਰਹਿਣ ਵਾਲੇ ਮੁਸਲਿਮ ਪਰਿਵਾਰ ਬ੍ਰਿਟਿਨ 'ਚ ਕਈ ਸਾਲਾਂ ਤੋਂ ਰਹਿ ਰਹੇ ਹਨ। ਪਰ ਇਸ ਦੇ ਬਾਵਜੂਦ ਉਹ ਬ੍ਰਿਟੇਨ ਦਾ ਸਭਿਆਚਾਰ ਤੇ ਉਥੋਂ ਦੇ ਲੋਕਾਂ ਨਾਲ ਜੁੜੇ ਨਹੀਂ ਹਨ। ਬਲਕਿ ਉਥੋਂ ਦੇ ਸਭਿਆਚਾਰ ਪ੍ਰਤੀ ਮੁਸਲਿਮ ਪਰਿਵਾਰ ਦੇ ਮਰਦਾਂ 'ਚ ਏਨਾ ਜ਼ਹਿਰ ਭਰਿਆ ਹੋਇਆ ਹੈ ਕਿ ਉਹ ਆਪਣੀਆਂ ਧੀਆਂ ਤਕ ਨੂੰ ਮਾਰਨੋ ਗੁਰੇਜ ਨਹੀਂ ਕਰਦੇ। ਇਰਾਨੀ ਤੇ ਕੁਰਦਿਪ ਔਰਤ ਅਧਿਕਾਰ ਜਥੇਬੰਦੀ ਨਾਲ ਜੁੜੀ ਡਾਇਨਾ ਨਾਮੀ ਦਾ ਕਹਿਣਾ ਹੈ ਕਿ ਪੂਰੇ ਸੰਸਾਰ ਵਿੱਚ ਇਸ ਸਮੇਂ ਇਸਲਾਮੀ ਕੱਟੜਵਾਦ ਵਧਦਾ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਅਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸਭ ਤੋਂ ਅਜੀਬ ਗੱਲ ਤਾਂ ਇਹ ਹੈ ਕਿ ਇਸਲਾਮੀ ਕੱਟੜਵਾਦ ਤੇ ਰੂੜੀਵਾਦ ਦਾ ਵਾਇਰਸ ਹੁਣ ਹਿੰਦੁਸਤਾਨ ਦੀ ਜ਼ਮੀਨ ਅਤੇ ਹਿੰਦੂਆਂ ਵਿੱਚ ਵੀ ਵਧਣ ਫੁਲਣ ਲੱਗਿਆ ਹੈ। ਇਸ ਕਾਰਨ ਏਧਰ ਕਈ ਸਾਲਾਂ ਤੋਂ ਉਤਰ ਪ੍ਰਦੇਸ਼ ਦੇ ਸਹਾਰਨਪੁਰ ਨੂੰ 'ਮੁਹੱਬਤ ਦਾ ਕਬਰਸਤਾਨ' ਕਿਹਾ ਜਾਣ ਲੱਗਿਆ ਹੈ, ਕਿਉਂਕਿ ਉਥੋਂ ਦਾ ਸਮਾਜ ਆਪਣੀ ਮਰਜੀ ਨਾਲ ਪ੍ਰੇਮ ਵਿਆਹ ਕਰਨ ਵਾਲੇ ਜੋੜੇ ਦਾ ਕਤਲ ਕਰ ਦਿੰਦਾ ਹੈ। ਇੱਧਰ ਇਹ ਹਾਲਤ ਹਰਿਆਣੇ 'ਚ ਖਾਪ ਪੰਚਾਇਤਾਂ ਦੀ ਵੀ ਹੈ ਜੋ ਆਪਣੇ ਖੌਫ਼ਨਾਕ ਮਨਸੂਬਿਆਂ ਨਾਲ ਕਈ ਪ੍ਰੇਮੀਆਂ ਨੂੰ ਮੌਤ ਦੀ ਨੀਂਦ ਸੁਆ ਚੁੱਕੇ ਹਨ। ਕਹਿਣਾ ਗਲਤ ਨਹੀਂ ਹੋਵੇਗਾ ਕਿ ਉਹ ਆਪਣੀ ਬੇਕਿਰਕੀ ਦੀ ਇਬਾਰਤ ਮਾਸੂਮਾਂ ਦੇ ਖ਼ੂਨ ਨਾਲ ਲਿਖ ਰਹੇ ਹਨ। ਇਹਨਾਂ ਕਤਲਾਂ 'ਚ ਇੱਜ਼ਤ (ਆਨਰ) ਦੀ ਗੱਲ ਕਿਧਰੇ ਦਿਸਦੀ ਵੀ ਨਹੀਂ ਹੈ।

ਇਹ ਤਾਂ ਆਪਣੇ ਲੱਠਮਾਰ, ਅਜ਼ਾਰੇਦਾਰੀ ਤੇ ਤਾਨਾਸ਼ਾਹੀ ਰੁਝਾਣ ਨੂੰ ਕਾਇਮ ਰੱਖਣ ਤਕ ਖੌਫ਼ਨਾਕ ਤੇ ਦਹਿਸ਼ਤਗਰਦ ਢੰਗ ਹੈ। ਜੋ ਧਰਮ ਤੇ ਸਭਿਆਚਾਰ ਦੀ ਆੜ ਵਿੱਚ ਅਪਣਾਇਆ ਜਾ ਰਿਹਾ ਹੈ ਤਾਂ ਕਿ ਲੋਕ ਉਹਨਾਂ ਖਿਲਾਫ਼ ਆਪਣੀ

ਜੁਬਾਨ ਨਾ ਖੋਲ੍ਹ ਸਕਣ। ਇਸ ਪ੍ਰਸੰਗ ’ਚ ਨਿਆਂਇਕ ਫੈਸਲੇ ’ਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਜੁਲਾਈ 2006 (ਲਤਾ ਸਿੰਘ ਬਨਾਮ ਸਟੇਟ ਆਫ ਯੂ. ਪੀ.) ’ਚ ਦਿੱਤੇ ਗਏ ਇਕ ਫੈਸਲੇ ’ਚ ਕਿਹਾ ਹੈ ਕਿ ਅੰਤਰਜਾਤੀ ਤੇ ਅੰਤਰ ਧਾਰਮਿਕ ਵਿਆਹ ਕਰਨ ਵਾਲਿਆਂ ਦੀ ਆਨਰ ਕਿਲਿੰਗ ’ਚ ਕੋਈ ਆਨਰ ਨਹੀਂ ਹੈ। ਇਹ ਸ਼ਰਮਨਾਕ, ਬੇਰਹਿਮੀ ਤੇ ਜਾਗੀਰੂ ਮਾਨਸਿਕਤਾ ਹੈ ਜਿਸ ਨੂੰ ਸਖ਼ਤ ਸਜਾ ਦੇ ਕੇ ਹੀ ਕੁਚਲਿਆ ਜਾ ਸਕਦਾ ਹੈ। ਇਸ ਮਾਮਲੇ ’ਚ ਅਦਾਲਤ ਨੇ ਲਖਨਊ ਦੀ ਇਕ ਰਾਜਪੂਤ ਲੜਕੀ ਦਾ ਦਿਲ ਦੇ ਇਕ ਵੈਸ਼ ਨੌਜਵਾਨ ਨਾਲ ਵਿਆਹ ਨੂੰ ਸਹੀ ਠਹਿਰਾਇਆ। ਅਦਾਲਤ ਨੇ ਮੁਟਿਆਰ ਦੇ ਭਾਈ ਵਲੋਂ ਦਰਜ ਕਰਵਾਏ ਸਾਰੇ ਕੇਸ ਤੇ ਵਰੰਟ ਰੱਦ ਕਰ ਦਿੱਤੇ ਅਤੇ ਪੁਲਸ ਨੂੰ ਹਦਾਇਤ ਕੀਤੀ ਕਿ ਜੋੜੀ ਨੂੰ ਤੰਗ ਕਰਨ ’ਤੇ ਭਾਈ ਖਿਲਾਫ਼ ਉਚਿਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਕੇਸ ’ਚ ਨਿਆਂਮੂਰਤੀ ਮਾਰਕਡੇਜ਼ ਕਾਟਜੂ ਨੇ ਸਭ ਸੂਬਿਆਂ ਦੇ ਡੀ. ਜੀ. ਪੀ. ਨੂੰ ਨਿਰਦੇਸ਼ ਦਿੱਤਾ ਸੀ ਕਿ ਅਜਿਹੇ ਬਾਲਗ ਜੋੜੇ ਜੇ ਸੁਰੱਖਿਆ ਲਈ ਉਹਨਾਂ ਕੋਲ ਆਉਂਦੇ ਹਨ ਤਾਂ ਉਹਨਾਂ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇ। ਉਹਨਾਂ ਨੂੰ ਤੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਵਿਦਿ. ਮੰਤਰੀ ਵੀ ਰੱਪਾ ਮੋਇਲੀ ਦਾ ਕਹਿਣਾ ਹੈ ਕਿ ਉਹਨਾਂ ਨੇ ਆਨਰ ਕਿਲਿੰਗ ਲਈ ਭਾਰਤੀ ਦੰਡ ਕੋਡ 1860 ਅਤੇ ਸਾਕਸ਼ੀ ਕਾਨੂੰਨ 1872 ’ਚ ਸੋਧ ਦਾ ਪ੍ਰਸਤਾਵ ਕੀਤਾ ਹੈ। ਤਾਂ ਕਿ ਆਨਰ ਕਿਲਿੰਗ ਦਾ ਆਦੇਸ਼ ਦੇਣ ਵਾਲੀਆਂ ਖਾਪ ਤੇ ਜਾਤੀ ਪੰਚਾਇਤਾਂ ਨਾਲ ਸਖਤੀ ਨਾਲ ਨਿਪਟਿਆ ਜਾ ਸਕੇ। ਪ੍ਰਸਤਾਵ ਕਿ ਸਾਖਸੀ ਕਾਨੂੰਨ ’ਚ ਵੀ ਸੋਧ ਹੋਣੀ ਹੈ। ਜਿਸ ’ਚ ਇਹ ਵਿਵਸਥਾ ਕੀਤੀ ਜਾਣ ਵਾਲੀ ਹੈ ਕਿ ਦੋਸ਼ੀ ਨੇ ਖੁਦ ਸਾਬਤ ਕਰਨਾ ਹੁੰਦਾ ਹੈ ਕਿ ਉਹ ਨਿਰਦੋਸ਼ ਹੈ ਜਦ ਕਿ ਦੂਜੇ ਹੋਰ ਆਮ ਅਪਰਾਧਾਂ ਵਿੱਚ ਇਹ ਜ਼ਿੰਮੇਵਾਰੀ ਪੁਲਸ ਦੀ ਹੁੰਦੀ ਹੈ ਕਿ ਉਹ ਅਪਰਾਧੀ ਦਾ ਜੁਲਮ ਅਦਾਲਤ ’ਚ ਸਾਬਤ ਕਰੇ। ਉਥੇ ਭਾਰਤੀ ਦੰਡ ਕੋਡ (CRPC) ’ਚ ਸੋਧ ਕਰਕੇ ਆਨਰ ਕਿਲਿੰਗ ਨੂੰ ਉਕਸਾਉਣ ਵਾਲਿਆਂ ਖਿਲਾਫ਼ ਵਿਵਸਥਾਵਾਂ ਕੀਤੀਆਂ ਜਾਣਗੀਆਂ ਅਤੇ ਉਹਨਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਂਦਾ ਜਾਵੇਗਾ। ਫਿਲਹਾਲ ਪੁਲਸ ਆਨਰ ਕਿਲਿੰਗ ਦੇ ਕੇਸਾਂ ਨੂੰ ਕਤਲ (ਧਾਰਾ 302) ਜਾਂ ਕਤਲ ਦੀ ਕੋਸ਼ਿਸ਼ (ਧਾਰਾ 307) ’ਚ ਦਰਜ ਕਰਦੀ ਹੈ ਜਿਸ ’ਚ ਗਵਾਹ ਨਾ ਮਿਲਣ ਕਰਕੇ ਦੋਸ਼ੀ ਛੁਟ ਜਾਂਦੇ ਹਨ।

ਭਾਰਤੀ ਰਾਜਸੀ ਨੇਤਾਵਾਂ ਨੂੰ ਜੇ ਗਿਰਗਟਾਂ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ ਕਿਉਂਕਿ ਆਨਰ ਕਿਲਿੰਗ ਸਬੰਧੀ ਉਹਨਾਂ ਦਾ ਕਿਰਦਾਰ ਨੰਗਾ ਹੋਇਆ ਸੁਪਰੀਮ ਕੋਰਟ ਨੇ ਆਨਰ ਕਿਲਿੰਗ ’ਤੇ ਕੇਂਦਰ ਸਰਕਾਰ ਤੇ ਸੱਤ ਰਾਜਾਂ ਨੂੰ ਨੋਟਿਸ ਕੀ ਜਾਰੀ ਕੀਤਾ ਕਿ ਸਰਕਾਰ ਹਰਕਤ ਵਿੱਚ ਆ ਗਈ ਅਤੇ ਹੁਣ ਕਹਿਣ ਲੱਗੀ ਹੈ ਕਿ ਇਸ ਦੀ ਰੋਕਥਾਮ ਲਈ ਕਾਨੂੰਨ ਬਣਾਉਣ ’ਚ ਦੇਰ ਲੱਗੇਗੀ। ਇਸ ਲਈ ਇਸ ਸਬੰਧੀ ਆਰਡੀਨੈਂਸ ਲਿਆਉਣ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਹਰਿਆਣੇ ਦੀਆਂ ਪੂਰੀਆਂ ਰਾਜਸੀ ਜਮਾਤਾਂ ਨੇ ਇਕੋ ਗੋਤ ’ਚ ਸ਼ਾਦੀ ਦਾ ਵਿਰੋਧ ਕੀਤਾ ਹੈ। ਯੂਰਪ ਤੋਂ ਪੜ੍ਹ ਲਿਖਕੇ ਆਏ ਕਾਂਗਰਸ ਦੇ ਹਰਿਆਣਾ ਤੋਂ ਐਮ. ਪੀ. ਤੇ ਸਨਅਤਕਾਰ ਨਵੀਨ ਜਿੰਦਲ ਨੇ ਹੀ ਇਕੋ ਗੋਤ ’ਚ ਸਾਦੀ ਕਰਨ ਦਾ ਵਿਰੋਧ ਕੀਤਾ ਹੈ। ਇਸ ਇਕੋ ਗੋਤ ਕਾਰਨ ਖਾਪ ਪੰਚਾਇਤਾਂ ਤੁਗਲਕੀ ਫੁਰਮਾਨ ਜਾਰੀ ਕਰਕੇ ਨੌਜਵਾਨਾ ਦਾ

ਸ਼ਰੇਆਮ ਕਤਲ ਕਰਵਾ ਰਹੀਆਂ ਹਨ। ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਨੇ ਵੀ ਖਾਪ ਪੰਚਾਇਤ ਦੀ ਰਾਇ ਦੀ ਹਮਾਇਤ ਕੀਤੀ ਹੈ ਪਰ ਕਿਹਾ ਹੈ ਕਿ ਹੱਤਿਆ ਦਾ ਫੁਰਮਾਨ ਜਾਰੀ ਕਰਨ ਦਾ ਉਹਨਾਂ ਨੂੰ ਕੋਈ ਹੱਕ ਨਹੀਂ ਹੈ। ਫਿਰ ਵੀ ਰਾਜਸੀ ਮਜ਼ਬੂਰੀ ਕਹੀਏ ਜਾਂ ਕਹਿਣੀ ਤੇ ਕਥਨੀ 'ਚ ਫਰਕ। ਉਹਨਾਂ ਨੇ ਖਾਪ ਪੰਚਾਇਤਾਂ ਖਿਲਾਫ਼ ਸਖ਼ਤ ਰੁਖ ਅਜੇ ਤਕ ਨਹੀਂ ਅਪਣਾਇਆ ਹੈ। ਇਹੀ ਕਾਰਨ ਹੈ ਕਿ ਕਤਲ ਕਰਾਉਣ ਵਾਲੇ ਖਾਪ ਨੇਤਾ ਅਜੇ ਵੀ ਆਪਣੇ ਘ੍ਰਿਣਿਤ ਕਰਮ ਨੂੰ ਨਿਆਸ਼ੀਲ ਤੇ ਸਮਾਜ ਦੀ ਭਲਾਈ ਲਈ ਕੀਤਾ ਗਿਆ ਮਹਾਨ ਕਾਰਜ ਦੱਸ ਰਹੇ ਹਨ। ਇਥੋਂ ਤਕ ਕਿ ਉਹ ਹੁਣ ਹਿੰਦੂ ਮੈਰਜ ਐਕਟ 1955 'ਚ ਵੀ ਸੋਧ ਦੀ ਮੰਗ ਕਰ ਰਹੇ ਹਨ ਕਿ ਇਕੋ ਗੋਤਰ ਵਿੱਚ ਸ਼ਾਦੀ ਨੂੰ ਪਾਬੰਦੀ ਸ਼ੁਧਾ ਰਿਸ਼ਤਿਆਂ 'ਚ ਸ਼ਾਮਲ ਕੀਤਾ ਜਾਵੇ। ਖਾਪ ਨੇਤਾਵਾਂ ਨੂੰ ਸ਼ਾਇਦ ਇਸ ਦੀ ਜਾਣਕਾਰੀ ਨਹੀਂ ਹੈ ਕਿ ਭਾਰਤ ਦੀਆਂ ਕਈ ਜਾਤਾਂ ਵਿੱਚ ਇਕੋ ਗੋਤ 'ਚ ਵੀ ਵਿਆਹ ਕੀਤੇ ਜਾਂਦੇ ਹਨ। ਕੀ ਉਹਨਾਂ ਦੇ ਮਨ ਮੁਤਾਬਿਕ ਕੋਈ 'ਕਾਨੂੰਨ' ਬਣਦਾ ਹੈ ਤਾਂ ਫਿਰ ਇਹ ਜਾਤਾਂ ਕੀ ਕਰਨਗੀਆਂ ਜਿਹਨਾਂ 'ਚ ਇਕੋ ਗੋਤ 'ਚ ਸ਼ਾਦੀ ਹੁੰਦੀ ਹੈ? ਇਕ ਕਹਾਵਤ ਹੈ - ਘੱਟ ਭਰਿਆ ਭਾਂਡਾ ਵੱਧ ਛਲਕਦਾ ਹੈ ਜਦ ਕਿ ਪੂਰਾ ਭਰਿਆ ਸ਼ਾਂਤ ਤੇ ਚੁੱਪ ਹੁੰਦਾ ਹੈ।' ਸ਼ਾਇਦ ਇਹੀ ਹਾਲ ਖਾਪ ਪੰਚਾਇਤਾਂ ਦਾ ਹੈ। ਇਕੋ ਗੋਤ 'ਚ ਵਿਆਹ ਦਾ ਵਿਰੋਧ ਕਰਨ ਵਾਲੇ ਆਖਰ ਕਿਸ ਤਰ੍ਹਾਂ ਦਾ ਕਾਨੂੰਨ ਚਾਹੁੰਦੇ ਹਨ ਕਿਉਂਕਿ ਅੰਤਰ ਜਾਤੀ ਵਿਆਹਾਂ 'ਚ ਵੀ ਉਹਨਾਂ ਦੀ ਨੀਤੀ ਦੋਗਲੀ ਹੈ। ਛੋਟੀ ਜਾਤੀ 'ਚ ਵਿਆਹ ਕਰਨ 'ਤੇ ਵੱਡੀ ਜਾਤੀ ਦੇ ਲੋਕ ਨਵੇਂ ਵਿਆਹਿਆਂ ਦਾ ਕਤਲ ਕਰਨੋ ਵੀ ਨਹੀਂ ਝੁਕਦੇ। ਆਖਰ ਇਹ ਦੋ ਤਰ੍ਹਾਂ ਦੀ ਮਾਨਸਿਕਤਾ ਕਿਉਂ ਹੈ? ਇਸ ਦੇ ਜੁਆਬ ਕਿਹਾ ਜਾ ਸਕਦਾ ਹੈ ਕਿ ਇਹ ਸਭ ਆਪਣੀ ਧੌਂਸ ਜਮਾਉਣ ਲਈ ਕੀਤਾ ਜਾ ਰਿਹਾ ਹੈ। ਪੱਛਮੀ ਉਤਰ ਪ੍ਰਦੇਸ਼ ਤੋਂ ਹਰਿਆਣੇ ਤਕ ਸ਼ਕਤੀ ਵਰਤਨ ਦੇ ਅਜੀਬ ਦ੍ਰਿਸ਼ ਮਿਲਦੇ ਹਨ। ਇਹਨਾਂ 'ਚ ਦਰਖਤਾਂ ਤੇ ਲਟਕਦੀਆਂ ਲਾਸ਼ਾਂ, ਮੈਦਾਨਾ 'ਚ ਜਿਉਂਦੇ ਜਲਾਏ ਗਏ ਲੋਕਾਂ ਦੀਆਂ ਅੱਧਸੜ ਲਾਸ਼ਾਂ ਤੇ ਨਦੀਆਂ 'ਚ ਨੌਜਵਾਨ-ਮੁਟਿਆਰਾਂ ਦੀ ਫੁਲੀਆਂ ਹੋਈਆਂ ਲਾਸ਼ਾ ਦੇਖ ਕੇ ਹਤਿਆਰੇ ਸਭਿਆਚਾਰ ਦੀ ਧੌਂਸ ਦਿਸਦੀ ਹੈ। ਕੀ ਅਸੀਂ ਫਿਰ ਆਦਿ ਯੁੱਗ ਦਾ ਦਰਸ਼ਨ ਕਰਾਂਗੇ ਜਿਸ ਨੂੰ ਆਪਾਂ ਕਿਤਾਬਾਂ 'ਚ ਪੜ੍ਹਦੇ ਸੀ? ਕੁਝ ਲੋਕਾਂ 'ਚ ਜਾਗੀਰੂ ਰਹਿੰਦ ਖੂੰਦ ਦਿਮਾਗਾਂ 'ਚ ਭਰੀ ਪਈ ਹੈ। ਰਿਵਾਜਾਂ ਨੂੰ ਜਿਉਂਦਾ ਰੱਖਣ ਲਈ ਉਹ ਮੁੱਛਾਂ ਨੂੰ ਤਾਅ ਦੇਈ ਰੱਖਦੇ ਹਨ ਤੇ ਫਿਰ ਉਹਨਾਂ ਦੀ ਧੌਂਸ ਨਾ ਮੰਨਣ ਵਾਲਿਆਂ ਦੇ ਖ਼ੂਨ ਨਾਲ ਹੱਥ ਰੰਗਦੇ ਹਨ। ਇਹ ਸੂਰਮੇ ਮਾਸੂਮਾ ਦੇ ਖ਼ੂਨ ਨਾਲ ਨਾ ਸਿਰਫ਼ ਹੈਵਾਨੀਅਤ ਦੀ ਉਹ ਗਾਥਾ ਲਿਖਦੇ ਹਨ ਜਿਸ ਨੂੰ ਪਹਿਲਾਂ ਰਾਜੇ-ਮਹਾਰਾਜੇ ਆਪਣੇ ਸੁਆਰਥਾਂ ਲਈ ਕਰਦੇ ਸਨ। ਖਾਪ ਪੰਚਾਇਤਾਂ ਵਾਲੇ ਕਿਹੋ ਜਿਹੇ ਲੋਕ ਹਨ ਕਿ ਆਪਣੀ ਬੇਰਹਿਮੀ 'ਚ ਹਾਰਦੇ ਨਹੀਂ? ਇਹ ਜਾਗੀਰਦਾਰ ਜੇ ਔਰਤ ਨੂੰ ਉਸ ਦੀ ਇੱਛਾ ਅਨੁਸਾਰ ਉਸ ਦਾ ਰਾਹ ਤਹਿ ਕਰਨ ਦੇਣਗੇ ਤਾਂ ਉਹਨਾਂ ਦੀ ਇੱਜ਼ਤ ਦਾ ਕੀ ਹੋਵੇਗਾ? ਇਹ ਸੋਚਦੇ ਹਨ ਕਿ ਕਿਤੇ ਦੂਜੀਆਂ ਨੂੰ ਵੇਖਕੇ ਉਹਨਾਂ ਦੀਆਂ ਔਰਤਾਂ ਵੀ ਅਜ਼ਾਦ ਨਾ ਹੋ ਜਾਣ। ਪੁਰਸ਼ ਪ੍ਰਧਾਨ ਸਮਾਜ ਨੇ ਸ਼ੁਰੂ ਤੋਂ ਹੀ ਔਰਤਾਂ ਨੂੰ ਗੁਲਾਮ ਸਮਝਿਆ ਹੈ। ਆਨਰ ਕਿਲਿੰਗ ਨੂੰ ਹਿਰਾਸਤੀ ਮੌਤ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਔਰਤ ਹਮੇਸ਼ਾ ਕਿਸੇ ਨਾ ਕਿਸੇ ਰੂਪ 'ਚ ਮਰਦ ਦੀ ਹਿਰਾਸਤ 'ਚ ਰਹਿੰਦੀ ਹੈ। ਜਦੋਂ ਕੋਈ ਔਰਤ ਇਹ ਹਿਰਾਸਤ ਤੋੜਦੀ ਹੈ ਤਾਂ ਮਰਦ

ਬੁਖਲਾ ਜਾਂਦਾ ਹੈ। ਮਰਿਆਦਾ ਦੇ ਨਾਂ 'ਤੇ ਕਤਲ ਕਰਨੋ ਨਹੀਂ ਝਿਜਕਦਾ ਕਿਉਂਕਿ ਥੋੜ੍ਹੀ ਜਿਹੀ ਵੀ ਲਾਹਪ੍ਰਵਾਹੀ ਮਰਦ ਸੱਤਾ ਨੂੰ ਕੰਮਜੋਰ ਕਰ ਦਿੰਦੀ ਹੈ। ਜਿਸ ਤਰ੍ਹਾਂ ਇੰਦਰ ਨੂੰ ਹਮੇਸ਼ਾ ਆਪਣੀ ਸੱਤਾ ਖੁਸਣ ਦਾ ਡਰ ਰਹਿੰਦਾ ਸੀ। ਅੱਜ ਉਹੀ ਹਾਲਤ ਮਰਦ ਸਮਾਜ ਦੀ ਹੋ ਗਈ ਹੈ ਅਤੇ ਉਹ ਅਤਿਆਚਾਰ ਦੀ ਖ਼ੂਨੀ ਖੇਡ ਖੇਡਣ ਲਈ ਮਜ਼ਬੂਰ ਹੋ ਗਏ ਹਨ।

ਧਰਮ ਪ੍ਰਸੰਗ ਰਾਹੀਂ ਇੰਦਰ ਦੀ ਮਾਨਸਿਕਤਾ ਨੂੰ ਖਾਪ ਪੰਚਾਇਤਾਂ ਦੀ ਮਾਨਸਿਕਤਾ ਨਾਲ ਜੋ ਤੁਲਨਾ ਕੀਤੀ ਗਈ ਹੈ ਉਹ ਇਹ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਡਰ ਦੀ ਉਤਪਤੀ, ਵਿਅਕਤੀ ਦੇ ਸਰਵਨਾਸ਼ ਦਾ ਕਾਰਣ ਬਣਦੀ ਹੈ। ਹਰਿਆਣੇ ਵਿੱਚ ਹੀ ਨਹੀਂ, ਹਰਿਦੁਆਰ, ਰਿਸ਼ੀਕੇਸ, ਮੇਰਠ, ਮੁਜਫਰਨਗਰ ਤੇ ਸਹਾਰਨਪੁਰ ਵਿੱਚ ਵੀ ਖਾਪਾਂ ਦਾ ਅਸਰ ਹਵਾ 'ਚ ਮਿਲਣ ਲੱਗਿਆ ਹੈ। ਇਸ ਲਾਗ ਦੀ ਹਵਾ ਨੇ ਹਿੰਦੂ-ਮੁਸਲਿਮ ਸਭ ਦੇ ਸੁਭਾਅ ਨੂੰ 'ਖਾਪ' ਬਣਾ ਦਿੱਤਾ ਹੈ। ਜਾਗੀਰਦਾਰ ਆਖਰ ਹਕੂਮਤ ਕਰਨ ਲਈ ਹੀ ਹੁੰਦੇ ਹਨ। ਆਪਣੇ ਰਾਜ ਨੂੰ ਬਚਾਈ ਰੱਖਣ ਲਈ ਉਹਨਾਂ ਨੂੰ ਸਮੇਂ-ਸਮੇਂ 'ਤੇ ਜਾਨ ਲੇਵਾ ਦਹਿਸ਼ਤਾਂ ਪੈਦਾ ਕਰਨੀਆਂ ਪੈਂਦੀਆਂ ਹਨ। ਕਦੀ ਡਰਾਉਣਾ, ਕਦੀ ਸਿਖਾਉਣਾ, ਕਦੀ ਭਰਮਾਉਣਾ ਤੇ ਕਦੀ ਲਾਲਚ ਦੇਣਾ ਫਿਰ ਆਪਣੇ ਕਾਬੂ 'ਚ ਰੱਖਣਾ ਸੰਭਵ ਹੋ ਜਾਂਦਾ ਹੈ ਗੁਲਾਮ ਨੂੰ। ਇਹਨੀ ਦਿਨੀ ਔਰਤਾਂ 'ਚ ਜੋ ਅਧੁਨਿਕਤਾ ਦੀ ਲਹਿਰ ਚਲੀ ਹੈ। ਉਸ ਨਾਲ ਵੀ ਪੁਰਾਣੀ ਪੀੜ੍ਹੀ ਭੈਭੀਤ ਹੋ ਗਈ ਹੈ। ਸਹਿ ਸਿੱਖਿਆ ਤੇ ਪੱਛਮੀ ਸਭਿਅਤਾ ਕਾਰਨ ਔਰਤ ਮਰਦ ਦੇ ਸਬੰਧਾਂ 'ਚ ਖੁਲਾਪਣ ਆਇਆ ਹੈ। ਉਸ ਨੂੰ ਪੁਰਾਣੀ ਪੀੜ੍ਹੀ ਹਜਮ ਨਹੀਂ ਕਰ ਰਹੀ ਹੈ। ਉਹ ਉਹਨਾਂ ਰੂੜੀਆਂ, ਮਾਨਤਾਵਾਂ ਤੇ ਨੈਤਿਕਤਾ ਦੇ ਦੌਰ 'ਚ ਜਿਉਂ ਰਹੇ ਹਨ। ਜਿਹਨਾਂ 'ਚ ਉਹਨਾਂ ਦੇ ਪੁਰਖੇ ਰਿਹਾ ਕਰਦੇ ਸਨ। ਮਾਪੇ ਚਾਹੁੰਦੇ ਹਨ ਕਿ ਉਹਨਾਂ ਦਾ ਪੁੱਤ ਵਕੀਲ, ਡਾਕਟਰ, ਇੰਜਨੀਅਰ ਜਾਂ ਆਈ. ਏ. ਐਸ. ਕੁਝ ਵੀ ਬਣੇ ਪਰ ਸ਼ਾਦੀ ਆਪਣੀ ਜਾਤ ਵਿਚ ਹੀ ਕਰੇ ਅਤੇ ਲੱਖਾਂ ਰੁਪਏ ਦਹੇਜ ਲਿਆਵੇ। ਅਜਿਹੀ ਸੋਚ ਦੇ ਲੋਕ ਪੜ੍ਹਾਈ ਤੇ ਕੈਰੀਅਰ ਦੇ ਬਾਵਜੂਦ ਲੜਕੀ ਨੂੰ ਪ੍ਰੀਵਾਰ ਦੀ ਇੱਜ਼ਤ ਨਾਲ ਜੋੜ ਕੇ ਵੇਖਦੇ ਹਨ। ਅਜਿਹੀ ਹਾਲਤ 'ਚ ਉਹਨਾਂ ਨੂੰ ਇਹ ਮੰਜੂਰ ਹੀ ਨਹੀਂ ਹੁੰਦਾ ਕਿ ਨੌਜਵਾਨ ਆਪਣੀ ਜਾਤ ਤੋਂ ਬਾਹਰ ਵਿਆਹ ਕਰੇ ਜਦ ਕਿ ਸਮਾਜਕ ਤਬਦੀਲੀ, ਪੜ੍ਹਾਈ-ਲਿਖਾਈ ਕਾਰਨ ਸੋਚ ਵੀ ਬਦਲੀ ਹੈ। ਜਿਸ ਕਾਰਨ ਨੌਜਵਾਨ ਪੁਰਾਣੀ ਰਾਹ 'ਤੇ ਚੱਲਣਾ ਪਸੰਦ ਨਹੀਂ ਕਰਦੇ, ਇਹੀ ਬਜ਼ੁਰਗਾਂ ਨੂੰ ਮਾੜਾ ਲਗਦਾ ਹੈ ਤਾਂ ਉਹ ਉਹਨਾਂ ਦੀ ਹੋਂਦ ਖ਼ਤਮ ਕਰਨ ਦੀ ਸਾਜਿਸ਼ ਰਚਦੇ ਹਨ। ਇਸ ਤਰ੍ਹਾਂ ਦੇ ਮਾਪਿਆਂ ਨਾਲ ਕਿਹੋ ਜਿਹੀ ਕਾਨੂੰਨੀ ਕਾਰਵਾਈ ਹੋਵੇ? ਕੀ ਮਾਪਿਆਂ ਖਿਲਾਫ਼ ਵੀ ਧਾਰਾ 498-ਏ ਜਾਣੀ ਦਹੇਜ ਲਈ ਉਕਸਾਉਣ ਵਰਗਾ ਕਾਨੂੰਨ ਬਣਾ ਕੇ ਸਖ਼ਤੀ ਨਾਲ ਲਾਗੂ ਕੀਤਾ ਜਾਵੇ? ਆਨਰ ਕਿਲਿੰਗ ਹਿੰਦੂਆਂ ਦਾ ਰੂੜੀਵਾਦ ਹੀ ਨਹੀਂ ਬਲਕਿ ਸੱਤਾ ਤੇ 'ਮੈਂ' ਦੀ ਮਾਨਸਿਕਤਾ ਹੈ ਜੋ ਮੌਲਵਿਆਂ ਦੇ ਫਤਵਿਆਂ ਤੋਂ ਵੀ ਵੱਧ ਭਿਆਨਕ ਹੈ। ਨੌਜਵਾਨਾਂ ਨੂੰ ਮਾਰ ਕੇ ਪੰਚਾਇਤਾ ਕਿਸ ਧਰਮ ਤੇ ਸਮਾਜ ਦੀ ਗੱਲ ਕਰ ਰਹੀਆਂ ਹਨ। ਇਹ ਸਮਝਣ ਲਾਇਕ ਨਹੀਂ ਹੈ। ਪਰ ਉਹਨਾਂ ਦੀ ਮਾਨਸਿਕਤਾ ਜ਼ਰੂਰ ਸਮਝ 'ਚ ਆਉਣ ਵਾਲੀ ਹੈ। ਉਹ ਦਹਿਸ਼ਤ ਫੈਲਾਅ ਕੇ ਆਪਣੀ ਧੌਂਸ ਕਾਇਮ ਰੱਖਣਾ ਚਾਹੁੰਦੇ ਹਨ। ਜੇ ਇਹਨਾਂ 'ਤੇ ਪਾਬੰਦੀ ਨਹੀਂ ਲਾਈ ਜਾਂਦੀ ਤਾਂ ਦੇਸ਼ ਦਾ ਭਵਿੱਖ ਤੇ

'ਨੌਜਵਾਨਾਂ ਦੀ ਹੋਂਦ' ਖ਼ਤਮ ਹੋਣ 'ਚ ਬਹੁਤਾ ਸਮਾਂ ਨਹੀਂ ਲੱਗਣਾ। ਕੁਝ ਨੌਜਵਾਨ ਇਹਨਾਂ ਖਿਲਾਫ਼ ਆਵਾਜ਼ ਉਠਾਉਂਦੇ ਹਨ ਪਰ ਬਹੁਤੇ ਸਹਿਮੇ ਹੋਏ ਹਨ ਕਿ ਉਹਨਾਂ ਨੂੰ ਮੁਠੀਭਰ ਵਹਿਸ਼ੀਆਨਾ ਮਾਨਸਿਕਤਾ ਵਾਲੇ ਇਹਨਾਂ ਜਲਾਦਾਂ ਤੋਂ ਇਸ ਕਾਰਨ ਡਰ ਲੱਗਣ ਲੱਗਦਾ ਹੈ ਕਿ ਕਿਤੇ ਉਹਨਾਂ ਦੀ ਵੀ ਜ਼ਿੰਦਗੀ ਇਹਨਾਂ ਦੀ ਬੰਧਕ ਬਣ ਕੇ ਨਾ ਰਹਿ ਜਾਵੇ ਜਾਂ ਫਿਰ ਖਾਮੋਸ਼ੀ ਤੋੜਨ ਦਾ ਅਰਥ ਹੈ ਖ਼ਤਰਾ। ਆਨਰ ਕਿਲਿੰਗ 'ਚ ਕੁਝ ਵੀ ਆਨਰ (ਇੱਜ਼ਤ) ਨਹੀਂ ਹੈ। ਇਸ ਸ਼ਬਦ ਦੀ ਪੈਦਾਇਸ਼ ਵਿਦੇਸ਼ 'ਚ ਹੋਈ ਹੈ। 19ਵੀਂ ਸਦੀ 'ਚ ਸਪੇਨ ਤੇ ਇਟਲੀ ਵਰਗੇ ਸਮਾਜਾਂ 'ਚ ਜੇ ਕੋਈ ਸ਼ਾਦੀਸ਼ੁਦਾ ਔਰਤ ਕਿਸੇ ਮਰਦ ਨਾਲ ਸਬੰਧ ਬਣਾ ਲੈਂਦੀ ਤਾਂ ਉਸ ਦਾ ਕਤਲ ਕਰ ਦਿੱਤਾ ਜਾਂਦਾ। ਇਸੇ ਕਾਰਣ ਇਥੇ 'ਆਨਰ ਕਿਲਿੰਗ' ਦੀ ਉਤਪਤੀ ਹੋਈ ਪਰ ਜਨ ਸਾਧਾਰਨ ਨੂੰ ਕਾਨੂੰਨ ਆਪਣੇ ਹੱਥ 'ਚ ਲੈਣ ਦਾ ਕੋਈ ਅਧਿਕਾਰ ਹੀ ਨਹੀਂ ਹੈ ਕਿਉਂਕਿ ਕਤਲ ਅਪਰਾਧ ਹੈ। ਅਪਰਾਧੀਆਂ ਨੂੰ ਸਜਾ ਮਿਲੇ ਨਹੀਂ ਤਾਂ ਆਪਾ ਧਾਪੀ ਵਧ ਜਾਵੇਗੀ। ਮਨਮਾਨੀ ਕਰਨ ਵਾਲੇ ਕਮਜ਼ੋਰ ਲੋਕਾਂ ਦਾ ਜਿਉਣਾ ਦੁਭਰ ਕਰ ਦੇਣਗੇ। ਤਾਨਾਸ਼ਾਹੀ ਵਰਗੀ ਸਥਿਤੀ ਉਭਰ ਕੇ ਸਾਹਮਣੇ ਆ ਜਾਵੇਗੀ। 'ਹਾਕਮ ਮਰਦ ਆਪਣੀ ਮਰਜੀ ਦੇ ਨਿਯਮ ਬਣਾਉਂਦਾ ਹੈ। ਪੁਰਾਣੇ ਸਮੇਂ 'ਚ ਤਾਨਾਸ਼ਾਹ ਅਜਿਹਾ ਹੀ ਕਰਦੇ ਸਨ। ਪਤਨੀ ਨੂੰ ਮਾਲਕੀਅਤ ਸਮਝਿਆ ਜਾਂਦਾ ਸੀ। ਅੱਜ ਵੀ ਆਪਣੀ ਸੱਤਾ ਕਾਇਮ ਰੱਖਣ ਲਈ ਕਮਜੋਰਾਂ ਨੂੰ ਮਾਰਿਆ ਜਾ ਰਿਹਾ ਹੈ। ਇਹ ਕਤਲ ਹੈ। ਇਸ ਨੂੰ ਤਾਂ ਡਿੱਥ ਆਨਰ ਕਿਲਿੰਗ ਦਾ ਕਹਿਣਾ ਸਹੀ ਹੋਵੇਗਾ। ਉਤਰੀ ਭਾਰਤ 'ਚ ਅਜਿਹੀ ਘਟਨਾਵਾਂ ਵੱਧ ਦੇਖਣ ਨੂੰ ਮਿਲ ਰਹੀਆਂ ਹਨ। ਇਕ ਪਾਸੇ ਰਵਾਇਤੀ ਮਾਨਤਾਵਾਂ ਨੂੰ ਹੀ ਸਿਰ 'ਤੇ ਢੋਹਣ ਵਾਲਾ ਰੂੜੀਵਾਦੀ ਸਮਾਜ ਹੈ ਤਾਂ ਦੂਜੇ ਪਾਸ ਜਮਹੂਰੀਅਤ ਪਸੰਦ ਸਮਾਜ। ਇਹ ਘਟਨਾਵਾਂ ਇਹਨਾਂ ਦੀ ਅੰਦਰੂਨੀ ਵਿਰੋਧਤਾਈ ਹੈ। ਵਰਨਾ ਇਸੇ ਸਮਾਜ ਨਾਲ ਸਬੰਧ ਰੱਖਣ ਵਾਲੇ ਅਮੀਰ ਤੇ ਰੱਜੇ-ਪੁਜੇ ਲੋਕਾਂ 'ਚ ਅਜਿਹੇ ਕੇਸ ਮਿਲ ਜਾਣਗੇ। ਜਿਹਨਾਂ ਨੇ ਸਾਰੇ ਨਿਯਮਾਂ ਤੋਂ ਉਪਰ ਉੱਠਕੇ ਪ੍ਰੇਮ-ਵਿਆਹ ਕਰਵਾਏ। ਉਹਨਾਂ ਲੋਕਾਂ 'ਤੇ ਖਾਪ ਪੰਚਾਇਤ ਜਾਂ ਐਸੀ ਮਾਨਸਿਕਤਾ ਵਾਲਿਆਂ ਨੇ ਕੋਈ ਹਰਕਤ ਕਿਉਂ ਨਹੀਂ ਕੀਤੀ? ਦਬਾਅ ਜਾਂ ਵਿਰੋਧ ਦੇ ਘੇਰੇ 'ਚ ਉਹੀ ਆਉਂਦੇ ਹਨ, ਜੋ ਆਰਥਿਕ ਤੇ ਸਮਾਜਿਕ ਪੱਖੋ ਕਮਜੋਰ ਹਨ। ਸ਼ਕਤੀਸ਼ਾਲੀ ਅਜਿਹੇ ਦਬਾਅ ਦਾ ਮੂੰਹ ਤੋੜਵਾਂ ਜੁਆਬ ਦੇਣਗੇ ਤਾਂ ਸੁਆਰਥੀ ਵਿਅਕਤੀਤਵ ਦੀ ਝੂਠੀ ਇੱਜ਼ਤ ਕਿੱਥੇ ਰਹਿ ਜਾਵੇਗੀ? ਖੁਦ ਹੀ ਉਹ ਆਨਰ ਕਿਲਿੰਗ ਦਾ ਸ਼ਿਕਾਰ ਨਹੀਂ ਹੋਣਗੇ? ਸਾਡਾ ਦੇਸ਼ ਅੱਜ ਸਭ ਤੋਂ ਵੱਧ ਨੌਜਵਾਨਾਂ ਵਾਲਾ ਦੇਸ਼ ਹੈ। ਜੇ ਨੌਜਵਾਨਾਂ ਨੂੰ ਇਉਂ ਹੀ ਖ਼ਤਮ ਕੀਤਾ ਜਾਣ ਲੱਗਿਆ ਤਾਂ ਇਥੇ ਸਿਰਫ਼ ਤਾਨਾਸ਼ਾਹ ਹੀ ਰਹਿ ਜਾਣਗੇ। ਜੇ ਨੌਜਵਾਨਾ ਨੂੰ ਬਚਾਉਣਾ ਹੈ ਤਾਂ ਕੋਈ ਨਾ ਕੋਈ ਰਣਨੀਤੀ ਇਹਨਾਂ ਤਾਨਸ਼ਾਹਾਂ ਖਿਲਾਫ਼ ਜ਼ਰੂਰ ਬਣਨੀ ਚਾਹੀਦੀ ਹੈ।

# ਮਿੰਨੀ ਕਹਾਣੀ
# ਬੇਕਾਰ ਆਦਮੀ

ਕਿੰਨੀ ਦੇਰ ਤੋਂ ਸਿਰ ਜੋੜ ਕੇ ਬੈਠੇ ਉਹ ਹਿਸਾਬ ਕਿਤਾਬ ਲਾ ਰਹੇ ਸਨ। ਬਈ ਕਿਵੇਂ ਪ੍ਰੀਖਿਆ ਅਮਲੇ ਦੇ 'ਚਾਹ ਪਾਣੀ' ਦਾ ਇੰਤਜਾਮ ਕਰਕੇ ਆਪਣੇ ਬੱਚਿਆਂ ਨੂੰ ਨਕਲ ਕਰਵਾਈ ਜਾਵੇ ਤੇ ਨਤੀਜੇ 'ਸੁਧਾਰ' ਕੇ ਉਹਨਾਂ ਦੇ ਭਵਿੱਖ ਨੂੰ 'ਧੁੰਦਲਾ' ਹੋਣੋ ਬਚਾਇਆ ਜਾਵੇ। "ਐਤਕੀਂ ਵਾਲੇ ਸੁਪਰਡੈਂਟ ਪਰਿੰਦਾ ਸਾਹਿਬ ਤਾਂ ਬੇਹੱਦ ਸ਼ਰੀਫ ਹਨ। ਸਪਸ਼ਟ ਤੇ ਪਰਉਪਕਾਰੀ ਬੰਦੇ ਹਨ। ਕਿਸੇ ਦਾ ਹੱਕ ਨਹੀਂ ਮਾਰਦੇ ਰੇਟ ਵੀ ਬੜੇ ਵਾਜਬ ਰੱਖੇ ਹੋਏ ਹਨ। ਨਾਲ ਕੰਮ ਦੀ ਗਰੰਟੀ ਦਿੰਦੇ ਹਨ।" ਇਕੱਠ 'ਚੋਂ ਇੱਕ 'ਸਿਆਣੇ' ਨੇ ਢੰਗ ਨਾਲ ਆਪਣੀ ਦਲੀਲ ਰੱਖੀ "ਇਹ ਤਾਂ ਮੰਨਿਆ ਪਰ ਆਪਾਂ ਇਕ ਦਰਜਨ ਬੱਚਿਆਂ ਦੇ 'ਭਵਿੱਖ ਦਾ ਸੌਦਾ' ਕਰਨਾ ਹੈ। ਰਿਆਇਤ ਵੀ ਕਰੇ ਤੇ ਪੱਲੇ ਸਾਡੇ ਵੀ ਕੁਝ ਪਵੇ ਤਾਂ ਹੀ ਕੋਈ ਫਾਇਦੈ ਰਿਸਕ ਲੈਣ ਦਾ" ਉਹਨਾਂ 'ਚੋਂ ਇਕ ਪੁਰਾਣੇ ਕਲਾਕਾਰ ਨੇ ਆਪਣੇ ਤਜਰਬੇ 'ਚੋਂ ਗੱਲ ਕਹੀਂ। "ਯਾਰ ਉਸ ਦੀ ਤਾਂ ਪਹੁੰਚ ਵੀ ਉਪਰ ਤਕ ਹੈ। ਐਵੇ ਤਾਂ ਕਮਾਈ ਵਾਲਾ ਸੈਂਟਰ ਦਾ ਇਹ ਸੁਪਰਡੈਂਟ ਬਣਿਐ। ਸੇਵਾ ਪਾਣੀ ਤਾਂ ਉਹ ਵੀ ਉਪਰਲਿਆਂ ਦੀ ਚੰਗੀ ਕਰਕੇ ਆਡਰ ਲੈ ਕੇ ਆਉਂਦੈ, ਕੰਮ ਤਾਂ ਬੜਾ ਰਿਸਕ ਵਾਲਾ, ਨਿਰਾ ਜੂਆ ਹੈ। ਜੂਆ, ਜੇ ਗੁੱਲੀ ਦਨ ਪੈ ਜਾਵੇ ਤਾਂ ਲੱਖਾਂ ਦੇ ਵਾਰੇ ਨਿਆਰੇ ਹੋ ਜਾਂਦੇ ਹਨ। ਨਹੀਂ ਤਾਂ ਜੇ ਗਿਣਤੀਆਂ ਮਿਣਤੀਆਂ ਪੁਠੀਆਂ ਪੈ ਜਾਣ ਤਾਂ ਲਾਗਤ ਵੀ ਨਹੀਂ ਮੁੜਦੀ"। ਇਕ ਹੋਰ ਬੰਦੇ ਨੇ ਆਪਣੀ ਰਾਏ ਰੱਖੀ, "ਚੱਲੋ ਛੇਤੀ ਮੁਕਾਓ ਕਹਾਣੀ ਤੇ ਪਾਓ ਹਿੱਸਾਪਤੀ ਜਿੰਨਾ ਆਉਂਦੈ, ਉਤੋਂ ਕੁਵੇਲਾ ਹੋਈ ਜਾਂਦੈ।" ਸਾਰੀ ਬਹਿਸ ਨੂੰ ਸਮੇਟਣ ਦੇ ਇਰਾਦੇ ਨਾਲ ਇਕ ਸੀਨੀਅਰ ਬੰਦੇ ਨੇ ਸਿਰੇ ਦੀ ਗੱਲ ਕੀਤੀ। "ਇਹ ਤਾਂ ਬਣੀ ਹੋਣਹਾਰ ਤੇ ਹੁਸ਼ਿਆਰ ਵਿਦਿਆਰਥੀਆਂ ਨਾਲ ਸਰਾਸਰ ਧੱਕਾ ਹੈ। ਪੁਜੀਸ਼ਨਾ ਤਾਂ ਉਹਨਾਂ ਦੀਆਂ ਹੀ ਮੋਹਰੀ ਆਉਣੀਆਂ ਚਾਹੀਦੀਆਂ ਹਨ, ਜਿਨਾਂ ਸਾਰਾ ਸਾਲ ਸਖ਼ਤ ਮਿਹਨਤ ਕੀਤੀ ਹੋਵੇ। ਨਲਾਇਕਾਂ ਨੂੰ ਨਕਲ ਕਰਵਾਕੇ ਮੂਹਰੇ ਲਿਆਉਣਾ ਜਾਇਜ਼ ਨਹੀਂ। ਸਾਡੇ ਦੇਸ਼ ਦਾ ਭਵਿੱਖ ਹੀ ਬੱਚੇ ਹਨ। ਉਹਨਾਂ ਨੂੰ ਨਕਲ ਦੇ ਕੋਹੜ ਤੋਂ ਬਚਾ ਕੇ ਰੱਖਣਾ ਚਾਹੀਦੈ। ਇਹ ਸਾਡਾ ਅਧਿਆਪਕਾਂ ਦਾ ਫਰਜ਼ ਹੈ।" ਇਕੱਠ ਦੇ ਬਹੁਗਿਣਤੀ ਤੇ ਸਰਗਰਮ ਬੰਦਿਆਂ ਨਾਲ ਅਸਹਿਮਤੀ ਜਾਹਰ ਕਰਦਿਆਂ ਉਸ ਤੋਂ ਬੋਲਣੋ ਰਿਹਾ ਨਾ ਗਿਆ। ਜਿਹੜਾ ਉਹਨਾਂ ਦੀ ਸਾਰੀ ਵਿਉਂਤ ਕਾਫੀ ਚਿਰ ਤੋਂ ਚੁੱਪ ਬੈਠਾ ਸੁਣੀ ਜਾਂਦਾ ਸੀ। "ਬੜਾ ਯਾਰ ਬੇਕਾਰ ਆਦਮੀ ਹੈ ਇਹ ਜਦੋਂ ਗੱਲ ਬਨਣ ਤੇ ਆਈ ਤਾਂ ਟੰਗ ਅੜਾ ਦਿੱਤੀ। ਬਣੀ ਬਣਾਈ ਖੀਰ ਡੋਹਲਤੀ। ਕਿੰਨੇ ਵਾਰੀ ਕਿਹਾ ਹੈ ਕਿ "ਬਈ ਇਕੱਠੇ ਬੈਠਣ ਤੋਂ ਪਹਿਲਾਂ ਦੇਖ ਲਿਆ ਕਰੋ ਕਿ ਕੋਈ ਬੇਕਾਰ ਆਦਮੀ ਵਿੱਚ ਨਾ ਆ ਕੇ ਬੈਠੇ। ਕੀ ਫਾਇਦਾ ਹੋਇਆ ਏਨੀ ਮਗਜ਼ ਖਪਾਈ ਕਰਨ ਦਾ।" ਬਹੁਗਿਣਤੀ ਬੰਦੇ ਇਹੋ ਬੁੜ ਬੁੜ ਕਰ ਰਹੇ ਸਨ।

# ਪਿਛੜੇ ਵਰਗਾਂ ਨੂੰ ਵਰਤੋ ਅਤੇ ਸੁਟ ਦਿਉਂ ਕੀ ਇਹੋ ਹੈ ਬ੍ਰਾਹਮਣੀ ਪਾਰਟੀਆਂ ਦੀ ਨੀਤੀ?

ਇਸ ਵਿਸ਼ੇ ’ਤੇ ਸਮਝ ਬਣਾਉਣ ਲਈ ਸਾਨੂੰ ਪਿਛੋਕੜ ’ਚ ਜਾਣਾ ਪਵੇਗਾ। 1981 ’ਚ ਮੰਡਲ ਕਮਿਸ਼ਨ ਦੀ ਰੀਪੋਟ ਪਾਰਲੀਮੈਂਟ ’ਚ ਇੰਦਰਾ ਗਾਂਧੀ ਦੇ ਸਾਹਮਣੇ ਪੇਸ਼ ਕੀਤੀ ਗਈ। 1981 ਪਿਛੋਂ ਸਾਡੇ ਦੇਸ਼ ਵਿੱਚ ਕਿੰਨੀਆਂ ਭਿਅੰਕਰ ਘਟਨਾਵਾਂ ਘਟੀਆ। 1981 ਪਿਛੋਂ ਅਪ੍ਰੇਸ਼ਨ ਬਲਿਊ ਸਟਾਰ ਹੋਇਆ। ਹਰਮੰਦਰ ਸਾਹਿਬ ’ਚ ਫ਼ੌਜੀ ਐਕਸ਼ਨ ਹੋਇਆ। ਭਾਰਤ ਦੇ ਅਧੁਨਿਕ ਇਤਿਹਾਸ ’ਚ ਇਹ ਬਹੁਤ ਹੀ ਗੰਭੀਰ ਘਟਨਾ ਹੈ। ਇਹ 1981 ਤੋਂ ਪਿਛੋਂ 1984 ’ਚ ਹੋਇਆ। ਇਸ ਕਾਰਨ ਇੰਦਰਾ ਗਾਂਧੀ ਦੀ ਹੱਤਿਆ ਹੋਈ। ਇਹ ਘਟਨਾ ਵੀ ਭਾਰਤ ਦੇ ਇਤਿਹਾਸ ’ਚ ਬਹੁਤ ਵੱਡੀ ਘਟਨਾ ਹੈ। ਮੰਡਲ ਕਮਿਸ਼ਨ ਦੀ ਰੀਪੋਟ ਸਿਰਫ ਪੇਸ਼ ਕੀਤੀ ਗਈ ਉਸ ਪਿਛੋਂ ਸਾਡੇ ਦੇਸ਼ ’ਚ ਕੀ-ਕੀ ਘਟਨਾ ਹੋਈ। ਇਸ ਨੂੰ ਜਾਨਣਾ ਤੇ ਸਮਝਣਾ ਹੋਵੇਗਾ। ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਚੋਣ ਹੋਈ ਉਸ ’ਚ ਭਾਰਤੀ ਜਨਤਾ ਪਾਰਟੀ ਦੇ ਦੋ ਐਮ ਪੀ ਚੁਣ ਕੇ ਆਏ। ਇਹ ਵੀ ਇਤਿਹਾਸਕ ਘਟਨਾ ਹੈ। ਇਸ ਪ੍ਰਸੰਗ ’ਚ ਅੱਜ ਭਾਜਪਾ ਦੇ 181 ਮੈਂਬਰ ਪਾਰਲੀਮੈਂਟ ਹਨ। 1984 ਪਿਛੋਂ ਭਾਜਪਾ ਦਾ ਅੰਕੜਾ ਵਧਦਾ ਹੀ ਗਿਆ। ਇਹ ਉਹ ਪੀਰੀਅਡ ਜਦ ਪਿਛੜੀਆਂ ਸ਼੍ਰੇਣੀਆਂ ਦੇ ਨੇਤਾਵਾਂ ਨੇ ਧਰਮ ਨਿਰਪੱਖਤਾ ਦਾ ਨਾਹਰਾ ਬੜੇ ਜ਼ੋਰ ਨਾਲ ਉਛਾਲਿਆ। ਮੁਸਲਮਾਨਾ ਨੂੰ ਧਿਆਨ ’ਚ ਰੱਖ ਕੇ ਧਰਮ ਨਿਰਪੱਖਤਾ ਦਾ ਨਾਹਰਾ ਉਛਾਲਿਆ ਤਾਂ ਮੁਸਲਮਾਨਾ ਦੀ ਨੁਮਾਇੰਦਗੀ ਸੰਸਦ ’ਚ ਵਧਣੀ ਚਾਹੀਦੀ ਸੀ ਪਰ ਅਜਿਹਾ ਹੋਣ ਦੀ ਬਜਾਏ ਘਟ ਗਿਆ। ਇਹ ਵੀ ਇਕ ਸੋਚਣ ਵਾਲੀ ਗੱਲ ਹੈ। ਮੁਸਲਮਾਨਾ ਦੀ ਨੁਮਇੰਦਗੀ ਸੰਸਦ ’ਚ 41 ਤੋਂ ਹੇਠਾਂ 18 ਤਕ ਆ ਗਈ। ਇਹ ਵੀ ਇਕ ਇਤਿਹਾਸਕ ਘਟਨਾ ਹੈ। ਉਸ ਪਿੱਛੋਂ ਇਹੀ ਉਹ ਸਮਾਂ ਹੈ ਜਿਸ ’ਚ ਸੰਸਦ ਦੀ ਸਹਿਮਤੀ ਬਗੈਰ ਉਦਾਰੀਕਰਨ, ਨਿਜੀਕਰਣ ਤੇ ਵਿਸ਼ਵੀਕਰਨ ਦੀ ਨੀਤੀ ਨੂੰ ਮੰਜੂਰ ਕਰ ਲਿਆ ਗਿਆ। ਸਿਰਫ਼ ਇੱਕ ਮੰਡਲ ਦੀ ਰੀਪੋਟ ਪੇਸ਼ ਹੋਣ ਪਿੱਛੋਂ ਕਿਹੋ ਜਿਹੀਆਂ ਘਟਨਾਵਾਂ ਘਟੀਆਂ। ਇਹ ਵਿਚਾਰਦੇ ਹਾਂ ਇਸ ਦਾ ਮੰਡਲ ਨਾਲ ਕੋਈ ਸਬੰਧ ਨਹੀਂ ਹੈ। ਅਜਿਹਾ ਮੰਨਣ ਵਾਲੇ ਲੋਕ ਬੇਵਕੂਫ ਹਨ। ਮੰਡਲ ਦਾ ਸਬੰਧ ਪਿਛੜੇ ਵਰਗਾਂ ਦੇ ਲੋਕਾਂ ਦੇ ਨਾਲ ਜੁੜਿਆ ਹੋਇਆ ਹੈ। ਐਸ ਸੀ/ਐਸ ਪੀ ਦੇ ਨਾਲ ਨਹੀਂ। ਪਿਛਲੇ ਵਰਗ ਦੇ ਲੋਕਾਂ ਦੇ ਨਾਲ ਜੁੜਿਆ ਹੋਇਆ ਮਾਮਲਾ ਹੈ। ਜੋ ਪਿਛੜਾ ਵਰਗ ਹੈ ਉਹ ਵਰਣ ਵਿਵਸਥਾ ’ਚ ਚੌਥੇ ਵਰਣ ਦਾ ਅਰਥ ਸ਼ੂਦਰ ਹੈ। ਅਨਸੂਚਿਤ ਜਾਤੀ-ਜਨਜਾਤੀ ਦਾ ਜੋ ਵਰਗ ਹੈ ਉਹ ਵਰਣ ਵਿਵਸਥਾ ਤੋਂ ਬਾਹਰ ਹੈ। ਇਸ ਸਮੇਂ ਦੀ ਸਭ ਤੋਂ ਵੱਡੀ ਘਟਨਾ ਲੋਕਾਂ ਦੇ ਮਨ ਦਿਮਾਗ ’ਤੇ ਪ੍ਰਭਾਵ-ਦੁਰਪ੍ਰਭਾਵ ਪਾਉਣ ਵਾਲੀ ਹੈ। ਬਾਬਰੀ ਮਸਜਿਦ ਦਾ ਢਹਿ ਢੇਰੀ ਹੋਣਾ ਇਸ ਘਟਨਾ ਦੇ ਨਾਲ ਕਲਿਆਣ ਸਿੰਘ ਦਾ ਬਹੁਤ ਡੂੰਘਾ ਸਬੰਧ ਹੈ। ਕਲਿਆਣ ਸਿੰਘ ਉਤਰ ਪ੍ਰਦੇਸ਼ ’ਚ ਪਿਛੜੇ ਵਰਗ ਦਾ ਨੇਤਾ ਸੀ। ਕਲਿਆਣ ਸਿੰਘ ਦੀ ਜਾਤੀ ਲੋਧ ਹੈ। ਜਿਹਨਾਂ ਦੀ 2.5 ਤੋਂ 3 ਫੀਸਦੀ ਤੱਕ ਅਬਾਦੀ ਹੈ। ਸਾਡੇ ਦੇਸ਼ ’ਚ ਪਿਛੜੇ ਵਰਗ ਦੀ ਅਬਾਦੀ 52% ਹੈ। ਜਿਹਨਾਂ ਦੀ ਸੰਖਿਆ 2.5 ਹੈ। ਉਸ ਦਾ ਬੰਦ ਮੁਖ ਮੰਤਰੀ ਬਣ ਜਾਣਾ ਇਹ ਵੀ ਇਕ ਇਤਿਹਾਸਕ ਘਟਨਾ ਹੈ। ਇਹ ਹੋਇਆ ਤਾਂ ਕਿਵੇਂ ਹੋਇਆ। ਵਰਤੋ ਤੇ ਸੁੱਟ ਦਿਉ।

ਬਾਬਰੀ ਮਸਜਿਦ ਢਾਹੁਣ ਲਈ ਕਲਿਆਣ ਸਿੰਘ ਨੂੰ ਵਰਤਿਆ ਗਿਆ : – ਭਾਰਤੀ ਜਨਤਾ ਪਾਰਟੀ ਦਾ ਜੋ ਉਭਾਰ ਹੈ ਉਸ 'ਚ ਬਾਬਰੀ ਮਸਜਿਦ ਦਾ ਡਿਗਣਾ ਇਕ ਕਾਰਨ ਹੈ। ਇਸ ਉਭਾਰ 'ਚ ਕਲਿਆਣ ਸਿੰਘ ਦੀ ਬਹੁਤ ਭੂਮਿਕਾ ਹੈ। ਜਿਸ ਉਭਾਰ 'ਤੇ ਸਵਾਰ ਹੋ ਕੇ ਅਟਲ ਬਿਹਾਰੀ ਵਾਜਪਾਈ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਬਾਬਰੀ ਮਸਜਿਦ ਦੇ ਡੇਗਣ 'ਚ ਭਾਜਪਾ ਦੇ ਲੋਕ ਘੱਟ ਜ਼ਿੰਮੇਵਾਰ ਸਨ। ਕਾਂਗਰਸ ਦੇ ਨਰਸਿੰਮਾ ਰਾਓ ਵੱਧ ਜ਼ਿੰਮੇਵਾਰ ਸੀ। ਨਰਸਿੰਮਾ ਰਾਓ ਅਟਲ ਬਿਹਾਰੀ ਵਾਜਪਾਈ ਨੂੰ ਆਪਣਾ ਗੁਰੂ ਕਹਿੰਦੇ ਸਨ। ਚੰਦਰ ਸ਼ੇਖਰ ਵੀ ਵਾਜਪਾਈ ਨੂੰ ਗੁਰੂ ਕਹਿੰਦੇ ਸਨ। ਹੁਣ ਇਹ ਉਹਲਾਂ ਲੋਕਾਂ ਨੇ ਕਦੀ ਨਹੀਂ ਦੱਸਿਆ ਕਿ ਦੋਨੋ ਅਟਲ ਬਿਹਾਰੀ ਨੂੰ ਗੁਰੂ ਕਿਉਂ ਮੰਨਦੇ ਸਨ ਜਦ ਕਿ ਭਾਰਤ ਦੀ ਰਾਜਨੀਤੀ 'ਚ ਲੋਕ ਬਹੁਤ ਕੂਟਨੀਤੀ ਦਾ ਨੇਤਾ ਮੰਨਦੇ ਹਨ। ਲੋਕਾਂ ਨੇ ਨਰਸਿੰਮਾ ਰਾਓ ਨੂੰ ਚਾਣਕਿਆਂ ਦੀ ਉਪਾਧੀ ਦਿੱਤੀ ਸੀ। ਅਟਲ ਬਿਹਾਰੀ ਵਾਜਪਾਈ ਉਹਨਾਂ ਤੋਂ ਵੀ ਵੱਡੇ ਕੂਟਨੀਤਕ ਹਨ। ਕਲਿਆਣ ਸਿੰਘ ਨੇ ਜੋ ਉਭਾਰ ਪੈਦਾ ਕੀਤਾ ਉਸ 'ਤੇ ਅਟਲ ਬਿਹਾਰੀ ਸਵਾਰ ਹੋ ਗਏ। ਨਰਸਿੰਮਾ ਰਾਓ ਉਸ ਵਕਤ ਪ੍ਰਧਾਨ ਮੰਤਰੀ ਸਨ ਤਾਂ ਕਲਿਆਣ ਸਿੰਘ ਉਸ ਵਕਤ ਮੁਖ ਮੰਤਰੀ ਸਨ। ਅਟਲ ਬਿਹਾਰੀ ਨੇ ਆਪਣੇ ਆਪ ਨੂੰ ਉਸ ਅੰਦੋਲਨ ਤੋਂ ਵੱਖ ਕਿਉਂ ਰੱਖਿਆ। ਨਰਸਿੰਮਾ ਰਾਓ ਨੇ ਉਸ ਨੂੰ ਜ਼ਰੂਰ ਸੂਚਨਾ ਦਿੱਤੀ ਹੋਵੇਗੀ ਕਿ ਆਪ ਇਸ ਤੋਂ ਵੱਖ ਰਹੋ। ਜਦ ਨਰਸਿੰਮਾ ਰਾਓ ਨੇ ਦੇਖਿਆ ਕਿ ਮੈਂ ਆਖਰੀ ਬ੍ਰਾਹਮਣ ਪ੍ਰਧਾਨ ਰਹਿਣ ਵਾਲਾ ਹਾਂ। ਮੇਰੇ ਪਿੱਛੋਂ ਕੋਈ ਬ੍ਰਾਹਮਣ ਪ੍ਰਧਾਨ ਮੰਤਰੀ ਰਹਿਣ ਵਾਲਾ ਨਹੀਂ ਹੈ। ਸਈਅਦ ਨਕਵੀ ਨਾਂ ਦੇ ਇਕ ਪਤ੍ਰਕਾਰ ਨੇ ਦਾ ਲਾਸਟ ਬ੍ਰਾਹਮਣ ਪ੍ਰਧਾਨ ਮੰਤਰੀ ਨਾਂ ਦੀ ਕਿਤਾਬ ਵੀ ਲਿਖੀ ਹੈ। ਨਰਸਿੰਮਾ ਰਾਓ ਨੇ ਕਾਂਗਰਸ ਦੇ ਹੁੰਦੇ ਹੋਏ ਵੀ ਅਟਲ ਬਿਹਾਰੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਯੋਜਨਾ ਬਣਾਈ। ਬਾਬਰੀ ਮਸਜਿਦ ਤੋਂ ਅਟਲ ਬਿਹਾਰੀ ਵਾਜਪਾਈ ਨੂੰ ਵੱਖ ਰੱਖਿਆ ਅਤੇ ਹਵਾਲਾ ਕਾਂਡ 'ਚ ਅਡਵਾਨੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਅਡਵਾਨੀ ਤੇ ਦੋਸ਼ ਸੂਚੀ ਜਾਰੀ ਕਰਨ ਨਾਲ ਦਾ ਸਿੱਟਾ ਇਹ ਹੋਇਆ ਕਿ ਅਡਵਾਨੀ ਤਾਂ ਚੋਣ ਲੜਨ ਲਈ ਵੀ ਤਿਆਰ ਨਹੀਂ ਹੋਏ। ਪ੍ਰਧਾਨ ਮੰਤਰੀ ਬਣਨ ਦੇ ਦਾਅਵੇਦਾਰ ਹੋਣ ਦਾ ਮਾਮਲਾ ਤਾਂ ਦੂਰ ਹੈ। ਅਡਵਾਨੀ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਸਨ ਪਰ ਨਰਸਿੰਮਾ ਰਾਓ ਨੇ ਪੱਤਾ ਅਜਿਹਾ ਕਟਿਆ ਕਿ ਅਡਵਾਨੀ ਦਾ ਪੀ. ਐਮ. ਬਣਨ ਦਾ ਕੇਸ ਹੀ ਕੱਟ ਦਿੱਤਾ। ਅਡਵਾਨੀ ਦਾ ਪਤਾ ਨਰਸਿੰਮਾ ਰਾਓ ਨੇ ਅਟਲ ਬਿਹਾਰੀ ਦਾ ਮਾਮਲਾ ਖੜ੍ਹਾ ਕਰਨ ਲਈ ਕਟਿਆ। ਇਸ ਵਿਸਲੇਸ਼ਣ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਨਰਸਿੰਮਾ ਰਾਓ ਨੇ ਨਿਸ਼ਚੈ ਹੀ ਅਟਲ ਬਿਹਾਰੀ ਨੂੰ ਸੂਚਨਾ ਦਿੱਤੀ ਹੋਵੇਗੀ। ਬ੍ਰਾਹਮਣਵਾਦੀ ਲੋਕਾਂ ਨੇ ਬਾਬਰੀ ਮਸਜਿਦ ਢਾਹੁਣ ਦੀ ਯੋਜਨਾ ਬਣਾਈ। ਬ੍ਰਾਹਮਣ ਵੱਖਰੇ ਵੱਖਰੇ ਨਹੀਂ ਹੁੰਦੇ। ਸਾਰੀ ਤਰ੍ਹਾਂ ਦੇ ਬ੍ਰਾਹਮਣਾ ਨੇ ਮਿਲ ਕੇ ਬਾਬਰੀ ਮਸਜਿਦ ਢਾਹੁਣ ਦੀ ਸਾਜਿਸ਼ ਰਚੀ। ਸਾਜ਼ਿਸ਼ ਦੀ ਜਦ ਸਕੀਮ ਬਣੀ ਤਾਂ ਉਸ ਵਕਤ ਉਸ ਨੂੰ ਕਿਵੇਂ ਢਾਹਿਆ ਜਾਵੇ। ਉਸ ਦੀ ਵੀ ਯੋਜਨਾ ਬਣੀ। ਇਸ ਨੂੰ ਇਸ ਯੋਜਨਾ ਤਹਿਤ ਢਾਹੁਣ ਲਈ ਕਲਿਆਣ ਸਿੰਘ ਨੂੰ ਸਾਹਮਣੇ ਰੱਖਿਆ ਗਿਆ ਅਤੇ ਉਸ ਵਾਸਤੇ ਮੁਖ ਮੰਤਰੀ ਦਾ ਅਹੁਦਾ ਕਲਿਆਣ ਸਿੰਘ ਨੂੰ ਮੁਖ ਮੰਤਰੀ ਬਣਾਇਆ ਗਿਆ। ਵਰਨਾ 2.5% ਤੋਂ 3% ਅਬਾਦੀ ਵਾਲਾ ਪਿਛੜਾ ਵਰਗ ਦਾ ਆਦਮੀ ਮੁਖ ਮੰਤਰੀ ਨਹੀਂ ਬਣ ਸਕਦਾ। ਕੋਈ ਵੀ ਬ੍ਰਾਹਮਣ ਬਾਬਰੀ

ਮਸਜਿਦ ਢਾਹੁਣ ਦੀ ਸਿੱਧੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈਣਾ ਚਾਹੁੰਦਾ ਸੀ। ਇਹ ਅਸਲੀ ਕਾਰਨ ਹੈ ਕਲਿਆਣ ਸਿੰਘ ਨੇ ਅਜਿਹਾ ਕੋਈ ਕੰਮ ਨਹੀਂ ਕੀਤਾ ਜਿਸ 'ਚ ਬਾਬਰੀ ਮਸਜਿਦ ਨੂੰ ਬਚਾਇਆ ਜਾ ਸਕੇ। ਜਦ ਫੈਜਾਬਾਦ 'ਚ ਡੀ ਐਮ ਨੇ ਕਈ ਵਾਰੀ ਕਲਿਆਣ ਸਿੰਘ ਨੂੰ ਇਹ ਗੱਲ ਦੱਸੀ ਕਿ ਗੋਲੀ ਮਾਰਨ ਦਾ ਹੁਕਮ ਦਿੱਤੇ ਬਗੈਰ ਬਾਬਰੀ ਮਸਜਿਦ ਦੀ ਰਾਖੀ ਨਹੀਂ ਕੀਤੀ ਜਾ ਸਕਦੀ ਤਾਂ ਕਲਿਆਣ ਸਿੰਘ ਨੇ ਇਹ ਕਿਹਾ ਕਿ ਕਿਸੇ ਵੀ ਹਾਲਤ 'ਚ ਗੋਲੀ ਮਾਰਨ ਦਾ ਹੁਕਮ ਨਹੀਂ ਦਿਆਂਗਾ। ਹੁਣ ਜੋ ਕਿਤਾਬ ਕਲਿਆਣ ਸਿੰਘ ਬਾਰੇ ਆਈ ਹੈ। ਉਸ 'ਜ ਇਹ ਸਭ ਲਿਖਿਆ ਗਿਆ ਹੈ। ਹੁਣ ਸੋਚਣ ਤੇ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਬ੍ਰਾਹਮਣਵਾਦੀ ਲੋਕਾਂ ਨੇ ਜੋ ਬਾਬਰੀ ਮਸਜਿਦ ਢਾਹੁਣ ਦੀ ਸਾਜਿਸ਼ਕਾਰੀ ਯੋਜਨਾ ਬਣਾਈ ਉਸ ਨੂੰ ਅੰਜਾਮ ਦੇਣ ਲਈ ਕਲਿਆਣ ਸਿੰਘ ਦੀ ਵਰਤੋਂ ਕੀਤੀ ਗਈ। ਕੀ ਕਲਿਆਣ ਸਿੰਘ ਨੂੰ ਇਸ ਦੀ ਜਾਣਕਾਰੀ ਸੀ? ਇਹ ਅਸਲੀ ਸੁਆਲ ਹੈ। ਕਲਿਆਣ ਸਿੰਘ ਨੇ ਇਹ ਕੰਮ ਅਣਜਾਣੇ 'ਚ ਨਹੀਂ ਕੀਤਾ। ਜਾਣਕਾਰੀ ਹੁੰਦੇ ਹੋਏ ਵੀ ਕਲਿਆਣ ਸਿੰਘ ਨੂੰ ਇਹ ਕੰਮ ਮੰਜੂਰ ਸੀ ਤਾਂ ਸੁਆਲ ਇਹ ਹੈ ਕਿ ਕਲਿਆਣ ਸਿੰਘ ਨੇ ਇਸ ਕੰਮ ਨੂੰ ਮੰਜੂਰ ਕੀਤਾ ਵੀ ਤਾਂ ਕਿਉਂ ਕੀਤਾ? ਕਲਿਆਣ ਸਿੰਘ ਨੇ ਇਸ ਗੱਲ ਨੂੰ ਜਾਣ ਦੇ ਹੋਏ ਕਿ 2.5% ਜਾਂ 3% ਅਬਾਦੀ ਰੱਖਣ ਵਾਲਾ ਬੰਦਾ ਉਤਰ ਪ੍ਰਦੇਸ਼ ਵਰਗੇ ਸੂਬੇ ਦਾ ਮੁਖ ਮੰਤਰੀ ਕਦੀ ਨਹੀਂ ਬਣ ਸਕਦਾ ਤਾਂ ਮੁਖ ਮੰਤਰੀ ਬਣਨ ਲਈ ਬਾਬਰੀ ਮਸਜਿਦ ਢਹਿ ਢੇਰੀ ਕੀਤੀ। ਜੋ ਯੋਜਨਾ ਹੈ ਉਸ 'ਚ ਸਹਿਮਤੀ ਦੇਣੀ ਪਵੇਗੀ। ਤਦ ਹੀ ਉਚੀ ਜਾਤ ਦੇ ਲੋਕ ਕਲਿਆਣ ਸਿੰਘ ਨੂੰ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਵਜੋਂ ਮਾਨਤਾ ਦੇ ਸਕਦੇ ਹਨ। ਇਹ ਇਕ ਮਿਸ਼ਾਲ ਹੈ ਕਿ ਕਿਵੇਂ ਉਸ ਜਾਤੀਆਂ ਵਾਲੇ ਪਿਛੜਿਆਂ ਦੀ ਵਰਤੋਂ ਕਰਦੇ ਹਨ। ਪਿਛੜੇ ਵਰਗ ਆਪਣੇ ਬਲਬੂਤੇ 'ਤੇ ਰਾਜਨੀਤੀ ਕਰਨ ਦੇ ਸਮਰਥ ਨਹੀਂ ਹੈ। ਬਹੁਜਨ ਸਮਾਜ ਦੇ ਲੋਕਾਂ ਦੀ ਇਹ ਭਾਰੀ ਸਮੱਸਿਆ ਹੈ। ਇਸ ਦੇ ਬਾਵਜੂਦ ਵੀ ਪਿਛੜੇ ਵਰਗ ਦਾ ਜੋ ਰਾਜਸੀ ਉਭਾਰ ਹੈ। ਰਾਜਨੀਤੀ 'ਚ ਪ੍ਰਭਾਵ ਹੈ ਇਹ ਜੋ ਦਿਖਾਈ ਦੇ ਰਿਹਾ ਹੈ। ਉਹ ਲਾਜਮੀ ਸੋਚਣ ਵਾਲਾ ਤੇ ਚਿੰਤਾ ਦਾ ਵਿਸ਼ਾ ਹੈ। ਗੈਰ ਰਾਜਸੀ ਜੜਾਂ ਦੀ ਘਾਟ ਹੋਣ ਦੇ ਬਾਵਜੂਦ ਵੀ ਜੋ ਉਭਾਰ ਹੈ। ਉਹ ਸੋਚਣਯੋਗ ਹੈ। ਨਿਸ਼ਚੈ ਹੀ ਉਚੀ ਜਾਤੀ ਦੇ ਲੋਕਾਂ ਦੇ ਨਾਲ ਅਤੇ ਸਰਕਾਰ 'ਚ ਇਹ ਮਾਮਲਾ ਅੱਗੇ ਵੱਧ ਰਿਹਾ ਹੈ ਚਾਹੇ ਉਤਰ ਪ੍ਰਦੇਸ਼ ਹੋਵੇ ਜਾਂ ਬਿਹਾਰ। ਬਿਹਾਰ 'ਚ ਸਮਾਜਵਾਦੀ ਬ੍ਰਾਹਮਣਾ ਦੀ ਹਮਾਇਤ ਨਾਲ ਕਰਪੂਰੀ ਠਾਕਰ ਦਾ ਕੇਸ ਅੱਗੇ ਵਧਿਆ। ਉਤਰ ਪ੍ਰਦੇਸ਼ 'ਚ ਮੁਲਾਇਮ ਸਿੰਘ ਦਾ ਕੇਸ ਅੰਦਰ ਚੰਦਰ ਸ਼ੇਖਰ ਤੇ ਹੋਰ ਸਮਾਜਵਾਦੀ ਬ੍ਰਾਹਮਣਾ ਦੇ ਨਾਲ ਅਤੇ ਸਹਿਯੋਗ ਨਾਲ ਅੱਗੇ ਵਧਿਆ। ਬਿਹਾਰ 'ਚ ਲਾਲੂ ਪ੍ਰਸ਼ਾਦ ਦਾ ਮਾਮਲਾ ਵੀ ਸਮਾਜਵਾਦੀ ਬ੍ਰਾਹਮਣਾ ਦੇ ਨਾਲ ਹੱਥ ਮਿਲਾਉਂਦਿਆ ਅੱਗੇ ਵਧਿਆ।

ਕਲਿਆਣ ਸਿੰਘ ਨੇ ਜਾਣ ਬੁਝ ਕੇ ਬ੍ਰਾਹਮਣਵਾਦੀਆਂ ਦੀ ਨੀਤੀ ਨਾਲ ਸਹਿਮਤੀ ਦਿੱਤੀ। ਬ੍ਰਾਹਮਣਵਾਦੀ ਸ਼ਕਤੀਆਂ ਨਾਲ ਜਾਣ ਬੁਝ ਕੇ ਸਹਿਮਤੀ ਦੇਣ ਪਿੱਛੋਂ ਅੱਜ ਕਲਿਆਣ ਸਿੰਘ ਨਾਲ ਜੋ ਵਰਤਾਅ ਹੋਇਆ ਉਹ ਇਕ ਸੋਚਣ ਦਾ ਵਿਸ਼ਾ ਹੈ। ਪਿਛਲੀ ਵਾਰੀ ਬੀ ਐਸ ਪੀ ਨੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਡੇਗੀ ਇਸ ਦਾ ਕਾਰਨ ਵੀ ਕਲਿਆਣ ਸਿੰਘ ਹੈ। ਅਟਲ ਬਿਹਾਰੀ ਵਾਜਪਾਈ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਕਿ ਮੇਰੀ ਸਰਕਾਰ ਕਲਿਆਣ ਸਿੰਘ ਦੀ ਵਜਾਹ ਕਾਰਨ

ਡਿੱਗੀ ਹੈ ਤਾਂ ਉਸ ਨੇ ਸੋਚਿਆ ਕਿ ਕਲਿਆਣ ਸਿੰਘ ਦਾ ਖਾਤਮਾ ਕਰਨਾ ਜ਼ਰੂਰੀ ਹੈ। ਮੈਂ ਇਹ ਵੀ ਮੰਨਦਾ ਹਾਂ ਕਿ ਇਸ ਤਰ੍ਹਾਂ ਵਿਸਲੇਸ਼ਣ ਕਲਿਆਣ ਸਿੰਘ ਬਾਰੇ ਪਹਿਲਾਂ ਕਦੇ ਨਹੀਂ ਹੋਇਆ ਜਿਉਂ ਹੀ ਕਲਿਆਣ ਸਿੰਘ ਦਾ ਪਤਨ ਹੋਇਆ ਅਟਲ ਬਿਹਾਰੀ ਵਾਜਪਾਈ ਵਲੋਂ ਇਹ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਬਹੁਜਨ ਸਮਾਜ ਪਾਰਟੀ ਨਾਲ ਸਾਡਾ ਭਾਈਚਾਰਾ ਬਣ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਬ੍ਰਾਹਮਣਵਾਦੀ ਸ਼ਕਤੀਆਂ ਦਿਲੀ 'ਚ ਸਥਿਰ ਸਰਕਾਰ ਬਣਾਈ ਰੱਖਣਾ ਚਾਹੁੰਦੀਆਂ ਹਨ ਅਤੇ ਐਨ ਡੀ. ਏ ਦੀ ਕੋਈ ਇਕ ਪਾਰਟੀ ਸਰਕਾਰ ਤੋਂ ਬਾਹਰ ਹੋ ਜਾਵੇ ਤਾਂ ਇਸ ਖਾਲੀ ਥਾਂ ਕਿਵੇਂ ਭਰੀ ਜਾਵੇ। ਇਸ ਤੇ ਅਟਲ ਬਿਹਾਰੀ ਵਾਜਪਾਈ ਕੰਮ ਕਰ ਰਹੇ ਹਨ। ਇਹ ਜੋ ਕਲਿਆਣ ਸਿੰਘ ਦੇ ਉਭਾਰ ਤੇ ਪਤਨ ਦੀ ਕਹਾਣੀ ਹੈ। ਉਸ ਵਿੱਚੋਂ ਉਹ ਕਿਸੇ ਤਰ੍ਹਾਂ ਨਾਲ ਅਨਸੂਚਿਤ ਜਾਤੀ ਤੇ ਪਿਛੜੇ ਵਰਗ ਨੂੰ ਲੜਾ ਕੇ ਵੱਖ ਰੱਖਣਾ ਚਾਹੁੰਦੇ ਹਨ ਅਤੇ ਕੇਂਦਰ 'ਚ ਆਪਣੀ ਸਰਕਾਰ ਬਣਾਈ ਰੱਖਣਾ ਚਾਹੁੰਦੇ ਹਨ। ਇਕ ਪਹਿਲੂ ਇਹ ਹੈ। ਦੂਜਾ ਪਿਛੜੇ ਵਰਗਾਂ ਦੇ ਕਿਰਦਾਰ ਦਾ ਜੇ ਆਪਾਂ ਵਿਸਲੇਸ਼ਣ ਕਰੀਏ ਜਿਵੇਂ ਯੋਗੇਂਦਰ ਯਾਦਗ ਜੀ ਨੇ ਕਿਹਾ ਕਿ ਮੁਲਾਇਮ ਸਿੰਘ ਯਾਦਵ ਐਟ੍ਰੋਸਿਟੀ ਐਕਟ ਦਾ ਵਿਰੋਧ ਕਰਕੇ ਅਨਸੂਚਿਤ ਜਾਤੀ, ਜਨਜਾਤੀ 'ਤੇ ਅਨਿਆਂ ਤੇ ਅਤਿਆਚਾਰ ਦੀ ਹਮਾਇਤ ਕਰਦੇ ਹਨ ਅਤੇ ਇਹ ਗੱਲ ਉਹਨਾਂ ਨੂੰ ਘੁਮ ਘੁਮ ਕੇ ਸਾਰੇ ਉਤਰ ਪ੍ਰਦੇਸ਼ 'ਚ ਕੀਤੀ ਬਿਹਾਰ 'ਚ ਲਾਲੂ ਪ੍ਰਸ਼ਾਦ ਬਿਲਕੁਲ ਅਜਿਹਾ ਨਹੀਂ ਕਰਦਾ ਪਰ ਬਿਹਾਰ 'ਚ ਜਦ ਕੋਈ ਜਿੰਮੀਦਾਰ ਕਿਸੇ ਅਨਸੂਚਿਤ ਜਾਤੀ ਦਾ ਕਤਲ ਕਰ ਦਿੰਦਾ ਹੈ ਤਾਂ ਲਾਲੂ ਜੀ ਚੁਪ ਰਹਿੰਦੇ ਹਨ। ਇਸ ਦਾ ਮਤਲਬ ਪਿਛੜੇ ਵਰਗ ਦੇ ਨੇਤਾ 'ਚ ਜਾਗੀਰੂ ਵਿਚਾਰ ਵਧਫੁਲ ਰਹੀ ਹੈ ਜੋ ਲੁਟ ਦੀ ਵਿਚਾਰਧਾਰਾ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਵੀ ਲੁਟੇਰਿਆਂ ਦੀ ਵਿਚਾਰਧਾਰਾ ਹੈ ਲੁਟ ਦੀਆਂ ਵਿਚਾਰ ਧਾਰਾਵਾਂ 'ਚ ਮਹੱਤਵ (ਦਾਬੇ) ਦੀ ਵਿਚਾਰਧਾਰਾ ਹੈ ਜਾਂ ਕਹੋ ਅਜਾਰੇਦਾਰੀ ਦੀ ਵਿਚਾਰਧਾਰਾ ਹੈ। ਇਸ ਲਈ ਇਹਨਾਂ 'ਚ ਕਦੀ ਕਦੀ ਮੇਲ ਹੁੰਦਾ ਹੈ ਤੇ ਕਦੀ ਕਦੀ ਟਕਰਾ ਹੁੰਦਾ ਹੈ। ਇਹ ਅਜਾਰੇਦਾਰੀ ਦੀ ਲੜਾਈ ਦੀ ਮੌਜੂਦਾ ਸਥਿਤੀ ਸਾਨੂੰ ਦਿਸਦੀ ਹੈ। ਅਸੀਂ ਸਿਰਫ਼ ਕਲਿਅਣ ਸਿੰਘ ਦੇ ਮੁਦੇ ਨੂੰ ਚਰਚਾ 'ਚ ਰੱਖਣ ਲਈ ਇਹ ਵਿਸ਼ਾ ਨਹੀਂ ਰੱਖਿਆ ਪਰ ਸਮੁੱਚੇ ਉਤਰ ਪ੍ਰਦੇਸ਼ 'ਚ ਜੋ ਰਾਜਨੀਤੀ ਹੈ ਉਸ 'ਚ ਐਸੀ ਐਸਟੀ ਓ ਬੀ ਸੀ ਬਹੁਜਨ ਸਮਾਜ ਲਈ ਕਿੰਨੇ ਉਪਦੇਸ਼ ਛੁਪੇ ਹੋਏ ਹਨ ਤਾਂ ਹੀ ਇਹ ਵਿਸ਼ਾ ਬਹਿਸ ਅਧੀਨ ਰੱਖਿਆ ਹੈ। ਜਸਟੀਸ ਪਾਰਟੀ ਦੀ ਸਰਕਾਰ ਤਾਮਿਲਨਾਡੂ 'ਚ ਆਈ ਸੀ ਪਰ ਦੁਬਾਰਾ ਚੋਣਾ ਹੋਈਆਂ ਤਾਂ ਇਹ ਸਰਕਾਰ ਡਿੱਗ ਪਈ। ਪਿਛੜੇ ਵਰਗ ਦੇ ਲੋਕ ਨਿਆਂ ਦਾ ਨਾਹਰਾ ਦੇ ਕੇ ਹਕੂਮਤ 'ਚ ਆਏ ਪਰ ਪਿਛੋਂ ਲੋਕਾਂ ਨਾਲ ਨਿਆਂ ਕਰਨ ਦੀ ਥਾਂ ਉਹ ਦੂਜੇ ਦਰਜੇ ਦੇ ਬ੍ਰਾਹਮਣ ਬਣਨ ਲੱਗੇ। ਬ੍ਰਾਹਮਣਾ ਖਿਲਾਫ਼ ਪਿਛੜੇ ਵਰਗ ਦੇ ਲੋਕਾਂ ਨੇ ਅੰਦੋਲਨ ਚਲਾਇਆ ਤੇ ਉਸ ਕਾਰਨ ਜਦ ਹਕੂਮਤ 'ਚ ਪਹੁੰਚੇ ਤਾਂ ਦੂਜੇ ਦਰਜੇ ਦੇ ਬ੍ਰਾਹਮਣ ਬਣ ਗਏ। ਇਹ ਬੁਨਿਆਦੀ ਕਾਰਨ ਹੈ ਚੋਣਾਂ 'ਚ ਜੇ ਲਾਲੂ ਹਾਰਦਾ ਹੈ ਤਾਂ ਕੇਂਦਰ 'ਚ ਸਰਕਾਰ ਸਥਿਰ ਹੋ ਜਾਵੇਗੀ ਤੇ ਕੇਂਦਰ ਸਰਕਾਰ ਦਾ ਸਥਿਰ ਹੋਣਾ ਵੱਧ ਖ਼ਤਰਨਾਕ ਹੈ। ਬਿਹਾਰ 'ਚ ਲਾਲੂ ਪ੍ਰਸ਼ਾਦ ਯਾਦਵ ਦੁਬਾਰਾ ਆਉਂਦੀ ਹੈ ਤਾਂ ਕੇਂਦਰ ਸਰਕਾਰ ਅਸਥਿਰ ਹੋ ਜਾਵੇਗੀ। ਯੂ. ਪੀ. ਭਾਜਪਾ ਦੀ ਸਰਕਾਰ ਆਉਣੀ ਸੰਭਵ ਨਹੀਂ ਹੈ। ਪਿਛੜੇ ਵਰਗਾਂ ਦੇ ਨੇਤਾਵਾਂ ਦੀ ਅੱਜ ਜੋ ਵਰਤੋਂ ਹੋ ਰਹੀ ਹੈ ਉਸ ਵਿੱਚ ਪਿਛੜੇ ਵਰਗਾਂ ਦੀ ਸਹਿਮਤੀ

ਹੈ। ਸਮੱਸਿਆ ਵੀ ਇਹੀ ਹੈ। ਪਿਛੜੇ ਵਰਗਾਂ ਦੇ ਨੇਤਾਵਾਂ ਨੂੰ ਸੰਤੁਸ਼ਟ ਕਰਨ ਲਈ ਬ੍ਰਾਹਮਣਵਾਦੀਆਂ ਨੇ ਸੋਸ਼ਲ ਇੰਜਨੀਅਰਿੰਗ ਦੀ ਰਣਨੀਤੀ ਅਪਣਾਈ ਹੈ। ਇਸ ਦੇ ਰਾਹੀਂ ਪਿਛੜੇ ਵਰਗਾਂ ਦੇ ਨੇਤਾਵਾਂ ਨੂੰ ਉਹ ਆਪਣੀ ਰਾਜਨੀਤੀ 'ਚ ਸ਼ਾਮਲ ਕਰ ਰਹੇ ਹਨ। ਆਪਣੇ ਤਾਣੇ ਬਾਣੇ ਅੰਦਰ। ਉਹਨਾਂ ਦੀ ਜਥੇਬੰਦਕ ਵਿਵਸਥਾ 'ਚ ਰਹਿ ਕੇ ਅਸੀਂ ਪ੍ਰਬੰਦ ਬਦਲਣ ਦਾ ਕੰਮ ਨਹੀਂ ਕਰ ਸਕਦੇ। ਜੋਤਿਬਰਾਏ ਫੂਲੇ ਮਾਲੀ ਜਾਤੀ ਦਾ ਸੀ। ਅਸ਼ੋਕ ਗਲਹੋਤ ਜੇ ਰਾਜਸਥਾਨ ਦਾ ਮੁਖ ਮੰਤਰੀ ਬਣਿਆ ਤਾਂ ਉਹ ਬ੍ਰਾਹਮਣਵਾਦੀ ਵਿਵਸਥਾ ਦਾ ਅੰਗ ਹੈ। ਉਹ ਰਾਜਸਥਾਨ ਦੀ ਵਿਵਸਥਾ 'ਚ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆ ਸਕਦਾ। ਸ਼ਰਦ ਪਵਾਰ ਵਰਗੇ ਤਾਕਤਵਰ ਆਦਮੀ ਦੇ ਵੀ ਇਹ ਵੱਸ ਦੀ ਗੱਲ ਨਹੀਂ ਹੈ। ਅਸ਼ੋਕ ਗਲੋਹਤ ਤਾਂ ਬਹੁਤ ਛੋਟਾ ਆਦਮੀ ਹੈ। ਸ਼ਰਦ ਪਵਾਰ ਨੂੰ ਕਿਸੇ ਪੂੰਝ ਕੇ, ਨਚੋੜ ਕੇ ਸੁਟ ਦਿੱਤਾ। ਸ਼ਰਦ ਪਵਾਰ ਵੀ ਸ਼ੂਦਰ ਰਾਜਨੀਤੀ ਦਾ ਇਕ ਹਿੱਸਾ ਹੈ। ਜੋਤੀ ਫੂਲੇ 150 ਸਾਲ ਪਹਿਲਾਂ ਸਵੈਮਾਨ ਅੰਦੋਲਨ ਦੀ ਗੱਲ ਕਰਦੇ ਸਨ। ਜਦ ਆਦਮੀ ਨੂੰ ਧੱਕਾ ਲਗਦਾ ਹੈ ਤਾਂ ਉਸ ਨੂੰ ਅਪਣਾ ਸਵੈਮਾਨ ਯਾਦ ਆਉਂਦਾ ਹੈ। ਯਸ਼ਵੰਤ ਰਾਏ ਚੌਹਾਨ ਜੋ ਸ਼ਰਦ ਪਵਾਰ ਦੇ ਗੁਰੂ ਸਨ ਤੇ ਉਪ ਪ੍ਰਧਾਨ ਮੰਤਰੀ ਸਨ। ਉਹਨਾਂ ਨੂੰ ਪੂਰਾ ਟ੍ਰੀਟਮੈਂਟ ਨਾ ਮਿਲਣ ਦੀ ਵਜਾਹ ਕਰਕੇ ਉਹ ਹਸਪਤਾਲ ਦੇ ਇਕ ਕੋਨੇ 'ਚ ਪਏ ਮਰ ਗਏ। ਇਹ ਗੱਲ ਇੰਦਰਾ ਗਾਂਧੀ ਦੇ ਜ਼ਮਾਨੇ ਦੀ ਹੈ। ਜਦ ਯਸ਼ਵੰਤ ਰਾਏ ਚੌਹਾਨ ਦੀ ਮੌਤ ਹੋਈ ਤਦ ਸ਼ਰਦ ਪਵਾਰ ਜੋ ਕਾਂਗਰਸ ਤੋਂ ਬਾਹਰ ਸਨ। ਉਹਨਾਂ ਬਿਆਨ ਦਿੱਤਾ ਕਿ ਯਸ਼ਵੰਤ ਰਾਏ ਚੌਹਾਨ ਦਾ ਇਲਾਜ ਕਾਂਗਰਸ ਨੇ ਹੋਣ ਨਹੀਂ ਦਿੱਤਾ। ਅਜਿਹਾ ਕਰਨ ਦੇ ਪਿਛੋਂ ਵੀ ਸ਼ਰਦ ਪਵਾਰ ਕਾਂਗਰਸ 'ਚ ਚਲਾ ਗਿਆ ਤਾਂ ਉਸ ਨੇ ਕੋਈ ਸਬਕ ਨਹੀਂ ਸਿਖਿਆ। ਇਤਿਹਾਸ ਤੋਂ ਜੋ ਲੋਕ ਸਬਕ ਨਹੀਂ ਸਿਖਦੇ ਉਹਨਾਂ ਲੋਕਾਂ ਨੂੰ ਇਤਿਹਾਸ ਸਬਕ ਸਿਖਾਉਂਦਾ ਹੈ। ਸਾਡੇ ਲਈ ਜੋ ਸੋਚਣ ਵਾਲੀ ਗੱਲ ਹੈ ਉਹ ਇਹ ਹੈ ਕਿ ਪਿਛੜੇ ਵਰਗ ਦੇ ਨੇਤਾਵਾਂ ਦਾ ਅੱਜ ਜੋ ਵਰਤੋਂ ਹੋ ਰਹੀ ਹੈ। ਉਸ 'ਚ ਪਿਛੜੇ ਵਰਗ ਦੇ ਨੇਤਾਵਾਂ ਦੀ ਸਹਿਮਤੀ ਹੈ ਪਰ ਬਾਹਰ ਕੱਢਕੇ ਸੁਟਣ ਦਾ ਕੰਮ ਤਾਂ ਸਹਿਮਤੀ ਨਾਲ ਹੋ ਰਿਹਾ ਹੈ।

# ਕੀ ਹੈ ਜਿਸਮ ਦੇ ਸੌਦਾਗਰਾਂ ਦਾ ਥੋਕ ਬਜ਼ਾਰ ?

ਫਰਾਟੇਦਾਰ ਅੰਗ੍ਰੇਜੀ ਤੇ ਸਰੀਰ 'ਤੇ ਸਜੇ ਮਹਿੰਗੇ ਕੱਪੜੇ ਪਹਿਨੇ ਜੋ ਇਸ ਮੁਟਿਆਰ ਨੂੰ ਵੇਖਦਾ ਹੈ ਤਾਂ ਵੇਖਦਾ ਹੀ ਰਹਿ ਜਾਂਦਾ ਹੈ। ਛਾਂਟਿਆ ਬਦਨ, ਤਿੱਖੇ ਨੈਣ-ਨਕਸ਼, ਗੋਰਾ ਰੰਗ, ਕੱਦ 5 ਫੁੱਟ 4 ਇੰਚ ਅਤੇ ਬੇਬਾਕ ਤੇਵਰਾਂ ਤੋਂ ਇਹ ਕਿਸੇ ਕਾਲਜ ਦੀ ਵਿਦਿਆਰਥਣ ਵਰਗੀ ਲਗਦੀ ਹੈ ਪਰ ਇਸ ਹਸੀਨੇ ਚਿਹਰੇ ਪਿਛੇ ਸਚਾਈ ਕੁਝ ਹੋਰ ਹੀ ਹੈ। ਕੋਈ ਇਸ ਨੂੰ ਵਿਸ਼-ਕੰਨਿਆ ਕਹਿੰਦਾ ਹੈ ਤੇ ਕੋਈ ਸ਼ਹਿਜਾਦੀ, ਕੋਈ ਕਹਿੰਦਾ ਹੈ ਕਿ ਇਸ ਦੇ ਪਿਆਰ 'ਚ ਜੋ ਫਸਿਆ ਉਹ ਜਿਉਂਦਾ ਨਹੀਂ ਬਚਿਆ। ਦਿੱਲੀ ਦੇ ਕਰੀਬ 1000 ਕਰੋੜ ਰੁਪਏ ਦੇ ਜਿਸਮ ਫਿਰੋਸ਼ੀ ਦੇ ਕਾਰੋਬਾਰ ਦੀ ਇਹ ਸ਼ਹਿਜ਼ਾਦੀ ਕੋਈ ਹੋਰ ਨਹੀਂ, ਇਥੋਂ ਦੀ ਸਭ ਤੋਂ ਦਲਾਲ 30 ਸਾਲਾ ਗੀਤਾ ਅਰੋੜਾ ਉਰਫ ਸੋਨੂੰ ਪੰਜਾਬਣ ਹੈ। ਗੱਲ ਕ੍ਰਿਕਟ ਵਿਸ਼ਵ ਕੱਪ ਫਾਈਨਲ ਤੋਂ ਇਕ ਦਿਨ ਪਹਿਲਾਂ ਦੀ ਹੈ ਜਦ ਭਾਰਤ ਸਬੰਧੀ ਰੋਮਾਂਚ ਸਿਖਰ 'ਤੇ ਸੀ। ਫਾਰਮ ਹਾਊਸਾਂ ਤੇ ਹੋਟਲਾਂ 'ਚ ਕ੍ਰਿਕਟ ਨਾਲ ਜੁੜੀਆਂ ਪਾਰਟੀਆਂ ਦੇ ਕਾਰਨ ਸ਼ਹਿਰ 'ਚ ਜਿਸਮ ਫਿਰੋਸ਼ ਲੜਕੀਆਂ ਦੀ ਆਮਦ ਇਕ ਦਮ ਵੱਧ ਗਈ ਸੀ। ਵਸ ਇਸੇ ਦਾ ਫਾਇਦਾ ਉਠਾਉਣ ਲਈ ਕੁਝ ਲੋਕ ਰਾਤ ਦੇ ਹਨੇਰੇ ਵਿੱਚ ਆਪਣੇ ਕਾਲੇ ਧੰਦੇ ਨੂੰ ਅੰਜਾਮ ਦੇਣ 'ਚ ਲੱਗੇ ਹੋਏ ਸਨ ਅਤੇ ਲੰਮੇ ਸਮੇਂ ਤੋਂ ਜਿਸਮ ਫਿਰੋਸ਼ੀ ਦੇ ਧੰਦੇ ਦਾ ਮਾਧਿਅਮ ਬਣ ਚੁੱਕੀ ਸ਼ਾਤਿਰ ਸੋਨੂੰ ਪੁਲਸ ਦੇ ਵਿਛਾਏ ਜਾਲ 'ਚ ਫਸ ਗਈ। ਪਹਿਲੀ ਅਪ੍ਰੈਲ ਨੂੰ ਲੜਕੀਆਂ ਅਤੇ ਸਾਥੀਆਂ ਦੇ ਨਾਲ ਉਸ ਨੂੰ ਪੁਲਸ ਨੇ ਘਰੇ ਆ ਦਬੋਚਿਆ। ਆਲੀਸ਼ਾਨ ਜੀਵਨ ਸ਼ੈਲੀ ਦੀ ਆਦੀ ਸੋਨੂੰ ਹੁਣ ਮਹਾਂਰਾਸ਼ਟਰ ਸੰਗਠਿਤ ਅਪਰਾਧ ਕੰਟਰੋਲ ਕਾਨੂੰਨ (ਮਕੋਕਾ) ਤਹਿਤ ਸਲਾਖਾਂ ਪਿੱਛੇ ਹੈ ਪਰ ਮਾਸੂਮੀਅਤ ਨਾਲ ਉਹ ਕਹਿੰਦੀ ਹੈ "ਮੇਰਾ ਕੰਮ ਏਨਾ ਵੱਡਾ ਨਹੀਂ ਸੀ ਜਿੰਨਾ ਮੈਨੂੰ ਬਦਨਾਮ ਕਰ ਦਿੱਤਾ ਗਿਆ" ਸੋਨੂੰ ਦੇ ਨਾਲ ਜਿਹਨਾ ਪੰਜ ਲੜਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਉਹਨਾਂ ਦਾ ਆਰਥਿਕ ਪਿਛੋਕੜ ਤਾਂ ਕਮਜੋਰ ਉਕਾ ਹੀ ਨਹੀਂ ਹੈ ਅਤੇ ਪੁਲਸ ਅਧਿਕਾਰੀ ਦਸਦੇ ਹਨ ਕਿ ਕੁਝ ਟੀ. ਵੀ. ਸਟਾਰ ਵੀ ਸੋਨੂੰ ਦੇ ਸੰਪਰਕ ਵਿੱਚ ਸਨ। ਹਾਲਾਂਕਿ ਉਹਨਾਂ ਦੇ ਨਾਂ ਉਜਾਗਰ ਨਹੀਂ ਕੀਤੇ ਗਏ ਹਨ। ਸੋਨੂੰ ਦੀ ਗ੍ਰਿਫ਼ਤਾਰੀ 'ਤੇ ਇਕ ਉਚ ਪੁਲਿਸ ਅਧਿਕਾਰੀ ਕਹਿੰਦੇ ਹਨ ਕਿ "ਸੋਨੂੰ ਦੇ ਗਾਹਕਾਂ ਵਿੱਚ ਸਨਅਤਕਾਰਾਂ ਵੀ ਆਈ. ਪੀ. ਤੋਂ ਲੈ ਕੇ ਕਈ ਵੱਡੇ ਨਾਂ ਸ਼ਾਮਲ ਹਨ। ਜਦਕਿ ਉਸ ਦੇ ਲਈ ਮਾਡਲਿੰਗ ਤੇ ਅਭਿਨੈ ਦੀ ਦੁਨੀਆਂ 'ਚ ਕਦਮ ਰੱਖਣ ਦੀ ਚਾਹਤ ਰੱਖਣ ਵਾਲੀਆਂ ਲੜਕੀਆਂ ਕੰਮ ਕਰਦੀਆਂ ਹਨ। ਉਹ ਖੁਦ ਸਾਹਮਣੇ ਨਹੀਂ ਆਉਂਦੀ, ਆਪਣੇ ਲੋਕਾਂ ਜ਼ਰੀਏ ਕੰਮ ਨੂੰ ਅੰਜਾਮ ਦਿੰਦੀ ਹੈ। ਉਸ ਨੂੰ ਫੜਨਾ ਟੇਡੀ ਖੀਰ ਸੀ।"

ਰੋਹਤਕ ਦੀ ਰਹਿਣ ਵਾਲੀ ਸੋਨੂੰ ਦਾ ਅਪਰਾਧ ਨਾਲ ਰਿਸ਼ਤਾ ਕਾਫੀ ਪੁਰਾਨਾ ਹੈ। ਸੋਨੂੰ ਦਾ ਨਾਂ ਅੱਠ ਸਾਲ ਪਹਿਲਾਂ ਇਕ ਹੱਤਿਆ ਦੇ ਸਿਲਸਿਲੇ 'ਚ ਪਹਿਲੀ ਵਾਰੀ ਸਾਹਮਣੇ ਆਇਆ ਸੀ। ਉਹ ਸੋਨੂੰ ਦਾ ਹਮਦਮ ਬਣਿਆ ਪਰ ਉਸ ਦਾ ਜੀਵਨ ਬਹੁਤੀ ਦੇਰ ਨਹੀਂ ਚੱਲ ਸਕਿਆ। ਸੋਨੂੰ ਨੂੰ ਰੋਹਤਕ ਦੇ ਨਾਮੀ ਗੈਂਗਸਟਰ ਵਿਜੈ ਸਿੰਘ ਨਾਲ ਪ੍ਰੇਮ ਹੋਇਆ ਅਤੇ ਦੋਨੋ ਨੇ ਵਿਆਹ ਕੀਤਾ ਪਰ ਸ੍ਰੀ ਪ੍ਰਕਾਸ਼ ਸ਼ੁਕਲਾ ਗ੍ਰੋਹ ਦੇ ਵਿਜੈ ਸਿੰਘ ਨੂੰ ਉਤਰ ਪ੍ਰਦੇਸ਼ ਦੀ ਸਪੈਸ਼ਲ ਟਾਸਕ ਫੋਰਸ ਨੇ ਮਾਰ ਸੁਟਿਆ। ਇਸ ਸਦਮੇ ਤੋਂ ਉਭਰਨ ਦੌਰਾਨ ਸੋਨੂੰ ਪਾਸ ਨਫਜਗੜ ਦੇ ਦੀਪਕ ਦਾ ਆਉਣਾ ਜਾਣਾ ਹੋਇਆ।

ਫਿਰ ਦੋਹਾਂ 'ਚ ਦੋਸਤੀ ਹੋਈ ਪਰ 2003 'ਚ ਗੱਡੀ ਚੋਰ ਦੀਪਕ ਵੀ ਅਸਾਮ 'ਚ ਪੁਲਸ ਦੇ ਹੱਥੋਂ ਮੁਠਭੇੜ 'ਚ ਮਾਰਿਆ ਗਿਆ। ਆਸਰੇ ਦੀ ਚਾਹਤ 'ਚ ਸੋਨੂੰ ਨੇ ਦੀਪਕ ਦੇ ਭਾਈ ਹੇਮੰਤ ਸੋਨੂੰ ਨਾਲ ਵਿਆਹ ਰਚਾ ਲਿਆ। ਹੇਮੰਤ ਗੀਤਾ ਨੂੰ ਦਿਲੀ ਲੈ ਆਇਆ। ਉਸ ਨੇ ਹੇਮੰਤ ਦੇ ਅਸਰ ਰਸੂਖ ਤੇ ਸਬੰਧਾਂ ਦੀ ਵਰਤੋਂ ਆਪਣੇ ਜਿਸਮ ਫਿਰੋਸ਼ੀ ਦੇ ਕਾਰੋਬਾਰ ਨੂੰ ਵਧਾਉਣ ਲਈ ਕੀਤੀ। ਹੇਮੰਤ ਦੇ ਨਾਂ 'ਤੇ ਹੀ ਗੀਤਾ ਦਾ ਨਾਂ ਸੋਨੂੰ ਪੈ ਗਿਆ ਪਰ ਇਹ ਕਹਾਣੀ ਵੀ ਜ਼ਿਆਦਾ ਦਿਨ ਨਹੀਂ ਚੱਲ ਸਕੀ। ਦਿਲੀ ਪੁਲਸ ਦੀ ਇਕ ਉਚ ਅਫਸਰ ਦਸਦੀ ਹੈ "ਉਸ ਸਮੇਂ ਤੱਕ ਹੇਮੰਤ ਪੁਲਸ ਦੀ ਨਜ਼ਰ ਚੜ੍ਹ ਚੁੱਕਿਆ ਸੀ ਅਤੇ ਮਾਰਚ 2006 'ਚ ਗੁੜਗਾਵਾਂ 'ਚ ਪੁਲਸ ਨੇ ਉਸ ਨੂੰ ਮੁਕਾਬਲੇ 'ਚ ਮਾਰ ਸੁੱਟਿਆ।" ਫਿਰ ਸੋਨੂੰ ਨੇ ਅਸ਼ੋਕ ਬੰਟੀ ਨਾਂ ਦੇ ਬਦਮਾਸ ਪਾਸ ਪਨਾਹ ਲਈ ਪਰ ਬੰਟੀ ਵੀ ਅਪ੍ਰੈਲ 2006 'ਚ ਦਿਲਸ਼ਾਦ ਗਾਰਡਨ 'ਚ ਪੁਲਸ ਹੱਥੋਂ ਮਾਰਿਆ ਗਿਆ। ਇਸ ਸਾਰੇ ਘਟਨਾਕ੍ਰਮ ਦੌਰਾਨ ਸੋਨੂੰ ਅਪਰਾਧ ਦੀ ਦੁਨੀਆਂ ਦੇ ਜਾਲ ਨਾਲ ਅੱਛੀ ਤਰ੍ਹਾਂ ਰੂ-ਬ-ਰੂ ਹੋ ਚੁੱਕੀ ਸੀ ਅਤੇ ਉਸ ਦੇ ਸੰਪਰਕ ਵੀ ਮਜ਼ਬੂਤ ਹੋ ਗਏ ਸਨ। ਸੋਨੂੰ ਬਿਊਟੀ ਪਾਰਲਰ ਰਾਹੀਂ ਵੱਖ-ਵੱਖ ਲੋਕਾਂ ਦੇ ਸੰਪਰਕ 'ਚ ਆਈ ਸੀ। ਹੁਣ ਉਸ ਨੇ ਵੱਖਰਾ ਰਾਹ ਚੁਨਣ ਦਾ ਮਨ ਬਣਾ ਲਿਆ ਹੈ। ਇਸ ਦੇ ਨਾਲ ਹੀ ਗੀਤਾ ਕਲੋਨੀ ਇਲਾਕੇ 'ਚ ਉਸ ਦੀ ਬਦਨਾਮੀ ਵੀ ਵਧਣ ਲੱਗੀ ਸੀ ਤਦ ਉਸ ਨੇ ਦੱਖਣੀ ਦਿੱਲੀ ਨੂੰ ਆਪਣਾ ਟਿਕਾਣਾ ਬਣਾਇਆ। ਇਕ ਸਮੇਂ ਪਾਰਲਰ 'ਚ 2000 ਤੋਂ 2500 ਰੁਪਏ ਤਕ ਪ੍ਰਤੀ ਗਾਹਕ ਕਮਾਉਣ ਵਾਲੀ ਹੁਣ 10000 ਤੋਂ 15000 ਰੁਪਏ ਪ੍ਰਤੀ ਗਾਹਕ ਕਮਾਉਣ ਲੱਗੀ ਸੀ। ਜਦ ਸੋਨੂੰ ਨਾਲ ਇਹ ਸਭ ਚਲ ਰਿਹਾ ਸੀ। ਉਸੇ ਦੌਰਾਨ ਦਿਲੀ 'ਚ ਜਿਸਮ ਫਿਰੋਸ਼ੀ ਦੇ ਧੰਦੇ ਦੇ ਸਭ ਤੋਂ ਵੱਡੇ ਦਲਾਲ ਕੰਵਲਜੀਤ ਨੂੰ 2005 'ਚ ਨੋਇਡਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸੋਨੂੰ ਨੂੰ ਜਿਸਮਫਿਰੋਸ਼ੀ ਦੇ ਕਾਰੋਬਾਰ ਦਾ ਵੱਡਾ ਤੇ ਖ਼ੂੰਖਾਰ ਨਾਂ ਬਣਨ 'ਚ ਇਹ ਕਾਰਨ ਨੇ ਅਹਿਮ ਭੂਮਿਕਾ ਅਦਾ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਲਗਭਗ ਦੋ ਦਹਾਕੇ ਤਕ ਦਿੱਲੀ ਤੇ ਭਾਰਤ ਦੇ ਹੋਰ ਰਾਜਾਂ ਸਮੇਂ ਤਾਂ ਵਿਦੇਸ਼ਾਂ 'ਚ ਜਿਸਮਫਿਰੋਸ਼ੀ ਦਾ ਕੰਮ ਚਲਾਉਣ ਵਾਲੇ ਕੰਵਲਜੀਤ ਦੀ ਕਮਾਈ 1987 ਤੋਂ 1995 ਦਰਮਿਆਨ ਕਈ ਗੁਣਾ ਵਧ ਕੇ ਕਰੀਬ 10 ਲੱਖ ਮਹੀਨਾ ਪਹੁੰਚ ਗਈ ਸੀ। ਕੰਵਲਜੀਤ ਦਾ ਪਤਨ ਸੋਨੂੰ ਦੇ ਕਾਲੇ ਕਾਰੋਬਾਰ ਵਿੱਚ ਉਭਾਰ ਦਾ ਇਕ ਵੱਡਾ ਕਾਰਨ ਬਣਿਆ। ਅੱਜ ਦਿੱਲੀ ਦੇ ਜਿਸਮਾ ਦੇ ਕਾਰੋਬਾਰ 'ਚ 'ਸੋਨੂੰ' ਇਕੱਲਾ ਵੱਡਾ ਨਾਂ ਰਹਿ ਗਿਆ ਸੀ ਕਿਉਂਕਿ ਕੰਵਲਜੀਤ ਅੰਕਲ ਧੀਰ ਤੇ ਰਿਤਿਕਾ ਠਾਕਰ ਵਰਗੇ ਖ਼ੂੰਖਾਰ ਨਾਂ ਕਾਨੂੰਨ ਦੇ ਚੱਕਰਵਿਊ 'ਚ ਫਸ ਚੁੱਕੇ ਸਨ ਤਾਂ ਬਾਬੀ ਵਰਗੇ ਦਲਾਲ ਸੋਨੂੰ ਦੇ ਨਾਲ ਹੋ ਗਏ ਸਨ। ਸੋਨੂੰ ਦੇ ਪੱਖ 'ਚ ਰਹਿ ਕੇ ਚਮੜੀ ਦੇ ਕਾਰੋਬਾਰ ਨੂੰ ਅੱਗੇ ਵਧਾ ਰਹੀ ਸੀ ਅਤੇ ਉਸ ਨੇ ਕਈ ਹੋਰ ਦਲਾਲਾਂ ਦਾ ਇੱਕ ਵੱਡਾ ਨੈਟਵਰਕ ਤਿਆਰ ਕਰ ਲਿਆ ਸੀ। ਸੂਤਰਾਂ ਮੁਤਾਬਕ "ਰਾਜੂ ਸ਼ਰਮਾ ਨੂੰ ਸੋਨੂੰ ਦੇ ਧੰਦੇ ਦਾ ਸਵੈ ਸਰਵਾ ਮੰਨਿਆ ਜਾਂਦਾ ਹੈ। ਇਹ ਉਸ ਦੇ ਸਾਰੇ ਕੰਮਾਂ ਨੂੰ ਬਾਖ਼ੂਬੀ ਨੇਪਰੇ ਚਾੜ੍ਹਦਾ ਹੈ। ਸੋਨੂੰ ਕਿਸੇ ਵੀ ਡੀਲ ਦੌਰਾਨ ਕੁਝ ਦੂਰੀ 'ਤੇ ਦੂਜੀ ਕਾਰ 'ਚ ਰਹਿੰਦੀ ਜਦ ਕਿ ਉਸ ਦੇ ਲੋਕ ਗਾਹਕ ਦੇ ਨਾਲ ਸੌਦਾ ਕਰਨ ਨੂੰ ਅੰਜਾਮ ਦਿੰਦੇ ਹਨ।" ਸਮੇਂ ਦੇ ਨਾਲ ਸੋਨੂੰ ਦਾ ਨਾਂ ਤੇਜੀ ਨਾਲ ਫੈਲਣ ਲੱਗਿਆ। ਅਜਿਹਾ ਨਹੀਂ ਹੈ ਕਿ ਸੋਨੂੰ ਪਹਿਲੀ ਵਾਰੀ ਪੁਲਸ ਦੇ ਹੱਥ ਚੜ੍ਹੀ ਹੈ। ਇਸ ਤੋਂ ਪਹਿਲਾਂ ਉਹ 2007 'ਚ ਪ੍ਰੀਤ ਵਿਹਾਰ ਤੋਂ ਅਤੇ

ਨਵੰਬਰ 2008 ’ਚ ਪੀ. ਵੀ. ਆਰ ਸਕੇਤ ਤੋਂ ਫੜੀ ਜਾ ਚੁੱਕੀ ਹੈ। ਸਕੇਤ ਤੋਂ ਜਦ ਸੋਨੂੰ ਨੂੰ ਫੜਿਆ ਗਿਆ ਸੀ ਤਾਂ ਉਸ ਸਮੇਂ ਉਸ ਦੇ ਨਾਲ ਚਾਰ ਲੜਕੀਆਂ ਅਤੇ ਦਸ ਦਲਾਲ ਸਨ। ਜਿਸ ਤੋਂ ਉਸ ਦੇ ਵੱਡੇ ਨੈਟਵਰਕ ਦਾ ਖੁਲਾਸਾ ਬਾਖੂਬੀ ਹੋ ਜਾਂਦਾ ਹੈ। ਉਸ ਨੇ ਕਦੀ ਵੀ ਕੰਮ ਤੋਂ ਤੋਬਾ ਨਹੀਂ ਕੀਤੀ। ਸੂਤਰ ਦਸਦੇ ਹਨ ਕਿ ਸੋਨੂੰ ਰੋਜਾਨਾ ਲਗਭਗ ਇਕ ਲੱਖ ਰੁਪਏ ਕਮਾਉਂਦੀ ਸੀ ਜਦਕਿ ਉਸ ਨੇ ਕਈ ਲੜਕੀਆਂ ਨੂੰ 40000 ਤੋਂ 60000 ਰੁਪਏ ਮਹੀਨਾ ’ਤੇ ਰੱਖਿਆ ਹੋਇਆ ਸੀ। ਸੋਨੂੰ ਦੇ ਨੈਟਵਰਕ ’ਚ ਲਗਭਗ 2000 ਲੜਕੀਆਂ ਹਨ। ਸੋਨੂੰ ਦੇ ਲੋਕ ਪੰਜਾਬ, ਰਾਜਸਥਾਨ ਯੂ. ਪੀ. ਮੁੰਬਈ ਤੇ ਕਲਕੱਤਾ ਵਰਗੇ ਰਾਜਾਂ ਤੋਂ ਮਾਡਲ ਜਾਂ ਫਿਲਮੀ ਦੁਨੀਆਂ ’ਚ ਜਾਣ ਦੀ ਇੱਛਾ ਰੱਖਣ ਵਾਲੀਆਂ ਲੜਕੀਆਂ ਨੂੰ ਫੁਸਲਾ ਕੇ ਉਸ ਤਕ ਪਹੁੰਚਾਉਂਦੇ ਸਨ। ਜਿਹਨਾਂ ਕਰਕੇ ਸੋਨੂੰ ਐਸ਼ ਕਰਦੀ ਸੀ। ਅਜਿਹਾ ਨਹੀਂ ਸੀ ਕਿ ਸੋਨੂੰ ਇਕੱਲੀ ਦਿਲੀ ਦੇ ਜਿਸਮਫਿਰੋਸ਼ੀ ਦੇ ਕਾਰੋਬਾਰ ਨੂੰ ਚਲਾ ਰਹੀ ਸੀ। ਕੁਝ ਲੋਕ ਲੁਕ ਛਿਪ ਕੇ ਇਸ ਕੰਮ ’ਚ ਸਰਗਰਮ ਸਨ। ਰੰਜਨ ਤ੍ਰਿਵੇਦੀ ਉਰਫ ਸ਼ਿਵ ਮੂਰਤ ਉਰਫ ਇਛਾਧਾਰੀ ਬਾਬਾ ਵੀ ਅਜਿਹਾ ਹੀ ਇਕ ਨਾਂ ਸੀ। ਇਛਾਧਾਰੀ ਬਾਬੇ ਨੂੰ 2010 ’ਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਧਰਮ ਗੁਰੂ ਦੇ ਰੂਪ ’ਚ ਆਪਣੀ ਪਹਿਚਾਣ ਬਣਾ ਚੁੱਕਿਆ ਸੀ ਪਰ ਉਸ ਦੇ ਇਕ ਮੋਬਾਇਲ ਨੰਬਰ ਦਾ ਸ਼ੱਕ ਪੈਦਾ ਕਰਨ ਵਾਲੀ ਵੈੱਬਸਾਈਟ ’ਤੇ ਹੋਣ ਉਸ ਦੇ ਗਲੇ ਲਈ ਫੰਦਾ ਬਣ ਗਿਆ। ਉਸ ਨੂੰ ਰੰਗੇ ਹੱਥੀ ਪੁਲਸ ਨੇ ਪੀ ਵੀ ਆਰ ਸੰਕੇਤ ਤੋਂ ਘੇਰਿਆ ਸੀ। ਉਸ ਦੀ ਗ੍ਰਿਫ਼ਤਾਰੀ ਪਿਛੋਂ ਹਰ ਕਿਸੇ ਨੇ ਇਹੀ ਕਿਹਾ ਕਿ ਬਾਬੇ ਦੀ ਗ੍ਰਿਫ਼ਤਾਰੀ ’ਚ ਸੋਨੂੰ ਦਾ ਹੱਥ ਹੈ। ਹਾਲਾਂਕਿ ਸੋਨੂੰ ਨੇ ਇਕ ਟੀ. ਵੀ. ਇੰਟਰਵਿਊ ਵਿੱਚ ਬਾਬੇ ਨੂੰ ਜਾਨਣ ਦੀ ਗੱਲ ਮੰਨੀ ਵੀ ਸੀ। ਹੁਣ ਬਾਬਾ ਮਾਨੋਕ ਤਹਿਤ ਜੇਹਲ ’ਚ ਹੈ। ਸੋਨੂੰ ਵੀ ਸਲਾਖਾਂ ਪਿੱਛੇ ਹੈ।

ਉਸ ਦੀ ਗ੍ਰਿਫ਼ਤਾਰੀ ਨੇ ਦਲਾਲਾਂ ਅਤੇ ਐਸਕਾਰਟ ਏਜੰਸੀਆਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਉਹ ਚੌਕਸ ਹੋ ਗਈਆਂ ਹਨ। ਉਹ ਸਿਰਫ਼ ਆਪਣੇ ਪੁਰਾਨੇ ਗਾਹਕਾਂ ਦੇ ਹਵਾਲੇ ਨਾਲ ਕੰਮ ਕਰ ਰਹੀਆਂ ਹਨ। ਸਮੇਂ ਦੇ ਨਾਲ ਤੇਜੀ ਨਾਲ ਵਧਦੇ ਇਸ ਕਾਰੋਬਾਰ ’ਚ ਜਿੱਥੇ ਕੰਮ ਦਾ ਢੰਗ ਬਦਲਿਆ ਹੈ। ਉਥੇ ਦਲਾਲਾਂ ਨੇ ਆਪਣੇ ਠਿਕਾਣੇ ਵੀ ਬਦਲੇ ਹਨ। ਦੱਖਣੀ ਦਿਲੀ ’ਚ ਹਾਈ ਪ੍ਰਫਾਇਲ ਤੇ ਵਿਦੇਸ਼ੀ ਕਾਲ ਗਰਲਸ ਦੀ ਮੰਗ ਹੈ। ਇਸ ਤਰ੍ਹਾਂ ਦੇ ਰੈਕਟ ਸਰਗਰਮ ਹਨ। ਉਤਰੀ ਦਿੱਲੀ ’ਚ ਪੂਰਵੋਤਰ ਦੀਆਂ ਲੜਕੀਆਂ ਦੀ ਗਿਣਤੀ ਵੱਧ ਹੈ। ਕਾਰੋਲ ਬਾਗ ’ਚ ਮੱਧਵਰਗੀ ਗਾਹਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਜਦਕਿ ਪੂਰਵੀ ਦਿਲੀ ਤੇ ਰੋਹਿਣੀ ਸਮੇਤ ਬਾਹਰੀ ਦਿਲੀ ’ਚ 2000 ਤੋਂ 5000 ਰੁਪਏ ਤਕ ਦੀ ਪੇਇੰਗ ਕੈਪਸਿਟੀ ਵਾਲੇ ਗਾਹਕਾਂ ਨੂੰ ਸਾਧਿਆ ਜਾਂਦਾ ਹੈ। ਦਿੱਲੀ ਦੀਆਂ ਪਾਸ੍ਹ ਕਲੋਨੀਆਂ ਇਸ ਦੇ ਠਿਕਾਨੇ ਬਣ ਚੁੱਕੀਆਂ ਹਨ ਇਥੋਂ ਇਹ ਅਸਾਨੀ ਨਾਲ ਆਪਣੇ ਕੰਮ ਨੂੰ ਅੰਜਾਮ ਦਿੰਦੀਆਂ ਹਨ। ਪੀ ਵੀ ਆਰ ਤੇ ਮਾਲ ਦਲਾਲਾਂ ਦੇ ਮਿਲਣ ਦੇ ਅੱਡੇ ਬਣਦੇ ਜਾ ਰਹੇ ਹਨ। ਛੋਟੇ ਦਲਾਲ ਹੁਣ ਵੱਡੇ ਦਲਾਲਾਂ ਦੇ ਨਾਲ ਕੰਮ ਕਰ ਰਹੇ ਹਨ ਤਾਂ ਅਜਿਹੀਆਂ ਵੈੱਬਸਾਈਟਾਂ ਦੀ ਭਰਮਾਰ ਹੈ। ਜੋ ਮਸਾਜ ਤੇ ਐਸਕਾਰਟ ਸਰਵਿਸ ਦੀ ਪੇਸਕਸ਼ ਕਰਦੀਆਂ ਹਨ। ਇਥੇ ਫੋਨ ਕੀਤਾ ਜਾਵੇ ਤਾਂ ਕੁਝ ਦੇਰ ਗੱਲਬਾਤ ਪਿਛੋਂ ਗੱਲ ਮੁਦੇ ਤੇ ਆ ਜਾਂਦੀ ਹੈ। ਹਾਲਾਂਕਿ ਇਸ ਧੰਦੇ ਦੀ ਸਾਰੀ ਖੇਡ ਜੁਬਾਨੀ ਹੀ ਹੁੰਦੀ ਹੈ। ਪੰਜ ਸਿਤਾਰਾ ਹੋਟਲ ਤਾਂ ਸ਼ੁਰੂ ਤੋਂ ਇਸ

ਧੰਦੇ ਦੇ ਕੇਂਦਰ 'ਚ ਰਹੇ ਹਨ। ਪਰ ਆਲੀਸ਼ਾਨ ਫਾਰਮ ਹਾਊਸ ਉਹਨਾਂ ਦੇ ਠਿਕਾਣੇ ਬਣ ਗਏ ਹਨ। ਜਿਥੇ ਪਾਰਟੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ ਅਤੇ ਸਮੂਹਕ ਸੈਕਸ ਜਾਂ ਹੋਰ ਤਰ੍ਹਾਂ ਦੇ ਯੌਨ ਜੁਰਮਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਦਿੱਲੀ 'ਚ ਇਕ ਐਸਕਾਰਟ ਏਜੰਸੀ ਚਲਾਉਣੇ ਵਾਲੇ ਅਨੁਸਾਰ ਸਟੈਰਾ ਪਾਰਟੀ ਤੇ ਸਮੂਹਕ ਸੈਕਸ ਦੀ ਵਧ ਮੰਗ ਰਹਿੰਦੀ ਹੈ। ਇਸ ਤੋਂ ਇਲਾਵਾ ਬੈਲੇ ਡਾਂਸ ਦਾ ਵੀ ਖੂਬ ਰਿਵਾਜ ਹੈ। ਡਿਮਾਂਡ ਅਨੁਸਾਰ ਰੇਟ ਤਹਿ ਕੀਤੇ ਜਾਂਦੇ ਹਨ। ਜਿਸਮ ਦੇ ਇਸ ਕਾਰੋਬਾਰ 'ਚ ਮਾਡਲ, ਟੀ. ਵੀ. ਸਟਾਰ, ਕਾਲਗਰਲ ਜਾਂ ਵਿਦਿਆਰਥੀ, ਤੋਂ ਲੈ ਕੇ ਗਹਿਣੀਆਂ ਤਕ ਸ਼ਾਮਲ ਹਨ। ਜਿਸਮ ਦੇ ਇਸ ਧੰਦੇ 'ਚ ਹੁਣ ਗੋਰੀ ਚਮੜੀ ਦੀ ਮੰਗ ਵਧਣ ਲੱਗੀ ਹੈ। ਪਹਿਲਾਂ ਨਿਪਾਲੀਆ ਦੀ ਪਰ ਹੁਣ ਵਿਦੇਸ਼ੀ ਲੜਕੀਆਂ ਦੀ ਮੰਗ ਕੀਤੀ ਜਾਂਦੀ ਹੈ। ਇਸ ਲਈ 15 ਹਜ਼ਾਰ ਤੋਂ 25 ਹਜ਼ਾਰ ਤਕ ਰੇਟ ਹਨ। ਕੁਝ ਸਮੇਂ ਤੋਂ ਭਾਰਤ 'ਚ ਉਜ ਬੇਕਿਸਤਾਨ, ਕਜਾਕਿਸਤਾਨ, ਕਿਗ੍ਰਿਸਤਾਨ ਤੇ ਯੁਕੇਨ ਦੀ ਲੜਕੀਆਂ ਦੀ ਆਵਾਜਾਈ ਵੀ ਵਧੀ ਹੈ ਤਾਂ ਹੀ ਫਰਵਰੀ ਤੇ ਮਾਰਚ 2011 'ਚ 8 ਵਿਦੇਸ਼ੀ ਲੜਕੀਆਂ ਤੇ ਉਹਨਾਂ ਦੇ ਦੋ ਵਿਦੇਸ਼ੀ ਦਲਾਲ ਨੂੰ ਦਿਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਫੜਿਆ ਹੈ। ਇਹਨਾਂ ਲੜਕੀਆਂ 'ਚੋਂ ਕੁਝ ਕਾਮਨਵੈਲਥ ਗੇਮਜ਼ ਦੌਰਾਨ ਇਥੇ ਆਈਆਂ ਭਾਰਤੀ ਮੁਟਿਆਰਾਂ ਦੇ ਮੁਕਾਬਲੇ ਇਹ 30-40 ਫੀਸਦੀ ਵਧ ਪੈਸੇ ਲੈਂਦੀਆਂ ਹਨ ਤੇ ਇਕ ਮਹੀਨੇ 'ਚ ਦੋ ਲੱਖ ਤੱਕ ਕਮਾ ਲੈਂਦੀਆਂ ਹਨ। ਦਿਲੀ 'ਚ ਲਗਭਗ 150-200 ਦਲਾਲ ਹਨ। ਜੋ ਗੋਰੀ ਚਮੜੀ ਦਾ ਧੰਦਾ ਕਰਦੇ ਹਨ। ਇਸ ਕਾਲੇ ਕਾਰੋਬਾਰ ਨੂੰ ਜੁੜੀਆਂ ਵਿਦੇਸ਼ੀ ਆਂਟੀਆਂ ਖੁਦ ਹੀ ਧੰਦਾ ਚਲਾਉਣ 'ਚ ਯਕੀਨ ਕਰਦੀਆਂ ਹਨ। ਇਸ ਲਈ ਅਖਬਾਰਾਂ 'ਚ ਕਲਾਸੀਫਾਇਡ ਦੇ ਪੰਨੇ 'ਤੇ ਨੰਬਰਾਂ ਦੀ ਭਰਮਾਰ ਹੈ। ਜੋ ਪੂਰਨ ਸੰਤੁਸ਼ਟੀ ਦਾ ਦਾਅਵਾ ਕਰਦੇ ਹਨ। ਕ੍ਰਿਕਟ 'ਚ ਸੈਕਸ ਦਾ ਤੜਕਾ ਲੱਗ ਚੁੱਕਿਆ ਹੈ। ਵਿਸ਼ਵ ਕੱਪ ਦੌਰਾਨ ਫਾਰਮ ਹਾਊਸਾਂ ਤੇ ਹੋਟਲਾਂ 'ਚ ਨਵੀਂ ਕਿਸਮ ਦੀਆਂ ਪਾਰਟੀਆਂ ਹੋਣੀਆਂ ਹੁਣ ਆਈ ਪੀ ਐਲ ਨੂੰ ਲੈ ਕੇ ਕਾਫੀ ਉਤਸ਼ਾਹ ਹੈ। ਕਮਪੇਨੀਅਨ ਵਜੋਂ ਲੜਕੀਆਂ ਨੂੰ ਮੈਚ ਦੇ ਅਰਸੇ ਜਾਂ ਫਿਰ ਰਾਤ ਭਰ ਲਈ ਬੁਲਾਇਆ ਜਾ ਰਿਹਾ ਹੈ। ਇਕ ਪਾਰਟੀ ਲਈ 5-6 ਲੜਕੀਆਂ ਲਿਆਂਦੀਆਂ ਜਾਂਦੀਆਂ ਹਨ। ਜਿਸ ਲਈ 60 ਹਜ਼ਾਰ ਤੋਂ ਇੱਕ ਲੱਖ ਰੁਪਏ ਤਕ ਵਸੂਲੇ ਜਾਂਦੇ ਹਨ। ਇਸਕਾਰਟ ਏਜੰਸੀਆਂ ਨੇ ਕੰਮ ਕਰਨ ਦਾ ਆਪਣਾ ਅੰਜਾਮ ਬਦਲਿਆ ਹੈ। ਏਜੰਸੀਆਂ ਆਪਣੇ ਪੁਰਾਨੇ ਗਾਹਕਾਂ ਨੂੰ ਹੀ ਇੰਟਰਟ੍ਰੈਨ ਕਰ ਰਹੀਆਂ ਹਨ ਤੇ ਨਵੇਂ ਗਾਹਕ ਨੂੰ ਕਿਸੇ ਦੇ ਹਵਾਲੇ ਤੋਂ ਬਿਨਾਂ ਗੱਲ ਨਹੀਂ ਕੀਤੀ ਜਾਂਦੀ। ਜੇ ਇਸ ਨਾਲ ਜੁੜੇ ਕਾਨੂੰਨ ਨੂੰ ਵੇਖੀਏ ਤਾਂ ਉਸ 'ਚ ਸਜ਼ਾ ਦੀ ਸਖ਼ਤ ਵਿਵਸਥਾ ਨਹੀਂ ਹੈ। ਸੁਪਰੀਮ ਕੋਰਟ 'ਚ ਅਪਰਾਧਿਕ ਮਾਮਲਿਆਂ ਦੇ ਵਕੀਲ ਜੁਬੇਰ ਅਹਿਮਦ ਦਸਦੇ ਹਨ ਕਿ ਨਜਾਇਜ਼ ਦੇਹ ਕਾਨੂੰਨ (ITPC) ਨੂੰ ਭਾਰਤ ਵਿਚ ਪੁਨਰਵਾਸ ਦੇ ਨਜ਼ਰੀਏ ਨਾਲ ਬਣਾਇਆ ਗਿਆ ਹੈ। ਭਾਰਤੀ ਮਾਨਤਾ ਇਹ ਹੈ ਕਿ ਇਸ ਧੰਦੇ ਵਿੱਚ ਲੜਕੀਆਂ ਆਪਣੀ ਮਰਜ਼ੀ ਨਾਲ ਨਹੀਂ ਆਉਂਦੀਆਂ। ਉਹਨਾਂ ਨੂੰ ਜਬਰੀ ਧੱਕਿਆ ਜਾਂਦਾ ਹੈ। ਆਈ ਟੀ ਪੀ ਦੇ ਤਹਿਤ 2010 'ਚ ਦਿਲੀ 'ਚ 28 ਮਾਮਲੇ ਦਰਜ ਹੋਏ ਜਿਸ 'ਚ 96 ਲੋਕ ਗ੍ਰਿਫ਼ਤਾਰ ਕੀਤੇ ਗਏ। 2011 ਤੋਂ ਪਹਿਲਾਂ ਤਿੰਨ ਮਹੀਨਿਆਂ 'ਚ 9 ਮਾਮਲੇ ਦਰਜ ਹੋ ਚੁੱਕੇ ਹਨ। ਜਿਹਨਾਂ 'ਚ 32 ਗ੍ਰਿਫ਼ਤਾਰੀਆਂ ਹੋਈਆਂ ਹਨ। ਇਸ ਧੰਦੇ ਨੂੰ ਲਗਾਮ ਲੱਗਣੀ ਚਾਹੀਦੀ ਹੈ।

# ਓ. ਬੀ. ਸੀ. ਦੇ ਵਿਕਾਸ ’ਚ ਮਰਦਮ ਸ਼ੁਮਾਰੀ ਦਾ ਰੋਲ

ਹਰ ਨਾਗਰਿਕ ਨੂੰ 18 ਸਾਲ ਦੀ ਉਮਰ ’ਚ ਵੋਟਾ ਪਾਉਣ ਦਾ ਅਧਿਕਾਰ ਹੈ। ਇਸ ਲਈ ਹਰ ਸ਼ਹਿਰੀ ਦਾ ਗਿਣਤੀ ਜ਼ਰੂਰੀ ਹੈ ਪਰ ਇਸ ਦੇਸ਼ ’ਚ ਜਾਨਵਰਾਂ ਦੀ ਤਾਂ ਗਿਣਤੀ ਹੁੰਦੀ ਹੈ, ਓ. ਬੀ. ਸੀ. ਦੀ ਨਹੀਂ ਹੁੰਦੀ। ਗਿਣਤੀ ਤਾਂ ਖੁਸਰਿਆਂ ਦੀ, ਏਡਜ਼ ਦੇ ਮਰੀਜ਼ਾਂ ਦੀ, ਤਪਦਿਕ ਦੇ ਮਰੀਜ਼ਾਂ ਦੀ ਤੇ ਪਹਾੜਾਂ-ਨਦੀਆਂ ਆਦਿ ਦੀ ਵੀ ਹੁੰਦੀ ਹੈ ਪਰ ਓ. ਬੀ. ਸੀ. ਪਿਛੜਿਆਂ ਦੀ ਗਿਣਤੀ ਨਹੀਂ ਹੁੰਦੀ। ਕਾਰਨ ਓ. ਬੀ. ਸੀ. ਤੇ ਐਮ. ਬੀ. ਸੀ. ’ਚ ਚੇਤਨਾ ਦੀ ਘਾਟ ਹੈ, ਪਰ ਚੇਤਨਾ ਤਾਂ ਜਾਣਕਾਰੀ ਨਾਲ ਹੀ ਆਉਂਦੀ ਹੈ। ਗ਼ੁਲਾਮ ਭਾਰਤ ’ਚ 1931 ’ਚ ਜਾਤ ਅਧਾਰਤ ਜਨਗਣਨਾ ਹੋਈ ਸੀ। ਅਗ੍ਰੇਜ਼ਾਂ ਸਮੇਂ ਵੀ ਜਦ ਰਜਿਸਟਰਾਰ ਜਨਰਲ ਹੁੰਦੇ ਸਨ। ਉਹਨਾਂ ਵਲੋਂ 1872 ਤੋਂ 1940 ਤਕ ਜਨਗਣਨਾ ਕਰਵਾਈ ਜਾਂਦੀ ਰਹੀ। 1941 ’ਚ ਕਿਉਂਕਿ ਦੂਜੀ ਸੰਸਾਰ ਜੰਗ ਦੀ ਵਜਾਹ ਕਰਕੇ ਜਨਗਣਨਾ ਠੀਕ ਢੰਗ ਨਾਲ ਨਹੀਂ ਹੋ ਸਕੀ ਕਿਉਂਕਿ ਅੰਗ੍ਰੇਜ਼ੀ ਹਕੂਮਤ ਇਸ ਮਹਾਂਜੰਗ ’ਚ ਸ਼ਾਮਲ ਸੀ। ਇਸ ਲਈ 1941 ’ਚ ਓ. ਬੀ. ਸੀ. ਦੀ ਗਿਣਤੀ ਨਹੀਂ ਹੋ ਸਕੀ। ਇਸ ਲਈ ਆਖਰੀ ਜਨਗਣਨਾ 1931 ਦੇ ਅੰਕੜਿਆਂ ਦੀ ਹੀ ਵਰਤੋਂ ਹੁੰਦੀ ਹੈ। ਜਦਕਿ ਸਾਲ 1941 ’ਚ ਵੀ ਜਾਤੀ ਜਨਗਣਨਾ ਹੋਈ ਸੀ ਪਰ ਸੰਸਾਰ ਜੰਗ ਦੇ ਚਲਣ ਦੇ ਕਾਰਨ ਇਹ ਕੰਮ ਠੀਕ ਤਰ੍ਹਾਂ ਨਹੀਂ ਹੋਇਆ। 1948 ’ਚ ਜਨਗਣਨਾ ਕਾਨੂੰਨ ਦੇ ਤਹਿਤ 1951 ਤੋਂ 2001 ਤਕ ਦੀ ਜਨਗਣਨਾ ਕੀਤੀ ਗਈ। 2011 ਦੀ ਜਨਗਣਨਾ ਸ਼ੁਰੂ ਹੋਣ ਵਾਲੀ ਹੈ। 80 ਸਾਲ ਤਕ ਇਹ ਜਨਗਣਨਾ ਕਰਦੇ ਰਹੇ ਪਰ 60 ਸਾਲ ਤਕ ਜਾਤੀ ਅਧਾਰਤ ਜਨਗਣਨਾ ਨਹੀਂ ਕਰਵਾਈ ਗਈ। ਸਰਕਾਰ ਦਾ ਮੰਨਣਾ ਹੈ ਕਿ ਇਸ ਜਨਗਣਨਾ ਨਾਲ ਜਾਤੀਵਾਦ ਨੂੰ ਹੱਲਾਸੇਰੀ ਮਿਲੇਗੀ ਜੇ ਓ. ਬੀ. ਸੀ. ਨੂੰ ਉਹਨਾਂ ਦੀ ਗਿਣਤੀ ਪਤਾ ਲੱਗੇਗੀ ਤਾਂ ਉਹ ਲੋਕ (OBC) ਜਾਤੀਵਾਦ ’ਚ ਤਬਦੀਲ ਹੋ ਜਾਣਗੇ ਜੋ ਦੇਸ਼ ’ਚ ਬਹੁਤ ਵੱਡਾ ਖ਼ਤਰਾ ਬਣ ਸਕਦਾ ਹੈ ਪਰ ਅਸਲੀਅਤ ਤਾਂ ਇਹ ਹੈ ਕਿ ਖਤਰਾ ਤਾਂ ਪਹਿਲਾਂ ਵੀ ਹੈ ਪਰ ਉਹ ਦੇਸ਼ ਲਈ ਨਹੀਂ ਖਤਰਾ ਉਸ ਜਾਤੀਆਂ ਲਈ ਹੈ। ਬ੍ਰਾਹਮਣਵਾਦ ਦੇ ਧਾਰਨੀ ਲੋਕਾਂ ਨੂੰ ਇਹ ਪਤਾ ਹੈ ਕਿ ਜਦੋਂ ਓ. ਬੀ. ਸੀ. ਦੇ ਲੋਕਾਂ ਨੂੰ ਆਪਣੀ ਗਿਣਤੀ ਪਤਾ ਲੱਗੂ ਤਾਂ ਉਹ ਮੰਗ ਕਰਨਗੇ ਕਿ ਕੇਂਦਰੀ ਬਜਟ ’ਚ ਗਿਣਤੀ ਦੇ ਅਨੁਪਾਤ ਅਨੁਸਾਰ ਬਜਟ ਦੀ ਵਿਵਸਥਾ ਹੋਵੇ। ਓ. ਬੀ. ਸੀ. ਦੀ ਦੂਜੀ ਮੰਗ ਹੋਵੇਗੀ। 9 ਅਗਸਤ 1942 ਨੂੰ ਗਾਂਧੀ ਨੇ ਅੰਗ੍ਰੇਜ਼ ਖਿਲਾਫ਼ ‘ਭਾਰਤ ਛੱਡੋ’ ਅੰਦੋਲਨ ਚਲਾਇਆ ਅਤੇ ਹਾਲਤ ਅਜਿਹੀ ਪੈਦਾ ਹੋ ਗਈ ਕਿ 1931 ਪਿੱਛੋਂ ਦੇਸ਼ ਵਿੱਚ ਜਾਤੀਗਤ ਜਨਗਣਨਾ ਹੋ ਹੀ ਨਹੀਂ ਸਕੀ। ਗੁਲਾਮ ਦੇਸ਼ ’ਚ ਜਾਤੀ ਜਨਗਣਨਾ ਇਕ ਵਾਰ ਵੀ ਨਹੀਂ ਹੋ ਸਕੀ। ਐਸੀ, ਐਸਟੀ ਦੀ ਜਨਗਣਨਾ ਹੁੰਦੀ ਰਹਿੰਦੀ ਹੈ ਪਰ ਹੋਰ ਪਿਛੜੇ ਵਰਗ ਦੀ ਗਿਣਤੀ ਨਹੀਂ ਹੋਈ ਇਹੀ ਕਾਰਨ ਹੈ ਕਿ ਐਸ ਸੀ ਐਸ ਟੀ ਨੂੰ ਗਿਣਤੀ ਦੇ ਅਧਾਰਤ ਉਸ ਨੂੰ ਰਾਖਵਾਂਕਰਨ ਦਿੱਤਾ ਜਾਂਦਾ ਹੈ ਪਰ ਓ. ਬੀ. ਸੀ. ਗਿਣਤੀ 1931 ਦੀ ਜਨਗਣਨਾ ਦੇ ਅਧਾਰ ’ਤੇ ਹੀ 52 ਫੀਸਦੀ ਮੰਨ ਲਈ ਜਾਂਦੀ ਹੈ। ਇਹ ਅੰਕੜੇ ਉਸ ਸਮੇਂ ਦੇ ਹਨ ਜਦ ਭਾਰਤ-ਪਾਕਿ ਦੀ ਵੰਡ ਨਹੀਂ ਸੀ ਹੋਈ। ਉਸ ਸਮੇਂ ਮੁਸਲਮਾਨ ਵੀ ਭਾਰਤ ’ਚ ਗਿਣੇ ਗਏ ਸਨ।

ਉਸ ਵੇਲੇ ਅੰਕੜੇ 52 ਫੀਸਦੀ ਨੂੰ ਅੱਜ ਦਰਸਾਇਆ ਜਾ ਰਿਹਾ ਹੈ। ਉਹਨਾਂ ਨੂੰ ਦੱਸਿਆ ਗਿਆ ਕਿ ਮੰਡਲ ਕਮਿਸ਼ਨ ਨੇ ਭਾਰਤ 'ਚ ਓ. ਬੀ. ਸੀ. ਦੀਆਂ 3743 ਜਾਤੀਆਂ ਹੋਣ ਦਾ ਦਾਅਵਾ ਕੀਤਾ ਹੈ ਅਤੇ ਓ. ਬੀ. ਸੀ. ਦੀ ਗਿਣਤੀ 52 ਫੀਸਦੀ ਹੈ ਪਰ ਸਾਨੂੰ ਇਹ ਪਤਾ ਨਹੀਂ ਹੈ ਕਿ ਭਾਰਤ ਸਰਕਾਰ ਦੀ ਨੈਸ਼ਨਲ ਸਰਵੇ ਆਰਗੇਨਾਈਜੇਸ਼ਨ ਨਾਂ ਦੀ ਸੰਸਥਾ ਹੈ। ਜੋ ਸਾਲ ਸੈਂਪਲ ਸਰਵੇ ਕਰਦੀ ਹੈ ਤੇ ਗਲ ਗਲ ਤੇ ਭਾਰਤ ਸਰਕਾਰ ਦੇ ਅੰਕੜੇ ਪੇਸ਼ ਕਰਦੀ ਰਹਿੰਦੀ ਹੈ। ਜਨਗਣਨਾ ਤਾਂ ਹਰ ਦਸ ਸਾਲ 'ਤੇ ਹੁੰਦੀ ਹੈ। ਮਿਸਾਲ ਵਜੋਂ ਉਹਨਾਂ ਨੂੰ ਦੱਸਿਆ ਗਿਆ ਕਿ ਅਜੇ ਓ. ਬੀ. ਸੀ. ਦਾ ਸੈਂਪਲ ਸਰਵੇ ਹੋਇਆ ਹੈ ਉਸ ਨਾਲ ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ ਨੇ ਭਾਰਤ ਸਰਕਾਰ ਨੂੰ ਦੱਸਿਆ ਕਿ ਓ. ਬੀ. ਸੀ. ਦੀ ਅਬਾਦੀ ਸਿਰਫ਼ 41 ਫੀਸਦੀ ਹੈ। ਸਾਨੂੰ ਤਾਂ ਇਹ ਵੀ ਪਤਾ ਨਹੀਂ ਹੈ, ਕਿ ਅਸਲ 'ਚ ਓ. ਬੀ. ਸੀ. ਦੀ ਅਬਾਦੀ 52% ਜਾਂ 41% ਸਹੀ ਹੈ। ਮੰਡਲ ਕਮਿਸ਼ਨ ਨੇ 3743 ਜਾਤੀਆਂ ਦੀ ਗਿਣਤੀ 52% ਆਬਾਦੀ ਦੱਸੀ ਸੀ ਪਰ ਵੀ. ਪੀ. ਸਿੰਘ ਨੇ ਜਦ ਮੰਡਲ ਕਮਿਸ਼ਨ ਨੂੰ ਲਾਗੂ ਕੀਤਾ ਤਾਂ ਉਹਨਾਂ ਨੇ 3743 ਜਾਤੀਆਂ ਲਈ ਮਾਨਤਾ ਨਹੀਂ ਦਿੱਤੀ। ਉਹਨਾਂ ਨੇ ਇਸ ਦਾ ਐਲਾਨ ਕੀਤਾ ਪਰ ਸੁਪਰੀਮ ਕੋਰਟ 'ਚ ਇੰਦਰਾ ਸਹਨੀ ਵਿਰੁੱਧ ਯੂਨੀਅਨ ਸਟੇਟ ਆਫ ਇੰਡੀਆ 'ਚ 81 ਲੋਕਾਂ 'ਤੇ ਕੇਸ ਦਰਜ ਕੀਤਾ ਗਿਆ ਸੀ। ਇਸ ਫੈਸਲੇ 'ਚ ਸੁਪਰੀਮ ਕੋਰਟ ਦੇ ਨੌਂ ਜੱਜਾਂ ਦੇ ਬੈਂਚ ਨੇ ਇਹ ਕਿਹਾ ਕਿ ਅਸੀਂ ਮੰਡਲ ਕਮਿਸ਼ਨ ਦੇ ਅਮਲ ਲਈ ਹਰੀ ਝੰਡੀ ਤਾਂ ਦਿੰਦੇ ਹਾਂ ਪਰ ਸਾਡਾ ਇਹ ਮੰਨਣਾ ਹੈ ਕਿ 3743 ਜਾਤਾਂ ਦਾ ਜੋ ਅੰਕੜਾ ਹੈ। ਇਹਨਾਂ 'ਚ ਜੋ ਨਾਂ ਹਨ ਉਹਨਾਂ ਨੂੰ ਅਸੀਂ ਮਾਨਤਾ ਨਹੀਂ ਦਿੰਦੇ। ਯਾਨੀ ਹਰੇਕ ਸੂਬੇ ਦੀ ਜੋ ਓ. ਬੀ. ਸੀ. ਦੀ ਜੋ ਸੂਚੀ ਹੋਵੇਗੀ। ਉਸ 'ਚ ਅਤੇ ਮੰਡਲ ਦੀ ਲਿਸਟ 'ਚ ਜੋ ਜੋ ਜਾਤੀਆਂ ਦੇ ਨਾਂ ਇੱਕੋ ਜਿਹੇ ਹੋਣਗੇ ਉਹਨਾ ਨੂੰ ਹੀ ਅਸੀਂ ਮਾਨਤਾ ਦਿੰਦੇ ਹਾਂ। ਇਸ ਲਈ ਭਾਰਤ 'ਚ ਅੱਜ ਦੇ ਦਿਨ ਓ. ਬੀ. ਸੀ. ਦੇ ਮੰਡਲ ਕਮਿਸ਼ਨ ਅਤੇ ਰਾਜਾਂ ਦੀਆਂ ਸੂਚੀਆਂ ਦੀ ਸਾਂਝੀ ਲਿਸਟ 'ਚ 1998 ਜਾਤੀਆਂ ਦੀ ਗਿਣਤੀ ਹੈ। ਇਹ ਤਾਂ ਦੋ ਹਜ਼ਾਰ ਤੋਂ ਵੀ ਘੱਟ ਹੈ ਜਦ ਕਿ ਮੰਡਲ ਨੇ 3743 ਜਾਤੀਆਂ ਦੀ ਗਿਣਤੀ ਦੱਸੀ ਸੀ। ਜਨਗਣਨਾ ਨਾ ਕਰਾਉਣ ਲਈ ਵਿਉਂਤਬੰਦ ਤਰੀਕੇ ਨਾਲ ਸਾਜਿਸ਼ ਚਲਾਈ ਗਈ। ਸਤੰਬਰ 1946 ਨੂੰ ਦੇਸ਼ ਦੇ ਅੰਤਰਿਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਬਣੇ। 14 ਅਗਸਤ 1947 ਨੂੰ ਪਾਕਿਸਤਾਨ ਬਣਿਆ ਤੇ 15 ਅਗਸਤ 1947 ਨੂੰ 'ਭਾਰਤੀ ਆਗੂਆਂ' ਨੂੰ ਸੱਤਾ ਮਿਲੀ। ਇਕ ਦਿਨ ਪਹਿਲਾਂ ਹੀ ਪਾਕਿਸਤਾਨ ਨੂੰ 'ਅਜ਼ਾਦੀ' ਮਿਲੀ। ਇਸ ਦਾ ਮਤਲਬ ਇਹ ਹੋਇਆ ਕਿ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਪਾਰਲੀਮੈਂਟ 'ਚ ਆਉਣ ਤੋਂ ਪਹਿਲਾਂ ਵੀ ਯਾਨੀ 1946 ਵਿੱਚ ਹੀ ਬ੍ਰਾਹਮਣੀ ਸਦੀ ਸ਼ੁਰੂ ਹੋ ਚੁਕੀ ਸੀ। 1951 'ਚ ਭਾਰਤ ਦੀ ਜਨਗਣਨਾ ਹੋਣ ਵਾਲੀ ਸੀ ਪਰ ਪੰਡਿਤ ਜਵਾਹਰ ਲਾਲ ਨਹਿਰੂ ਜੋ ਕਸ਼ਮੀਰੀ ਬ੍ਰਾਹਮਣ ਪ੍ਰਧਾਨ ਮੰਤਰੀ ਹੋਣ ਕਰਕੇ ਭਾਰਤ 'ਚ ਹੋਰ ਪਿਛੜੀਆਂ ਜਾਤਾਂ ਦੀ ਜਨਗਣਨਾ ਨਹੀਂ ਹੋਈ। ਅਟਲ ਬਿਹਾਰੀ ਵਾਜਪਾਈ ਨੇ ਵੀ ਜਾਤੀ ਜਨਗਣਨਾ ਕਰਨੀ ਬੰਦ ਕਰ ਦਿੱਤੀ। ਬ੍ਰਾਹਮਣ ਲੋਕ ਇਸ ਗੱਲ ਤੋਂ ਹਮੇਸ਼ਾ ਡਰਦੇ ਸਨ ਕਿ ਜੇ ਜਾਤੀਗਣ ਜਨਗਣਨਾ ਸ਼ੁਰੂ ਹੁੰਦੀ ਹੈ ਤਾਂ ਸਭ ਤੋਂ ਵੱਡਾ ਖ਼ਤਰਾ ਪੈਦਾ ਹੋ ਜਾਵੇਗਾ। ਜਿਸ ਦਾ ਕਾਰਨ ਹੈ ਕਿ 1931 'ਚ ਮਰਦਸ਼ੁਮਾਰੀ ਨੇ ਰੀਪੋਟ ਦਿੱਤੀ

ਸੀ ਕਿ ਪੂਰੇ ਭਾਰਤ 'ਚ ਬ੍ਰਾਹਮਣਾਂ ਦੀ ਗਿਣਤੀ ਸਿਰਫ਼ 45 ਲੱਖ ਹੀ ਹੈ।

1931 'ਚ ਮਰਦਮ ਸ਼ੁਮਾਰੀ (ਜਾਤੀਗਤ) ਦੇ ਤਹਿਤ ਬ੍ਰਾਹਮਣਾ ਦੀ ਅਬਾਦੀ 45 ਲੱਖ ਦਰਸਾਈ ਗਈ ਸੀ। ਯਾਨੀ ਜਾਤੀਗਤ ਮਰਦਮ ਸ਼ੁਮਾਰੀ ਕਰਵਾਉਣੀ ਕਿੰਨੀ ਮਹੱਤਵਪੂਰਨ ਹੁੰਦੀ ਹੈ। ਜਿਨਾਂ ਲੋਕਾਂ ਦੀ ਗਿਣਤੀ ਸਿਰਫ਼ 45 ਲੱਖ ਹੈ। ਉਹਨਾਂ ਕੋਲ ਭਾਰਤ ਦੀ ਵਾਂਗਡੋਰ (ਹਕੂਮਤ) ਹੈ? 1931 'ਚ ਬ੍ਰਾਹਮਣਾ ਦੀ ਗਿਣਤੀ ਕਿੰਨੀ ਸੀ। ਉਹਨਾਂ ਦੀ ਆਮਦਨ ਤੇ ਮਲਕੀਅਤ ਕਿੰਨੀ ਸੀ? ਅਤੇ 2011 'ਚ ਹੁਣ ਬ੍ਰਾਹਮਣਾ ਦੀ ਮਲਕੀਅਤ ਕਿੰਨੀ ਹੈ? ਉਹਨਾਂ ਦੀ ਦਲਿਤਾਂ ਤੇ ਪਿਛੜੇ ਲੋਕਾਂ ਨਾਲ ਤੁਲਨਾ ਹੋਵੇਗੀ। ਫਿਰ ਤੁਲਨਾ ਦੇ ਅਧਾਰ ਤੇ ਸਮਝ 'ਚ ਆਵੇਗਾ ਕਿ 1947 ਤੋਂ ਪਿਛੋਂ ਵੀ ਬ੍ਰਾਹਮਣੀ ਦਲਾਲ ਸਰਮਾਏਦਾਰੀ ਕਿਸ ਤਰ੍ਹਾਂ ਸਾਧਨਾ ਤੇ ਜਾਇਦਾਦ ਉਪਰ ਕਾਬਜ ਹੈ। ਹਕੂਮਤੀ ਬ੍ਰਾਹਮਣ ਇਸ ਗੱਲੋਂ ਡਰਦੇ ਹਨ। ਜੇ ਜਾਤੀਗਤ ਮਰਦਮ ਸ਼ੁਮਾਰੀ ਹੁੰਦੀ ਹੈ ਤਾਂ ਖ਼ਤਰਾ ਬੜਾ ਹੋ ਜਾਵੇਗਾ। ਮੁਕਾਬਲਤਨ ਅਭਿਆਸ ਹੋਵੇਗੀ, ਬਹਿਸ ਵਟਾਂਦਰਾ ਹੋਵੇਗਾ। ਕੀਤੀ ਜਾਂਦੀ ਧੋਖਾਧੜੀ ਦੇ ਸਰਕਾਰੀ ਅੰਕੜੇ ਮੁਹੱਈਆ ਹੋ ਜਾਣਗੇ। 1961 ਤਕ ਪੰਡਿਤ ਨਹਿਰੂ ਪ੍ਰਧਾਨ ਮੰਤਰੀ ਸਨ। ਮਰਦਮ ਸ਼ੁਮਾਰੀ ਨਹੀਂ ਹੋਈ। 1981 ਤਕ ਇੰਦਰਾ ਗਾਂਧੀ ਦੀ ਹਕੂਮਤ ਰਹੀ ਤਾਂ ਵੀ ਮਰਦਮ ਸ਼ੁਮਾਰੀ ਨਹੀਂ ਹੋਈ। 1991 'ਚ ਪੰਡਿਤ ਪੀ. ਵੀ. ਨਰਸਿੰਮਾ ਰਾਓ ਪ੍ਰਧਾਨ ਮੰਤਰੀ ਸਨ ਤਾਂ 2001 'ਚ ਪੰਡਿਤ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤਾਂ ਵੀ ਮਰਦਮ ਸ਼ੁਮਾਰੀ ਨਹੀਂ ਹੋਈ। 2011 'ਚ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਅੱਜ ਦਾ ਅਸਲੀ ਪ੍ਰਧਾਨ ਮੰਤਰੀ ਜੋ ਸਭ ਤਰ੍ਹਾਂ ਦੇ ਰਾਜਸੀ ਦਿਸ਼ਾ ਨਿਰਦੇਸ਼ ਦਿੰਦਾ ਹੈ, ਬੰਗਾਲੀ ਬ੍ਰਾਹਮਣ ਹੈ। ਸਾਰੇ ਮਹੱਤਵਪੂਰਨ ਫੈਸਲੇ ਸਿਰਫ਼ ਬ੍ਰਾਹਮਣੀ ਦਲਾਲ ਸਰਮਾਏਦਾਰੀ ਹੀ ਲੈਂਦੀ ਹੈ। ਫੈਸਲਾ ਪਹਿਲਾ ਆਇਆ ਸੀ ਕਿ ਜਾਤੀਗਤ ਮਰਦਸ਼ੁਮਾਰੀ ਨਹੀਂ ਹੋਵਗੀ। ਮਿਸਾਲ ਦੇਣ ਲਈ ਉਹਨਾਂ ਨੇ ਤਾਮਿਲਨਾਡੂ ਹਾਈਕੋਰਟ ਦਾ ਫੈਸਲਾ ਕਿ ਓ. ਬੀ. ਸੀ. ਦੀ ਗਿਣਤੀ ਹੋਣੀ ਚਾਹੀਦੀ ਹੈ ਪਰ ਕੇਂਦਰ ਸਰਕਾਰ ਇਹ ਫੈਸਲਾ ਲਾਗੂ ਕਰਨ ਤੋਂ ਨਾਂਹ ਕਰਦੀ ਰਹੀ। ਜੇ ਫੈਸਲਾ ਹਕੂਮਤ ਦੇ ਹੱਕ 'ਚ ਹੋਵੇ ਤਾਂ ਉਹ ਤੁਰੰਤ ਲਾਗੂ ਕਰ ਦਿੱਤਾ ਜਾਂਦਾ ਹੈ। ਜੇ ਫੈਸਲਾ ਸਰਕਾਰ ਦੇ ਉਲਟ ਹੋਵੇ ਤਾਂ ਲਾਗੂ ਕਰਨ ਤੋਂ ਇਨਕਾਰ ਕਰਦੇ ਹਨ। ਦੇਸ਼ 'ਚ ਓ. ਬੀ. ਸੀ. ਦੀ ਗਿਣਤੀ ਤੇ ਜਾਤੀਗਤ ਮਰਦਮ ਸ਼ੁਮਾਰੀ ਹੋਣੀ ਚਾਹੀਦਾ ਹੈ। ਅਜਿਹਾ ਰਾਖਵੇਂਕਰਨ ਦੇ ਅਮਲ ਲਈ ਜ਼ਰੂਰੀ ਹੈ। ਓ. ਬੀ. ਸੀ. ਦਾ ਮਰਦਮ ਸ਼ੁਮਾਰੀ ਨਾਲ ਹੀ ਬ੍ਰਾਹਮਣਾ ਦੀ ਗਿਣਤੀ ਨਹੀਂ ਹੋਵੇਗੀ। ਇਸ ਲਈ ਜ਼ਰੂਰੀ ਹੈ ਕਿ ਸਭ ਜਾਤਾਂ ਦੀ ਗਿਣਤੀ ਹੋਵੇ ਤਾਂ ਹੀ ਪਤਾ ਲਗੂ ਕਹਿੰਦੀ ਕਿੰਨੀ ਗਿਣਤੀ ਹੈ। ਦੁਨੀਆਂ 'ਚ ਕਿਸੇ ਦੀ ਵੀ ਭਲਾਈ ਲਈ ਜਦ ਯੋਜਨਾ ਬਣਦੀ ਹੈ ਤਾਂ ਪਹਿਲਾਂ ਗਿਣਤੀ ਦਾ ਅੰਕੜਾ ਪਤਾ ਹੋਣਾ ਜ਼ਰੂਰੀ ਹੈ। ਫਿਰ ਉਸ 'ਚ ਕਿੰਨੇ ਪੜ੍ਹੇ ਲਿਖੇ ਹਨ। ਕਿੰਨੇ ਮੈਟ੍ਰਿਕ ਪਾਸ ਹਨ, ਕਿੰਨੇ ਬੀ. ਏ., ਐਮ. ਏ. ਹਨ ਤੇ ਅਣਪੜ੍ਹਾਂ ਦੀ ਗਿਣਤੀ ਕਿੰਨੀ ਹੈ ਤਾਂ ਹੀ ਇਹ ਜਾਣ ਕੇ ਯੋਜਨਾ ਠੀਕ ਤਰ੍ਹਾਂ ਬਣਦੀ ਹੈ। ਯੋਜਨਾ ਲਾਗੂ ਕਰਨ ਨਾਲ ਓ. ਬੀ. ਸੀ. ਨੂੰ ਰਾਹਤ ਮਿਲੇਗੀ ਪਰ ਇਸ ਦਾ ਮਤਲਬ ਹੈ ਕਿ ਕੁਝ ਲੋਕ ਓ. ਬੀ. ਸੀ. ਨੂੰ ਰਾਹਤ ਨਹੀਂ ਦੇਣਾ ਚਾਹੁੰਦੇ। ਇਸ ਲਈ ਓ. ਬੀ. ਸੀ. ਦੇ ਅੰਕੜੇ ਇਕੱਠੇ ਕਰਨ ਦਾ ਕੰਮ ਨਹੀਂ ਕੀਤਾ ਜਾ ਰਿਹਾ। ਹੁਣ ਓ. ਬੀ. ਸੀ. ਦੀਆਂ ਔਰਤਾਂ ਲਈ ਬਿੱਲ ਲਾਗੂ ਕੀਤਾ ਜਾ ਰਿਹਾ ਹੈ। ਪੂਨਾ ਐਕਟ ਦੇ ਅਧਾਰ 'ਤੇ ਓ. ਬੀ. ਸੀ. 'ਚ ਕੁਝ ਦਲਾਲ

ਤੇ ਪਿਛਾਖੜੀ ਪੈਦਾ ਹੋ ਗਏ ਹਨ। ਕਲ੍ਹ ਨੂੰ ਜੇ 30 ਫੀਸਦੀ ਓ. ਬੀ. ਸੀ. ਔਰਤਾਂ ਨੂੰ ਰਾਖਵਾਂਕਰਨ ਮਿਲ ਜਾਵੇ ਤਾਂ ਇਹਨਾਂ 'ਚ ਵੀ ਗਦਾਰ ਪੈਦਾ ਹੋ ਜਾਣਗੇ।

ਔਰਤਾਂ ਬਾਰੇ ਬਿੱਲ ਵੀ ਪੂਨਾ ਐਕਟ ਦੇ ਅਧਾਰ 'ਤੇ ਕੀਤਾ ਜਾ ਰਿਹਾ ਹੈ। ਦਲਿਤਾਂ ਦੀ ਗਿਣਤੀ ਭਾਵੇਂ ਹੁੰਦੀ ਆ ਰਹੀ ਹੈ ਪਰ ਉਹਨਾਂ ਲਈ ਭਲਾਈ ਯੋਜਨਾ, ਫਿਰ ਵੀ ਕੋਈ ਨਹੀਂ ਬਣਦੀ। ਇਸ ਦਾ ਕਾਰਨ ਹੈ ਪੂਨਾ ਪੈਕਟ ਰਾਹੀ ਦਲਾਲ ਤੇ ਗਦਾਰ ਪੈਦਾ ਹੋ ਗਏ ਹਨ। ਉਹ ਪਾਰਲੀਮੈਂਟ 'ਚ ਇਸ ਬਾਰੇ ਬਹਿਸ ਹੀ ਨਹੀਂ ਕਰਦੇ। ਪਿੱਛੇ ਜਿਹੇ ਹੀ ਅਜੋਕਾ ਬਜਟ 11 ਲੱਖ 8000 ਕਰੋੜ ਰੁਪਏ ਦਾ ਸੀ ਪਰ ਅਨਸੂਚਿਤ/ ਜਨਜਾਤੀਆਂ ਲਈ ਸਿਰਫ਼ 4500 ਕਰੋੜ ਵਿਕਾਸ ਲਈ ਅਲਾਟ ਕੀਤੇ ਗਏ ਕੁਲ ਬਜਟ ਦਾ ਇਹ ਸਿਰਫ਼ 0.38% ਹੋਇਆ ਪਰ ਸਹੀ ਅੰਕੜਾ ਸਿਰਫ਼ 0.26% ਹੀ ਹੋ ਸਕਦਾ ਹੈ। ਜੇ ਇਸ ਲਈ ਸੁਆਲ ਖੜ੍ਹਾ ਕਰ ਸਕਦਾ ਹੈ ਤਾਂ ਹਾਕਮ ਕਾਂਗਰਸ ਉਸ ਨੂੰ ਲੱਤ ਮਾਰ ਕੇ ਚੁੱਪ ਕਰਵਾ ਦੇਵੇਗੀ। ਏਨੀ ਭਿਆਨਕ ਹਾਲਤ ਸਿਰਫ਼ ਓ. ਬੀ. ਸੀ. ਕਰਕੇ ਹੋਈ ਕਿਉਂਕਿ ਬ੍ਰਾਹਮਣਾ ਦੇ ਪਾਲਣਹਾਰ ਅੱਜ ਵੀ ਸਾਡੇ ਓ. ਬੀ. ਸੀ. ਭਰਾ ਹੀ ਹਨ। ਅੱਜ ਦੇਸ਼ 'ਚ ਅੱਠ ਰਾਜਾਂ ਦੇ ਮੁਖ ਮੰਤਰੀ ਓ. ਬੀ. ਸੀ. ਹਨ ਪਰ ਉਹਨਾਂ ਦੀ ਹਿੰਮਤ ਨਹੀਂ ਹੈ ਕਿ ਉਹ ਓ. ਬੀ. ਸੀ. ਜਾਤੀ ਅਰਧ ਮਰਦਮ ਸ਼ੁਮਾਰੀ ਦੇ ਹੱਕ 'ਚ ਅਵਾਜ਼ ਉਠਾ ਸਕਣ। ਇਹ ਮੁਖ ਮੰਤਰੀ ਕਠਪੁਤਲੀ ਵਾਂਗੂੰ ਹਨ ਜਿਸ ਦਾ ਰੀਮੋਟ ਕਾਂਗਰਸ ਜਾਂ ਬੀ. ਜੇ. ਪੀ. ਹੈ। ਓ. ਬੀ. ਸੀ. ਦੇ ਮੁਖ ਮੰਤਰੀ ਬਣਾ ਕੇ ਉਹ ਆਮ ਚੋਣਾ ਜਿੱਤਣ 'ਚ ਸਫ਼ਲ ਹੋ ਸਕਦੇ ਹਨ। ਅੰਗ੍ਰੇਜ਼ ਵਿਦੇਸ਼ੀ ਹੋਣ ਦੇ ਬਾਵਜੂਦ ਜਾਤੀ ਅਧਾਰਤ ਮਰਦਮ ਸ਼ੁਮਾਰੀ ਪਰ ਅੱਜ ਦੇ ਹਾਕਮ ਅੰਗੇਜ਼ਾਂ ਤੋਂ ਵੀ ਮਾੜੇ ਸਾਬਤ ਹੋ ਰਹੇ ਹਨ ਜੋ ਜਾਤੀ ਅਧਾਰਤ ਮਰਦਮਸ਼ੁਮਾਰੀ ਵੀ ਨਾ ਕਰਵਾ ਸਕੇ। 1952 ਦੀ ਪਹਿਲੀ ਆਮ ਸਭਾ ਦੀ ਚੋਣ ਵੇਲੇ ਨਹਿਰੂ ਨੇ ਪੰਡਤਾਂ ਨੂੰ 60% ਟਿਕਟਾਂ ਦਿੱਤੀਆਂ ਅਤੇ 47% ਪੰਡਿਤ ਚੁਣੇ ਗਏ ਜਦ ਕਿ ਦਲਿਤ 22.5% ਉਦੋਂ ਬ੍ਰਾਹਮਣਾਂ ਦੀ ਅਬਾਦੀ ਸਿਰਫ਼ 45 ਲੱਖ ਸੀ। 3% ਬ੍ਰਾਹਮਣ 15% ਮੁਸਲਮਾਨਾਂ ਨੂੰ ਘੱਟ ਗਿਣਤੀ ਕਹਿੰਦੇ ਹਨ ਤੇ ਸਾਜਿਸ਼ ਤਹਿਤ ਮੁਸਲਮਾਨਾਂ ਨੂੰ ਭੜਕਾ ਕੇ 53% ਬਹੁਗਿਣਤੀ ਓ. ਬੀ. ਸੀ. ਨੂੰ ਹਿੰਦ ਕਹਿ ਕੇ ਧਾਰਮਿਕ ਧਰੁਵੀਕਰਣ ਕਰਦਾ ਰਹਿੰਦਾ ਹੈ ਜਿਸ ਨਾਲ ਓ. ਬੀ. ਸੀ. ਦੀ ਗਿਣਤੀ ਹਿੰਦੂਆਂ ਵਜੋਂ ਹੁੰਦੀ ਹੈ। ਬ੍ਰਾਹਮਣ ਜਾਤੀ ਮੀਡੀਆ ਰਾਹੀਂ ਪ੍ਰਚਾਰ ਕਰਦੀ ਰਹਿੰਦੀ ਹੈ ਕਿ ਜਾਤੀ ਅਧਾਰਤ ਮਰਦਮ ਸ਼ੁਮਾਰੀ ਨਾਲ ਦੇਸ਼ ਵੰਡਿਆ ਜਾਵੇਗਾ। ਅਜਿਹਾ ਕਰਨਾ ਗ਼ਲਤ ਹੈ ਕਿਉਂਕਿ 50 ਹਜ਼ਾਰ ਟੁਕੜੇ ਹੋ ਹੀ ਨਹੀਂ ਸਕਦੇ। ਇਸ ਦੀ ਮੁਖ ਵਜਾਹ ਹੈ ਕਿ ਇਸ ਦੇਸ਼ 'ਚ ਸਿਰਫ਼ ਬ੍ਰਾਹਮਣਾ ਦੀ ਤਰੱਕੀ ਹੋਈ ਹੋਰ ਕਿਸੇ ਦੀ ਨਹੀਂ, ਇਹ ਦੁਨੀਆਂ ਨੂੰ ਪਤਾ ਨਹੀਂ ਲਗਣਾ ਚਾਹੀਦਾ। ਇਸ ਜਾਤੀਗਤ ਗਿਣਤੀ ਤੋਂ ਇਹ ਭੱਜਦਾ ਹੈ। ਗਿਣਤੀ ਨਾ ਹੋਣ ਕਰਕੇ ਸਭ ਹਿੰਦੂ ਕਹਿ ਕੇ ਸੱਤਾ 'ਤੇ ਕਾਬਜ ਹੁੰਦਾ ਹੈ। ਗਿਣਤੀ ਨਾਲ ਓ. ਬੀ. ਸੀ. ਦੀ ਵੱਖਰੀ ਪਹਿਚਾਣ ਬਣੇਗੀ ਤੇ ਇਸ ਨਾਲ ਰਾਜਸੀ ਸਿੱਖਿਅਕ, ਸਮਾਜਿਕ ਤੇ ਸਭਿਆਚਾਰਕ ਬਦਲਾਅ ਆਵੇਗਾ। ਜਮਾਤ ਤੇ ਜਾਤ ਰਹਿਤ ਸਮਾਜ ਦੀ ਸਿਰਜਣਾ ਲਈ ਓ. ਬੀ. ਸੀ ਪਿਛੜਿਆਂ ਨੂੰ ਪਹਿਚਾਣ ਦੇਣੀ ਜ਼ਰੂਰੀ ਹੈ ਤਾਂ ਹੀ ਉਹ ਹਾਕਮ ਜਮਾਤ ਦੇ ਚੁੰਗਲ 'ਚੋਂ ਬਾਹਰ ਆਉਣ ਲਈ ਵਿਚਧਾਰਿਕ ਤੌਰ 'ਤੇ ਇਨਕਲਾਬੀ ਤਾਕਤਾਂ ਨਾਲ ਜੁੜਣ ਦੀ ਸੋਚਣਗੇ।

# ਰਾਖਵੇਂਕਰਨ ਦੀ ਫਸਲ ਕੱਟਣ ਵਾਲੇ ਕੀ ਸਹੀ ਹਨ?

ਪਿਛਲੇ ਦਿਨੀਂ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਜਾਟ ਫਿਰਕੇ ਦੇ ਲੋਕ ਰੇਲ ਪਟੜੀਆਂ ਅਤੇ ਸੜਕਾਂ ਉਪਰ ਸਨ। ਮੁਖ ਤੌਰ 'ਤੇ ਹਰਿਆਣਾ, ਉਤਰ ਪ੍ਰਦੇਸ਼ ਤੇ ਕੁਝ ਪੰਜਾਬ 'ਚ ਇਹ ਲੋਕ ਹੋਰ ਪਿਛੜੀਆਂ ਜਨ-ਜਾਤੀਆਂ (ਓ. ਬੀ. ਸੀ.) ਦੇ ਤਹਿਤ ਕੇਂਦਰ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ ਪੂਰੇ ਦੇਸ਼ ਪੱਧਰ 'ਤੇ ਰੁਜ਼ਗਾਰ ਦੇ ਵੱਧ ਮੌਕੇ ਕਰਵਾਏ ਜਾਣ। ਇਸ ਤੋਂ ਪਹਿਲਾਂ ਗੁਜਰ, ਮੀਣਾ ਆਦਿ ਫਿਰਕਿਆਂ ਦੇ ਲੋਕ ਵੀ ਰਾਖਵੇਂਕਰਨ ਦੀ 'ਲੜਾਈ' 'ਚ ਆਪਣਾ ਜੋਰ ਅਜਮਾ ਚੁੱਕੇ ਹਨ ਅਤੇ ਹੁਣ ਹਰਿਆਣੇ ਵਿੱਚ ਤਾਂ ਬ੍ਰਾਹਮਣ ਵੀ ਰਾਖਵੇਂਕਰਨ ਦੀ ਮੰਗ ਉਠਾ ਰਹੇ ਹਨ। ਕਈ ਵਾਰ ਤਾਂ ਖੁਦ ਰਾਜ ਸਰਕਾਰਾਂ ਤੇ ਖੇਤਰੀ ਚੋਣ ਪਾਰਟੀਆਂ ਵੀ ਆਪਣਾ ਵੋਟ ਬੈਂਕ ਖਿਸਕਣ ਦੇ ਡਰੋਂ ਰਾਖਵੇਂਕਰਨ ਦੀ ਮੰਗ ਉਠਾਉਣ ਵਾਲਿਆਂ ਦੇ ਪੱਖ 'ਚ ਨਜ਼ਰ ਆਏ। ਜਿਸ ਕਾਰਨ ਉਹਨਾਂ ਨੂੰ ਸੁਪਰੀਮ ਕੋਰਟ ਤੋਂ ਫਟਕਾਰ ਖਾਣੀ ਪਈ। ਸੋਚਣ ਦੀ ਗੱਲ ਇਹ ਵੀ ਹੈ ਕਿ ਜਿਹਨਾਂ ਲੋਕਾਂ ਨੂੰ ਐਸੀ (ਅਨਸੂਚਿਤ ਜਾਤੀ) ਬੀ ਸੀ (ਪਿਛੜੀ ਜਾਤੀ) ਤੇ ਐਸੀ (ਅਨਸੂਚਿਤ ਜਨਜਾਤੀ) ਦੇ ਤਹਿਤ ਰਾਖਵਾਂਕਰਨ ਮਿਲਿਆ ਹੋਇਆ ਹੈ। ਉਹਨਾਂ ਨੂੰ ਰੁਜ਼ਗਾਰ ਦੇ ਮੌਕੇ ਕਿੱਥੋਂ ਤਕ ਮੁਹੱਈਆ ਹਨ। ਪਿੰਡ 'ਚ ਰਹਿਣ ਵਾਲੇ ਸਾਰੇ ਪਿਛੜੇ ਵਰਗ ਦੇ ਲੋਕ ਜੋ ਜ਼ਿਆਦਾ ਮੌਸਮ ਖੇਤ ਮਜ਼ਦੂਰੀ ਕਰਦੇ ਹਨ, ਆਸ-ਪਾਸ ਦੇ ਸ਼ਹਿਰਾਂ 'ਚ ਦਿਹਾੜੀ, ਫੈਕਟਰੀ 'ਚ ਕੰਮ ਕਰਨ ਤੋਂ ਲੈ ਕੇ ਰਿਕਸ਼ਾ-ਰੇੜੀ ਚਲਾਉਂਦੇ ਹਨ। ਜਿਹਨਾਂ ਨੂੰ ਬਕਾਇਦਾ ਪਹਿਲਾਂ ਤੋਂ ਹੀ ਰਾਖਵਾਂਕਰਨ ਮਿਲਿਆ ਹੋਇਆ ਹੈ। ਉਹਨਾਂ ਨੂੰ ਰੁਜ਼ਗਾਰ ਦੇ ਮੌਕੇ ਕਿੱਥੇ ਮਿਲਦੇ ਹਨ? ਉਥੇ ਦੂਜੇ ਪਾਸੇ ਖਾਂਦੇ ਪੀਂਦੇ ਇਨਸਾਨ ਤੇ ਕੁਝ ਸਿੱਖਿਅਤ ਤਬਕੇ ਦੇ ਲੋਕਾਂ ਨੂੰ ਜਾਤੀ ਅਧਾਰ 'ਤੇ ਰਾਖਵੇਂਕਰਨ ਲਈ 'ਜਥੇਬੰਦ' ਕਰਨ 'ਚ ਲੱਗੇ ਹਨ। ਇਹ ਵੱਖਰੀ ਗੱਲ ਹੈ ਕਿ ਆਮ ਲੋਕ ਵੀ ਪੂਰੀ ਤਰ੍ਹਾਂ ਨਾਲ ਉਹਨਾਂ ਦੇ ਨਾਲ ਨਹੀਂ ਹਨ। ਇਕ ਪਾਸੇ ਜਿੱਥੇ ਰਾਖਵੇਂਕਰਨ ਦੀ ਅਗਵਾਈ ਕਰਨ ਵਾਲੇ ਦੇ ਨਿਸ਼ਾਨੇ ਖੁੰਝਦੇ ਜਾ ਰਹੇ ਹਨ। ਉਥੇ ਲੋਕ ਵੀ ਇਸ ਨੂੰ ਨਾਟਕ ਤੋਂ ਵੱਧ ਕੁਝ ਨਹੀਂ ਸਮਝ ਰਹੇ। ਚਾਹੇ ਝਸ਼ਪਾਲ ਮਲਿਕ ਹੋਵੇ ਜਾਂ ਹਵਾ ਸਿੰਘ ਸਾਂਗਵਾਨ ਹੋਵੇ ਜੋ ਜਾਟ ਰਾਖਵੇਂਕਰਨ ਦੇ ਝੰਡਾ ਬਰਦਾਰ ਬਣੇ ਹੋਏ ਹਨ ਜਾਂ ਬੈਂਸਲਾ ਤੋਂ ਲੈ ਕੇ ਬਾਕੀ ਸਾਰੇ ਦੂਜੇ ਲੋਕ ਜੋ 'ਜਾਤੀ' ਅਧਾਰ 'ਤੇ ਰਾਖਵੇਂਕਰਨ ਦੀ ਲੜਾਈ ਲੜ ਰਹੇ ਹਨ। ਸਭ ਦਾ ਕੰਮ ਲੋਕਾਂ ਨੂੰ ਗੁੰਮਰਾਹ ਕਰਨਾ ਹੀ ਹੈ। ਥੋੜਾ ਤੱਥਾਂ ਤੇ ਅੰਕੜਿਆਂ ਉਪਰ ਧਿਆਨ ਦੇ ਕੇ ਤਰਕ ਦੀ ਵਰਤੋਂ ਕਰਨ ਦੀ ਲੋੜ ਹੈ। ਗੱਲ ਬਿਲਕੁਲ ਸਾਫ਼ ਹੋ ਜਾਵੇਗੀ ਕਿ ਰਾਖਵਾਂਕਰਨ ਸਿਰਫ਼ ਇਕ ਨਾਟਕ ਹੀ ਕਿਉਂ ਹੈ। ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ ਕਿ ਕਿਵੇਂ ਪਬਲਿਕ ਸੈਕਟਰ ਨੂੰ ਖ਼ਤਮ ਕਰਨ ਲਈ ਹਰ ਚੀਜ਼ ਦਾ ਬਜ਼ਾਰੀਕਰਨ ਕੀਤਾ ਜਾ ਰਿਹਾ ਹੈ।

ਨਿੱਜੀ ਮਾਲਕੀ 'ਚ 90 ਫੀਸਦੀ ਦੇ ਕਰੀਬ ਕੰਮ ਦਿਹਾੜੀ, ਠੇਕਾ, ਪੀਸਰੇਟ ਆਦਿ 'ਤੇ ਕਰਵਾਇਆ ਜਾਂਦਾ ਹੈ। 7 ਤੋਂ 9 ਫੀਸਦੀ ਵਿਕਾਸ ਦਰ ਵਾਲੇ ਦੇਸ਼ 'ਚ ਲਗਭਗ 28 ਕਰੋੜ ਲੋਕ ਬੇਰੁਜ਼ਗਾਰ ਹਨ ਤਾਂ ਆਖਰ ਰਾਖਵੇਂਕਰਨ ਦੇ ਮਾਅਨੇ ਕੀ ਹਨ? ਦੂਜਾ ਜਿਹੜੀਆਂ ਜਾਤੀਆਂ ਲਈ ਰਾਖਵੇਂਕਰਨ ਦੀ ਮੰਗ ਹੋ ਰਹੀ ਹੈ (ਚਾਹੇ ਉਹ ਜਾਟ, ਗੁਜਰ, ਯਾਦਵ, ਮੀਣਾ ਕੋਈ ਵੀ ਹੋਵੇ) ਉਹਨਾਂ 'ਚ ਵੀ ਧਰੁਵੀਕਰਨ

ਜਾਰੀ ਹੈ। ਪੂੰਜੀ ਦੀ ਤੇਜ਼ ਰਫ਼ਤਾਰ ਨਾਲ ਭਾਰੀ ਅਬਾਦੀ ਨੂੰ ਉਜਾੜ ਕੇ ਮਜ਼ਦੂਰਾਂ, ਅਰਧ-ਮਜ਼ਦੂਰਾਂ ਦੀ ਕਤਾਰ 'ਚ ਖੜ੍ਹਾ ਕਰ ਰਹੀ ਹੈ ਤਾਂ ਇਸ ਵਿੱਚ ਵੀ ਵੱਡੇ ਕਿਸਾਨ, ਰਜਵਾੜੇ, ਜਾਗੀਰਦਾਰ ਹੀ ਦਲਾਲ ਸਰਮਾਏਦਾਰ ਬਣ ਕੇ ਮੁਨਾਫਾ ਬਟੋਰ ਰਹੇ ਹਨ। ਫਿਰ ਦੂਜੇ ਲੋਕਾ ਲਈ ਰਾਖਵੇਕਰਨ ਦਾ ਖਿਡੌਣਾ ਫੜ੍ਹਾਉਣ ਲਈ ਬਜਿਦ ਹਨ। ਅਜਿਹੇ 'ਚ ਸਾਫ਼ ਹੈ ਕਿ ਦੇਸ਼ ਦੇ ਆਮ-ਵਿਦਿਆਰਥੀਆਂ ਨੌਜਵਾਨਾਂ ਨੂੰ ਇਹਨਾਂ ਧੋਖੇਬਾਜਾਂ ਨੂੰ ਲਫਾਜੀ 'ਚ ਉਲਝਣ ਦੀ ਬਜਾਏ "ਸਭ ਨੂੰ ਬਰਾਬਰ ਤੇ ਮੁਫਤ ਸਿੱਖਿਆ ਤੇ ਕੰਮ ਕਰਨਯੋਗ ਹਰ ਬੰਦੇ ਲਈ ਰੁਜ਼ਗਾਰ ਦੇ ਬਰਾਬਰ ਮੌਕੇ" ਦਾ ਨਾਹਰਾ ਬੁਲੰਦ ਕਰਨਾ ਚਾਹੀਦਾ ਹੈ ਅਤੇ ਇਹ ਜਨਤਕ ਪੈਦਾਵਾਰ ਤੇ ਨਿੱਜੀ ਮਾਲਕੀ ਦੀ ਇਸ ਅਰਧ ਜਾਗੀਰੂ ਅਰਧ ਬਸਤੀਵਾਦੀ ਵਿਵਸਥਾ 'ਚ ਸੰਭਵ ਨਹੀਂ ਹੈ। ਭਾਵੇਂ ਹੀ ਇਹ ਵਿਵਸਥਾ ਖੁਦ ਨੂੰ ਕਿੰਨਾ ਹੀ ਲੋਕਰਾਜੀ ਤੇ ਜਮਹੂਰੀ ਦੱਸੇ। ਰਾਹ ਸਿਰਫ਼ ਇਕ ਹੀ ਹੈ। ਭਾਵੇਂ ਹੀ ਉਹ ਲੰਬਾ ਹੋਵੇ ਕਿ ਦੇਸ਼ ਦੀ 80-85 ਫੀਸਦੀ ਮਜ਼ਦੂਰ-ਅਰਧ ਮਜ਼ਦੂਰ ਅਬਾਦੀ ਨੂੰ ਲਾਮਬੰਦ ਕੀਤਾ ਜਾਵੇ ਅਤੇ ਇਕ ਅਜਿਹੇ ਸਮਾਜ ਲਈ ਅੱਗੇ ਆਇਆ ਜਾਵੇ ਜਿਸ 'ਚ ਸਭ ਨੂੰ ਵਿਕਾਸ ਦੇ ਇਕੋ ਜਿਹੇ ਮੌਕੇ ਮਿਲਣ ਤੇ ਪੈਦਾਵਾਰ ਜਨਤਕ ਹਿੱਤਾਂ ਲਈ ਹੋਵੇ। ਰਾਖਵੇਂਕਰਨ ਦੀ ਫਸਲ ਕੱਟਣ ਵਾਲਿਆਂ ਤੋਂ ਲੈ ਕੇ ਧਰਮ, ਖੇਤਰ, ਭਾਸ਼ਾ, ਜਾਤ ਆਦਿ ਦੇ ਨਾਂ ਹੇਠ ਲੜਣ ਵਾਲਿਆਂ ਨੂੰ ਇਸ ਰਾਹ ਤੋਂ ਲਗਾਤਾਰ ਲਾਂਭੇ ਕਰਨ ਦੀ ਲੋੜ ਹੈ, ਤਾਂ ਹੀ ਅਸੀਂ ਅੱਛੇ ਸਮਾਜ ਲਈ ਸਹੀ ਸ਼ੁਰੂਆਤ ਕਰ ਸਕਾਂਗੇ।

# ਕੀ ਭਾਰਤ ਦੀ ਸੱਤ ਫੀਸਦੀ ਅਬਾਦੀ ਮਨੋਰੋਗੀ ਹੈ?

ਮਨੋਵਿਗਿਆਨ ਦੇ ਮਾਹਰ ਹੋਣ ਦੇ ਬਾਵਜੂਦ ਡਾਕਟਰ ਅਨੁਮੋਦ ਖੁਰਾਣਾ ਆਪਣੀ ਪਤਨੀ ਤਿਲੋਤਮਾ ਦੀ ਪ੍ਰੇਸ਼ਾਨੀ ਸਮਝ ਨਹੀਂ ਸਕੇ ਸਨ। ਉਹਨਾਂ ਨੂੰ ਕਰੀਬ ਇਕ ਹਫ਼ਤੇ ਤੋਂ ਮਹਿਸੂਸ ਹੋ ਰਿਹਾ ਸੀ ਕਿ ਤਿਲੋਤਮਾ ਬੇਹੱਦ ਪ੍ਰੇਸ਼ਾਨ ਹੈ। ਤਿਲੋਤਮਾ ਮਾਰਟਿਨ ਐਂਡਸੰਸ ਕੰਪਨੀ 'ਚ ਚੀਫ਼ ਅਕਾਊਂਟੈਂਟ ਸੀ। ਐਤਵਾਰ ਦਾ ਦਿਨ ਹੋਣ ਕਰਕੇ ਅਨੁਮੋਦ ਨੇ ਸੋਚ ਰੱਖਿਆ ਸੀ ਕਿ ਅੱਜ ਉਹ ਤਿਲੋਤਮਾ ਤੋਂ ਪ੍ਰੇਸ਼ਾਨੀ ਦਾ ਕਾਰਨ ਪੁੱਛ ਕੇ ਹੀ ਰਹਿਣਗੇ। ਫ੍ਰੈਸ਼ਰ ਹੋਣ ਪਿਛੋਂ ਜਿਉਂ ਹੀ ਸਲੋਸ਼ਮਾ ਬੈੱਡ ਟੀ ਲੈ ਕੇ ਉਹਨਾਂ ਪਾਸ ਆਈ ਤਾਂ ਉਹਨਾਂ ਕਿਹਾ "ਕੀ ਗੱਲ ਹੈ ਤਿਲੋਸਮਾ। ਇਕ ਹਫ਼ਤੇ ਤੋਂ ਮੈਂ ਤੈਨੂੰ ਪ੍ਰੇਸ਼ਾਨ ਦੇਖ ਰਿਹਾ ਹਾਂ, ਜਦੋਂ ਤਕ ਮੈਂ ਤੇਰੇ ਕੋਲੋਂ ਕੁਝ ਪੁੱਛਦਾ ਨਹੀਂ ਤੂੰ ਆਪਣੀ ਪ੍ਰੇਸ਼ਾਨੀ ਦੱਸਦੀ ਨਹੀਂ ਹੋ।"

"ਅੱਜ ਕੱਲ੍ਹ ਤੁਸੀਂ ਵੀ ਤਾਂ ਵਿਦਿਆਰਥੀਆਂ ਦੇ ਪ੍ਰੋਜੈਕਟ ਲੈ ਕੇ ਪ੍ਰੇਸ਼ਾਨ ਹੋ।" ਮੁਸਕਰਾਉਂਦੇ ਹੋਏ ਤਿਲੋਸਮਾ ਉਸ ਨੂੰ ਚਾਹ ਦੀ ਪਿਆਲੀ ਦਿੰਦੀ ਹੋਈ ਬੋਲੀ।" ਏਲੀਜੋਂਸ ਨੇ ਮੂਡ ਖ਼ਰਾਬ ਕਰ ਰੱਖਿਆ ਹੈ "ਉਥੇ ਨਾ ਜੋ ਤੁਹਾਡੇ ਉਥੋਂ ਦੀ ਬ੍ਰਾਂਚ ਮੈਨੇਜਰ ਹੈ?" ਅਨੁਮੋਦ ਨੇ ਹੈਰਾਨੀ ਨਾ ਪੁੱਛਿਆ "ਉਸ ਨਾਲ ਤੇਰਾ ਕੀ ਵਾਹ-ਵਾਸਤਾ?" ਤੂੰ ਆਪਣੇ ਵਿਭਾਗ ਦੀ ਹੈੱਡ ਹੋ। ਉਸ ਨਾਲ ਤਾਂ ਤੈਨੂੰ ਕੋਈ ਮਤਲਬ ਹੀ ਨਹੀਂ ਹੈ।" "ਇਸੇ ਗੱਲ ਦਾ ਤਾਂ ਰੋਣਾ ਹੈ, ਉਸ ਸਬੰਧੀ ਪਹਿਲਾਂ ਵੀ ਮੈਂ ਤੁਹਾਨੂੰ ਦੱਸ ਚੁੱਕੀ ਹਾਂ।" ਏਨਾ ਕਹਿਣ ਪਿੱਛੋਂ ਚਾਹ ਦੀਆਂ ਦੋ ਤਿੰਨ ਚੁਸਕੀਆਂ ਲੈ ਕੇ ਉਹ ਬੋਲੀ "ਹਰ ਵਿਭਾਗ 'ਚ ਆਪਣੀ ਟੰਗ ਫਸਾਉਣਾ ਚਾਹੁੰਦੀ ਹੈ। ਹੁਣ ਇਹੀ ਦੇਖੋ, ਅਕਾਊਂਟਸ ਬਾਰੇ ਉਸ ਨੂੰ ਕੁਝ ਵੀ ਜਾਣਕਾਰੀ ਨਹੀਂ ਹੈ" ਮੇਰੇ ਕੋਲੋਂ ਰੀਪੋਟ ਡਾਇਰੇਕਟ ਗਰੁੱਪ ਚੇਅਰਮੈਨ ਕੋਲ ਜਾਂਦੀ ਹੈ। ਪ੍ਰੋਡਕਸ਼ਨ ਮੈਨੇਜਰ ਡੀ ਅਨੰਦ ਅਤੇ ਮਾਰਕਿਟਿੰਗ ਮੈਨੇਜਰ ਡੀ. ਐਸ. ਜੈਦੀ ਹਨ। ਇਹਨਾਂ ਦੋਹਾਂ ਦੀ ਕਾਰਜ ਪ੍ਰਣਾਲੀ ਇਕ ਦੂਜੇ 'ਤੇ ਨਿਰਭਰ ਹੈ। ਐਲੀਜੋਂਸ ਦਾ ਉਸ ਵਿਭਾਗ ਨਾਲ ਕੁਝ ਵੀ ਵਾਹ-ਵਾਸਤਾ ਨਹੀਂ ਬਣਦਾ ਹੈ ਅਤੇ ਨਾ ਹੀ ਉਹ ਪ੍ਰੋਡਕਸ਼ਨ ਤੇ ਸੇਲ ਸਬੰਧੀ ਕੁਝ ਜਾਣਦੀ ਹੈ ਫਿਰ ਵੀ ਉਹਨਾਂ ਤੋਂ ਪ੍ਰੋਡਕਸ਼ਨ ਰੀਪੋਟ ਅਤੇ ਸੇਲ ਰੀਪੋਟ ਵਿਖਾਉਣ ਨੂੰ ਕਹਿੰਦੀ ਹੈ।"

"ਉਸ ਦਾ ਨੇਚਰ ਆਫ਼ ਜਾਬ ਕੀ ਹੈ?" ਅਨੁਮੋਦ ਨੇ ਪੁੱਛਿਆ।

"ਉਸ ਦਾ ਕੰਮ ਆਫਿਸ ਮੈਂਟੇਨਸ ਦੇ ਨਾਲ ਹੀ ਆਫਸ ਪ੍ਰਬੰਦ ਵੀ ਹੈ ਪਰ ਉਹ ਆਪਣੇ ਆਪ ਨੂੰ ਸਭ ਦਾ ਬਾਸ ਸਮਝਦੀ ਹੈ। ਹੁਣ ਇਹੀ ਦੇਖੋ ਮੈਂ ਚੀਫ਼ ਅਕਾਊਂਟੈਂਟ ਹਾਂ ਅਤੇ ਆਪਣੇ ਵਿਭਾਗ ਦੀ ਹੈੱਡ ਵੀ। ਮੇਰੀ ਅਸਿਸਟੈਂਟ ਜੂਲੀ ਮੇਰੇ ਕੋਲੋਂ ਦੋ ਦਿਨਾਂ ਦੀ ਛੁੱਟੀ ਲੈ ਕੇ ਗਈ ਸੀ। ਆਫਿਸ ਜਾਇਨ ਕਰਨ 'ਤੇ ਉਹ ਜੂਲੀ ਨੂੰ ਝਿੜਕਣ ਲੱਗੀ ਤਾਂ ਉਸ ਨੇ ਉਸ ਨੂੰ ਕਿਉਂ ਨਹੀਂ ਦੱਸਿਆ। ਜਦ ਜੂਲੀ ਨੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਐਲਿਜੋਂਸ ਨੂੰ ਫ਼ੋਨ 'ਤੇ ਸਮਝਾਉਣਾ ਚਾਹਿਆ ਪਰ ਗੁੱਸੇ 'ਚ ਉਸ ਨੇ ਟੈਲੀਫ਼ੋਨ ਹੀ ਚਲਾ ਮਾਰਿਆ। "ਉਸ ਦੀ ਇਸ ਤਰ੍ਹਾਂ ਦੀ ਬਦਤਮੀਜ਼ੀ ਦੀ ਰੀਪੋਟ ਤੁਸੀਂ ਲੋਕ ਗਰੁੱਪ ਚੇਅਰਮੈਨ ਕੋਲ ਕਿਉਂ ਨਹੀਂ ਕਰਦੇ?" ਅਨੁਮੋਦ ਨੇ ਪੁੱਛਿਆ "ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਲਈ ਉਸ ਪਾਸ ਸਮਾਂ ਹੈ।" ਤਿਲੋਸਮਾ ਦੀ ਆਵਾਜ਼ 'ਚ ਗੰਭੀਰਤਾ ਸੀ। "ਜਿਸ ਕੰਪਨੀ ਦਾ ਮਹੀਨੇ 'ਚ ਕਰੋੜਾਂ ਰੁਪਏ ਦੀ

ਟਰਾਂਜੈਕਸ਼ਨ ਹੈ। ਚੀਫ਼ ਅਕਾਊਂਟੈਂਟ ਨੂੰ 10 ਲੱਖ ਰੁਪੈ ਤਕ ਅਦਾਇਗੀ ਕਰਨ ਦਾ ਅਧਿਕਾਰ ਹੈ। ਮਹੀਨੇ 'ਚ ਕਰੀਬ 10-12 ਦਿਨ ਗਰੁੱਪ ਚੇਅਰਮੈਨ ਵਿਦੇਸ਼ 'ਚ ਰਹਿੰਦੇ ਹਨ ਫਿਰ ਤੁਸੀਂ ਹੀ ਦੱਸੋਂ ਇਸ ਤਰ੍ਹਾਂ ਦੀ ਗੱਲਾਂ ਉਸ ਤੱਕ ਪਹੁੰਚਾਉਣੀਆਂ ਜਾਇਜ਼ ਹਨ?" "ਫਰਵਰੀ ਦਾ ਮਹੀਨਾ ਸ਼ੁਰੂ ਹੋ ਗਿਆ ਹੈ ਇੰਟਰਨਲ ਆਡਿਟ ਵੀ ਹੋਵੇਗਾ ਤੇ ਬੈਲੇਂਸ ਸ਼ੀਟ ਵੀ ਤਿਆਰ ਕਰਨੀ ਹੈ ਪਰ ਇਹ ਕੋਈ ਨਾ ਕੋਈ ਜੱਭ ਖੜ੍ਹਾ ਕਰ ਦਿੰਦੀ ਹੈ। ਆਪਣਾ ਕੰਮ ਤਾਂ ਠੀਕ ਤਰ੍ਹਾਂ ਕਰਦੀ ਨਹੀਂ। ਪੱਤਰ ਵਿਹਾਰ 'ਚ ਛੇ ਮੈਂਬਰ ਹਨ ਵੱਡਾ ਸਾਰਾ ਹਾਲ ਹੈ ਉਥੋਂ ਦੀਆਂ ਦੋ ਹੀ ਟਿਊਬ ਲਾਈਟਾਂ ਸਹੀ ਹਨ ਘੱਟ ਰੋਸ਼ਨੀ ਕਾਰਨ ਸਭ ਨੂੰ ਕੰਮ ਕਰਨ 'ਚ ਦਿੱਕਤ ਆਉਂਦੀ ਹੈ। ਪੂਰੇ ਹਾਲ 'ਚ ਪੱਖਾ ਵੀ ਇਕ ਹੀ ਹੈ। ਸਭ ਗਰਮੀ ਕਾਰਨ ਪ੍ਰੇਸ਼ਾਨ ਰਹਿੰਦੇ ਹਨ ਪਰ ਦੋ ਮਹੀਨਿਆਂ ਤੋਂ ਨਾ ਤਾਂ ਲਾਈਟ ਠੀਕ ਹੋਈ ਹੈ ਨਾ ਪੱਖਾ।"

"ਹੁਣ ਐਲਿਜੋਂਸ ਨੇ ਕੀ ਕਿਹਾ?" ਅਨੁਮੋਦ ਨੇ ਪੁੱਛਿਆ।

"ਕੀ ਦੱਸਾਂ ਉਸਦੀ ਕਹਾਣੀ" ਤਿਲੋਸਮਾ ਠੰਡਾ ਸਾਹ ਲੈ ਕੇ ਬੋਲੀ 2 ਫਰਵਰੀ ਦੀ ਗੱਲ ਹੈ। ਮਾਰਕਿੰਗ 'ਚ ਅਭੈ ਸਿੰਘ ਬਿਜਨਸ ਇਕਜ਼ੀਕੂਟਿਵ ਹੈ। 24 ਸਾਲ ਸਮਾਰਟ ਸੋਹਣਾ ਸਨੁੱਖਾ ਨੌਜਵਾਨ ਹੈ। ਦੋ ਮਹੀਨੇ ਪਹਿਲਾਂ ਜਾਇਨ ਕੀਤਾ ਹੈ। ਕੰਮ 'ਚ ਉਹ ਪ੍ਰੋਫੈਕਟ ਹੈ ਪਰ ਬੇਮਤਲਬ ਦੀਆਂ ਗੱਲਾਂ ਉਸ ਨੂੰ ਪਸੰਦ ਨਹੀਂ ਹਨ। ਇਸ ਕਾਰਨ ਐਲੀਜੋਂਸ ਨਾਲ ਦੋ ਵਾਰੀ ਉਸ ਦੀ ਲੜਾਈ ਹੋ ਚੁੱਕੀ ਹੈ। ਐਲੀਜੋਸ ਦੀ ਸਭ ਤੋਂ ਗੰਦੀ ਆਦਤ ਹੈ, ਦੂਜਿਆਂ ਦੇ ਕੰਮਾਂ 'ਚ ਟੰਗ ਫਸਾਉਣ ਦੀ ਅਤੇ ਜੇ ਕਿਸੇ ਨੇ ਉਸ ਦੀ ਗੱਲ ਕਟ ਦਿੱਤੀ ਤਾਂ ਤੂਫ਼ਾਨ ਖੜ੍ਹਾ ਕਰ ਦਿੰਦੀ ਹੈ।" ਚਾਹ ਖ਼ਤਮ ਕਰਨ ਪਿੱਛੋਂ ਤਿਲੋਸਮਾ ਫਿਰ ਬੋਲੀ "ਅਭੈ ਇੱਕ ਫਰਵਰੀ ਨੂੰ ਦਫ਼ਤਰ ਨਹੀਂ ਆਇਆ ਸੀ। ਜਦੋਂ ਤਿਲੋਸਮਾ ਨੇ ਉਸ ਤੋਂ ਇਸ ਸਬੰਧੀ ਪੁੱਛਿਆ ਤਾਂ ਉਹਨੇ ਕਿਹਾ, "ਮੈਡਮ ਤੁਹਾਨੂੰ ਇਸ ਨਾਲ ਕੀ ਮਤਲਬ?" ਮੇਰੀ ਇੰਚਾਰਜ ਮਿਸਟਰ ਜੈਦੀ ਹੈ। ਐਨਾ ਸੁਣਦਿਆਂ ਹੀ ਐਲੀਜੋਂਸ ਚੀਕਣ ਲੱਗੀ ਤੇ ਉਸ ਨੂੰ ਹਰਾਮੀ ਤਕ ਕਹਿ ਦਿੱਤਾ। ਗੁੱਸੇ 'ਚ ਅਭੈ ਦੇ ਇਸ ਨੇ ਪੇਪਰ ਵੇਟ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਆਨੰਦ ਨੇ ਮਸਾਂ ਮਾਮਲਾ ਸੁਲਝਾਇਆ। "ਇਕ ਵਾਰੀ ਤੂੰ ਦਸ ਰਹੀ ਸੀ ਕਿ ਜਿੰਨੀ ਜਲਦੀ ਉਹ ਕ੍ਰੋਧਿਤ ਹੁੰਦੀ ਹੈ, ਉਨੀ ਜਲਦੀ ਹੀ ਉਹ ਆਮ ਵਾਂਗ ਹੋ ਜਾਂਦੀ ਹੈ।" ਅਨੁਮੋਦ ਨੇ ਪੁੱਛਿਆ।

"ਯਾਰ ਏਲੀਜੋਂਸ ਦੇ ਚੱਕਰ 'ਚ ਸਾਡੀ ਚਾਹ ਬਰਬਾਦ ਹੋ ਗਈ।" ਤਿਲੋਸਮਾ ਨੇ ਮੁਸਕਰਾਉਂਦੇ ਹੋਏ ਕਿਹਾ, "ਮੈਂ ਚਾਹ ਬਣਾ ਕੇ ਲਿਆਉਂਦੀ ਹਾਂ ਫਿਰ ਅੱਗੇ ਦੀ ਕਹਾਣੀ ਦੱਸਦੀ ਹਾਂ।" ਕਰੀਬ ਅੱਧੇ ਘੰਟੇ ਪਿੱਛੋਂ ਤਿਲੋਸਮਾ ਚਾਹ ਲੈ ਕੇ ਆਈ ਅਤੇ ਮੁਸਕਰਾਉਂਦੇ ਹੋਏ ਪੁੱਛ ਬੈਠੀ "ਤੁਹਾਨੂੰ ਪ੍ਰੇਸ਼ਾਨ ਵੇਖਿਆ ਤਾਂ ਪੁੱਛ ਲਿਆ, "ਤੁਸੀਂ ਏਲੀਜੋਂਸ 'ਚ ਐਨੀ ਰੁੱਚੀ ਕਿਉਂ ਲੈ ਰਹੇ ਹੋ, ਕੀ ਉਸ 'ਤੇ ਕੋਈ ਪ੍ਰੋਜੈਕਟ ਤਿਆਰ ਕਰਨਾ ਹੈ?" "ਏਲੀਜੋਂਸ ਤੋਂ ਮੈਂ ਕੀ ਲੈਣਾ-ਦੇਣਾ? ਅਨੁਮੋਦ ਨੇ ਵੀ ਮੁਸਕਰਾਉਂਦੇ ਹੋਏ ਕਿਹਾ, "ਤੁਹਾਨੂੰ ਪ੍ਰੇਸ਼ਾਨ ਵੇਖਿਆ ਤਾਂ ਪੁੱਛ ਬੈਠਾ" "ਚਾਹ ਪਹਿਲਾਂ ਪੀ ਲਉ ਫੇਰ ਦਸਦੀ ਹਾਂ ਪਿਛੋਂ ਤਿਲੋਸਮਾ ਨੇ ਕਿਹਾ "ਕਦੀ ਕਦੀ ਤਾਂ ਉਹ ਫਰਿਸ਼ਤੇ ਵਾਂਗੂੰ ਲੱਗਦੀ ਹੈ, ਉਸ ਦਾ ਵਰਤਾਅ ਸਮਝ 'ਚ ਨਹੀਂ ਆਉਂਦਾ। ਸਾਡੇ ਇੱਥੇ ਦੇ ਕਲੱਰਕ ਦਿਨੇਸ਼ ਮਾਥਰ ਹਨ, ਇਥੇ ਇਕੱਲੇ ਰਹਿੰਦੇ ਹਨ। ਉਹਨਾਂ ਦਾ ਮੋਟਰਸਾਈਕਲ ਨਾਲ ਐਕਸੀਡੈਂਟ ਹੋ ਗਿਆ ਸੀ। ਖ਼ਬਰ ਮਿਲਣ 'ਤੇ ਏਲੀਜੋਂਸ ਉਹਨਾਂ ਨੂੰ ਨਰਸਿੰਗ ਹੋਮ ਲੈ ਗਈ। ਉਸਦਾ

ਇਲਾਜ਼ ਕਰਵਾਇਆ ਫਿਰ ਉਹਨਾਂ ਦੇ ਘਰ ਵਾਲਿਆਂ ਨੂੰ ਖ਼ਬਰ ਕੀਤੀ। ਜਦੋਂ ਤੱਕ ਮਾਥੁਰ ਦੇ ਘਰ ਵਾਲੇ ਨਹੀਂ ਆਏ ਉਦੋਂ ਤੱਕ ਦਿਨ-ਰਾਤ ਨਰਸਿੰਗ ਹੋਮ 'ਚ ਰਹੀ। ਇਸ ਕਾਰਨ ਉਸ ਨੂੰ ਛੁੱਟੀ ਕਰਨੀ ਪਈ। ਜਦ ਚਾਰ ਦਿਨਾਂ ਦੇ ਉਸ ਦੀ ਤਨਖਾਹ ਕੱਟਣ ਲੱਗੇ ਤਾਂ ਮੈਂ ਉਸ ਨੂੰ ਅਡਜਸਟ ਕਰਨਾ ਚਾਹਿਆ ਪਰ ਉਹ ਸਪਸ਼ਟ ਸ਼ਬਦਾਂ ਵਿੱਚ ਉਸ ਨੂੰ ਲੈਣ ਤੋਂ ਇਨਕਾਰ ਕਰਦਿਆਂ ਬੋਲੀ "ਤਿਲੋਸਮਾ ਮੈਮ, ਇਹ ਬੇਇਮਾਨੀ ਹੈ। ਮੈਂ ਆਪਣੇ ਇਸ਼ੂ ਨੂੰ ਕੀ ਜੁਆਬ ਦਿਆਂਗੀ? ਪੀਕੇ ਸਿੰਘ ਨੂੰ ਆਪਣੀ ਬੇਟੀ ਦੀ ਸ਼ਾਦੀ ਵਕਤ 20 ਹਜ਼ਾਰ ਰੁਪਏ ਦੀ ਲੋੜ ਪਈ। ਕੰਪਨੀ ਤੋਂ ਅਡਵਾਂਸ ਨਹੀਂ ਮਿਲ ਸਕਿਆ ਤਾਂ ਐਲੀਜੋਂਸ ਨੇ ਉਹਨਾਂ ਦੀ ਮਦਦ ਕੀਤੀ।"

ਥੋੜ੍ਹੀ ਦੇਰ ਠਹਿਰ ਕੇ ਤਿਲੋਸਮਾ ਨੇ ਕਿਹਾ, "ਐਲੀਜੋਂਸ ਦਾ ਵਿਹਾਰ ਸਮਝ 'ਚ ਨਹੀਂ ਆਉਂਦਾ। ਸਾਡੇ ਸ਼ਿਵ ਜੀ ਦੀ ਤਰ੍ਹਾਂ ਕਦੀ ਉਹ ਤਾਂਡਵ ਕਰਨ ਲੱਗਦੀ ਹੈ ਤਾਂ ਕਦੀ ਗੰਗਾ ਵਾਂਗੂੰ ਨਿਰਮਲ ਹੋ ਜਾਇਆ ਕਰਦੀ ਹੈ।" "ਤਿਲੋਸਮਾ ਦੋ ਸਾਲਾਂ ਤੋਂ ਤੂੰ ਐਲੀਜੋਂਸ ਨਾਲ ਕੰਮ ਕਰ ਰਹੀ ਹੈ ਪਰ ਅਜੇ ਤੱਕ ਤੂੰ ਉਸ ਨੂੰ ਪਹਿਚਾਣ ਨਹੀਂ ਸਕੀ। ਤੁਹਾਡੀ ਗੱਲ ਤੋਂ ਇਹੀ ਲੱਗਦਾ ਹੈ ਕਿ ਇਹ ਮਾਨਸਿਕ ਰੋਗੀ ਹੈ। ਉਸ ਦੀ ਸਖਸ਼ੀਅਤ ਦੋਹਰੀ ਹੈ। ਜਿਸ ਨੂੰ ਡਾਕਟਰੀ ਭਾਸ਼ਾ 'ਚ ਮਲਟੀਪਲ ਪਰਸਨੈਲਟੀ ਡਿਸ ਆਰਡਰ ਕਹਿੰਦੇ ਹਨ। ਇਸ ਨੂੰ ਸੀਲਿਟ ਪ੍ਰਸਨੈਲਟੀ ਵੀ ਕਿਹਾ ਜਾਂਦਾ ਹੈ। ਅਨੁਮੋਦ ਦੀਆਂ ਗੱਲਾਂ ਸੁਣਕੇ ਤਿਲੋਸਮ ਮਾਖੌਲ ਕਰਨ ਵਾਲੇ ਭਾਵ ਨਾਲ ਬੋਲੀ, "ਯਾਰ ਹਰ ਥਾਂ ਤੁਸੀਂ ਆਪਣਾ ਮਨੋਵਿਗਿਆਨ ਪਾਉਂਦੇ ਹੋ। ਜੇ ਐਲੀਜੌਂਸ ਦਾ ਵਿਅਕਤੀਤਵ ਚਿਹਰਾ ਹੈ ਤਾਂ ਉਸ ਨੂੰ ਬਾਈਪੋਲਰ ਡਿਸ ਆਰਡਰ ਕਿਉਂ ਨਹੀਂ ਕਿਹਾ ਜਾਂਦਾ?" "ਮਲਟੀਪਲ ਪਰਸਨੈਲਟੀ ਡਿਸਆਡਰ ਤੇ ਬਾਈਪੋਲਰ ਡਿਸਆਡਰ 'ਚ ਕਾਫ਼ੀ ਫ਼ਰਕ ਹੈ। ਇਸ ਸਬੰਧੀ ਮੈਂ ਤੁਹਾਨੂੰ ਵਿਸਥਾਰ 'ਚ ਦਸੂੰਗਾ" ਅਨੁਮੋਦ ਨੇ ਕਿਹਾ। ਅਨੁਮੋਦ ਨੇ ਤਲਿਸਮਾ ਨੂੰ ਮਲਟੀ ਪਰਸਨੈਲਟੀ ਡਿਸਆਡਰ ਤੇ ਬਾਈਪੋਲਰ ਡਿਸਆਡਰ ਸਬੰਧੀ ਜੋ ਜਾਣਕਾਰੀ ਦਿੱਤੀ ਉਹ ਵਿਸਥਾਰ ਸਾਹਿਤ ਹੇਠਾਂ ਦੱਸੀ ਜਾ ਰਹੀ ਹੈ।

ਮਲਟੀ ਪਰਸਨੈਲਟੀ ਡਿਸਆਰਡਰ :- ਇਹ ਕਿਸੇ ਹਾਦਸੇ ਜਾਂ ਬਚਪਨ 'ਚ ਹੋਈ ਕਿਸੇ ਦੁਰਘਟਨਾ ਕਾਰਨ ਹੁੰਦਾ ਹੈ। ਇਸ ਵਿੱਚ ਬੰਦੇ ਨੂੰ ਸਮੇਂ ਦਾ ਗਿਆਨ ਨਹੀਂ ਹੁੰਦਾ ਅਤੇ ਜਦ ਉਹਨਾਂ ਦਾ ਇੱਕ ਰੂਪ ਸਾਹਮਣੇ ਆਉਂਦਾ ਹੈ ਤਾਂ ਦੂਜੇ ਰੂਪ ਦਾ ਉਹਨਾਂ ਨੂੰ ਗਿਆਨ ਨਹੀਂ ਹੁੰਦਾ। ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਉਹਨਾਂ ਦੇ ਦੋਨੋ ਰੂਪ ਭਾਵ ਦੋਹਰੀ ਸਖ਼ਸ਼ੀਅਤ ਅਸਧਾਰਨ ਹੀ ਹੁੰਦਾ ਹੈ। ਗੁੱਸੇ ਵਾਲੀ ਸਥਿਤੀ ਵਿਚ ਵੀ ਇਹ ਅਸਧਾਰਨ ਹੁੰਦੇ ਅਤੇ ਸਹਿਯੋਗਾਤਮਕ ਵਿਵਸਥਾ ਵਿੱਚ ਵੀ ਇਹ ਅਸਧਾਰਨ ਰਹਿੰਦੇ ਯਾਨੀ ਹਰ ਰੂਪ 'ਚ ਇਹ ਬੀਮਾਰ ਹੁੰਦੇ ਹਨ। ਇਸ ਦੇ ਰੋਗੀ ਆਮ ਹਾਲਤ 'ਚ ਰਹਿੰਦੇ ਹੀ ਨਹੀਂ ਹਨ। ਇਲਾਜ ਪਿੱਛੋਂ ਹੀ ਇਹ ਆਮ ਵਾਂਗ ਹੋ ਸਕਦੇ ਹਨ। ਇਸ ਬੀਮਾਰੀ ਦੇ ਮੁੱਖ ਲੱਛਣ ਡਿਪਰੇਸ਼ਨ, ਫੋਬੀਆ, ਸ਼ਕ 'ਚ ਪਏ ਰਹਿਣਾ, ਘਬਰਾਹਟ ਤੇ ਹਮਲਾਵਰ ਹੁੰਦੇ ਹਨ। ਇਥੇ ਇਹ ਦੱਸਣਾ ਲਾਜ਼ਮੀ ਹੈ ਕਿ ਹਮਲਾਵਰਤਾ ਦੋ ਕਿਸਮ ਦੀ ਹੁੰਦੀ ਹੈ। ਪਹਿਲੀ ਦੁਸ਼ਮਣਾਨਾ ਹਮਲਾਵਰਤਾ ਜੋ ਗੁੱਸੇ ਤੋਂ ਵਧਦੀ ਫੁਲਦੀ ਹੈ ਅਤੇ ਇਸ ਦਾ ਮਕਸਦ ਦੂਜਿਆਂ ਨੂੰ ਜ਼ਖ਼ਮੀ ਕਰਨਾ ਹੁੰਦਾ ਹੈ। ਦੂਜੀ ਹੁੰਦੀ ਹੈ ਔਜਾਰ ਵਜੋਂ ਵਰਤੀ ਜਾਣ ਵਾਲੀ ਹਮਲਾਵਰਤਾ। ਇਸ ਵਿੱਚ ਹਮਲਾਵਰਤਾ ਨੂੰ ਹਥਿਆਰ ਬਣਾ ਕੇ ਕੋਈ ਮਕਸਦ ਹੱਲ ਕੀਤਾ ਜਾਂਦਾ ਹੈ। ਮਿਸਾਲ ਵਜੋਂ ਐਲੀਜੋਂਸ ਨੂੰ ਹੀ ਲੈ ਸਕਦੇ

ਹਾਂ। ਉਹ ਚੀਕਾਂ ਮਾਰ ਕੇ ਦੂਜੇ ਨੂੰ ਦਬਾਉਣਾ ਚਾਹੁੰਦੀ ਹੈ ਪਰ ਜਦ ਪਲੜਾ ਭਾਰੀ ਪੈਣ ਲਗਦਾ ਹੈ ਤਾਂ ਉਹ ਝੁਕ ਜਾਂਦੀ ਹੈ। ਇਥੇ ਇਕ ਹੋਰ ਗੱਲ ਦਸਣੀ ਬਹੁਤ ਜ਼ਰੂਰੀ ਹੈ ਕਿ ਮਲਟੀ ਪਰਸਨੈਲਟੀ ਡਿਸ ਆਡ ਨਾਲ ਪੀੜਤ ਬੰਦਾ ਆਪਣੇ ਆਪ ਨੂੰ ਸਭ ਤੋਂ ਵੱਡਾ ਖੁਸ਼ਹਾਲ ਤੇ ਹੁਸ਼ਿਆਰ ਸਮਝਦਾ ਹੈ, ਦੂਜਿਆਂ ਦੇ ਮੁਕਾਬਲੇ। ਆਪਣੇ ਸਹਿਯੋਗੀਆਂ ਨੂੰ ਵੀ ਉਹ ਨੀਵਾਂ ਹੀ ਵੇਖਦਾ ਹੈ। ਇਸ ਕਾਰਨ ਉਹ ਮਦਦ ਕਰਨ ਦਾ ਕੋਈ ਵੀ ਮੌਕਾ ਗੁਆਉਣਾ ਨਹੀਂ ਚਾਹੁੰਦਾ ਸਹਿਯੋਗ ਕਰਕੇ ਉਹ ਬੰਦਾ ਉਸ ਨੂੰ ਉਸ ਦਾ 'ਭਗਵਾਨ' ਸਮਝਣ ਲੱਗਦਾ ਹੈ। ਕਦੀ-ਕਦੀ ਉਸ ਦੀ ਮਾਨਸਿਕ ਹਾਲਤ ਏਨੀ ਖ਼ਰਾਬ ਹੋ ਜਾਂਦੀ ਹੈ ਕਿ ਉਹ ਆਪਣੀ ਚਮੜੀ ਤਕ ਕੱਟ ਲੈਂਦੇ ਹਨ ਤੇ ਖੁਦ ਦਾ ਵਗਦਾ ਖ਼ੂਨ ਵੇਖ ਕੇ ਖੁਸ਼ ਵੀ ਹੁੰਦੇ ਹਨ। ਉਹਨਾਂ ਨੂੰ ਚੱਕਰ ਆਉਣ, ਸਰੀਰ 'ਚ ਦਰਦ ਤੇ ਦਿਨ ਭਰ ਭੁੱਖ ਲੱਗਣ ਦੀ ਸ਼ਕਾਇਤ ਰਹਿੰਦੀ ਹੈ। ਮਲਟੀਪਰਸਨੈਲਟੀ ਡਿਸਆਰਡਰ ਦੇ ਇਲਾਜ ਦੀ ਮੁਢਲਾ ਇਲਾਜ ਹਿਪਨੋਸਿਸ ਥੈਰਪੀ ਦੀ ਵਰਤੋਂ ਹੁੰਦੀ ਹੈ। ਮਨੋਰੋਗ ਡਾਕਟਰ ਇਸ ਦੇ ਇਲਾਜ ਲਈ ਮੈਡੀਕੇਸ਼ਨ ਨੂੰ ਤਰਜੀਹ ਨਹੀਂ ਦਿੰਦੇ ਹਨ। ਇਲਾਜ ਦੌਰਾਨ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਅਕਤੀ ਅਸਲੀ ਜੀਵਨ ਨੂੰ ਸਦਮੇ ਨਾਲ ਜੋੜ ਕੇ ਨਾ ਵੇਖੇ। ਇਸ ਦੇ ਇਲਾਜ 'ਚ ਕਾਫੀ ਸਮਾਂ (ਕਰੀਬ ਇਕ-ਦੋ ਸਾਲ) ਲੱਗ ਜਾਂਦਾ ਹੈ ਪਰ ਲਗਾਤਾਰ ਇਲਾਜ ਕਰਵਾਇਆ ਜਾਵੇ ਤਾਂ ਰੋਗੀ ਲਾਜਮੀ ਠੀਕ ਹੋ ਜਾਵੇਗਾ।

ਬਾਈਪੋਲਰ ਡਿਸਆਡਰ - ਬਾਈ ਪੋਲਰ ਡਿਸਆਡਰ ਸਬੰਧੀ ਦੱਸਣ ਲਈ ਇਕ ਘਟਨਾ ਦਾ ਵਰਨਣ ਕਰਨਾ ਜ਼ਰੂਰੀ ਹੈ। ਮੇਰੇ ਗੁਆਂਢ 'ਚ ਸੰਤੋਖ ਸਿੰਘ ਰਹਿੰਦੇ ਹਨ। ਉਹ ਬੈਂਕ 'ਚ ਮੈਨੇਜਰ ਸਨ। ਉਸ ਦੀ 18 ਸਾਲ ਬੇਟੀ ਦੀਕਸ਼ਾ ਨੂੰ ਬਾਹਰਵੀਂ ਦੇ ਬੋਰਡ 'ਚ 87 ਫੀਸਦੀ ਅੰਕ ਆਏ। ਪਤਾ ਸਾਨੂੰ ਵੀ ਸੀ ਕਿ ਦੀਕਸ਼ਾ ਪੜ੍ਹਾਈ 'ਚ ਹੁਸ਼ਿਆਰ ਹੈ। ਉਸ ਨੇ ਇੰਜਨੀਰਿੰਗ 'ਚ ਦਾਖਲਾ ਲੈ ਲਿਆ ਪਰ 7-8 ਕਲਾਸਾਂ ਪਿੱਛੋਂ ਉਸ ਨੇ ਕਿਹਾ ਕਿ ਉਸ ਦਾ ਮਨ ਇਸ ਪੜ੍ਹਾਈ 'ਚ ਨਹੀਂ ਲੱਗ ਰਿਹਾ ਹੈ। ਉਹ ਅੰਗ੍ਰੇਜ਼ੀ 'ਚ ਪੜ੍ਹਾਈ ਕਰਨਾ ਚਾਹੁੰਦੀ ਹੈ। ਮਾਪਿਆਂ ਦੀ ਉਹ ਇਕਲੌਤੀ ਔਲਾਦ ਸੀ। ਲਾਡਲੀ ਵੀ ਸੀ। ਉਸ ਦਾ ਦਾਖਲਾ ਦਿੱਲੀ ਦੇ ਇਕ ਕਾਲਜ 'ਚ ਅੰਗ੍ਰੇਜ਼ੀ (ਆਨਰਜ਼) ਵਿਸ਼ੇ 'ਚ ਕਰਵਾ ਦਿੱਤਾ ਗਿਆ। ਚਾਰ-ਪੰਜ ਮਹੀਨਿਆਂ ਪਿੱਛੋਂ ਉਹ ਉਸ ਪੜ੍ਹਾਈ ਨੂੰ ਛੱਡ ਕੇ ਹੋਟਲ ਮੈਨੇਜਮੈਂਟ ਦਾ ਕੋਰਸ ਕਰਨਾ ਚਾਹੁੰਦੀ ਸੀ। ਹਰ ਗੱਲ ਦੀ ਹੱਦ ਹੁੰਦੀ ਹੈ। ਆਖਰ ਉਸ ਦੇ ਪਿਤਾ ਸੰਤੋਖ ਸਿੰਘ ਆਪਣੀ ਬੇਟੀ ਦੀਕਸ਼ਾ ਦੇ ਬਦਲਦੇ ਇਸ ਵਿਹਾਰ 'ਤੇ ਜਦ ਨਾਰਾਜ਼ ਹੋਏ ਤਾਂ ਉਸ ਨੇ ਆਤਮ ਹੱਤਿਆ ਕਰ ਲਈ। ਤਫਸੀਸ਼ ਪਿੱਛੋਂ ਹਕੀਕਤ ਸਾਹਮਣੇ ਆਈ ਕਿ ਦੀਕਸ਼ਾ ਦੀ ਮੌਤ (ਜਾਂ ਆਤਮ ਹੱਤਿਆ) ਬਾਈਪੋਲਰ ਅਫੈਕਟਿਵ ਡਿਸਆਡਰ (BPAD) ਕਾਰਨ ਹੋਈ। ਭਾਰਤ 'ਚ ਕਰੀਬ 2 ਤੋਂ 4 ਫੀਸਦੀ ਲੋਕ ਇਸ ਬੀਮਾਰੀ ਦੇ ਸ਼ਿਕਾਰ ਹਨ। ਇਸ ਨਾਲ ਪੀੜਤ ਬੰਦੇ ਦਾ ਮੂਡ ਤੇਜੀ ਨਾਲ ਬਦਲਦਾ ਹੈ। ਕਦੀ ਉਹ ਖੁਦ ਨੂੰ ਇਕਦਮ ਬਹੁਤ ਖੁਸ਼ ਮਹਿਸੂਸ ਕਰਦਾ ਹੈ ਤਾਂ ਇੱਕ ਦਮ ਸਦਮੇ ਦੀ ਹਾਲਤ 'ਚ ਵੀ ਪਹੁੰਚ ਜਾਂਦਾ ਹੈ। ਖੁਸ਼ੀ ਤੇ ਦੁੱਖ ਦੋਨੋ ਹੀ ਹਾਲਤਾਂ ਆਮ ਨਹੀਂ ਹੁੰਦੀਆਂ। ਬੋਲਚਾਲ ਦੀ ਭਾਸ਼ਾ 'ਚ ਕਹੀਏ ਤਾਂ ਉਸ 'ਚ ਆਤਮ ਵਿਸਵਾਸ਼ ਤੇ ਫੈਸਲਾ ਲੈਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਜੋ ਵੀ ਉਸ ਦਾ ਸਹਿਯੋਗੀ ਹੁੰਦਾ ਹੈ। ਉਸੇ ਦਾ ਉਹ ਦੁਸ਼ਮਣ ਬਣ ਜਾਂਦਾ ਹੈ। ਖੁਸ਼ੀ ਅਤੇ

ਦੁੱਖ ਦੀਆਂ ਅਵਸਥਾਵਾਂ 'ਚ ਵੀ ਕਈ ਅਵਸਥਾਵਾਂ ਹੁੰਦੀਆਂ ਹਨ। ਖੁਸ਼ੀ ਦੀ ਇਸ ਅਵਸਥਾ ਨੂੰ ਮੈਨਿਕ ਕਿਹਾ ਜਾਂਦਾ ਹੈ। ਦੁੱਖ ਦੀ ਅਵਸਥਾ ਨੂੰ ਡਿਪ੍ਰੈਸ਼ਨ ਕਿਹਾ ਜਾਂਦਾ ਹੈ। ਬਾਈਪੋਲਰ ਡਿਸਆਰਡਰ ਮਰਦਾਂ ਤੇ ਔਰਤਾਂ ਦੋਹਾਂ ਨੂੰ ਪ੍ਰਭਾਵਿਤ ਕਰਦਾ ਹੈ। ਦਰਅਸਲ ਇਹ ਦਿਮਾਗ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਾਰਨ ਇਸ ਦਾ ਅਸਰ ਲੋਕਾਂ ਦੇ ਸੋਚਣ ਵਰਤਾਅ ਤੇ ਮਹਿਸੂਸ ਕਰਨ 'ਚ ਵੇਖਿਆ ਜਾ ਸਕਦਾ ਹੈ। ਇਸ ਦੀ ਵਜਾਹ ਕਾਰਨ ਹੋਰ ਲੋਕਾਂ ਨੂੰ ਉਸ ਦੀ ਸਥਿਤੀ ਨੂੰ ਸਮਝ ਸਕਣਾ ਮੁਸ਼ਕਲ ਹੁੰਦਾ ਹੈ।

ਮਨੋਵਿਗਿਆਨਕਾਂ ਦੀ ਵੱਖਰੀ ਰਾਇ : – ਬਾਈਪੋਲਰ ਡਿਸਆਰਡਰ ਸਬੰਧੀ ਮਨੋਵਿਗਿਆਨਕਾਂ ਦਾ ਹੁਣ ਤਕ ਕੋਈ ਸ਼ੁਭ ਪ੍ਰਵਾਨਿਤ ਮਨੋ–ਵਿਗਿਆਨਕ ਹੱਲ ਸਾਹਮਣੇ ਨਹੀਂ ਆਇਆ ਹੈ। ਬਹੁਤੇ ਵਿਗਿਆਨਕ ਇਸ ਲਈ ਬਾਇਓ ਕੈਮੀਕਲ, ਜੈਨੇਟਿਕ ਤੇ ਮਾਹੌਲ ਨੂੰ ਜ਼ਿੰਮੇਵਾਰ ਮੰਨਦੇ ਹਨ। ਐਸਾ ਦਿਮਾਗ ਦੇ ਰਸਾਇਣਾ (Neuro tramemittee) 'ਚ ਅਸੰਤੁਲਨ ਦੀ ਵਜਾਹ ਕਰਨਾ ਹੁੰਦਾ ਹੈ। ਨਿਊਰੋਟਰਾਂਸਮਿਟਰ 'ਚ ਅਸੰਤੁਲਨ ਕਰਕੇ ਮਨੋਦਿਸ਼ਾ (ਮੂਡ) ਨੂੰ ਕੰਟਰੋਲ ਕਰਨ ਵਾਲਾ ਕਾਰਜ ਪ੍ਰਣਾਲੀ 'ਚ ਗੜਬੜ ਪੈਦਾ ਹੋ ਜਾਂਦੀ ਹੈ। ਇਸ ਦੇ ਲਈ ਜੀਨ ਵੀ ਪ੍ਰਮੁੱਖ ਕਾਰਨ ਹੁੰਦੇ ਹਨ। ਅੱਜ ਕਿਸੇ ਨਜ਼ਦੀਕੀ ਨੂੰ ਬਾਈਪੋਲਰ ਡਿਸਆਰਡਰ ਹੋਵੇ ਤਾਂ ਉਹਨਾਂ ਦੇ ਕਿਸੇ ਰਿਸ਼ਤੇਦਾਰ ਨੂੰ ਵੀ ਇਸ ਦੇ ਹੋਣ ਦੀ ਸੰਭਾਵਨਾ ਕਾਫੀ ਹੱਦ ਤੱਕ ਵੱਧ ਜਾਂਦੀ ਹੈ। ਮਨੋਵਿਗਿਆਨਕ ਮਾਹੌਲ ਨੂੰ ਵੀ ਇਸ ਦਾ ਪ੍ਰਮੁੱਖ ਕਾਰਨ ਮੰਨਦੇ ਹਨ। ਦਿਮਾਗ ਦੀ ਰਚਨਾ 'ਚ ਤਰੁੱਟੀ ਹੋਣ ਵੀ ਬਾਈਪੋਲਰ ਡਿਸਆਰਡਰ ਹੁੰਦਾ ਹੈ। ਕੁਝ ਖੋਜਾਂ ਤੋਂ ਇਹ ਪਤਾ ਲੱਗਿਆ ਹੈ ਕਿ ਮੈਂਡੂਲਾ, ਪ੍ਰੀਫ੍ਰੰਟਲ ਕਾਰਟੇਕਸ ਅਤੇ ਹਿਪੋਕੈਂਪਸ 'ਚ ਗੜਬੜੀ ਕਾਰਨ ਅਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ।

ਇਲਾਜ – ਬਾਲਗਾਂ 'ਚ ਇਸ ਡਿਸਆਰਡਰ ਦੇ ਲੱਛਣ ਦਾ ਪਤਾ ਕਰਨਾ ਜ਼ਿਆਦਾ ਮੁਸ਼ਕਲ ਨਹੀਂ ਹੈ ਪਰ ਬੱਚਿਆਂ ਤੇ ਕਿਸ਼ੋਰਾਂ ਵਿੱਚ ਇਸ ਦੇ ਲੱਛਣ ਬਾਲਗਾਂ ਵਾਂਗੂ ਨਹੀਂ ਹੁੰਦੇ ਹਨ। ਇਸ ਕਾਰਨ ਇਸ ਦੇ ਲੱਛਣ ਪਹਿਚਾਣ 'ਚ ਦਿੱਕਤ ਆਉਂਦੀ ਹੈ। ਇਲਾਜ ਕਰਨ ਤੋਂ ਪਹਿਲਾਂ ਕਿਸ਼ੋਰਾਂ ਦੇ ਮੌਜੂਦਾ ਤੇ ਗੁਜਾਰੇ ਵਕਤ ਦੀਆਂ ਆਦਤਾਂ ਤੇ ਵਿਹਾਰ ਦੀ ਜਾਂਚ–ਪੜਤਾਲ ਕਰਨੀ ਹੁੰਦੀ ਹੈ। ਇਸ ਦੇ ਨਾਲ ਹੀ ਪਰਿਵਾਰ ਦੇ ਮੈਂਬਰਾਂ ਤੇ ਦੋਸਤਾਂ ਤੋਂ ਉਸਦੇ ਵਿਹਾਰ ਬਾਰੇ ਜਾਣਕਾਰੀ ਲਈ ਜਾਂਦੀ ਹੈ ਤਦ ਰੋਗ ਦੀ ਸਥਿਤੀ ਦੀ ਸਹੀ ਜਾਣਕਾਰੀ ਹੁੰਦੀ ਹੈ। ਇਸ ਦੇ ਪ੍ਰਮੁੱਖ ਲੱਛਣ ਮੂਡ 'ਚ ਆ ਰਹੇ ਉਤਾਰ ਚੜ੍ਹਾਅ ਨੂੰ ਸਥਿਰ ਕਰਨ ਲਈ ਮੂਡ ਸਟੇਬੇ ਲਾਈਜਰ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਮੂਡ ਸਟੇਬਲਾਈਜਰ ਦੀ ਚੋਣ ਕਰਦੇ ਸਮੇਂ ਬੰਦੇ ਦੀ ਉਮਰ, ਉਸ ਦਾ ਵਜਨ ਡੈਮੋਗ੍ਰਾਫਿਕ ਪ੍ਰੋਫਾਇਲ, ਪਰਿਵਾਰਿਕ ਇਤਿਹਾਸ, ਦਬਾਅ ਦਾ ਅਸਰ, ਮੈਟਾਬੋਲਿਕ ਐਡੋਕ੍ਰਾਈਨ ਤੇ ਕਾਰਡੀਓਵਾਸਕੂਲਰ ਪ੍ਰੋਫਾਇਲ ਵੇਖਿਆ ਜਾਂਦਾ ਹੈ। ਦਵਾਈ ਦਾ ਅਸਰ ਜਾਚਣ ਲਈ ਵਿਅਕਤੀ ਦੀ ਈ. ਸੀ. ਜੀ., ਸ਼ੂਗਰ ਤੇ ਥਾਇਮਾਇਡ ਦਾ ਟੈਸਟ ਕਰਵਾਇਆ ਜਾਂਦਾ ਹੈ। ਮੂਡ ਨੂੰ ਸਥਿਰ ਰੱਖਣ ਲਈ ਦੋ ਤੋ ਤਿੰਨ ਸਾਲ ਤਕ ਦਵਾਈ ਦਿੱਤੀ ਜਾਂਦੀ ਹੈ। ਤਕਰੀਬਨ ਅੱਧਾ ਆਰਾਮ ਸ਼ੁਰੂਆਤੀ ਛੇ ਮਹੀਨਿਆਂ 'ਚ ਮਿਲ ਜਾਂਦਾ ਹੈ। ਦਰਅਸਲ ਬਾਈਪੋਲਰ ਡਿਸ ਆਰਡਰ ਤੇ ਥਾਇਰਾਡ ਆਪਸ 'ਚ ਜੁੜੇ ਹੁੰਦੇ ਹਨ। ਉਥੇ ਅਨਿਯਮਤ ਜੀਵਨ ਸ਼ੈਲੀ ਵੀ ਇਸ

ਦੇ ਪ੍ਰਭਾਵਾਂ ਨੂੰ ਵਧਾਉਣ ਲਈ ਜ਼ਿੰਮੇਵਾਰ ਬਣ ਸਕਦੀ ਹੈ। ਬਹੁਤੀਆਂ ਔਰਤਾਂ ’ਚ ਇਸ ਦੇ ਲੱਛਣਾ ਨੂੰ ਪਹਿਚਾਣਿਆ ਨਹੀਂ ਜਾਂਦਾ ਹੈ। ਜੀਵਨ ਦੀ ਕਈ ਔਕੜਾਂ ਤੇ ਪ੍ਰੇਸ਼ਾਨੀ ਕਾਰਨ ਨਾ ਸਿਰਫ ਬਾਈਪੋਲਰ ਡਿਸਆਡਰ ਬਲਕਿ ਮਲਟੀ ਪਰਸਨਿਲਟੀ ਡਿਸਆਡਰ ਦੇ ਸ਼ਿਕਾਰ ਵੀ ਲੋਕ ਹੋ ਸਕਦੇ ਹਨ। ਨਿਰਾਕਤਮਕ ਵਿਚਾਰਧਾਰਾ, ਬੇਹੱਦ ਲਾਲਸਾਵਾਂ ਤੇ ਕਿਸੇ ਵੀ ਹਾਦਸੇ ਨਾਲ ਪ੍ਰਭਾਵਿਤ ਹੋਣ ਤੋਂ ਬਚੋ ਤਾਂ ਹੀ ਆਪ ਸਾਧਾਰਨ ਰਹਿ ਕੇ ਜੀਵਨ ਦਾ ਆਨੰਦ ਮਾਣ ਸਕਦੇ ਹੋ।

# ਕਦੋਂ ਤੱਕ ਮੁਸਲਮਾਨ ਸਿਰਫ਼ ਵੋਟ ਬੈਂਕ ਹੀ ਬਣੇ ਰਹਿਣਗੇ?

1947 ਦੀ ਸੱਤਾ ਬਦਲੀ ਦੇ 64 ਸਾਲਾਂ 'ਚ ਮੁਸਲਿਮ ਰਾਜਨੀਤੀ ਟੇਡੇ-ਮੇਡੇ ਰਾਹਾਂ 'ਤੇ ਹਿਚਕੋਲੇ ਖਾਂਦੀ ਹੋਈ ਅੱਜ ਇਕ ਅਜਿਹੇ ਅਜੀਬ ਮੁਕਾਮ 'ਤੇ ਪਹੁੰਚ ਗਈ ਹੈ ਜਿਥੇ ਹੋਰ ਕੋਈ ਨਵਾਂ ਰਾਹ ਸੁਝਦਾ ਨਹੀਂ, ਨਾ ਹੀ ਵਾਪਸੀ ਦਾ ਕੋਈ ਰਸਤਾ ਬਚਿਆ ਹੈ। ਜ਼ਿਆਦਾਤਰ ਮਾਮਲਿਆਂ ਸਬੰਧੀ ਮੁਸਲਮਾਨ ਜਮਾਤ ਖੁਦ ਨੂੰ ਠੱਗਿਆ ਹੋਇਆ ਮੰਨ ਰਹੀ ਹੈ। ਸੱਚਰ ਕਮੇਟੀ ਵਲੋਂ ਉਜਾਗਰ ਕੀਤੇ ਤੱਥਾਂ ਨੇ ਤੇਲ ਤੇ ਘਿਉ ਦਾ ਕੰਮ ਕੀਤਾ ਹੈ ਅਤੇ ਮੁਸਲਿਮ ਜਮਾਤ ਆਪਣੇ ਹੱਕਾਂ ਲਈ ਨਵੇਂ ਸਿਰੇ ਤੋਂ ਕੁਝ ਕਰਨਾ ਚਾਹੁੰਦੀ ਹੈ ਪਰ ਵੱਡੀ ਸਮੱਸਿਆ ਇਹ ਹੈ ਕਿ ਕੀਤਾ ਕੀ ਜਾਵੇ ਤੇ ਖਿੰਡੇ ਪੁੰਡੇ ਸਮਾਜ ਨੂੰ ਇਕ ਝੰਡੇ ਹੇਠ ਕਿਵੇਂ ਇਕੱਠਾ ਕੀਤਾ ਜਾਵੇ। ਮੁਸਲਿਮ ਜਮਾਤ 'ਚ ਇਹਨਾਂ ਮਸਲਿਆਂ ਸਬੰਧੀ ਘਬਰਾਹਟ ਵੀ ਹੈ ਅਤੇ ਛਟਪਟਾਹਟ ਵੀ। ਮੁਸਲਮਾਨ ਚਾਹੁੰਦੇ ਹਨ ਕਿ ਆਰਥਿਕ ਤਬਦੀਲੀ ਦਾ ਅਸਰ ਰਾਜਸੀ ਸੁਧਾਰਾਂ ਵਜੋਂ ਵੀ ਉਭਰ ਕੇ ਸਾਹਮਣੇ ਆਵੇ। ਜੇ ਮੁਸਲਿਮ ਜਮਾਤ ਦੀ ਨੁਮਾਇੰਦਗੀ ਕਰਨ ਵਾਲੀ ਕੋਈ ਸੰਸਥਾ ਲੱਭਣੀ ਹੋਵੇ ਤਾਂ ਬੜੀ ਮੁਸ਼ਕਲ ਹੋਵੇਗੀ। ਦਰਅਸਲ ਮੁਸਲਿਮ ਸਮਾਜ ਅੰਦਰ ਛੋਟੇ-ਛੋਟੇ ਅਜਿਹੇ ਗਰੁੱਪ ਬਣੇ ਹੋਏ ਹਨ। ਜਿਹਨਾਂ ਦੀ ਆਪਸ 'ਚ ਬਣਦੀ ਹੀ ਨਹੀਂ ਹੈ। ਮੁਸਲਿਮ ਸਮਾਜ ਦੀ ਸਮਰੱਥਾ ਲੀਡਰਸ਼ਿਪ ਨਾ ਬਣ ਸਕਣ 'ਚ ਇਹੀ ਇਕ ਵੱਡਾ ਰੋੜਾ ਹੈ। ਅਜ਼ਾਦੀ ਪਿੱਛੋਂ ਮੁਸਲਿਮ ਜਮਾਤ ਮੋਟੇ ਤੌਰ 'ਤੇ ਕਾਂਗਰਸ ਜਮਾਤ ਨੂੰ ਹਮਾਇਤ ਦਿੰਦੀ ਰਹੀ ਪਰ 1992 ਦੇ ਬਾਬਰੀ ਮਸਜਿਦ ਹਾਦਸੇ ਪਿਛੋਂ ਇਸ 'ਚ ਖੇਤਰੀ ਬਟਵਾਰਾ ਹੋ ਗਿਆ। ਸੁਰੱਖਿਆ ਤੇ ਕੁਝ ਸਹੂਲਤਾਂ ਹਾਸਲ ਕਰਨ ਦੇ ਨਾਂ ਹੇਠ ਕਾਂਗਰਸ ਨੇ ਲੰਮੇ ਸਮੇਂ ਤੱਕ ਮੁਸਲਿਮ ਜਮਾਤ ਦੀਆਂ ਵੋਟਾਂ ਨੂੰ ਆਪਣੇ ਪੱਖ 'ਚ ਭੁਗਤਾਇਆ। ਕਾਂਗਰਸ ਤੋਂ ਮੋਹ ਭੰਗ ਹੋਣ ਪਿੱਛੋਂ ਦੂਜੀਆਂ ਪਾਰਟੀਆਂ ਨੂੰ ਤਾਂ ਬਹੁਤ ਫਾਇਦਾ ਹੋਇਆ ਪਰ ਮੁਸਲਮਾਨਾ ਨੂੰ ਨਹੀਂ ਪਰ ਇਕ ਅੱਛਾ ਨਤੀਜਾ ਇਹ ਹੋਇਆ ਕਿ 'ਮੁਸਲਿਮ ਜਮਾਤ ਇਕ ਵੋਟ ਬੈਂਕ ਹੈ ਅਤੇ ਇਹ ਬਰਾਬਰ ਵੋਟ ਦਿੰਦਾ ਹੈ' ਦੀ ਧਾਰਨਾ ਵੀ ਖੰਡਿਤ ਹੋਈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਰਿਟਾਇਰ ਪ੍ਰੋ. ਇਮਤਿਆਜ ਅਹਿਮਦ ਅਨੁਸਾਰ ਸਿਰਫ਼ ਕੇਰਲਾ ਨੂੰ ਛੱਡ ਕੇ ਦੇਸ਼ 'ਚ ਕਿੱਧਰੇ ਵੀ ਮੁਸਲਮਾਨ ਰਾਜਸੀ ਤੌਰ 'ਤੇ ਮਜ਼ਬੂਤ ਨਹੀਂ ਹੋਏ।

ਕੇਰਲਾ 'ਚ ਮੁਸਲਿਮ ਲੀਗ ਨੇ 60 ਸਾਲਾਂ ਤੋਂ ਸਰਗਰਮ ਭੂਮਿਕਾ ਨਿਭਾਈ ਪਰ ਆਂਧਰਾ 'ਚ ਮਜਲਿਸੇ ਇਤੇਹਾਲੁਦ ਮੁਸਲਮੀਨ ਯਾਨੀ ਐਮ. ਆਈ. ਐਮ. ਨੇ ਹੈਦਰਾਬਾਦ ਦੇ ਬਾਹਰ ਕੁਝ ਨਹੀਂ ਕੀਤਾ। ਉਹ ਬਸ ਇਕ ਸਥਾਨਕ ਪਾਰਟੀ ਬਣ ਕੇ ਰਹਿ ਗਈ। ਇਸ ਕਰਕੇ ਕੇਰਲਾ ਨੂੰ ਛੱਡ ਕੇ ਪੂਰੇ ਦੇਸ਼ ਦੀ ਮੁਸਲਿਮ ਜਮਾਤ ਸਿਆਸੀ ਤੌਰ 'ਤੇ ਵੰਡੀ ਹੋਈ ਹੈ। ਪ੍ਰੋ. ਅਹਿਮਦ ਮੰਨਦੇ ਹਨ ਕਿ ਮੁਸਲਿਮ ਸਿਆਸਤ ਦੇ 1947 ਪਿੱਛੋਂ ਤਿੰਨ ਦੌਰ ਹਨ। ਪਹਿਲਾ 1952 ਤੋਂ 1992 ਤਕ ਜਿਸ 'ਚ ਇਹ ਤਬਕਾ ਕਾਂਗਰਸ ਨਾਲ ਰਿਹਾ। ਸੰਨ 1992 ਪਿਛੋਂ ਦੇ ਦੂਜੇ ਦੌਰ 'ਚ ਮੁਸਲਮਾਨ ਸਥਾਨਕ ਹਿੱਤਾਂ ਦੇ ਅਧਾਰ 'ਤੇ ਸਥਾਨਕ ਪਾਰਟੀਆਂ ਨੂੰ ਵੋਟ ਦਿੰਦੇ ਰਹੇ ਅਤੇ ਹੁਣ ਤੀਜਾ ਦੌਰ ਚਲ ਰਿਹਾ ਹੈ। ਜਿਸ 'ਚ ਸਮਝ ਆ ਰਿਹਾ ਹੈ ਕਿ ਮੁਸਲਿਮ ਜਮਾਤ ਨੂੰ ਇਹਨਾਂ ਤਿੰਨਾਂ ਰਸਤਿਆਂ 'ਤੇ ਕੋਈ ਫਾਇਦਾ ਨਹੀਂ ਹੋਇਆ। ਉਹ ਇਹ ਵੀ ਕਹਿੰਦੇ ਹਨ ਕਿ ਕੌਮ

'ਚ ਇਕ ਵਿਚਾਰ ਉਤਰ ਪ੍ਰਦੇਸ਼ ਦੇ ਪ੍ਰਸੰਗ 'ਚ ਵੀ ਹੈ ਕਿ ਕਾਂਗਰਸ ਵੱਲ ਰੁਖ ਕੀਤਾ ਜਾਵੇ ਪਰ ਇਥੇ ਕਾਂਗਰਸ ਦੇ ਜਿੱਤਣ ਬਾਰੇ ਵੀ ਸ਼ੱਕ ਹੈ। ਇੱਧਰ ਜੇ ਇਕ ਰਵਾਇਤ (ਚਲਣ) ਤੇ ਗੌਰ ਕਰੀਏ ਤਾਂ ਵੇਖਾਂਗੇ ਕਿ ਉਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ 'ਚ ਮੁਸਲਿਮ ਵੋਟਾਂ ਦਾ ਵਜਨ ਤਾਂ ਰਿਹਾ ਹੈ ਪਰ ਅਜਿਹਾ ਕੰਮ ਹੀ ਹੋਇਆ ਕਿ ਉਹ ਖੁਦ ਨੂੰ ਜਿਤਾ ਕੇ ਨਾ ਲਿਆ ਸਕੇ।

ਸੰਨ 1971 ਪਿਛੋਂ ਤੋਂ ਇਕ ਹੋਰ ਰਿਵਾਜ ਵੇਖਣ 'ਚ ਆਇਆ ਕਿ ਕਾਂਗਰਸ ਤੇ ਦੂਜੀਆਂ ਪਾਰਟੀਆਂ ਨੇ ਵੀ ਜਿਥੇ ਮੁਸਲਮਾਨ ਵੋਟਾਂ ਵੱਧ ਸਨ ਉਥੇ ਗੈਰ ਮੁਸਲਿਮ ਉਮੀਦਵਾਰ ਨੂੰ ਮੈਦਾਨ 'ਚ ਲਿਆਂਦਾ। ਯਾਨੀ ਜਿੱਥੇ ਕੌਣ ਜਿਤੇਗਾ। ਇਹ ਤਾਂ ਮੁਸਲਮਾਨਾ ਨੇ ਤਹਿ ਕੀਤਾ ਪਰ ਜੋ ਜਿਤਿਆ ਉਹ ਮੁਸਲਮਾਨ ਨਹੀਂ ਸੀ। ਬਾਰੰਬਾਰ ਦੀ ਵਾਦਾ ਖਿਲਾਫੀ ਨੇ ਹੁਣ ਮੁਸਲਿਮ ਜਗਤ ਨੂੰ ਕੁਝ ਕਰੋ ਜਾਂ ਮਰੋ ਦੇ ਕੰਢੇ ਲਿਆ ਖੜ੍ਹਾ ਕੀਤਾ। ਇਕ ਖਾਸ ਕਿਸਮ ਦੇ ਮਜ਼ਹਬੀ ਰੁਝਾਣ ਰੱਖਣ ਵਾਲੇ ਮੁਸਲਿਮਾਂ ਦੀ ਇਕ ਵੱਡੀ ਸੰਸਥਾ ਜਮਾਤ-ਏ-ਇਸਲਾਮੀ-ਏ-ਹਿੰਦ ਹੈ। ਨਵੀਂ ਦਿੱਲੀ ਦੇ ਅਬਦੁਲ ਫਜਲ ਇੰਕਲੇਵ 'ਚ ਇਸ ਦਾ ਮੁਖ ਦਫ਼ਤਰ ਹੈ। ਜਮਾਤ ਵੱਖ-ਵੱਖ ਭਾਸ਼ਾਵਾਂ 'ਚ ਇਸਲਾਮੀ ਸਾਹਿਤ ਛਾਪ ਕੇ ਗੈਰ ਇਸਲਾਮੀ ਲੋਕਾਂ 'ਚ ਇਸਲਾਮ ਦਾ ਪ੍ਰਚਾਰ ਕਰਦੀ ਹੈ। ਦੇਸ਼ ਭਰ 'ਚ ਸੈਂਕੜੇ ਸੰਸਥਾਵਾਂ ਤੇ ਟਰੱਸਟ ਜਮਾਤ ਨਾਲ ਅਤੇ ਅਜਿਹੇ ਹੀ ਪ੍ਰਕਾਸ਼ਨਾ ਨਾਲ ਜੁੜੇ ਹੋਏ ਹਨ। ਦਿੱਲੀ 'ਚ ਜਮਾਤ ਅੰਗ੍ਰੇਜੀ 'ਚ ਰੇਡਿਏਂਸ ਤੇ ਹਿੰਦੀ 'ਚ ਕਾਂਤੀ ਨਾਂ ਨਾਲ ਮੈਗਜੀਨ ਛਾਪਦੀ ਹੈ। ਜਦ ਕਿ ਲਗਭਗ ਸਭ ਸੂਬਿਆਂ 'ਚ ਸਥਾਨਕ ਭਾਸ਼ਾਵਾਂ 'ਚ ਉਸ ਦੇ ਮੈਗਜ਼ੀਨ ਜਾਂ ਅਖ਼ਬਾਰ ਛਪ ਰਹੇ ਹਨ। ਕੇਰਲਾ 'ਚ ਜਮਾਤ ਦੇ ਪ੍ਰਕਾਸ਼ਨ ਦਾ ਨਾਂ ਪ੍ਰਬੋਧਨਮ ਹੈ। ਜੋ ਹਰ ਹਫ਼ਤੇ 50 ਹਜ਼ਾਰ ਕਾਪੀਆਂ ਛਪਵਾਉਂਦਾ ਹੈ। ਇਸ ਤਰ੍ਹਾਂ ਜਮਾਤ ਨਾਲ ਸਬੰਧਤ ਇਕ ਟਰੱਸਟ ਦਾ ਮਾਧਿਅਮ ਨਾਂ ਦਾ ਅਖ਼ਬਾਰ ਹੈ ਅਤੇ ਇਸ ਦੀ ਪ੍ਰਸਾਰ ਗਿਣਤੀ ਡੇਢ ਲੱਖ ਤੋਂ ਵੱਧ ਹੈ। ਇਸ ਦੇ ਕੁਲ 18 ਐਡੀਸ਼ਨਹ ਜਮਾਤ ਦਾ ਸੰਚਾਲਨ ਇਕ ਕੇਂਦਰੀ ਸਲਾਹਕਾਰਾਂ ਪ੍ਰੀਸ਼ਦ (ਸ਼ੁਰਾ) ਕਰਦੀ ਹੈ। ਜਿਸ 'ਚ ਦੇਸ਼ ਭਰ ਦੇ ਨੁਮਾਇੰਦੇ ਹੁੰਦੇ ਹਨ। ਜਮਾਤ ਦਾ ਸ਼ੁਰੂਆਤ ਤੋਂ ਇਹ ਫਲਸਫਾ ਸੀ ਕਿ ਇਹ ਵੋਟਾਂ ਦੀ ਸਿਆਸਤ ਦਾ ਹਿੱਸਾ ਨਹੀਂ ਬਣੇਗੀ ਪਰ ਹੁਣ ਹਾਲਾਤ ਬਦਲ ਗਏ ਹਨ। ਸ਼ੁਰਾ 'ਚ ਹੁਣ ਵੱਧ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਜਮਾਤ ਨੂੰ ਕਿਸੇ ਨਾ ਕਿਸੇ ਤਰ੍ਹਾਂ ਵੋਟ ਸਿਆਸਤ 'ਚ ਕੁਦਣਾ ਚਾਹੀਦਾ ਹੈ। ਇਸ ਕਾਰਨ ਹੁਣ ਜਮਾਤ ਦੇ ਲੋਕਾਂ ਨੂੰ ਇਹ ਇਜਾਜਤ ਦੇ ਦਿੱਤੀ ਗਈ ਹੈ ਕਿ ਉਹ ਚਾਹੇ ਤਾਂ ਕਿਸੇ ਸਿਆਸੀ ਪਾਰਟੀ ਨਾਲ ਜੁੜ ਸਕਦੇ ਹਨ। ਇਸ ਲੜੀ 'ਚ ਇਕ ਨਵੀਂ ਪਾਰਟੀ ਇਸ ਸਾਲ-ਵੇਲਫੇਅਰ ਪਾਰਟੀ ਆਫ ਇੰਡੀਆ ਦੇ ਗਠਨ ਦਾ ਐਲਾਨ ਕੀਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਪਾਰਟੀ ਦੇ ਬਣਨ ਪਿਛੇ ਜਮਾਤ ਦਾ ਰੋਲ ਹੈ। ਹਾਲਾਂਕਿ ਜਮਾਤ ਇਸ ਦਾ ਖੰਡਣ ਕਰਦੀ ਹੈ। ਪਾਰਟੀ ਦੇ ਪ੍ਰਧਾਨ ਮੁਜਤਬਾ ਫਾਰੁਕ ਅਨੁਸਾਰ ਇਸ ਪਾਰਟੀ 'ਚ ਪ੍ਰਧਾਨ ਤੇ ਦੋ ਜਨਰਲ ਸਕੱਤਰ ਜਮਾਤ ਵਿੱਚੋਂ ਹਨ। ਇਸ ਲਈ ਅਜਿਹਾ ਵਹਿਮ ਹੋ ਗਿਆ ਕਿ ਜਮਾਤ ਨੇ ਪਾਰਟੀ ਬਣਾਈ ਹੈ। ਉਹ ਕਹਿੰਦੇ ਹਨ ਕਿ ਪਾਰਟੀ ਦੇ 16 ਅਹੁਦੇਦਾਰਾਂ 'ਚ ਸਿਰਫ਼ ਤਿੰਨ ਜਮਾਤ 'ਚੋਂ ਹਨ। ਬਾਕੀ ਵੱਖ-ਵੱਖ ਥਾਵਾਂ ਤੋਂ ਹਨ। ਉਧਰ ਜਮਾਤ ਦੇ ਬੁਲਾਰੇ ਇਜਾਜ ਅਹਿਮਦ ਅਸਲਮ ਨੇ ਦੱਸਿਆ ਕਿ ਕਾਂਗਰਸ ਤੇ ਖੱਬੇ ਪੱਖੀ ਪਾਰਟੀਆਂ ਨਾਲ ਰਹਿਣ ਦਾ ਤਜਰਬਾ ਅੱਛਾ ਨਹੀਂ ਰਿਹਾ। ਲਾਲੂ-

ਮੁਲਾਇਮ ਨਾਲ ਵੀ ਅਜਿਹਾ ਹੀ ਹੋਇਆ। ਸੁਰੱਖਿਆ ਤਾਂ ਮਿਲੀ ਵਿਕਾਸ ਨਹੀਂ ਹੋਇਆ। ਉਹ ਕਹਿੰਦੇ ਹਨ ਕਿ ਮੁਸਲਮਾਨਾਂ ਦੇ ਦੇਸ਼ ਨੂੰ ਉਸਾਰਨ 'ਚ ਯੋਗਦਾਨ ਰਿਹਾ ਹੈ ਪਰ ਸਿੱਖਿਆ 'ਚ ਸਰਕਾਰੀ ਨੌਕਰੀਆਂ 'ਚ ਸਮਾਜ 'ਚ ਉਹ ਅੱਜ ਵੀ ਪਿਛੜੇ ਹੋਏ ਹਨ। ਇਸ ਲਈ ਜਮਾਤ 'ਚ ਇਹ ਬਹਿਸ ਲੰਮੇ ਸਮੇਂ ਤੋਂ ਜਾਰੀ ਸੀ ਕਿ ਪਾਰਟੀ ਵਜੋਂ ਵੋਟਾਂ ਦੀ ਸਿਆਸਤ 'ਚ ਜਾਈਏ ਜਾਂ ਨਾ। ਵੈਸੇ ਜਮਾਤ 25 ਸਾਲਾਂ ਤੋਂ ਇਹ ਦਿਸ਼ਾ ਦਿੰਦੀ ਰਹੀ ਹੈ ਕਿ ਵੋਟ ਕੀਹਨੂੰ ਪਾਈਏ। ਪਰ ਹੁਣ ਸਮਾਂ ਆ ਗਿਆ ਹੈ ਕਿ ਕੋਈ ਕੌਮੀ ਪਾਰਟੀ ਹੋਵੇ। ਜੋ ਸਾਰੇ ਗਰੀਬਾਂ, ਸਾਰੀਆਂ ਘੱਟ ਗਿਣਤੀਆਂ ਦੀ ਗੱਲ ਕਰੇ, ਉਹਨਾਂ ਦਾ ਫ਼ਿਕਰ ਕਰੇ। ਪਿਛਲੇ ਇਕ ਸਾਲ ਤੋਂ ਜਮਾਤ 'ਚ ਇਹੋ ਜਦੋਂ-ਜਹਿਦ ਜਾਰੀ ਸੀ ਤੇ ਹੁਣ ਵੈਲ ਫੇਅਰ ਪਾਰਟੀ ਵਜੋਂ ਇਹ ਸਾਹਮਣੇ ਹੈ। ਕੀ ਮੁਸਲਮਾਨਾ ਤੇ ਘੱਟ ਗਿਣਤੀਆਂ ਦੀਆਂ ਸਭ ਪਾਰਟੀਆਂ ਨੂੰ ਇਸ 'ਚ ਰਲਾਉਣ ਦੀ ਕੋਸ਼ਿਸ਼ ਹੋਵੇਗੀ? ਜੁਆਬ 'ਚ ਇਜਾਜ ਅਹਿਮਦ ਅਸਲਮ ਦਾ ਕਹਿਣਾ ਹੈ ਕਿ ਅੱਜ ਤਾਂ ਰਲੇਵਾਂ ਦੂਰ ਦੀ ਕੜੀ ਹੈ ਪਰ ਇਹਨਾਂ ਪਾਰਟੀਆਂ ਨੂੰ ਆਪਸ 'ਚ ਤਾਲਮੇਲ ਤਾਂ ਕਰਨਾ ਹੀ ਚਾਹੀਦਾ ਹੈ।

ਹਾਲ ਹੀ ਘੜੀ ਇਕ ਐਸੀ ਮੁਸਲਿਮ ਜਾਂ ਕਹੋ ਗ਼ਰੀਬਾਂ-ਘੱਟ ਗਿਣਤੀਆਂ ਦੀ ਕੌਮੀ ਪਾਰਟੀ ਬਣਾਈ ਗਈ ਹੈ ਜੋ ਹੁਣ ਤੋਂ ਪੰਜ ਸਾਲਾਂ ਪਿੱਛੋਂ, ਬਕਾਇਦਾ ਉਸ ਦੇ ਪ੍ਰਧਾਨ ਮੁਤਜਬਾ ਫਾਰੂਕ ਦੇਸ਼ ਦੇ ਵਾਂਝੇ ਲੋਕਾਂ ਦੀ ਸਭ ਤੋਂ ਵੱਡੀ ਉਮੀਦ ਹੋਵੇਗੀ। ਵੇਲ ਫੇਅਰ ਪਾਰਟੀ ਦੇ ਭਵਿੱਖ ਬਾਰੇ ਗੱਲ ਕਰਦਿਆਂ ਮੁਜਤਬਾ ਫਾਰੂਕ ਕਹਿੰਦੇ ਹਨ ਕਿ ਇਹ ਸਮਾਜਿਕ ਅਧਾਰ ਸਬੰਧੀ ਕੰਮ ਕਰਨਾ ਚਾਹੁੰਦੇ ਹਨ। ਮੁਸਲਿਮ ਵੋਟ ਬੈਂਕ 'ਤੇ ਉਹ ਕਹਿੰਦੇ ਹਨ ਕਿ ਲਗਾਤਾਰ ਲੁੱਟ-ਘਸੁੱਟ ਹੁੰਦੀ ਹੈ ਤੇ ਹੁਣ ਉਹ ਇਸ ਨੂੰ ਜਥੇਬੰਦ ਕਰਨਗੇ। ਕਾਂਗਰਸ ਤੋਂ ਮੋਹ ਭੰਗ ਪਿੱਛੋਂ ਸਿਰਫ਼ ਤੀਜੇ ਮੋਰਚੇ ਦੇ ਨਾਲ ਹੀ ਕਿਸੇ ਸੰਭਾਵਨਾ ਬਾਰੇ ਉਹ ਕਹਿੰਦੇ ਹਨ ਕਿ ਹੋਵੇਗਾ ਤਾਂ ਤੀਜਾ ਮੋਰਚਾ ਹੀ ਪਰ ਉਸ ਦੀ ਸ਼ਕਲ ਬਦਲੀ ਹੋਈ ਹੋਵੇਗੀ। ਜਮਾਤ-ਏ-ਇਸਲਾਮੀ ਦੀ ਭਾਵੇਂ ਹਮਾਇਤ ਮਿਲੀ ਹੋਈ ਹੋਵੇ ਪਰ ਵੈਲਫੇਅਰ ਪਾਰਟੀ ਆਫ ਇੰਡੀਆ ਦੀ ਧਾਰਨਾ ਤੋਂ ਨਾ ਤਾਂ ਮੌਜੂਦਾ ਖੇਤਰੀ ਮੁਸਲਿਮ ਪਾਰਟੀਆਂ ਸਹਿਮਤ ਦਿਸਦੀਆਂ ਹਨ, ਨਾ ਪੜ੍ਹਿਆ-ਲਿਖਿਆ ਮੁਸਲਿਮ ਤਬਕਾ। ਦੇਸ਼ 'ਚ ਇਸ ਸਮੇਂ ਕੇਰਲਾ, ਆਂਧਰਾ ਪ੍ਰਦੇਸ਼ (ਹੈਦਰਾਬਾਦ) ਤੇ ਅਸ਼ਮ 'ਚ ਤਿੰਨ ਮੁਸਲਿਮ ਪਾਰਟੀ ਦੀ ਪ੍ਰਭਾਵਸ਼ਾਲੀ ਹਾਜ਼ਰੀ ਹੈ। ਆਂਧਰਾ ਪ੍ਰਦੇਸ਼ 'ਚ ਪੰਜ ਦਹਾਕਿਆਂ ਤੋਂ ਮਜਲਿਸੇ ਇਤੇਹਾਦੁਲ ਮੁਸਲਮੀਨ ਪਾਰਟੀ ਸਰਗਰਮ ਹੈ। ਲੋਕ ਸਭਾ 'ਚ ਇਸ ਦੇ ਪ੍ਰਧਾਨ ਅਸਦੁਦੀਨ ਓਬੈਸੀ ਐਮ. ਪੀ. ਹਨ ਅਤੇ ਆਂਧਰਾ ਵਿਧਾਨ ਸਭਾ 'ਚ 7 ਐਮ. ਐਲ. ਏ. ਇਸ ਦੇ ਹਨ। ਉਹ ਵੈਲਫੇਅਰ ਪਾਰਟੀ ਆਫ ਇੰਡੀਆ ਦੇ ਗਠਨ ਨੂੰ ਖਾਰਜ ਕਰਦਿਆਂ ਕਹਿੰਦੇ ਹਨ ਕਿ ਅਜਿਹੀ ਕੌਮੀ ਪਾਰਟੀ ਦੀ ਸਫਲਤਾ ਸੰਭਵ ਨਹੀਂ ਹੈ। ਹਾਂ ਉਹ ਖੇਤਰੀ ਪਾਰਟੀਆਂ ਵਿੱਚ ਆਪਸੀ ਤਾਲਮੇਲ ਨਾਲ ਮੁਸਲਿਮ ਜਮਾਤ ਨੂੰ ਅਧਿਕਾਰ ਹਾਸਲ ਬਣਾਉਣ ਦੀ ਗੱਲ ਜ਼ਰੂਰ ਕਰਦੇ ਹਨ। ਕੇਰਲਾ 'ਚ ਮੁਸਲਿਮ ਜਮਾਤ ਨੂੰ ਲੀਗ ਹਕੂਮਤੀ ਪਾਰਟੀ ਦਾ ਹਿੱਸਾ ਹੈ ਅਤੇ ਪਿਛੇ ਜਿਹੇ ਵਿਧਾਨ ਸਭਾ ਚੋਣਾ 'ਚ ਇਸ ਦੇ 20 ਉਮੀਦਵਾਰ ਵਿਧਾਇਕ ਬਣੇ ਸਨ। ਦੋ ਐਮ. ਪੀ. ਵੀ ਹਨ ਤੇ ਉਹਨਾਂ 'ਚੋਂ ਇਕ ਪ੍ਰਧਾਨ ਈ. ਅਹਿਮਦ ਕੇਂਦਰ ਸਰਕਾਰ 'ਚ ਰਾਜ ਮੰਤਰੀ ਵੀ ਹਨ। ਲੀਗ ਦੇ ਕੌਮੀ ਜਨਰਲ ਸਕੱਤਰ ਖੁਰਮਾ ਅਨੀਸ ਉਮਰ ਨੇ ਵੀ ਕਿਹਾ ਕਿ

ਜਮਾਤ-ਏ-ਇਸਲਾਮੀ ਸੈਕੂਲਰ ਵਿਚਾਰਧਾਰਾ ਨਾਲ ਇਤਫਾਕ ਨਹੀਂ ਰੱਖਦੀ। ਇਸ ਲਈ ਜਦ ਇਹ ਵੈਲਫੇਅਰ ਪਾਰਟੀ ਆਫ ਇੰਡੀਆ ਵਰਗੀਆਂ ਸੈਕੂਲਰ ਨਾਂ ਵਾਲੀਆਂ ਪਾਰਟੀਆਂ ਨੂੰ ਅੱਗੇ ਵਧਾਉਂਦੀ ਹੈ ਤਾਂ ਆਪਾ ਵਿਰੋਧੀ ਲਗਦਾ ਹੈ। ਉਹ ਇਹ ਵੀ ਦਸਦੇ ਹਨ ਕਿ ਕਈ ਪਾਰਟੀਆਂ ਹਨ ਜੋ ਖੁਦ ਨੂੰ ਮੁਸਲਮਾਨਾ ਦਾ ਨੁਮਾਇੰਦੀ ਦੱਸਦੀਆਂ ਹਨ ਪਰ ਜ਼ਮੀਨੀ ਹਕੀਕਤ ਇਕ ਦਮ ਵੱਖਰੀ ਹੈ। ਵੈਲਫੇਅਰ ਪਾਰਟੀ ਵੀ ਘੱਟੋ-ਘੱਟ ਅਜੇ ਤਾਂ ਇਸੇ ਹਾਲ ਵਿੱਚ ਹੈ ਅਤੇ ਇਸ ਦੇ ਨਾਲ ਅਜੇ ਕਿਸੇ ਵੀ ਤਾਲਮੇਲ ਦੀ ਸੰਭਾਵਨਾ ਨਹੀਂ ਹੈ। ਉਹ ਮੰਨਦੇ ਹਨ ਕਿ ਲੀਗ ਐਮ. ਆਈ. ਐਮ. ਅਤੇ ਏ. ਆਈ. ਯੂ. ਡੀ. ਐਫ. ਵਰਗੀਆਂ ਪਾਰਟੀਆਂ ਸਿਮਟੀਆਂ ਹੋਈਆਂ ਹਨ ਪਰ ਦਾਅਵਾ ਜ਼ਰੂਰ ਕਰਦੀਆਂ ਹਨ ਕਿ ਲੋਕ ਸੈਕੂਲਰ ਹਨ ਅਤੇ ਪਿਛੜੇ ਕਮਜ਼ੋਰ ਵਰਗਾਂ ਨੂੰ ਅੱਗੇ ਲਿਆਉਣ ਦਾ ਕੰਮ ਕਰਦੀਆਂ ਹਨ। ਕੀ ਮੁਸਲਿਮ ਲੀਗ ਆਉਣ ਵਾਲੀਆਂ ਵਿਧਾਨ ਸਭਾਵਾਂ ਦੀਆਂ ਚੋਣਾ 'ਚ ਮੈਦਾਨ 'ਚ ਉਤਰੇਗੀ? ਜੁਆਬ 'ਚ ਉਹ ਕਹਿੰਦੇ ਹਨ ਕਿ 'ਅਸੀਂ ਯੂ. ਪੀ. ਦਾ ਹਿੱਸਾ ਹਾਂ, ਤਾਲਮੇਲ ਰਿਹਾ ਤਾਂ ਠੀਕ ਨਹੀਂ ਤਾਂ ਉਤਰ ਪ੍ਰਦੇਸ਼ ਤੇ ਉਤਰਾਖੰਡ 'ਚ ਚੋਣਾ ਜ਼ਰੂਰ ਲੜਾਂਗੇ।' ਹਾਲ ਦੀ ਘੜੀ ਵੋਟਾਂ ਦੀ ਸਿਆਸਤ ਨਾਲ ਕੌਮੀ ਪੱਧਰ 'ਤੇ ਮੁਸਲਮਾਨ ਉਮੀਦਾਂ ਵੈਲਫੇਅਰ ਪਾਰਟੀ ਨਾਲ ਪੂਰੀਆਂ ਹੋਣ ਜਾਂ ਨਾ ਹੋਣ, ਦਰਅਸਲ ਹੁਣ ਸਭ ਮਾਣਸ 'ਚ ਜਾਰੀ ਘਬਰਾਹਟ ਦਾ ਸੂਚਕ ਤਾਂ ਹੈ ਹੀ। ਜਿਵੇਂ ਇਮਿਤਆਜ ਅਹਿਮਦ ਕਹਿੰਦੇ ਹਨ ਕਿ ਤਿੰਨ ਦਹਾਕਿਆਂ ਪਹਿਲਾਂ ਤਕ ਮੁਸਲਮਾਨਾ 'ਚ ਆਪਣੀ ਇਕ ਪਾਰਟੀ ਦਾ ਖਿਆਲ ਸੀ ਪਰ ਹੁਣ ਇਹ ਸੰਭਵ ਨਹੀਂ। ਉਹ ਦੱਸਦੇ ਹਨ ਇਸ ਦੌਰਾਨ ਐਸੀ ਇਕ ਕੌਮੀ ਪਾਰਟੀ ਬਣਨ ਦੀਆਂ ਕਈ ਕੋਸ਼ਿਸ਼ਾਂ ਹੋਈਆਂ ਪਰ ਸਭ ਨਾਕਾਮ ਰਹੀਆਂ ਹਨ। ਕੇਰਲਾ ਨੂੰ ਛੱਡ ਕੇ ਮੁਸਲਿਮ ਪਹਿਚਾਣ ਵਾਲੇ ਰਾਜਸੀ ਸੰਗਠਨ ਕਿਧਰੇ ਵੀ ਸਫਲ ਨਹੀਂ ਰਹੇ। ਉਤਰ ਪ੍ਰਦੇਸ਼ ਦੀ ਮੁਸਲਿਮ ਲੀਗ, ਮਜਲਿਸੇ ਮੁਸ਼ਵਰਤ ਤੇ ਸ਼ਾਹੀ ਇਮਾਮ ਦੀ ਬਣਾਈ ਪਾਰਟੀ ਦੀਆਂ ਅਸਫਲਤਾਵਾਂ ਇਸ ਦੀਆਂ ਮਿਸਾਲਾਂ ਹਨ। ਉਹ ਕਹਿੰਦੇ ਹਨ ਕਿ ਮੁਸਲਿਮ ਵੋਟਰ ਪਾਰਟੀ ਦੇ ਨਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ।

ਮੁਸਲਮਾਨਾ ਕੋਲ ਕੋਈ ਲੀਡਰ ਹੀ ਨਹੀਂ ਹੈ ਹੁਣ ਤਕ ਉਮੀਦਾ ਵੀ ਸਥਾਨਕ ਜਾਂ ਖੇਤਰੀ ਹੋ ਗਈਆਂ ਹਨ ਤੇ ਪੂਰੀਆਂ ਵੀ ਨਹੀਂ ਹੋ ਰਹੀਆਂ ਹਨ ਪਰ ਇੰਸਟੀਚੂਟ ਆਫ ਅਬਜੈਕਟਿਵ ਸਟੱਡੀਜ਼ ਦੇ ਜੈਡ ਐਮ ਖਾਨ ਕਹਿੰਦੇ ਹਨ ਕਿ ਆਮ ਮੁਸਲਮਾਨ ਨੂੰ ਆਰਥਿਕ ਤਰੱਕੀ ਤੇ ਪੜ੍ਹਾਈ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਇਕ ਬਸਤੀ ਨੂੰ ਮੁਸਲਿਮ ਬਣਾ ਕੇ ਰਹਿਣ ਨਾਲ ਮੁੱਖਧਾਰਾ ਤੋਂ ਉਹ ਕੱਟੇ ਗਏ ਹਨ। ਮੁਸਲਿਮ ਸੰਵੇਦਨਾਵਾਂ ਬਹੁਤ ਘੱਟ ਹਨ। ਉਹਨਾਂ ਨੂੰ ਸਕੀਮਾ ਦਾ ਹਿੱਸਾ ਨਹੀਂ ਬਣਾਇਆ ਜਾਂਦਾ। ਉਹਨਾਂ ਦਾ ਵੀ ਮੰਨਣਾ ਹੈ ਕਿ ਤਬਦੀਲੀ ਲਈ ਮੁਸਲਿਮ ਜਮਾਤ ਤੋਂ ਆਇਆ ਲੀਡਰ ਜ਼ਰੂਰੀ ਹੈ। ਸਚਾਈ ਕੁਝ ਹੋਰ ਵੀ ਹੈ। ਮੁਸਲਮਾਨ ਖੁਦ ਵੰਡੇ ਹੋਏ ਹਨ। ਇਕ ਸੂਬੇ ਦੇ ਮੁਸਲਮਾਨ ਵੀ ਇਕਜੁੱਟ ਨਹੀਂ ਹਨ। ਕੇਰਲਾ ਤੋਂ ਇਲਾਵਾ ਅਜਿਹਾ ਹਰ ਥਾਂ ਹੈ। ਧਾਰਮਿਕ ਜਾਂ ਜਾਤੀ ਪੱਧਰਾਂ 'ਤੇ ਵੀ ਮੁਸਲਮਾਨਾ 'ਚ ਅਨੇਕਾ ਧਾਰਾਵਾਂ ਹਨ। ਜੋ ਪਾਰਟੀਆਂ ਅਜੇ ਮੁਸਲਿਮ ਪਹਿਚਾਣ ਦਾ ਦਾਅਵਾ ਕਰਦੀਆਂ ਹਨ। ਦਰਅਸਲ ਉਹ ਦਬਾਅ ਸਮੂਹ ਕਰਕੇ ਵੱਡੀ ਭੂਮਿਕਾ 'ਚ ਨਹੀਂ ਹਨ। ਐਮ. ਆਈ. ਐਮ., ਏ. ਆਈ. ਯੂ. ਡੀ. ਐਫ. ਤੇ ਮੁਸਲਿਮ ਲੀਗ ਦੇ ਦਬਾਅ ਸਮੂਹ ਤੋ ਵੱਧ ਕੁਝ

ਨਹੀਂ ਹਨ। ਪਾਰਟੀਆਂ ਤੋਂ ਉਦੋਂ ਮੰਨੀਆਂ ਜਾਣਗੀਆਂ ਜਦੋਂ ਸਰਕਾਰ ਬਣਾਉਣ ਦੀ ਸੰਭਾਵਨਾ ਦਿਸਦੀ ਹੋਵੇ। ਇਸ ਲਈ ਆਮ ਤੋਂ ਖਾਸ ਸਭ ਮੁਸਲਮਾਨਾ ’ਚ ਮੁਲਅੰਕਣ ਚਲ ਰਿਹਾ ਹੈ ਕਿ ਸਿਆਸੀ ਤੌਰ ’ਤੇ ਮਜ਼ਬੂਤ ਹੋਏ ਬਿਨਾਂ ਅਧਿਕਾਰਾਂ ’ਚ ਹਿੱਸੇਦਾਰੀ ਨਹੀਂ ਮਿਲਣੀ। ਜਮਾਤ-ਏ-ਇਸਲਾਮੀ ਦੇ ਬਿਆਨਾ ਤੇ ਵੇਲਫੇਅਰ ਪਾਰਟੀ ਨੂੰ ਇਸੇ ਨਜ਼ਰੀਏ ਤੋਂ ਵੇਖਿਆ ਜਾ ਸਕਦਾ ਹੈ।

# ਪਿਛਾਖੜੀ ਵਿਚਾਰਾਂ ਨੂੰ ਦਫ਼ਨ ਕਰਨ ਦੀ ਲੋੜ ਕਿਉਂ?

ਮਹਾਤਮਾ ਗਾਂਧੀ ਭਾਰਤ ਦੀ ਸਰਮਾਏਦਾਰ ਜਮਾਤ ਦੇ ਰਾਸ਼ਟਰ ਪਿਤਾ ਹਨ। ਉਹਨਾਂ ਨੂੰ ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਹਰ ਤਰੀਕੇ ਨਾਲ ਸਥਾਪਤ ਕਰਦੀ ਹੈ। ਅਨੇਕਾ ਹੋਰ ਸਰਮਾਏਦਾਰ ਸੁਧਾਰਕ ਵੀ ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਸਥਾਪਤ ਕਰਨ ਲਈ ਲੱਗੇ ਰਹਿੰਦੇ ਹਨ। ਉਹਨਾਂ ਅਨੁਸਾਰ ਗਾਂਧੀਵਾਦ ਅੱਜ ਦੀ ਸਮੱਸਿਆ ਦਾ ਰਾਮਬਾਣ ਹੈ। ਮਹਾਤਮਾ ਗਾਂਧੀ ਆਪਣੇ ਆਪ 'ਚ ਹੀ ਅੰਤਰਵਿਰੋਧੀ ਵਿਅਕਤੀ ਸਨ। ਉਹਨਾਂ ਨੇ ਇਕੋ ਵੇਲੇ ਭਾਰਤ ਸਰਮਾਏਦਾਰੀ ਜਮਾਤ ਲਈ ਗਾਡ ਫਾਦਰ ਤੇ ਗ਼ਰੀਬ ਜਨਤਾ ਲਈ ਮਸੀਹਾ ਦੀ ਦੂਹਰੀ ਭੂਮਿਕਾ ਨਿਭਾਈ। ਸੁਭਾਵਕ ਸੀ ਕਿ ਇਸ ਦੇ ਲਈ ਉਹ ਤਰ੍ਹਾਂ ਤਰ੍ਹਾਂ ਦੀਆਂ ਆਪਾ ਵਿਰੋਧੀ ਤਜਵੀਜ਼ਾਂ ਪੇਸ਼ ਕਰਦੇ ਪਰ ਮਹਾਤਮਾ ਗਾਂਧੀ ਦੇ ਆਪਣੇ ਕੁਝ ਸਿਧਾਂਤ ਵੀ ਸਨ। ਇਹਨਾਂ ਲਈ ਅੱਜ ਗਾਂਧੀਵਾਦੀ ਉਹਨਾਂ ਨੂੰ ਯਾਦ ਕਰਦੇ ਹਨ। ਮਹਾਂਤਮਾ ਗਾਂਧੀ ਨੇ ਇਹਨਾਂ ਸਿਧਾਤਾਂ ਨੂੰ 1910 'ਚ ਛਪੀ ਆਪਣੀ ਪੁਸਤਕ 'ਚ 'ਹਿੰਦ ਸਵਰਾਜ' ਸਭ ਤੋਂ ਸਪਸ਼ਟ ਤੌਰ 'ਤੇ ਪੇਸ਼ ਕੀਤਾ ਸੀ। 'ਹਿੰਦ ਸਵਰਾਜ' ਭਾਰਤ 'ਚ ਬ੍ਰਿਟਿਸ਼ ਰਾਜ ਦੀ ਇਕ ਆਲੋਚਨਾ ਪੇਸ਼ ਕਰਦੀ ਹੈ। ਇਸ ਆਲੋਚਨਾ ਦੇ ਅਧਾਰ 'ਤੇ ਇਕ ਬਦਲ ਵੀ ਪੇਸ਼ ਕੀਤਾ ਜਾਂਦਾ ਹੈ। ਹਿੰਦ ਸਵਰਾਜ ਬ੍ਰਿਟਿਸ਼ ਰਾਜ ਦੀ ਆਲੋਚਨਾ ਦੇ ਨਾਲ ਬਲਕਿ ਉਸ ਤੋਂ ਵੱਧ ਪੂੰਜੀਵਾਦ ਦੀ ਆਲੋਚਨਾ ਹੈ। ਇਹ ਆਲੋਚਨਾ ਜਾਗੀਰੂ ਛੋਟੀ ਜਾਇਦ ਦੇ ਨਜ਼ਰੀਏ ਤੋਂ ਕੀਤੀ ਗਈ ਹੈ। ਇਹੀ ਗੱਲ ਮੂਲ ਹੈ। ਪੂੰਜੀਵਾਦ ਨਾ ਸਿਰਫ਼ ਜਾਗੀਰੂ ਜਮਾਤ ਨੂੰ ਨਸ਼ਟ ਕਰਦਾ ਹੈ ਬਲਕਿ ਉਸ 'ਤੇ ਅਧਾਰਤ ਸਮਾਜਿਕ, ਧਾਰਮਿਕ, ਸਭਿਆਚਾਰਕ ਵਿਵਸਥਾ ਨੂੰ ਵੀ ਨਸ਼ਟ ਕਰਦਾ ਹੈ। ਉਹ ਆਪਣੇ ਸੁਭਾਅ ਤੋਂ ਹੀ ਅਜਿਹਾ ਪ੍ਰਬੰਦ ਹੈ ਕਿ ਛੋਟੀ ਜਾਇਦਾਦ ਨੂੰ ਨਸ਼ਟ ਕਰ ਦਿੰਦਾ ਹੈ। ਭਾਰਤ 'ਚ ਅੰਗ੍ਰੇਜ਼ੀ ਰਾਜ ਦੇ ਆਗਮਾਨ ਨਾਲ ਹੀ ਇਥੇ ਪੂੰਜੀਵਾਦ ਪ੍ਰਬੰਦ ਕ੍ਰਿਆਸ਼ੀਲ ਹੋ ਗਿਆ। ਇਸ ਨੇ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਜਾਗੀਰੂ ਵਿਵੱਸਥਾ ਨੂੰ ਅਰਧ ਜਾਗੀਰੂ ਪ੍ਰਬੰਦ 'ਚ ਤਬਦੀਲ ਕਰਨਾ ਸ਼ੁਰੂ ਕੀਤਾ। ਪੁਰਾਣੇ ਸਬੰਧ ਨਸ਼ਟ ਹੋਣ ਲੱਗੇ। ਪੂੰਜੀਵਾਦ ਵਲੋਂ ਢਾਹੇ ਜਾ ਰਹੇ ਇਸ ਵਿਨਾਸ਼ ਨੂੰ ਦੋ ਨਜ਼ਰੀਆ ਤੋਂ ਵੇਖਿਆ ਜਾ ਸਕਦਾ ਸੀ – ਬੀਤੇ ਦੇ ਨਜ਼ਰੀਏ ਤੋਂ ਜਾਂ ਭਵਿੱਖ ਦੇ ਨਜ਼ਰੀਏ ਤੋਂ। ਭਵਿੱਖ ਦਾ ਨਜ਼ਰੀਆ ਪੂੰਜੀਵਾਦੀ ਹੁੰਦਾ ਅਤੇ ਬੀਤੇ ਦਾ ਨਜ਼ਰੀਆ ਜਾਗੀਰੂ। ਪਹਿਲਾ ਪੁਰਾਣੇ ਸਬੰਧਾਂ ਨੂੰ ਛੱਡ ਕੇ ਅੱਗੇ ਜਾਣ ਦਾ ਹੁੰਦਾ ਅਤੇ ਦੂਜਾ ਉਹਨਾਂ ਨੂੰ ਕਿਸੇ ਵੀ ਕੀਮਤ 'ਤੇ ਬਚਾਉਣ ਦਾ। ਪਹਿਲਾ ਇਨਕਲਾਬੀ ਹੁੰਦਾ ਤਾਂ ਦੂਜਾ ਪਿਛਾਖੜੀ। ਪੂੰਜੀਵਾਦ ਦੀ ਪੈਦਾਇਸ ਦੇ ਨਾਲ ਉਸ ਦੇ ਵਿਨਾਸ਼ਕਾਰੀ ਪ੍ਰਭਾਵ 'ਚ ਦੋਨੋ ਹੀ ਨਜ਼ਰੀਏ ਪੈਦਾ ਹੋਏ। ਦੋਨਾਂ ਨੇ ਆਪਣੀਆਂ ਵਿਚਾਰਕ ਸਾਹਿਤਕ ਲੀਹਾਂ ਪਾਈਆਂ। ਸੁਭਾਵਿਕ ਹੀ ਸੀ ਕਿ ਦੋਹਾਂ ਦੇ ਘਾਲੇਮਾਲੇ ਵਾਲੀਆਂ ਚੀਜ਼ਾਂ ਵੀ ਪੈਦਾ ਹੋਈਆਂ। ਮੋਹਨ ਦਾਸ ਕਰਮਚੰਦ ਗਾਂਧੀ ਨੇ (ਉਹ ਉਦੋ ਨਾ ਤਾਂ ਮਹਾਤਮਾ ਬਣੇ ਸਨ, ਨਾ ਬਾਪੂ) 1910 'ਚ ਹਿੰਦ ਸਵਰਾਜ 'ਚ ਅਤੀਤ ਦਾ ਨਜ਼ਰੀਆ ਅਪਣਾਇਆ– ਪਿਛਾਖੜੀ ਨਜ਼ਰੀਆ। ਉਹ ਪੁਰਾਣੀ (ਛੋਟੀ) ਜਾਇਦਾਦ ਨੂੰ ਬਣਾਈ ਰੱਖਣ ਦੇ ਪੱਖੀ ਰਹੇ। ਹਿੰਦ ਸਵਰਾਜ ਸੰਮਤੀ ਛੋਟੀ ਸੰਮਤੀ ਤੇ ਜਾਗੀਰੂ ਰਿਸ਼ਤਿਆਂ ਦੇ ਨਸ਼ਟ ਹੋਣ ਦਾ ਵਿਲਾਪ ਕਰਦੀ ਸੀ। ਉਹ ਇਹਨਾਂ ਨੂੰ ਪਵਿੱਤਰ ਸਹਿਜ ਕੁਦਰਤੀ ਐਲਾਨ ਦੀ ਹੈ

ਅਤੇ ਇਸ ਨਜ਼ਰੀਏ ਤੋਂ ਨਵੇਂ ਪੂੰਜੀਵਾਦੀ ਸਬੰਧਾਂ ਨੂੰ ਘ੍ਰਿਣਤ ਐਲਾਨਦੀ ਹੈ। ਜਾਗੀਰੂ ਨਜ਼ਰੀਏ ਤੋਂ ਉਹ ਅਸਲ 'ਚ ਬੇਹੱਦ ਘ੍ਰਿਣਤ ਹੈ। ਪਵਿੱਤਰ ਰਿਸ਼ਤਿਆਂ ਦਾ ਆਨਾ-ਪਾਈ ਦੇ ਰਿਸ਼ਤਿਆਂ 'ਚ ਬਦਲ ਜਾਣਾ ਅਸਲ 'ਚ ਬੇਹੱਦ ਘ੍ਰਿਣਤ ਗੱਲ ਹੈ - ਜਾਗੀਰੂ ਨਜ਼ਰੀਏ ਤੋਂ।

ਪੂੰਜੀਵਾਦ ਪੁਰਾਣੇ ਜਾਗੀਰੂ ਸਬੰਧਾਂ ਨੂੰ ਨਸ਼ਟ ਕਰਕੇ ਉਹ ਅਧਾਰ ਭੂਮੀ ਤਿਆਰ ਕਰਦਾ ਹੈ ਜਿਸ ਨਾਲ ਨਵੇਂ ਸਮਾਜ ਦੀ ਉਸਾਰੀ ਹੋ ਸਕੇ ਪਰ ਇਸ ਤੋਂ ਪਹਿਲਾਂ ਇਹ ਜਾਗੀਰੂ ਬੰਧਨਾਂ ਤੇ ਜਾਗੀਰੂ ਤੰਗਦਿਲੀ ਨੂੰ ਨਸ਼ਟ ਕਰ ਦਿੰਦਾ ਹੈ। ਇਸ ਰਾਹੀਂ ਉਹ ਮਨੁੱਖੀ ਤੇ ਪੈਦਾਵਾਰੀ ਸ਼ਕਤੀਆਂ ਨੂੰ ਉਨਮੁਕਤ ਕਰ ਦਿੰਦਾ ਹੈ। ਮਨੁੱਖ ਨਵੀਆਂ ਉਡਾਣਾ ਭਰਨ ਲੱਗਦਾ ਹੈ। ਮਨੁੱਖ ਦੀ ਕਾਰਜਸ਼ੀਲਤਾ ਦੇ ਬੰਧਨ ਖੁੱਲ੍ਹ ਜਾਂਦੇ ਹਨ ਪਰ ਜਾਗੀਰੂ ਨਜ਼ਰੀਏ ਨੂੰ ਇਹ ਮੰਨਜ਼ੂਰ ਨਹੀਂ ਹੁੰਦਾ। ਇਹ ਪੂੰਜੀਵਾਦ ਦੀ ਇਸ ਭੂਮਿਕਾ ਨੂੰ ਨਹੀਂ ਦੇਖ ਸਕਦਾ। ਇਹ ਸਿਰਫ਼ ਉਹਨਾਂ ਦੀ ਵਿਨਾਸ਼ਕਾਰੀ ਤੇ ਮੁਨਾਫੇ ਦੀ ਭੂਮਿਕਾ ਨੂੰ ਹੀ ਵੇਖਦਾ ਹੈ। ਇੱਥੋਂ ਹੀ ਖੜ੍ਹੇ ਹੋ ਕੇ ਇਹ ਪੂੰਜੀਵਾਦ ਦੀ ਆਲੋਚਨਾ ਕਰਨ ਲੱਗਦਾ ਹੈ ਅਤੇ ਇਤਿਹਾਸ ਦੇ ਪਹੀਏ ਨੂੰ ਉਲਟਾ ਘੁਮਾਉਣ ਦੀ ਕੋਸ਼ਿਸ਼ ਕਰਦਾ ਹੈ। ਮਹਾਤਮਾ ਗਾਂਧੀ ਨੇ 'ਹਿੰਦ ਸਵਰਾਜ' 'ਚ ਇਹ ਨਜ਼ਰੀਆ ਅਪਣਾਇਆ ਸੀ। ਇਹ ਉਹਨਾਂ ਦਾ ਆਪਣਾ ਸਿਧਾਂਤ ਸੀ ਜਿਸ ਨੂੰ ਉਹ ਸਾਰੀ ਜ਼ਿੰਦਗੀ ਅਪਣਾਈ ਬੈਠੇ ਰਹੇ। ਇਸ ਨੇ ਕਿਸਾਨਾ ਤਕ ਉਹਨਾਂ ਦੀ ਪਹੁੰਚ ਬਣਾਉਣ 'ਚ ਭੂਮਿਕਾ ਨਿਭਾਈ ਪਰ ਠੀਕ ਇਸੇ ਨੇ ਉਹਨਾਂ ਦੇ ਮਜ਼ਦੂਰਾਂ 'ਚ ਹਰਮਨ ਪਿਆਰਾ ਹੋਣ ਤੋਂ ਰੋਕਿਆ। ਜਾਗੀਰੂ ਛੋਟੀ ਜਾਇਦਾਦ ਦੇ ਨਜ਼ਰੀਏ ਵਾਲਾ ਮਜ਼ਦੂਰਾਂ ਦਾ ਨੇਤਾ ਨਹੀਂ ਬਣ ਸਕਦਾ ਸੀ ਪਰ ਮਹਾਂਤਮਾ ਗਾਂਧੀ ਸਰਮਾਏਦਾਰ ਜਮਾਤ ਦੇ ਗਾਡਫਾਦਰ ਵੀ ਸਨ। ਇਸ ਭੂਮਿਕਾ 'ਚ ਉਹਨਾਂ ਦਾ ਆਪਣਾ ਨਜ਼ਰੀਆ ਬਹੁਤਾ ਕੰਮ ਦਾ ਨਹੀਂ ਸੀ। ਇਸ ਲਈ ਪੂੰਜੀਪਤੀ ਜਮਾਤ ਦੀ ਅਗਵਾਈ ਕਰਦਿਆਂ ਉਹਨਾਂ ਨੇ ਉਸ ਨੂੰ ਲਾਂਭੇ ਰੱਖਿਆ। ਇਹੀ ਨਹੀਂ ਅਜ਼ਾਦੀ ਪਿੱਛੋਂ ਭਾਰਤ ਦੀ ਸਰਮਾਏਦਾਰ ਜਮਾਤ ਦੀ ਅਗਵਾਈ ਦਾ ਜਦ ਸੁਆਲ ਉਠਿਆ ਤਾਂ ਉਹਨਾਂ ਨੇ ਪਟੇਲ ਵਰਗੇ ਦਕਿਆਨੂਸੀ ਦੀ ਬਜਾਏ ਨਹਿਰੂ ਜਿਹੇ ਅਧੁਨਿਕ ਨੂੰ ਚੁਣਿਆ। ਮਹਾਂਤਮਾ ਗਾਂਧੀ ਏਨੇ ਵਿਹਾਰਕ ਸਨ ਕਿ ਉਹ ਪਟੇਲ ਦੀ ਬਜਾਏ ਨਹਿਰੂ ਨੂੰ ਚੁਣ ਸਕਦੇ ਸਨ ਪਰ ਉਪਰੋਕਿਤ ਤੋਂ ਇਹ ਵੀ ਸਪੱਸ਼ਟ ਹੈ ਕਿ ਮਹਾਤਮਾ ਗਾਂਧੀ ਦੇ ਵਿਚਾਰਾਂ ਦੀ ਮੰਨਜ਼ੂਰੀ ਦੀ ਗੱਲ ਕਰਨਾ ਹੀ ਅੱਜ ਬੇਈਮਾਨੀ ਹੈ। ਜਦ ਇਤਿਹਾਸ ਏਨਾ ਅੱਗੇ ਨਿਕਲ ਗਿਆ ਹੈ ਕਿ, ਜਦ ਜਾਗੀਰੂ ਛੋਟੀ ਜਾਇਦਾਦ ਹੁਣ ਅਰਧ ਜਾਗੀਰੂ ਹੈ ਤਦ ਗਾਂਧੀਵਾਦ ਦਾ ਰਾਗ ਅਲਾਪਣਾ ਪਹਿਲਾਂ ਤੋਂ ਕਿਤੇ ਵੱਧ ਪਿੱਛਾਖੜੀ ਹੈ। 'ਹਿੰਦ ਸਵਰਾਜ' ਦਾ ਅੱਜ ਇਹੀ ਮਤਲਬ ਹੈ।

# ਕੀ ਕਰੀਏ ਕਮਰ ਦੇ ਦਰਦ ਦਾ ਹੱਲ?

ਆਪਣੇ ਲੰਬੇ ਕੱਦ ਦੀ ਸਜਾ ਸਾਨੂੰ ਪਿੱਠ ਜਾਂ ਕਮਰ ਦੇ ਦਰਦ ਵਜੋਂ ਚਕਾਉਣੀ ਪੈਂਦੀ ਹੈ। ਇੱਥੇ ਸਿਰਫ਼ 20 ਫੀਸਦੀ ਬੰਦੇ ਅਲਰਜੀ ਤੋਂ ਪੈਦਾ ਹੋਏ ਰੋਗਾਂ ਕਰਕੇ ਪੀੜਤ ਹਨ। ਉਥੇ 90 ਫੀਸਦੀ ਤੋਂ ਵੱਧ ਬੰਦਿਆਂ ਨੂੰ ਆਪਣੀ ਜ਼ਿੰਦਗੀ 'ਚ ਕਦੀ ਨਾ ਕਦੀ ਪਿੱਠ ਦਰਦ ਦਾ ਸਾਹਮਣਾ ਕਰਨਾ ਪੈਂਦਾ ਹੈ। ਅਸਲ 'ਚ ਸਾਡਾ ਸਰੀਰ ਸਿੱਧੀ ਕਮਰ ਅਤੇ ਪੈਰਾਂ 'ਤੇ ਖੜ੍ਹਾ ਹੋਣ ਲਈ ਬਣਿਆ ਹੀ ਨਹੀਂ ਹੈ ਪਰ ਏਨਾ ਜ਼ਰੂਰ ਹੈ ਕਿ ਪੈਰਾਂ 'ਤੇ ਸਿੱਧਾ ਖੜ੍ਹਾ ਹੋਣ ਨਾਲ ਹੱਥਾਂ ਨੂੰ ਸਿਰਫ਼ ਸਰੀਰ ਦਾ ਭਾਰ ਢੋਹਣ ਦੀ ਗੁਲਾਮੀ ਤੋਂ ਛੁਟਕਾਰਾ ਹੀ ਨਹੀਂ ਮਿਲ ਰਿਹਾ, ਬਲਕਿ ਉਹਨਾਂ ਨੂੰ ਹੋਰ ਕਾਰਜਾਂ ਜਿਵੇਂ ਪੜ੍ਹਨ ਜੋ ਸੰਗੀਤ ਯੰਤਰ ਵਜਾਉਣ ਲਈ ਪੂਰਨ ਆਜ਼ਾਦੀ ਮਿਲ ਗਈ। ਜੀਵਨ ਦੀਆਂ ਇਹਨਾਂ ਅਹਿਮ ਉਚ ਲੋੜਾਂ ਤੋਂ ਪਰ੍ਹੇ ਹੋਣ ਕਾਰਨ ਪਸ਼ੂਆਂ ਨੂੰ ਕਮਰ ਦਰਦ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪਿੱਠ ਦਾ ਮੁੱਖ ਰਚਨਾਤਮਕ ਅਧਾਰ ਰੀੜ ਦੀ ਹੱਡੀ ਹੈ ਜੋ ਕਿਸੇ ਜਹਾਜ਼ ਦੇ ਮਸਤੂਲ ਵਾਂਗੂੰ ਸਿੱਧੀ ਖੜ੍ਹੀ ਰਹਿੰਦੀ ਹੈ ਅਤੇ ਜਿਸ ਨਾਲ ਰਸੀਆ ਤੇ ਮਾਸਪੇਸ਼ੀਆਂ ਅਤੇ ਨਸਾਂ ਜੁੜੀਆਂ ਰਹਿੰਦੀਆਂ ਹਨ। ਮਨੁੱਖ ਸਰੀਰ ਅੰਦਰ ਰੀੜ ਦੀ ਹੱਡੀ ਹੋਰ ਸਾਰੇ ਅੰਗਾਂ ਨੂੰ ਸਹਾਰਾ ਦਿੰਦੀ ਹੈ। ਇਹਨਾਂ ਦੋਹਾਂ 'ਚ ਇਕ ਵੱਡਾ ਅੰਤਰ ਹੋਰ ਵੀ ਹੈ। ਮਸਤੂਲ ਬਿਲਕੁਲ ਸਿੱਧਾ ਖੜ੍ਹਾ ਹੁੰਦਾ ਹੈ ਜਦ ਕਿ ਰੀੜ ਦੀ ਹੱਡੀ ਘਟੋ-ਘੱਟ ਚਾਰ ਥਾਵਾਂ ਤੋਂ ਮੁੜੀ ਹੁੰਦੀ ਹੈ। ਰੀੜ ਦੀ ਹੱਡੀ ਦੇ ਇਹ ਚਾਰੋਂ ਮੋੜ ਕ੍ਰਮਵਾਰ ਗਰਦਨ, ਛਾਤੀ, ਪੇਟ, ਕੁੱਲੇ ਭਾਗਾਂ 'ਚ ਇਸ ਦਾ ਝੁਕਾਅ ਹੁੰਦਾ ਹੈ। ਗਰਦਨ (ਸਰਵਾਈਕਲ) ਪੇਟ (ਲੰਬਰ) ਦੇ ਹਿੱਸਿਆਂ 'ਚ ਰੀੜ ਦੀ ਹੱਡੀ ਸਾਹਮਣਿਉਂ ਦੇਖਣ ਨਾਲ ਅੱਗੇ ਵੱਲ ਉਭਰੀ ਦਿਸਦੀ ਹੈ ਜਦ ਕਿ ਛਾਤੀ (ਥੌਰੇਸਿਕ) ਤੇ ਕੁੱਲੇ (ਸੇਕਰਲ) ਭਾਗਾਂ 'ਚ ਇਸ ਦਾ ਝੁਕਾਅ ਪਿੱਛੇ ਵੱਲ ਹੁੰਦਾ ਹੈ। ਕੁਲ ਮਿਲਾ ਕੇ ਇਕ ਮੇਡੇ ਸਰਪ ਵਾਂਗੂੰ ਵਿਖਾਈ ਦਿੰਦੀ ਹੈ। ਕਮਰ ਦਰਦ ਦੇ ਸ਼ੁਰੂ ਅਤੇ ਕਾਰਨਾਂ ਨੂੰ ਸਮਝਣ 'ਚ ਰੀੜ ਦੀ ਹੱਡੀ ਦੀ ਬਣਾਵਟ ਦਾ ਅਹਿਮ ਰੋਲ ਹੈ। ਯਾਦ ਰੱਖਣਯੋਗ ਦੂਜੀ ਗੱਲ ਇਹ ਹੈ ਕਿ ਰੀੜ ਦੀ ਹੱਡੀ ਇਕ ਰੂਪ ਜਾਂ ਪੂਰੀ ਇਕ ਹੱਡੀ ਨਹੀਂ ਹੈ। ਇਸ ਦੇ ਉਲਟ ਇਸ ਦੀ ਬਣਤਰ ਇੱਕ ਦੂਜੇ ਉੱਪਰ ਰੱਖੀਆਂ 34 ਵੱਖ-ਵੱਖ ਹੱਡੀਆਂ ਨਾਲ ਬਣੀ ਹੁੰਦੀ ਹੈ। ਜੋ ਕੈਰਮ ਬੋਰਡ ਦੀਆਂ ਵੱਡੀਆਂ-ਵੱਡੀਆਂ ਗੀਟੀਆਂ ਵਰਗੀਆਂ ਹੁੰਦੀਆਂ ਹਨ। ਜਿਹਨਾਂ ਦੇ ਪਿੱਛਲੇ ਹਿੱਸੇ ਤੋਂ ਇੱਕ ਉਂਗਲੀ ਵਰਗਾ ਹਿੱਸਾ ਨਿਕਲਿਆ ਰਹਿੰਦਾ ਹੈ। ਇਸ ਹਿੱਸੇ ਕਾਰਣ (ਜੋ ਬਾਹਰੀ ਸਿਰੇ 'ਤੇ ਹੇਠਾਂ ਵੱਲ ਮੁੜੇ ਵੀ ਹੁੰਦੇ ਹਨ) ਪੂਰੀ ਰੀੜ ਦੀ ਹੱਡੀ ਕਾਂਟੇਦਾਰ ਟਹਿਣੀ ਵਰਗੀ ਲਗਦੀ ਹੈ। ਇਸ ਕਾਰਨ ਇਸ ਦਾ ਨਾਂ ਸਪਾਈਨ (ਕੰਡੀਲੀ ਝਾੜੀ) ਰੱਖਿਆ ਗਿਆ ਹੈ। ਇਹਨਾਂ ਗਿਟੀਆਂ ਨੂੰ ਮਣਕਿਆਂ (ਵਰਟਿਬਰਿਆਂ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹਨਾਂ ਦੀ ਗਿਣਤੀ ਗਰਦਨ 'ਚ ਸੱਤ, ਛਾਤੀ 'ਚ 12, ਪੇਟ 'ਚ 5 ਅਤੇ ਕੁਲ੍ਹੇ 'ਚ 5 ਹੁੰਦੀ ਹੈ। ਇਹ ਕੁਲ 29 ਹੁੰਦੀਆਂ ਹਨ। ਬਾਕੀ 5 ਬਹੁਤ ਛੋਟੀਆਂ ਹੋਣ ਕਰਕੇ ਆਪਸ 'ਚ ਜੁੜੀਆਂ ਰਹਿੰਦੀਆਂ ਹਨ। ਇਹਨਾਂ ਦੀ ਲੰਬਾਈ ਉਂਗਲ ਦੇ ਪੋਟੇ ਦੇ ਬਰਾਬਰ ਹੁੰਦੀ ਹੈ। ਇਹ ਗਾਇਬ ਹੋਈ ਮਨੁੱਖੀ ਪੂਛ ਦੀ ਪ੍ਰਤੀਕ ਹੈ। ਅਸਲ 'ਚ ਕੁੱਲੇ ਦੇ ਭਾਗ ਦੇ ਪੰਜੋ-ਕਸ਼ੇਰੁਕਾ ਵੀ ਜੁੜ ਕੇ ਇਕਾਕਾਰ ਹੁੰਦੀਆਂ ਹਨ ਅਤੇ ਇਸ ਨੂੰ 'ਸਕੇਰਮ' ਹੱਡੀ ਕਿਹਾ ਜਾਂਦਾ ਹੈ। ਇਸ

ਤਰ੍ਹਾਂ ਸਹੀ ਅਰਥਾਂ ਵਿੱਚ ਰੀੜ ਦੀ ਹੱਡੀ 'ਚ ਕੁੱਲ 26 ਹੱਡੀਆਂ ਹੁੰਦੀਆਂ ਹਨ। 7 -ਗਰਦਨ, 12-ਛਾਤੀ, 5-ਪੇਟ ਇਕ ਸੈਕਰਮ ਅਤੇ ਇਕ ਕਾਕਿਸ ਜਿਅਲ। ਇਹ ਹੈਰਾਨੀ ਹੋ ਸਕਦੀ ਹੈ ਕਿ ਆਖਰ ਕੁਦਰਤ ਨੂੰ ਇਸ ਸਭ ਕਰਨ ਦੀ ਲੋੜ ਹੀ ਕੀ ਸੀ ਜਦ ਇਕ ਇਕੱਲੀ ਲੰਬੀ ਹੱਡੀ ਨਾਲ ਕੰਮ ਚਲ ਸਕਦਾ ਸੀ, ਪਰ ਜਦ ਅਸੀਂ ਰੀੜ ਦੀ ਹੱਡੀ ਰਾਹੀਂ ਸੰਭਵ ਅਨੇਕਾਂ ਕਾਰਜਾਂ 'ਤੇ ਨਜ਼ਰ ਮਾਰਦੇ ਹਾਂ ਤਾਂ ਕੁਦਰਤ ਦਾ ਲੋਹਾ ਮੰਨਣਾ ਪੈਂਦਾ ਹੈ। ਜਦ ਰੀੜ ਦੀ ਹੱਡੀਆਂ ਦੀਆਂ ਸਾਰੀਆਂ 26 ਹੱਡੀਆਂ ਆਪਸ 'ਚ ਜੁੜ ਕੇ 'ਬਾਂਸ' ਵਾਂਗੂੰ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਕਮਰ ਦੀ ਹਾਲਤ ਬਿਲਕੁਲ ਖ਼ਤਮ ਹੀ ਹੋ ਜਾਂਦੀ ਹੈ। ਇਸ ਨੂੰ ਐਨਕਾਈਲਾਜਿੰਗ ਸਪਾਂਡੀਲਾਈਟਸ ਆਖਿਆ ਜਾਂਦਾ ਹੈ। ਰੋਗੀ ਅੱਗੇ-ਪਿੱਛੇ ਕਿਸੇ ਵੀ ਪਾਸੇ ਝੁਕ ਨਹੀਂ ਸਕਦਾ ਹੈ। ਅਜੇਹੀ ਹਾਲਤ 'ਚ ਰੋਗੀ ਦੇ ਕਸ਼ਟ ਦੀ ਕਲਪਨਾ ਕੀਤੀ ਜਾ ਸਕਦੀ ਹੈ। ਜੇ ਕੁਦਰਤ ਨੇ ਇਕ ਦੂਜੇ ਉਪਰ ਰੱਖੇ, ਮਣਕਿਆਂ ਵਿਚਕਾਰ ਕੋਈ ਲਚੀਲਾ ਪਦਾਰਥ ਨਾ ਪਾਇਆ ਹੁੰਦਾ ਤਾਂ ਕਲਪਨਾ ਕਰੋ ਕੀ ਹੁੰਦਾ? ਖੇਡਣ-ਕੁਦਣ ਜਾਂ ਅਜੇਹਾ ਕੋਈ ਵੀ ਮੇਹਨਤ ਵਾਲਾ ਕੰਮ ਕਰਨ 'ਤੇ ਉਹ ਮਣਕੇ ਇਕ ਦੂਜੇ ਨਾਲ ਟਕਰਾਉਂਦੇ ਜਾਂ ਰਗੜ ਖਾਂਦੇ। ਇਸ ਲਈ ਹਰ ਦੋ ਮਣਕਿਆਂ ਵਿਚਕਾਰ ਇਕ ਲਚਕੀਲਾ ਪਦਾਰਥ ਜਿਸ ਨੂੰ ਡਿਸਕ ਕਿਹਾ ਜਾਂਦਾ ਹੈ, ਹੁੰਦਾ ਹੈ। ਇਸ ਦੀ ਬਣਤਰ ਦੋ ਵੱਖ-ਵੱਖ ਪਦਾਰਥਾਂ ਨਾਲ ਹੋਈ ਹੁੰਦੀ ਹੈ। ਇਹ ਦੇਖਣ 'ਚ ਜੈਲੀ ਦੀ ਬਣੀ ਗੁੰਨੇ ਆਟੇ ਦੇ ਪੇੜੇ ਵਰਗੀ ਲੱਗਦੀ ਹੈ। ਇਸ ਦਾ ਬਾਹਰੀ ਭਾਗ ਜਿਸ ਨੂੰ ਐਨੂਲਸ ਫਾਈਬਰੋਸਿਸ ਕਹਿੰਦੇ ਹਨ। ਸਵੇਤ ਲਚਕੀਲੇ ਉਕਤਾਂ ਨਾਲ ਬਣਿਆ ਹੁੰਦਾ ਹੈ ਅਤੇ ਅੰਦਰੂਨੀ ਭਾਗ ਜੋ ਨਿਊਕਲੀਅਸ ਪਲਪੋਸਿਸ ਅਖਵਾਉਂਦਾ ਹੈ। ਜੈਲੀ ਵਰਗੀ ਰਚਨਾ ਵਾਲਾ ਹੁੰਦਾ ਹੈ। ਵਧਦੀ ਉਮਰ ਦੇ ਨਾਲ ਬਾਹਰੀ ਭਾਗ 'ਚ ਟੁੱਟ ਫੁੱਟ ਹੁੰਦੀ ਰਹਿੰਦੀ ਹੈ ਜਿਸ ਨਾਲ ਜੈਲੀ ਵਰਗਾ ਅੰਦਰਲਾ ਪਦਾਰਥ ਉਸ ਤਰ੍ਹਾਂ ਬਾਹਰ ਨਿਕਲ ਜਾਂਦਾ ਹੈ ਜਿਵੇਂ ਟਿਊਬ ਵਿਚੋਂ ਟੁੱਥ ਪੇਸਟ ਇਸ ਨਾਲ ਆਮ ਰੋਗ ਸਲਿਪ ਡਿਸਕ ਪੈਦਾ ਹੋ ਜਾਂਦਾ ਹੈ ਜੋ ਕਮਰ ਦੇ ਹੇਠਲੇ ਹਿੱਸੇ ਦੇ ਦਰਦ ਦਾ ਕਾਰਣ ਹੈ। ਸਿਲਪ ਡਿਸਕ 50 ਸਾਲਾਂ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਨੂੰ ਹੀ ਅਕਸਰ ਹੁੰਦੀ ਹੈ। ਮਰਦ ਤੇ ਔਰਤਾਂ ਇਸ ਨਾਲ ਇਕੋ ਜਿੰਨੇ ਅਸਰ ਅੰਦਾਜ ਹੁੰਦੇ ਹਨ। ਡਿਸਕ ਦੇ ਜਲਦੀ ਹਰਜਾ ਗ੍ਰਸਤ ਹੋਣ ਦੇ ਕਈ ਕਾਰਣ ਹਨ ਜਿਹਨਾਂ 'ਚ ਕੁਪੋਸ਼ਣ ਇਕ ਹੈ ਤੰਬਾਕੂ ਦੀ ਵਰਤੋਂ ਨਾਲ ਡਿਸਕ ਜਲਦੀ ਅਸਰਅੰਦਾਜ ਹੁੰਦੀ ਹੈ, ਕਿਉਂਕਿ ਇਸ ਨਾਲ ਡਿਸਕ ਨੂੰ ਤਾਕਤ ਦੇਣ ਵਾਲੀਆਂ ਲਹੂ ਨਾਲੀਆਂ 'ਚ ਸੁੰਗੜਨ ਤੇ ਬਲੱਡ ਸਪਲਾਈ 'ਚ ਅੜਿਕਾ ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਸੁਸਤ ਬੰਦਿਆਂ 'ਚ ਵੀ ਡਿਸਕ ਦੀ ਉਮਰ ਜਲਦੀ ਵਧਦੀ ਹੈ ਕਿਉਂਕਿ ਉਹਨਾਂ ਨੂੰ ਸਰੀਰ ਦਾ ਲੋੜੋਂ ਵੱਧ ਭਾਰ ਚੁਕਣਾ ਪੈਂਦਾ ਹੈ। ਇਹ ਸਹੀ ਹੈ ਕਿ ਡਿਸਕ ਸਮੇਂ ਨਾਲ ਪ੍ਰਭਾਵਿਤ ਹੋਣੋ ਨਹੀਂ ਬਚਾਇਆ ਜਾ ਸਕਦਾ। ਪਰ ਅਸੀਂ ਅੱਛੇ ਭੋਜਨ ਤੰਬਾਕੂ ਰਹਿਤ ਜੀਵਨ ਤੇ ਮੋਟਾਪੇ ਨੂੰ ਕੰਟਰੋਲ ਕਰਕੇ ਇਸ ਮਾਮਲੇ ਨੂੰ ਮੱਠਾ ਜ਼ਰੂਰ ਕਰ ਸਕਦੇ ਹਾਂ। ਸਲਿਪ ਡਿਸਕ ਰਾਹੀਂ ਕਮਰ ਦੇ ਹੇਠਲੇ ਹਿੱਸੇ ਦੇ ਦਰਦ ਦਾ ਕਾਰਣ ਹੈ। ਟੁਥਪੇਸਟ ਵਰਗੇ ਪਦਾਰਥ ਦਾ ਬਾਹਰ ਨਿਕਲ ਕੇ ਮੇਰੂਦੰਡ ਦੇ ਕੋਲ ਦੀ ਨਸਾਂ 'ਤੇ ਦਬਾਅ ਪਾਉਣਾ। ਇਕ ਵਾਰ ਅਜੇਹਾ ਹੋਣ 'ਤੇ ਇਸ ਦਾ ਨਿਰਾਕਾਰਣ ਸੰਭਵ ਨਹੀਂ। ਇਸ ਦਾ ਇਲਾਜ ਕਮਰ ਦੀ ਮਾਸ-ਪੇਸ਼ੀਆਂ ਨੂੰ ਮਜ਼ਬੂਤ ਕਰਨਾ ਹੈ ਤਾਂ ਕਿ ਉਹ ਸਰੀਰ

ਦੇ ਜ਼ਿਆਦਾਤਰ ਭਾਰ ਨੂੰ ਬਰਦਾਸ਼ਿਤ ਕਰ ਸਕਣ। ਜਿਸ ਨਾਲ ਮੇਰੂ ਲੜੀ 'ਤੇ ਘਟੋ ਘੱਟ ਦਬਾਅ ਪਵੇ। ਅਪਰੇਸ਼ਨ ਰਾਹੀਂ ਹੀ ਫੈਲੇ ਹੋਏ ਡਿਸਕ ਪਦਾਰਥ ਨੂੰ ਪੂਰੀ ਤਰ੍ਹਾਂ ਹਟਾਇਆ ਜਾ ਸਕਦਾ ਹੈ। ਵੱਧ ਮਾਤਰਾ 'ਚ ਹੋਣ ਵਾਲੇ ਕਮਰ ਦਰਦਾਂ 'ਚੋਂ ਇੱਕ ਹੈ (ਲੰਬੈਗੋ) ਇਹ ਲੇਟਿਨ ਸ਼ਬਦ ਲੰਬਸ ਭਾਵ ਕਟੀ ਤੋਂ ਬਣਿਆ ਹੈ। ਇਹ ਆਪ ਤੌਰ 'ਤੇ ਲਾਹਪ੍ਰਵਾਹੀ ਨਾਲ ਝੁਕਣ, ਭਾਰ ਚੁਕਣ ਜਾਂ ਸਰੀਰ ਨੂੰ ਗਲਤ ਸਥਿਤੀ 'ਚ ਰੱਖਣ ਨਾਲ ਹੁੰਦਾ ਹੈ। ਉੱਚੀ ਅੱਡੀ ਦੇ ਸੈਂਡਲ ਪਹਿਨਣ ਵਾਲੀਆਂ ਔਰਤਾਂ ਇਸ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੀਆਂ ਹਨ। ਉਚੀ ਅੱਡੀ ਦੇ ਸੈਂਡਲਾਂ ਕਾਰਣ ਸਰੀਰ ਦਾ ਤਵਾਜਨ ਵਿਗੜ ਜਾਂਦਾ ਹੈ ਤੇ ਸਰੀਰ ਦਾ ਭਾਰ ਉਠਾਉਣ ਵਾਲੀ ਕਲਪਨਿਕ ਰੇਖਾ ਬਦਲ ਜਾਂਦੀ ਹੈ ਜਿਸ ਰਾਹੀਂ ਸਰੀਰ ਦਾ ਭਾਰ ਧਰਾਤਲ ਤਕ ਪਹੁੰਚਦਾ ਹੈ। ਇਹ ਰੀੜ ਦੀ ਹੱਡੀ ਦੇ ਕੁਲ੍ਹੇ ਵਾਲੇ ਭਾਗ ਦੇ ਠੀਕ ਮੂਹਰਦੀ ਲੰਘਦਾ ਹੈ। ਉੱਚੀ ਅੱਡੀ ਦੇ ਸੈਂਡਲ ਇਸ ਕਲਪਨਿਕ ਰੇਖਾ ਦੇ ਤਵਾਜਨ ਨੂੰ ਵਿਗਾੜ ਦਿੰਦੇ ਹਨ। ਜਿਸ ਨਾਲ ਕਟੀ ਖੇਤਰ ਨੂੰ ਵੱਧ ਭਾਰ ਚੁੱਕਣਾ ਪੈਂਦਾ ਹੈ। ਸਿੱਟਾ ਹੁੰਦਾ ਹੈ ਭਿਅੰਕਰ ਦਰਦ ਗਰਭਵਤੀ ਔਰਤਾਂ ਨੂੰ ਆਖਰੀ ਮਹੀਨਿਆਂ 'ਚ ਹੋਣ ਵਾਲੇ ਕਮਰ ਦਰਦ ਦਾ ਕਾਰਨ ਵੀ ਇਹੀ ਹੈ। ਗਰਭ ਅਵਸਥਾ 'ਚ ਭਰੂਣ ਦਾ ਭਾਰ ਕਟੀ-ਖੇਤਰ ਨੂੰ ਅੱਗੇ ਵਲ ਝੁਕਾ ਦਿੰਦਾ ਹੈ। ਜਿਸ ਨਾਲ ਰੀੜ ਦਾ ਸੁਭਾਵਿਕ ਵਰਕ ਬਦਲ ਜਾਂਦਾ ਹੈ ਤੇ ਕਮਰ 'ਤੇ ਵਾਧੂ ਭਾਰ ਪੈਂਦਾ ਹੈ। ਕਮਰ ਦਰਦ ਦੀ ਦੂਜੀ ਆਮ ਵਜਾਹ ਹੈ ਰੀੜ 'ਚ ਗਠੀਆ (ਓਸਟੀਓ ਆਰਥਰਾਈਟਸ) ਇਹ ਬਜੁਰਗਾਂ ਦੀ ਆਮ ਸਮੱਸਿਆ ਹੈ ਤੇ ਮੁਖ ਤੌਰ 'ਤੇ ਸਰੀਰ ਦੇ ਬੇਲੋੜੇ ਘਸਾਅ ਦੇ ਸਿੱਟੇ ਵਜੋਂ ਹੁੰਦੀ ਹੈ। 50 ਸਾਲਾਂ ਤੋਂ ਵੱਧ ਉਮਰ 'ਚ ਅਕਸਰ ਹੁੰਦੀ ਹੈ। ਇਕ ਵਾਰੀ ਸ਼ੁਰੂ ਹੋਣ ਪਿੱਛੋਂ ਇਸ ਨੂੰ ਰੋਕਣਾ ਜਾਂ ਠੀਕ ਕਰ ਸਕਣਾ ਮੁਸ਼ਕਲ ਹੁੰਦਾ ਹੈ। ਹੱਡੀਆਂ ਤੇ ਜੋੜਾਂ ਨੂੰ ਭਾਰ ਮੁਕਤ ਕਰਨਾ ਹੀ ਇਸ ਦਾ ਇਕੋ ਇਕ ਹੱਲ ਹੈ। ਇਸ ਲਈ ਸਰੀਰ ਦਾ ਵਜਣ ਘਟਾਉਣਾ ਲਾਜ਼ਮੀ ਹੈ ਜਾਂ ਫਿਰ ਕਮਰ ਦੀਆਂ ਮਾਸ-ਪੇਸ਼ੀਆਂ ਦੀ ਨਿਯਮਤ ਕਸਰਤ ਰਾਹੀਂ ਰਿਸ਼ਟ ਪੁਸ਼ਟ ਕਰਨਾ ਪੈਂਦਾ ਹੈ ਤਾਂ ਕਿ ਇਹ ਅੰਸ਼ਕ ਰੂਪ 'ਚ ਸਰੀਰ ਦਾ ਭਾਰ ਸਹਿਣ ਕਰ ਸਕਣ। ਜੇ ਰੋਗ ਇਹ ਲੱਗ ਵੀ ਜਾਵੇ ਤਾਂ ਘਬਰਾਓ ਨਾ। ਸਰੀਰ ਰੂਪੀ ਮਸ਼ੀਨ ਬਿਨਾਂ ਟੁੱਟ ਭੱਜ ਠੀਕ ਕੀਤਿਆਂ 50 ਸਾਲ ਚਲਦੀ ਹੈ। ਹੋਰ ਕੋਈ ਮਸ਼ੀਨ ਏਨਾ ਚਿਰ ਨਹੀਂ ਚੱਲਦੀ। ਹੋਰ ਇਕ ਕਾਰਨ ਓਸਟੀਓ ਪੋਰੋਸਿਸ ਜਾਂ ਹੱਡੀਆਂ ਦਾ ਖੁਰਣਾ ਕਮਰ ਦਰਦ ਪੈਦਾ ਕਰਦਾ ਹੈ। ਜਿਵੇਂ ਜਿਵੇਂ ਉਮਰ ਵਧਦੀ ਹੈ ਹੱਡੀਆਂ 'ਚ ਲਵਣਾ ਦੀ ਮਾਤਰਾ ਘਟਦੀ ਜਾਂਦੀ ਹੈ। ਭਾਵ ਉਹਨਾਂ 'ਚ ਮਜ਼ਬੂਤੀ ਪੈਦਾ ਕਰਨ ਵਾਲੇ ਪਦਾਰਥ (ਕੈਲਸ਼ੀਅਮ ਤੇ ਫਾਸਫੇਟ) ਦੀ ਹੌਲੀ-ਹੌਲੀ ਘਾਟ ਪੈਦਾ ਹੁੰਦੀ ਜਾਂਦੀ ਹੈ। ਇਸ ਨਾਲ ਹੱਡੀਆਂ ਕੰਮਜੋਰ ਤੇ ਭੁਰਪਰੀਆਂ ਹੋ ਜਾਂਦੀਆਂ ਹਨ। ਐਕਸਰੇ ਤੇ ਹੱਡੀ ਜਾਂਚ ਰਾਹੀਂ ਇਸ ਦਾ ਪਤਾ ਅਸਾਨੀ ਨਾਲ ਲਾਇਆ ਜਾ ਸਕਦਾ ਹੈ। ਇਸ ਰੋਗ 'ਚ ਹੱਡੀਆਂ 'ਤੇ ਦਬਾਅ ਦਾ ਪ੍ਰਭਾਵ ਵੀ ਪੈਂਦਾ ਹੈ। ਜਿਵੇਂ ਹੀ ਮਣਕੇ ਸਿਰਿਆਂ ਤੋਂ ਘਸਦੇ ਹਨ। ਹਿਲਣ-ਜੁਲਣ ਨਾਲ ਇਹ ਹਰਜਾਗ੍ਰਸਿਤ ਮਣਕਾ ਨਾਲ ਵਾਲੇ ਮਣਕੇ ਨਾਲ ਰਗੜ ਖਾਂਦਾ ਹੈ ਜਿਸ ਨਾਲ ਦਰਦ ਵੱਧ ਜਾਂਦਾ ਹੈ। ਰਾਤ ਨੂੰ ਦਰਦ ਹੋਣਾ ਆਮ ਗੱਲ ਹੈ। ਇਹੀ ਨਹੀਂ ਆਰਾਮ ਕਰਨ ਨਾਲ ਵੀ ਦਰਦ ਘਟਦਾ ਨਹੀਂ ਤੇ ਸਵੇਰ ਦਾ ਅਕੜਾਅ ਤਾਂ ਹੁੰਦਾ ਹੀ ਹੈ। ਤੇਜ ਪਿੱਠ ਦਰਦ 'ਚ ਗੋਲੀਆਂ, ਦਵਾਈਆਂ ਤੋਂ ਇਲਾਵਾ ਕਸਰਤਾਂ ਵੀ ਫਾਇਦੇਮੰਦ ਹੋ ਸਕਦੀਆਂ ਹਨ।

# ਕੀ ਗੋਡੇ ਬਦਲਣ ਨਾਲ ਖੁਸ਼ਹਾਲ ਬਣਦੀ ਹੈ ਜ਼ਿੰਦਗੀ?

ਸੰਸਾਰ ਪੱਧਰ 'ਤੇ ਪੈਰ ਪਸਾਰਦਾ ਗਠੀਆ ਇਕ ਐਸਾ ਰੋਗ ਹੈ, ਜੋ ਅੱਜ ਮਹਾਮਾਰੀ ਦਾ ਰੂਪ ਧਾਰਨ ਕਰ ਚੁੱਕਿਆ ਹੈ। ਵਧਦੀ ਉਮਰ ਦੀ ਸਭ ਤੋਂ ਤਕਲੀਫ ਦੇਹ ਇਹ ਬੀਮਾਰੀ ਠੰਡੇ ਮੌਸਮ 'ਚ ਹੋਰ ਵੀ ਅਸਹਿ ਹੋ ਜਾਂਦੀ ਹੈ ਪਰ ਇੱਕ ਛੋਟਾ ਜਿਹਾ ਅਪ੍ਰੇਸ਼ਨ ਕਰਵਾਕੇ ਇਸ ਬੀਮਾਰੀ ਤੋਂ ਮੁਕਤੀ ਪਾਈ ਜਾ ਸਕਦੀ ਹੈ। ਗੋਡਾ ਬਦਲਣਾ ਇਕ ਐਸੀ ਅਪ੍ਰੇਸ਼ਨ ਕ੍ਰਿਆ ਹੈ ਜਿਸ 'ਚ ਗਠੀਆ ਗ੍ਰਸ਼ਿਤ ਹੱਡੀ ਤੇ ਕਾਰਟੀਲੇਜ ਨੂੰ ਕੱਢ ਦਿੱਤਾ ਜਾਂਦਾ ਹੈ। ਉਸ ਦੀ ਥਾਂ ਮੈਟਲ ਜਾਂ ਪਲਾਸਟਿਕ ਦਾ ਬਣਿਆ ਨਕਲੀ ਜੋੜ ਲਾ ਦਿੱਤਾ ਜਾਂਦਾ ਹੈ। ਇਸ ਅਪ੍ਰੇਸ਼ਨ 'ਚ ਲੱਗਭਗ ਡੇਢ ਘੰਟੇ ਦਾ ਸਮਾਂ ਲੱਗਦਾ ਹੈ। ਪਰ ਮਰੀਜ ਦੇ ਦੋਨੋ ਗੋਡੇ ਜੋ ਗਠੀਆ ਨਾਲ ਪ੍ਰਭਾਵਿਤ ਹੁੰਦੇ ਹਨ ਤਾਂ ਦੋਨਾਂ ਨੂੰ ਇੱਕੋ ਵੇਲੇ ਹੀ ਅਪ੍ਰੇਸ਼ਨ ਰਾਹੀਂ ਬਦਲਿਆ ਜਾਂਦਾ ਹੈ। ਬਸ਼ਰਤੇ ਉਸ ਦੀ ਮੈਡੀਕਲ ਫਿਟਨੈਸ ਠੀਕ ਹੋਵੇ। ਨਹੀਂ ਤਾਂ ਦੂਜੇ ਜੋੜ ਦਾ ਅਪ੍ਰੇਸ਼ਨ ਪਹਿਲੇ ਤੋਂ ਕਰੀਬ 3-4 ਦਿਨ ਬਾਅਦ ਕੀਤਾ ਜਾਂਦਾ ਹੈ। ਗਠੀਆ ਉਹ ਹਾਲਤ ਹੈ ਜਿਸ 'ਚ ਕਾਰਟੀਲੇਜ, ਜੋ ਹੱਡੀਆਂ ਵਿਚਕਾਰ ਗੱਡਾਂ ਦਾ ਕੰਮ ਕਰਦੀ ਹੈ, ਘਿਸਨ ਲੱਗਦੀ ਹੈ ਤੇ ਇਸ ਕਰਕੇ ਜੋੜ 'ਚ ਸੋਜ, ਦਰਦ ਤੇ ਜਕੜਨ ਵਰਗੇ ਲੱਛਣ ਪੈਦਾ ਹੋ ਜਾਂਦੇ ਹਨ। ਗੋਡੇ ਦੇ ਗਠੀਏ ਦਾ ਇਲਾਜ ਬੀਮਾਰੀ ਦੀ ਅਵੱਸਥਾ 'ਤੇ ਨਿਰਭਰ ਕਰਦਾ ਹੈ। ਸ਼ੁਰੂਆਤੀ ਅਵੱਸਥਾ 'ਚ ਦਰਦ ਨਿਵਾਰਕ ਦਵਾਈਆਂ ਤੇ ਟੀਕੇ ਰਾਹੀਂ ਕੰਟਰੋਲ ਕੀਤਾ ਜਾਂਦਾ ਹੈ ਪਰ ਗੰਭੀਰ ਅਵੱਸਥਾ 'ਚ ਇਹ ਸਾਧਨ ਕਾਰਗਰ ਨਹੀਂ ਹੁੰਦੇ।

ਅਜਿਹੀ ਹਾਲਤ 'ਚ ਗੋਡਾ ਬਦਲਣਾ ਹੀ ਇਕੋ ਇੱਕ ਵਿਕੱਲਪ ਹੁੰਦਾ ਹੈ। ਇਸ ਦੇ ਪ੍ਰਭਾਵ ਆਮ ਤੌਰ 'ਤੇ ਅੱਛੇ ਹੁੰਦੇ ਹਨ। ਇਹ ਅਪ੍ਰੇਸ਼ਨ ਨੂੰ ਵੱਧ ਦਿਨਾਂ ਤੱਕ ਟਾਲਨਾ ਖ਼ਤਰਨਾਕ ਹੁੰਦਾ ਹੈ। ਸਫਲਤਾ ਪੂਰਵਕ ਇਹ ਜੋੜ ਆਮ ਤੌਰ 'ਤੇ 12-16 ਸਾਲਾਂ ਤੱਕ ਅਤੇ ਕੁਝ 20 ਸਾਲਾਂ ਤੱਕ ਬਿਨਾ ਹਿਲੇ ਜੁਲੇ ਚਲ ਜਾਂਦੇ ਹਨ। ਗੋਡਾ ਬਦਲਣਾ ਆਪ ਦੀ ਜੀਵਨ ਸ਼ੈਲੀ ਨੂੰ ਬੇਹਤਰ ਬਣਾਉਣ ਦਾ ਅਮਲ ਹੈ। ਇਹ ਐਮਰਜੰਸੀ 'ਚ ਕਰਨ ਵਾਲਾ ਅਪਰੇਸ਼ਨ ਨਹੀਂ ਹੈ। ਡਾਕਟਰ ਤੁਹਾਨੂੰ ਸਿਰਫ਼ ਸਲਾਹ ਦਿੰਦੇ ਹਨ ਪਰ ਇਸ ਨੂੰ ਕਰਾਉਣ ਦਾ ਫੈਸਲਾ ਤੁਹਾਨੂੰ ਹੀ ਲੈਣਾ ਪਵੇਗਾ। ਜਿਹਨਾਂ ਮਰੀਜਾਂ ਦੀ ਉਮਰ 55 ਸਾਲਾਂ ਤੋਂ ਉਪਰ ਹੋ ਜਾਂਦੀ ਹੈ ਪਰ ਕਦੀ-ਕਦੀ ਜਵਾਨ ਲੋਕਾਂ ਵਿਚ ਵੀ ਇਸ ਨੂੰ ਕਰਾਉਣ ਦੀ ਲੋੜ ਪੈ ਹੀ ਜਾਂਦੀ ਹੈ। ਇਹ ਅਪਰੇਸ਼ਨ ਉਹਨਾਂ ਮਰੀਜਾਂ 'ਚ ਕੀਤੀ ਜਾਂਦੀ ਹੈ ਜਿਹਨਾਂ ਨੂੰ ਗੋਡੇ ਦੇ ਦਰਦ ਕਾਰਨ ਕਾਫੀ ਸਮੱਸਿਆ ਆਉਂਦੀ ਹੈ। ਉਹ ਰੋਜਮਰਾ ਦੇ ਕੰਮਾਂ ਨੂੰ ਕਾਫੀ ਸੌਖ ਨਾਲ ਕਰ ਸਕਦੇ ਹਨ। ਇਸ ਦਾ ਸਭ ਤੋਂ ਵੱਡਾ ਫਾਇਦਾ ਇਹ ਹੁੰਦਾ ਹੈ ਕਿ ਮਰੀਜ ਦਾ ਨਕਲੀ ਜੋੜ ਕਾਫੀ ਹੱਦ ਤੱਕ ਆਮ ਤਰੀਕੇ ਨਾਲ ਕੰਮ ਕਰ ਸਕਦਾ ਹੈ। ਮਰੀਜ਼ ਆਮ ਜੀਵਨ ਸ਼ੈਲੀ ਤੇ ਗਤੀਸ਼ੀਲਤਾ ਦੁਬਾਰਾ ਹਾਸਲ ਕਰਕੇ ਤਕਲੀਫ ਤੋਂ ਛੁਟਕਾਰਾ ਪਾ ਸਕਦਾ ਹੈ।

ਖਤਰੇ :- ਇਹ ਇਕ ਵੱਡਾ ਅਪ੍ਰੇਸ਼ਨ ਹੈ ਇਸ ਲਈ ਕੁਝ ਮਰੀਜ਼ਾਂ 'ਚ ਗੁਲਝਣਾ ਆ ਸਕਦੀਆਂ ਹਨ। ਜ਼ਿਆਦਾਤਰ ਉਲਝਣਾ ਦਾ ਗੋਡੇ ਬਦਲਣ ਨਾਲ ਸਿੱਧਾ ਕੋਈ ਸਬੰਧ ਨਹੀਂ ਹੁੰਦਾ। ਇਸ 'ਚ ਮੁੱਖ ਹਨ - ਡੀਪਵੇਨ ਥਰੋਮਬੋਸਿਸ (DVT) ਤੇ "ਫੇਟ ਏਂਬੋਲਿਜ਼ਮ" ਡੀਪਵੈਨ ਥਰੋਮਬੋਮਿਸ (DVT) 'ਚ ਪੈਰ ਦੇ ਖ਼ੂਨ ਦੀ ਸਪਲਾਈ

ਦੀਆਂ ਧਮਨੀਆਂ ’ਚ ਥੱਕਾ (ਕਲਾਟ) ਜੰਮ ਜਾਂਦਾ ਹੈ ਤੇ ਫਿਰ ਇਹ ਧਮਨੀਆਂ ਆਸਰੇ ਫੇਫੜੇ ਤਕ ਪੁੱਜ ਜਾਂਦਾ ਹੈ ਤਾਂ ਫਿਰ ਗੰਭੀਰ ਸਥਿਤੀ ਪੈਦਾ ਹੋ ਸਕਦੀ ਹੈ। ਵੈਸੇ ਡੀਵੀਟੀ ਕਰੀਬ 15 ਫੀਸਦੀ ਗੋਡਾ ਬਦਲਣ ਦੇ ਮਰੀਜ਼ਾਂ ’ਚ ਹੀ ਹੁੰਦੀ ਹੈ। ਪਰ ਲੱਛਣ ਸਿਰਫ਼ 2–3 ਫੀਸਦੀ ਮਰੀਜ਼ਾਂ ’ਚ ਹੀ ਪੈਦਾ ਹੁੰਦੇ ਹਨ। ਫੈਟ ਐਂਬੋ ਲਿਜ਼ਮ ’ਚ ਚਰਬਰੀ ਦੇ ਬੁਲਬਲੇ ਖ਼ੂਨ ਰਸਤੇ ਫੇਫੜਿਆਂ ਦਾ ਨੁਕਸਾਨ ਕਰ ਸਕਦੇ ਹਨ। ਕੁਝ ਹਾਲਤਾਂ ’ਚ ਮਰੀਜ਼ ਨੂੰ ਗੋਡਾ ਬਦਲਣ ਦੀ ਸਖ਼ਤ ਲੋੜ ਹੋਣ ਪਿੱਛੋਂ ਵੀ ਡਾਕਟਰ ਹੇਠ ਲਿਖੇ ਕਾਰਨਾਂ ਕਰਕੇ ਉਸ ਅਪਰੇਸ਼ਨ ਦੀ ਰਾਇ ਨਹੀਂ ਦਿੰਦੇ। ਜਿਵੇਂ ਵੱਧ ਮੋਟਾਪਾ, ਗੋਡੇ ਦੇ ਆਲੇ–ਦੁਆਲੇ ਚਮੜੀ ਰੋਗ ਹੋਣਾ, ਮਾਨਸਿਕ ਰੋਗ ਹੋਣਾ, ਗੋਡੇ ਦੀ ਇਨਫੈਕਸ਼ਨ, ਪੀੜਤ ਗੋਡੇ ਵਾਲੇ ਪੈਰ ’ਚ ਖ਼ੂਨ ਦਾ ਦੌਰਾ ਪਹਿਲਾਂ ਹੀ ਘੱਟ ਹੋਣਾ।

ਪ੍ਰਸ਼ਾਨੀਆਂ :– ਦੋ ਮੁੱਖ ਪ੍ਰੇਸ਼ਾਨੀਆਂ ਗੋਡੇ ਦੇ ਅਪ੍ਰੇਸ਼ਨ ਨਾਲ ਸਬੰਧਤ ਹਨ। ਜਿਵੇਂ ਇਨਫੈਕਸ਼ਨ ਜੋ ਕਰੀਬ ਇਕ ਫੀਸਦੀ ਮਰੀਜ਼ਾਂ ’ਚ ਹੁੰਦੀ ਹੈ। ਇਨਫੈਕਸ਼ਨ ਕਾਰਨ ਨਵੇਂ ਲਾਏ ਗੋਡੇ ਨੂੰ ਫਿਰ ਦੁਬਾਰਾ ਕੱਢਣਾ ਪੈ ਸਕਦਾ ਹੈ। ਜਿਸ ਪਿੱਛੋਂ ਪੈਰ ਦੋ–ਤਿੰਨ ਇੰਚ ਛੋਟਾ ਹੋ ਜਾਂਦਾ ਹੈ ਤੇ ਇਸ ’ਚ ਅਕੜਾਅ ਰਹਿ ਸਕਦਾ ਹੈ। ਮਰੀਜ਼ ਸਹੀ ਜੁੱਤਾ ਬਣਵਾ ਕੇ ਬੇਸਾਖੀ ਜਾਂ ਸੋਟੀ ਆਸਰੇ ਚਲਦਾ ਹੈ ਅਤੇ ਕੁਝ ਸਮੇਂ ਤਕ ਐਂਟੀਬਾਇਟਕ ਲੈਣ ਪਿੱਛੋਂ ਦੁਬਾਰਾ ਗੋਡਾ ਲਵਾ ਸਕਦਾ ਹੈ। ਗੋਡਾ ਲਾਉਣ ਪਿੱਛੋਂ ਵੀ ਕਾਫ਼ੀ ਸਮੇਂ ਤੱਕ ਦਰਦ ਜਾਂ ਜਕੜਨ 8–20 ਫੀਸਦੀ ਮਰੀਜ਼ਾਂ ’ਚ ਵੀ ਦੁਬਾਰਾ ਅਪ੍ਰੇਸ਼ਨ ਦੀ ਲੋੜ ਪੈ ਸਕਦੀ ਹੈ।

ਅਪ੍ਰੇਸ਼ਨ ਪਿੱਛੋਂ :– ਆਮ ਤੌਰ ’ਤੇ ਅਪ੍ਰੇਸ਼ਨ ਕ੍ਰਿਆ ਦੇ ਦੋ ਦਿਨ ਬਾਅਦ ਮਰੀਜ਼ ਬੈਸਾਖੀ ਜਾਂ ਸੋਟੀ ਆਸਰੇ ਚਲ ਸਕਦਾ ਹੈ। ਅਪਰੇਸ਼ਨ ਕ੍ਰਿਆ ਤੋਂ 4–5 ਦਿਨ ਪਿੱਛੋਂ ਮਰੀਜ਼ ਦੀ ਹਸਪਤਾਲੋਂ ਛੁਟੀ ਕਰ ਦਿੱਤੀ ਜਾਂਦੀ ਹੈ। ਇਸ ’ਚ ਮਰੀਜ਼ ਆਪਣਾ ਪੂਰਾ ਗੋਡਾ ਸਿੱਧਾ ਕਰ ਸਕਦਾ ਹੈ। ਉਸ ਨੂੰ 90 ਡਿੱਗਰੀ ਤਕ ਮੋੜ ਵੀ ਸਕਦਾ ਹੈ। ਅਪ੍ਰੇਸ਼ਨ ਦੇ 4–6 ਹਫ਼ਤਿਆਂ ਪਿੱਛੋਂ ਦੈਨਿਕ ਜੀਵਨ ਦੀ ਆਮ ਕ੍ਰਿਆ ਖੁਦ ਕਰ ਸਕਦਾ ਹੈ।

ਹਾਲਾਂਕਿ ਗੋਡਾ ਬਦਲਣ ਪਿਛੋਂ ਮਰੀਜ਼ ਦੀ ਗਤੀਸ਼ੀਲਤਾ ਵਧ ਜਾਂਦੀ ਹੈ ਪਰ ਫਿਰ ਵੀ ਉਸ ਨੂੰ ਹਾਈ ਡੀਮਾਂਡ ਜਿਵੇਂ ਦੌੜਨਾ–ਕੁਦਣਾ ਤੇ ਖੇਡ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਦੰਦਾਂ ਦੇ ਇਲਾਜ ਜਾਂ ਫਿਰ ਦੂਰਬੀਨ ਨਾਲ ਪੇਟ ਦੀ ਪੱਥਰੀ ਦੇ ਇਲਾਜ ਦੌਰਾਨ ਮਰੀਜ਼ ਦੇ ਨਕਲੀ ਜੋੜ ’ਚ ਇਨਫੈਕਸ਼ਨ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

# ਸਾਹ ਦਮੇ ਦੀਆਂ ਬੀਮਾਰੀਆਂ

ਪ੍ਰਦੂਸ਼ਣ ਪ੍ਰਤੀ ਸਰੀਰ ਦੀ ਚੀਖ ਪੁਕਾਰ ਹੀ ਸਾਹ ਪ੍ਰਣਾਲੀ ਦਾ ਰੋਗ ਹੈ। ਇਸ ਤੋਂ ਇਲਾਵਾ ਲੋਕ ਸਿਗਰਟ ਨੋਸ਼ੀ ਨਾਲ ਵੀ ਆਪਣੇ ਫੇਫੜੇ ਖਰਾਬ ਕਰਦੇ ਰਹਿੰਦੇ ਹਨ। ਡਾਕਟਰੀ ਸਬੂਤਾਂ ਤੋਂ ਇਹ ਵੀ ਆਪਣੇ ਫੇਫੜੇ ਖਰਾਬ ਕਰਦੇ ਰਹਿੰਦੇ ਹਨ। ਡਾਕਟਰੀ ਸਬੂਤਾਂ ਤੋਂ ਇਹ ਸਾਫ਼ ਹੋ ਗਿਆ ਹੈ ਕਿ ਸਾਹ ਪ੍ਰਣਾਲੀ ਦੀ ਸੋਜ ਦਾ ਸਭ ਤੋਂ ਵੱਡਾ ਕਾਰਣ ਸਿਗਰਟ ਦਾ ਧੂੰਆਂ ਹੈ। ਮੁਕਾਬਲਤਣ ਇਸ ਨਾਲ 50 ਫੀਸਦੀ ਰੋਗ ਵੱਧ ਚਿੰਬੜਦੇ ਹਨ। ਧੂੜ-ਫਕ ਤੇ ਹੋਰ ਪ੍ਰਦੂਸ਼ਣ ਬਲਦੀ 'ਤੇ ਤੇਲ ਦਾ ਕੰਮ ਕਰਦੇ ਹਨ। ਇਹੀ ਕਾਰਨ ਹੈ ਕਿ ਪਿੰਡ ਦੇ ਮੁਕਾਬਲੇ ਸ਼ਹਿਰਾਂ 'ਚ ਇਹ ਰੋਗ ਵੱਧ ਹੈ। ਔਰਤਾਂ ਦੇ ਮੁਕਾਬਲੇ ਮਰਦਾਂ 'ਚ ਚਾਰ ਗੁਣਾ ਵੱਧ ਹੁੰਦਾ ਹੈ। ਸਭ ਤੋਂ ਵੱਧ ਗਿਆਨ ਤੇ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਜਾਣਕਾਰੀ ਬਾਰੇ ਵੱਧ ਗਿਆਨ ਤੇ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਜਾਣਕਾਰੀ ਸਾਨੂੰ ਹੋਣੀ ਚਾਹੀਦੀ ਹੈ। ਨੱਕ ਰਾਹੀਂ ਸਾਹ ਲੈਕੇ ਲਈ ਗਈ ਹਵਾ, ਪਹਿਲਾਂ ਟਰੇਕਿਆ (ਸਾਹ ਨਾਲੀ) ਤੇ ਫੇਰ ਛੋਟੀਆਂ ਛੋਟੀਆਂ ਨਲਕਾਵਾਂ (ਬ੍ਰੋਕਾਈ) ਤੋਂ ਹੋ ਕੇ ਫੇਫੜਿਆਂ 'ਚ ਪੁਜਦੀ ਹੈ। ਜੇ ਤੁਸੀਂ ਕਿਸੇ ਬੰਦੇ ਦੇ ਗਲੇ 'ਚ ਝਾਕੇ ਦੇਖੋ ਤਾਂ ਤੁਹਾਨੂੰ ਦੋ ਵੱਡੀਆਂ ਨਲਕਾਵਾਂ ਹੇਠਾਂ ਵੱਲ ਜਾਂਦੀਆਂ ਨਜ਼ਰ ਆਉਣਗੀਆਂ ਇਹਨਾਂ 'ਚੋਂ ਇਕ ਭੋਜਨ ਦੀ ਨਾਲੀ ਹੈ ਜੋ ਮਿਹਦੇ ਤਕ ਭੋਜਨ ਲੈ ਕੇ ਜਾਂਦੀ ਹੈ ਅਤੇ ਦੂਜੀ ਸਾਹ ਨਾਲੀ ਜੋ ਛੋਟੀਆਂ ਸਾਹ ਨਲਕਾਵਾ ਤੋਂ ਹੋ ਕੇ ਹਵਾ ਨੂੰ ਫੇਫੜਿਆਂ ਤਕ ਲੈ ਜਾਂਦੀ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪ੍ਰਾਚੀਨ ਯੁਨਾਨੀਆਂ ਦਾ ਵਿਸਵਾਸ਼ ਸੀ ਕਿ ਠੋਸ ਭੋਜਨ, ਭੋਜਨ ਨਲੀ ਰਾਹੀਂ ਮਿਹਦੇ 'ਚ ਪਹੁੰਚਦਾ ਹੈ ਜਦ ਕਿ ਤਰਲ ਸਾਹ ਨਾਲੀ ਰਾਹੀਂ, ਭਾਵੇਂ ਹੀ ਇਹ ਧਾਰਨਾ ਗਲਤ ਸੀ, ਪਰ ਇਸ ਨਾਲ ਘਟੋ ਘੱਟ ਬ੍ਰੋਂਕਾਈ ਸ਼ਬਦ ਦੀ ਉਤਪਤੀ ਤਾਂ ਹੋਈ। ਸਾਹ ਨਾਲ ਹੇਠਾਂ ਜਾ ਕੇ ਦੋ ਭਾਗਾਂ 'ਚ ਵੰਡੀ ਜਾਂਦੀ ਹੈ। ਇਹ ਭਾਗ ਹਨ ਸੱਜਾ ਤੇ ਖੱਬਾ ਬ੍ਰੋਂਕਸ ਜੋ ਲੱਖਾਂ ਸੂਖਮ ਨਾਲੀਆਂ 'ਚ ਵੰਡਦਾ ਜਾਂਦਾ ਹੈ ਅਤੇ ਅਖੀਰ 'ਚ ਵਾਧੂ ਸੈਲਾਂ (ਅਲਵੋਲਾਈ) 'ਚ ਖਤਮ ਹੋ ਜਾਂਦੀ ਹੈ। ਇਹਨਾਂ ਛੋਟੇ ਛੋਟੇ ਹਵਾ ਸੈਲਾਂ 'ਚ ਲਹੂ ਅਕਸੀਜਨ ਗ੍ਰਹਿਣ ਕਰਦਾ ਹੈ ਤੇ ਕਾਰਬਨ ਡਾਈਅਕਸਾਈਡ ਬਾਹਰ ਕੱਢਦਾ ਹੈ। ਸਾਹ ਪ੍ਰਣਾਲੀ, ਬ੍ਰੋਂਕਾਈ ਤੇ ਇਹਨਾਂ ਦੇ ਛੋਟੇ ਭਾਗ ਇਕ ਬੇਹੱਦ ਗੁਲਾਬੀ ਰੰਗ ਵਾਲੀ ਮਖਮਲੀ ਝਿੱਲੀ ਨਾਲ ਢਕੇ ਰਹਿੰਦੇ ਹਨ ਜੋ ਸਲੇਸ਼ਮਾ ਝਿੱਲੀ (ਮਿਊਕੋਜ਼ਾ) ਅਖਵਾਉਂਦੀ ਹੈ। ਜਿਸ ਤਰ੍ਹਾਂ ਅਸੀਂ ਆਪਣੇ ਕਮਰੇ ਦੀ ਰਾਖੀ ਲਈ ਗਲੀਚੇ ਵਿਛਾਉਂਦੇ ਹਾਂ, ਉਸੇ ਤਰ੍ਹਾਂ ਕੁਦਰਤ ਨੇ ਇਹਨਾਂ ਨਲਕਾਵਾਂ ਦੀ ਦੀਵਾਰਾਂ ਨੂੰ ਸੁਰੱਖਿਅਤ ਰੱਖਣ ਲਈ ਸ਼ਲੇਸ਼ਮਾ ਮੁਹੱਈਆ ਕੀਤੀ ਹੈ। ਕਲਪਨਾ ਕਰੋ ਕਿ ਜੇ ਕੋਈ ਮਿੱਟੀ-ਚਿੱਕੜ ਨਾਲ ਭਰੇ ਜੁੱਤੇ ਲੈ ਕੇ ਤੁਹਾਡੇ ਘਰ ਅੰਦਰ ਘੁਸ ਆਵੇ। ਫਰਸ਼ ਦੀ ਰਾਖੀ ਦਾ ਜ਼ਰੂਰ ਹੋ ਜਾਵੇਗੀ ਪਰ ਗਲੀਚਾ ਤਾਂ ਗੰਦਾ ਹੋ ਜਾਵੇਗਾ। ਠੀਕ ਅਜਿਹਾ ਹੀ ਸਾਹ ਨਾਲੀਆਂ ਬਾਰੇ ਹੁੰਦਾ ਹੈ। ਜਦ ਅਸੀਂ ਧੂੰਏ ਜਾਂ ਪ੍ਰਦੂਸ਼ਿਤ ਆਲੇ-ਦੁਆਲੇ 'ਚ ਰਹਿੰਦੇ ਹਾਂ। ਇਹ ਗੰਦੇ, ਹਮਲਾਵਰ (ਧੂੰਆਂ ਤੇ ਵਾਧੂ ਪ੍ਰਦੂਸ਼ਿਤ) ਇਹਨਾਂ ਨਲਕਾਵਾਂ ਦੀਆਂ ਦੀਵਾਰਾਂ ਨੂੰ ਭਾਵੇਂ ਹੀ ਹਾਨੀ ਨਾ ਪਹੁੰਚਾਉਣ, ਸਲੇਸ਼ੇਮਾ ਝਿੱਲੀ ਨੂੰ ਬੇਹੱਦ ਉਤੇਜਿਤ ਕਰ ਦਿੰਦੇ ਹਨ। ਜਿਸ ਨਾਲ ਇਕ ਚਿਪਚਿਪਾ ਪਦਾਰਥ ਸ਼ਲੇਸ਼ਮ

(ਮਿਊਕਸ) ਨਿਕਲਣ ਲੱਗਦਾ ਹੈ। ਇਹ ਪਦਾਰਥ ਹਵਾ-ਪ੍ਰਦੂਸ਼ਕਾਂ ਅਤੇ ਧੂੰਏ ਦਾ ਕਣਾਂ ਨੂੰ ਲਪੇਟ ਲੈਂਦਾ ਹੈ ਪਰ ਜੇ ਫੇਫੜਿਆਂ 'ਚ ਬਹੁਤ ਅਧਿਕ ਮਾਤਰਾ 'ਚ ਧੂੜ ਕਣ ਤੇ ਧੂੰਆਂ ਘੁਸਣ ਦੀ ਕੋਸ਼ਿਸ਼ ਕਰੇ ਤਾਂ ਸਲੇਸ਼ਮਲ ਵੀ ਕਾਫੀ ਹੱਦ ਤਕ ਸ਼ਲੇਸ਼ਮਾਂ ਝਿੱਲੀ ਨੂੰ ਬਚਾ ਨਹੀਂ ਸਕਦਾ। ਚਿਪਚਿਪਾ ਸ਼ਲੇਸ਼ਮਾਲ ਬਕਟੀਰੀਆ ਦੇ ਵਾਧੇ ਦਾ ਇਕ ਅੱਛਾ ਮਾਧਿਅਮ ਹੈ। ਇੱਥੋਂ ਇਹ ਤੇਜੀ ਨਾਲ ਵਧਦੇ ਹਨ ਅਤੇ ਉਸ ਨੂੰ ਇਕ ਹਰੇ-ਪੀਲੇ ਗਾੜ੍ਹੇ ਪਦਾਰਥ 'ਚ ਬਦਲ ਦਿੰਦੇ ਹਨ। ਇਹ ਪਦਾਰਥ ਉਹੀ ਹੈ ਜਿਸ ਨੂੰ ਸਿਗਰਟ ਨੋਸ਼ੀ ਕਰਨ ਵਾਲੇ ਕਾਫੀ ਮਾਤਰਾ 'ਚ ਕੱਢਦੇ ਹਨ ਅਤੇ ਜੋ ਬਲਗਾਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਹੁਣ ਜਦ ਇਸ ਇਨਫੈਕਸ਼ਨ ਵਾਲੀ ਬਲਗਮ ਨੂੰ ਬਾਹਰ ਕੱਢਣਾ ਜ਼ਰੂਰੀ ਹੈ ਅਤੇ ਵਾਰ-ਵਾਰ ਖਾਂਸੀ ਆਉਣੀ ਸ਼ੁਰੂ ਹੋ ਜਾਂਦੀ ਹੈ। ਸਾਹ ਨਾਲੀ ਦੇ ਵਿਗਾੜਦੀ ਇਹ ਇੱਕ ਪੱਕੀ ਨਿਸ਼ਾਨੀ ਹੈ। ਕੀ ਇਹ ਘੱਟ ਹੈਰਾਨੀ ਦੀ ਗੱਲ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ਾਹ ਦਮੇ ਦੀ ਬੀਮਾਰੀ ਹੈ ਹੀ ਨਹੀਂ ਸੀ। ਕਾਰਣ ਨਾ ਪ੍ਰਦੂਸ਼ਣ ਸਨ ਅਤੇ ਨਾ ਹੀ ਸਿਗਰਟ। ਉਨੀਵੀਂ ਸਦੀ 'ਚ ਇਸ ਰੋਗ ਦਾ ਪਹਿਲੀ ਵਾਰੀ ਜ਼ਿਕਰ ਹੋਇਆ। ਚਾਰਲਸ ਬੇਘਮ ਨਾਂ ਦੇ ਇਕ ਅੰਗ੍ਰੇਜ਼ ਨੇ ਸੰਨ 1808 'ਚ ਇਸ ਰੋਗ ਦਾ ਨਾਂ ਰੱਖਿਆ ਸੀ ਅਤੇ ਇਸ ਦੀ ਕੁਝ ਵਿਆਖਿਆ ਕੀਤੀ। ਬ੍ਰੋਂਕਾਈ (ਸਾਹ ਨਲਕਾਵਾਂ) ਦੀ ਸੋਜ ਨੂੰ ਬ੍ਰੋਂਕਾਈਟਸ ਕਿਹਾ ਜਾਂਦਾ ਹੈ। ਸਾਹ ਦਮੇ ਦੇ ਵਿਗਾੜ ਦਾ ਮੁੱਖ ਕਾਰਨ ਸਿਗਰਟ ਨੋਸ਼ੀ ਹੈ। ਇਸ ਤੋਂ ਇਲਾਵਾ ਇਹ ਜ਼ਿਆਦਾਤਰ ਸਰਦੀ ਦੇ ਦਿਨਾਂ 'ਚ, ਨਮੀ ਤੇ ਠੰਡੇ ਜਲਵਾਯੂ 'ਚ ਹੁੰਦਾ ਹੈ। ਸਾਹ ਦਮਾ ਸ਼ੁਰੂ ਤੋਂ ਹੀ ਤੇਜ ਹੁੰਦਾ ਹੈ ਭਾਵ ਇਕਦਮ ਫੜ ਲੈਂਦਾ ਹੈ। ਤੇਜ ਵਿਗਾੜ 'ਚ ਸਰੀਰ ਦੀ ਜਕੜਣ, ਵਗਦਾ ਨੱਕ, ਬੁਖਾਰ ਤੇ ਕਾਂਬਾ, ਪੱਠਿਆਂ 'ਚ ਦਰਦ ਤੇ ਪਿੱਠ ਦਾ ਦਰਦ ਸ਼ੁਰੂਆਤੀ ਲੱਛਣ ਹਨ। ਇਸ ਤੋਂ ਜਲਦੀ ਪਿੱਛੋਂ ਲਗਾਤਾਰ ਹੁੰਦੀ ਹੈ ਖਾਂਸੀ। ਸ਼ੁਰੂ ਵਿੱਚ ਇਹ ਖੁਸ਼ਕ ਤੇ ਕਸਟਦਾਇਕ ਪਰ ਪਿੱਛੋਂ ਇਹ ਬਲਗਮੀ ਹੋ ਜਾਂਦੀ ਹੈ। ਰਾਤ ਨੂੰ ਇਸ ਦੀ ਤੀਬਰਤਾ ਵੱਧ ਜਾਂਦੀ ਹੈ ਅਤੇ ਉਦੋਂ ਵੀ ਜਦ ਰੋਗੀ ਧੂੰਏ 'ਚ ਸਾਹ ਲੈਂਦਾ ਹੈ। ਤੇਜ ਸਾਹ ਨਾਲੀ ਦੇ ਵਿਗਾੜ ਦਾ ਪਹਿਲਾ ਪੜਾਅ ਸਹੀ ਇਲਾਜ ਨਾਲ ਠੀਕ ਹੋ ਜਾਂਦਾ ਹੈ। ਇਹੀ ਉਹਹ ਸਥਿਤੀ ਹੈ ਜਦ ਰੋਗੀ ਨੂੰ ਸਿਗਰਟਨੋਸ਼ੀ ਛੱਡ ਦੇਣੀ ਚਾਹੀਦੀ ਹੈ ਪਰ ਅਕਸਰ ਸਿਗਰਟਨੋਸ਼ੀ ਜਾਰੀ ਰਹਿੰਦੀ ਹੈ ਅਤੇ ਰੋਗੀ ਨੂੰ ਜਦ ਹੀ ਡਾਕਟਰ ਦੀ ਸ਼ਰਨ 'ਚ ਆਉਣਾ ਪੈਂਦਾ ਹੈ। ਆਪਣੇ ਦੂਜੇ ਦੌਰੇ ਦੇ ਕਾਰਣ ਇਹ ਚੱਕਰ ਉਦੋਂ ਤੱਕ ਲਗਾਤਾਰ ਚਲਦਾ ਰਹਿੰਦਾ ਹੈ ਜਦ ਤੱਕ ਕਿ ਲਗਭਗ ਪੂਰਾ ਸਾਲ ਰੋਗੀ ਇਸ ਰੋਗ ਤੋਂ ਪੀੜਤ ਨਹੀਂ ਰਹਿਣ ਲੱਗਦਾ।

ਰੋਗ ਦਾ ਇਹ ਪੜਾਅ ਲੰਬੇ ਸਮੇਂ ਦਾ ਸਾਹ ਵਿਗਾੜ (ਕਰੋਨਿਕ ਬੌਂਕਾਈਟਸ) ਅਖਵਾਉਂਦਾ ਹੈ। ਤਕਨੀਕੀ ਤੌਰ 'ਤੇ ਲੰਮੇ ਸਮੇਂ ਦੇ ਸਾਹ ਦਾ ਵਿਗਾੜ ਉਸ ਬਲਗਮੀ ਖਾਂਸੀ ਨੂੰ ਕਹਿੰਦੇ ਹਨ 'ਜੋ ਦੋ ਜਾਂ ਵੱਧ ਸਾਲਾਂ ਤੋਂ ਹੀ ਅਤੇ ਜਿਸ ਨਾਲ ਹਰ ਸਾਲ ਰੋਗੀ ਤਿੰਨ ਮਹੀਨੇ, ਹਫਤੇ ਦੇ ਬਹੁਤੇ ਦਿਨਾਂ 'ਚ ਇਸ ਨਾਲ ਪੀੜਤ ਰਹੇ। ਅਕਸਰ ਲੰਬੇ ਸਮੇਂ ਦੇ ਸਾਹ ਨਾਲੀਆਂ ਦੇ ਵਿਗਾੜ ਨਾਲ ਇਕ ਹੋਰ ਭਿਅੰਕਰ ਰੋਗ ਪੈਦਾ ਹੋ ਜਾਂਦਾ ਹੈ। ਜਿਸ ਨੂੰ ਐਮਫਾਈਜ਼ੀਮਾ ਕਹਿੰਦੇ ਨ। ਇਹ ਵੱਧ ਫੁੱਲ ਜਾਣ ਵਾਲੇ ਅੰਗ ਫੇਫੜਿਆਂ 'ਚ ਮੌਜੂਦ ਵਾਧੂ ਕੋਸ਼ ਹੁੰਦੇ ਹਨ। ਵਿਗਾੜ ਦੇ ਲੰਬੇ ਸਮੇਂ ਤੱਕ ਬਣੇ ਰਹਿਣ ਨਾਲ ਵਾਯੂ ਸੈਲਾਂ ਤਾਂ ਹਵਾ ਲੈ ਜਾਣ ਵਾਲੀਆਂ ਨਲਕਾਵਾਂ ਆਪਣੀ ਲਚਕ ਗੁਆ

ਬੈਠਦੀਆਂ ਹਨ। ਉਹਨਾਂ ਦਾ ਵਿਆਸ ਘਟ ਜਾਣ ਕਰਕੇ ਉਹ ਮੋਟੀਆਂ ਵੀ ਹੋ ਜਾਂਦੀਆਂ ਹਨ। ਸਿੱਟੇ ਵਜੋਂ ਵਾਯੂ ਸੈਲਾਂ 'ਚ ਹਵਾ ਆ ਤਾਂ ਆਸਾਨੀ ਨਾਲ ਜਾਂਦੀ ਹੈ ਪਰ ਉਨੀ ਅਸਾਨੀ ਨਾਲ ਬਾਹਰ ਨਹੀਂ ਨਿਕਲ ਸਕਦੀ। ਜਾਂ ਇਉਂ ਕਹਿ ਲਵੋ ਕਿ ਰੋਗੀ ਸਾਹ ਲੈ ਤਾਂ ਸਕਦਾ ਹੈ ਪਰ ਉਨੀ ਅਸਾਨੀ ਨਾਲ ਬਾਹਰ ਨਹੀਂ ਕੱਢ ਸਕਦਾ। ਇਸ ਨਾਲ ਬਹੁਤ ਹੀ ਦੂਸ਼ਿਤ ਹਵਾ ਫੇਫੜਿਆਂ 'ਚ ਇਕੱਠੀ ਹੋ ਜਾਂਦੀ ਹੈ। ਜਿਵੇਂ-ਜਿਵੇਂ ਇਸ ਦਾ ਦਬਾਅ ਵਾਯੂ ਸੈਲਾਂ 'ਤੇ ਪੈਂਦਾ ਹੈ ਉਸ ਦੀਆਂ ਨਾਜ਼ੁਕ ਦੀਵਾਰਾਂ ਫੜਣ ਦੀ ਹੱਦ ਤੱਕ ਖਿੱਚੀਆਂ ਜਾਂਦੀਆਂ ਹਨ। ਨਤੀਜਾ ਇਹ ਹੁੰਦਾ ਹੈ ਕਿ ਕਿੰਨੇ ਹੀ ਵਾਯੂ ਸੈਲ ਆਪਸ 'ਚ ਜੁੜ ਜਾਂਦੇ ਹਨ ਅਤੇ ਉਹ ਥਾਂ ਜਿੱਥੇ ਆਕਸੀਜਨ ਤੇ ਕਾਰਬਨ ਡਾਈਅਕਸਾਈਡ 'ਚ ਅਦਾਨ ਪ੍ਰਦਾਨ ਹੁੰਦਾ ਹੈ। ਆਇਤਨ 'ਚ ਘੱਟ ਹੋ ਜਾਂਦੀ ਹੈ। ਸਾਹ ਬੇਹੱਦ ਛੋਟੀ ਹੋਣਾ। ਇਸ ਲਈ ਸਾਹ ਛੋਟਾ ਆਉਣ ਲੱਗਦਾ ਹੈ। ਦਿਲ ਉਪਰ ਦਬਾਅ ਵੱਧ ਪੈਣ ਲੱਗਦਾ ਹੈ ਅਤੇ ਕਦੀ-ਕਦੀ ਮੌਤ ਵੀ ਹੋ ਜਾਂਦੀ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਸਿਗਰਟ ਨੋਸ਼ੀ ਕਰਨ ਵਾਲਾ ਇਕ ਬੰਦਾ ਤਾਂ ਬ੍ਰੌਂਕਾਈਸ ਤੇ ਸਾਹ ਦਮੇ ਦੀ ਬੀਮਾਰੀ ਦੀ ਜਕੜ 'ਚ ਆ ਜਾਂਦਾ ਹੈ ਅਤੇ ਦੂਜਾ ਜੋ ਉਨੀ ਹੀ ਜਾਂ ਉਸ ਤੋਂ ਵੱਧ ਸਿਗਰਟ ਪੀਂਦਾ ਹੈ। ਇਸ ਰੋਗ ਤੋਂ ਮੁਕਤ ਰਹਿੰਦਾ ਹੈ। ਅਸਲ 'ਚ ਅਜਿਹਾ ਕੁਝ ਨਹੀਂ ਹੈ। ਇਹ ਉਹਨਾਂ ਸਿਗਰਟ ਨੋਸ਼ੀ ਕਰਨ ਵਾਲਿਆਂ ਦੀ ਦਲੀਲ ਹੈ ਜੋ ਸਿਗਰਟਨੋਸ਼ੀ ਛੱਡ ਨਹੀਂ ਸਕਦੇ। ਡਾਕਟਰੀ ਖੋਜਾਂ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਜਿਹਨਾਂ ਨੂੰ ਸਾਹ ਦਾ ਵਿਗਾੜ ਹੁੰਦਾ ਹੈ ਜਿਹਨਾਂ ਨੂੰ ਸਾਹ ਦਾ ਵਿਗਾੜ ਹੁੰਦਾ ਹੈ ਉਹਨਾਂ ਸਿਗਰਟ ਨੋਸ਼ੀ ਕਰਨ ਵਾਲਿਆਂ ਦੇ ਖ਼ੂਨ 'ਚ 'ਅਲਫਾ-1-ਐਂਟੀ ਟ੍ਰਿਪਸਨ' ਨਾਂ ਦੇ ਇਨਜਾਈਮ ਦੀ ਘਾਟ ਹੁੰਦੀ ਹੈ। ਜਦ ਕੋਈ ਜੀਵਾਣੂੰ ਕਿਸੇ ਤੰਬਾਕੂਨੋਸ਼ੀ ਨਾ ਕਰਨ ਵਾਲੇ ਬੰਦੇ ਦੇ ਫੇਫੜੇ 'ਚ ਦਾਖਲ ਹੋ ਜਾਂਦਾ ਹੈ ਤੇ ਉਥੇ ਮੌਜੂਦ ਸਫੈਦ ਰਕਤਕਣ 'ਇਲਾਸਟੇਜ' ਨਾਮਕ ਇੰਜਾਈਮ ਦੀ ਸਹਾਇਤਾ ਨਾਲ ਉਸ ਨੂੰ ਨਸ਼ਟ ਕਰ ਦਿੰਦੇ ਹਨ।

ਸਿਗਰਟਨੋਸ਼ੀ ਕਰਨ ਵਾਲਿਆਂ ਸਬੰਧੀ ਧੂੰਏ ਦੇ ਕਣ ਜੀਵਾਣੂੰਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਸ਼ਟ ਕਰਨ ਦੇ ਅਮਲ 'ਚ ਅੜਿੱਕਾ ਬਣਦੇ ਹਨ। ਇਸ ਦਾ ਅਸਰ ਇਹ ਹੁੰਦਾ ਹੈ ਕਿ ਇਲਾਸਟੇਜ ਇੰਜਾਈਮ ਫੇਫੜਿਆਂ ਦੇ ਆਸਪਾਸ ਦੇ ਉਕਤਾਂ 'ਚ ਸਮਾ ਜਾਂਦੇ ਹਨ। ਇਸ ਇੰਜਾਈਮ ਨੂੰ ਅਲਫਦ। ਐਂਟੀਟ੍ਰਿਪਸੀਨ ਦੇ ਸਹਿਯੋਗ ਨਾਲ ਹਾਨੀਰਹਿਤ ਕਰਨਾ ਜ਼ਰੂਰੀ ਹੈ। ਨਹੀਂ ਤਾਂ ਇਹ ਫੇਫੜਿਆਂ ਦੇ ਉਕਤਾਂ ਨੂੰ ਵੀ ਪਚਾ ਕੇ ਨਸ਼ਟ ਕਰ ਦੇਵੇਗਾ। ਇਸ ਨਾਲ ਫੇਫੜਿਆਂ ਦੇ ਉਕਤਾਂ ਨੂੰ ਵੀ ਪਚਾ ਕੇ ਨਸ਼ਟ ਕਰ ਦੇਵੇਗਾ। ਇਸ ਨਾਲ ਫੇਫੜਿਆਂ ਦੇ ਹਿੱਸਿਆਂ ਨੂੰ ਭਾਰੀ ਹਰਜਾ ਹੁੰਦਾ ਹੈ। ਵਾਤਸਫੀਤੀ ਨਾਲਗਸਿਤ ਰੋਗੀ ਦੇ ਫੇਫੜਿਆਂ 'ਚ ਏਨੀ ਹਵਾ ਸੰਚਿਤ ਰਹਿ ਜਾਂਦੀ ਹੈ ਕਿ ਉਸ ਦੀ ਛਾਤੀ ਇਕ ਬੈਰਲ ਵਰਗੀ ਦਿਸਣ ਲੱਗਦੀ ਹੈ। ਲੰਮੇ ਸਮੇਂ ਦੀ ਸਾਹ ਪ੍ਰਣਾਲੀ ਦਾ ਵਿਗਾੜ ਨਾਲ ਗ੍ਰਸਿਤ ਰੋਗੀ ਦੇ ਫੇਫੜੇ ਹੌਲੀ-ਹੌਲੀ ਏਨੇ ਖਰਾਬ ਹੋ ਜਾਂਦੇ ਹਨ ਕਿ ਉਹਨਾਂ ਨੂੰ ਚਲਾਉਣ 'ਚ ਵੀ ਪ੍ਰੇਸ਼ਾਨੀ ਆਉਣ ਲੱਗਦੀ ਹੈ। ਰੋਗ ਏਨਾ ਡੂੰਘਾ ਹੋ ਜਾਂਦਾ ਹੈ ਕਿ ਰੋਗ ਦੀ ਵਿਗਾੜ ਕੰਮ ਦੀ ਸਮਰੱਥਾ ਉਨੀ ਹੀ ਘੱਟ ਹੁੰਦੀ ਜਾਂਦੀ ਹੈ। ਡਾਕਟਰ ਸਾਹ ਨਾਲੀ ਨੂੰ ਚਾਰ ਪੜਾਵਾਂ 'ਚ ਵੰਡਦੇ ਹਨ। ਪਹਿਲੀ, ਅਕਸਰ ਥੋੜੀ ਜਿਹੀ ਖਾਂਸੀ ਬਿਨਾਂ ਕਿਸੇ ਹੋਰ ਔਖਦੇ, ਦੂਜੇ ਥੋੜ੍ਹੀ ਮੇਹਨਤ ਹਨ ਹਫ ਜਾਣਾ,

ਤੀਜਾ ਹਫਨ ਦੀ ਮਾਤਰਾ ਦਾ ਏਨਾ ਵਧ ਜਾਣਾ ਕਿ ਰੋਗੀ ਘਰ ਤੋਂ ਬਾਹਰ ਨਾ ਜਾ ਸਕੇ ਅਤੇ ਚੌਥੀ, ਰੋਗੀ ਏਨਾ ਹਫਨ ਲੱਗੇ ਕਿ ਆਮ ਗੱਲਬਾਤ ਵੀ ਨਾ ਕਰ ਸਕੇ। ਬਹੁਤ ਸਾਰੇ ਰੋਗੀ ਜਾਨਣਾ ਚਾਹੁਣਗੇ ਕਿ ਕੀ ਉਹਨਾਂ ਦਾ ਇਹ ਰੋਗ ਕੈਂਸਰ ’ਚ ਤਾਂ ਨਹੀਂ ਬਦਲ ਸਕਦਾ? ਦੇਖੋ ਸਾਹ ਨਾਲੀ ਦਾ ਵਿਗਾੜ ਕੈਂਸਰ ’ਚ ਤਬਦੀਲ ਨਹੀਂ ਹੁੰਦਾ ਪਰ ਇਸ ਰੋਗ ਦਾ ਬੁਨਿਆਦੀ ਕਾਰਨ ਸਿਗਰਟਨੋਸ਼ੀ ਫੇਫੜਿਆਂ ’ਚ ਕੈਂਸਰ ਦੀ ਸੰਭਾਵਨਾ ਪੈਦਾ ਕਰ ਦਿੰਦਾ ਹੈ। ਸਿਗਰਟਨੋਸ਼ੀ ਕਰਨ ਵਾਲੇ ਬੰਦੇ ’ਚ ਸਿਗਰਟਨੋਸ਼ੀ ਨਾ ਕਰਨ ਵਾਲੇ ਦੇ ਮੁਕਾਬਲੇ ਕੈਂਸਰ ਦੀਆਂ 20 ਗੁਣਾਂ ਵੱਧ ਸੰਭਾਵਨਾਵਾਂ ਹੁੰਦੀਆਂ ਹਨ। ਕੁਝ ਸਿਗਰਟਨੋਸ਼ੀ ਕਰਨ ਵਾਲਿਆਂ ’ਚ ਇਹ ਭਾਵਨਾਵਾਂ ਆਮ ਹੈ ਕਿ ਕਿਸੇ ਸ਼ੁਭ ਦਿਨ ਉਹ ਸਿਗਰਟ ਛੱਡ ਦੇਣਗੇ ਤੇ ਉਸ ਦਿਨ ਤੋਂ ਉਹਨਾਂ ਦੀ ਸਾਹ ਨਾਲੀ ਵਿਗਾੜ ਦੀ ਧਾਰਾ ਉਲਟੀ ਹੋ ਜਾਵੇਗੀ ਪਰ ਅਸਲੀਅਤ ਇਹ ਹੈ ਕਿ ਸਾਹ ਨਾਲੀ ਵਿਗਾੜ ਦਾ ਅਮਲ ਭਾਵੇਂ ਹੌਲੀ ਪੈ ਜਾਵੇ ਜਾਂ ਰੁਕ ਜਾਵੇ ਉਹ ਕਦੀ ਪੁਰਾ ਨਹੀਂ ਮੁੜ ਸਕਦਾ। ਜਿੰਨੀ ਸਲੇਸ਼ਮਾ ਝਿੱਲੀ ਨਸ਼ਟ ਹੋ ਗਈ ਹੈ। ਉਹ ਸਦਾ ਲਈ ਹੋ ਗਈ ਹੈ ਜੇ ਸਿਗਰਟ ਛੱਡਣੀ ਹੈ ਤਾਂ ਅੱਜ ਹੀ ਛੱਡੋ, ਕੱਲ੍ਹ ਨਹੀਂ। ਤੇਜ ਸਾਹ ਨਾਲੀ ਵਿਗਾੜ ਦਾ ਉਤਮ ਹੱਲ ਕਿਸੇ ਗਰਮ ਕਮਰੇ ’ਚ ਆਰਾਮ ਹੈ। ਖਾਸੀ ਦੀਆਂ ਦਵਾਈਆਂ ਖਾਂਸੀ ਦੂਰ ਕਰਦੀਆਂ ਹਨ ਅਤੇ ਇਨਫੈਕਸ਼ਨ ਵੀ ਦੂਰ ਕਰਦੀਆਂ ਹਨ। ਲੰਬਾ ਸਮੇਂ ਲਈ ਚਲਣ ਵਾਲੇ ਰੋਗ ’ਚ ਸਾਹ ਨਾਲੀਆਂ ਨੂੰ ਖੁਲ੍ਹਾ ਕਰਨ ਲਈ ਦਵਾਈਆਂ ਦੇਣੀਆਂ ਪੈਂਦੀਆਂ ਹਨ। ਜਿਸ ਨਾਲ ਗਾੜ੍ਹੀ ਬਲਗਮ ਤੇ ਮੋਟੀਆਂ ਦੀਵਾਰਾਂ ਦੇ ਕਾਰਨ ਅੜਿਕਾ (ਭੀੜਾਪਣ) ਦੂਰ ਕੀਤਾ ਜਾ ਸਕੇ। ਭੌਤਿਕ ਇਲਾਜ ਰਾਹੀਂ ਰੋਗੀ ਨੂੰ ਬਲਗਮ ਕੱਢਣ ’ਚ ਮਦਦ ਮਿਲਦੀ ਹੈ। ਪਾਸੇ ਪਰਨੇ ਜਾਂ ਮੂਧੇ ਪੈ ਕੇ ਬਲਗਮ ਕੱਢਣ ’ਚ ਮਦਦ ਮਿਲਦੀ ਹੈ। ਗਰਮ ਪਾਣੀ ਦੀ ਭਾਫ਼ ਨਾਲ ਵੀ ਬਲਗਮ ਪੋਲੀ ਹੋ ਜਾਂਦੀ ਹੈ। ਸੀਰੀਅਸ ਕੇਸਾਂ ’ਚ ਅਕਸੀਜਨ ਦੀ ਮਦਦ ਲਈ ਜਾਂਦੀ ਹੈ। ਇਹ ਕਥਨ ਬਿਲਕੁਲ ਸੱਚ ਹੈ ਕਿ ‘ਬਚਾਅ ਇਲਾਜ ਨਾਲੋਂ ਬੇਹਤਰ ਹੁੰਦਾ ਹੈ।’ ਸਭ ਤੋਂ ਮਹੱਤਵਪੂਰਨ ਹੈ ਕਿ ਤੰਬਾਕੂ ਨੋਸ਼ੀ ਨੂੰ ਅਲਵਿਦਾ ਕਿਹਾ ਜਾਵੇ। ਦੂਜਿਆਂ ਨੂੰ ਕਹੋ ਕਿ ਉਹ ਤੁਹਾਡੀ ਹਾਜ਼ਰੀ ’ਚ ਸਿਗਰਟ ਨੋਸ਼ੀ ਨਾ ਕਰਨ। ਆਪਣੇ ਘਰ ਤੇ ਦਫ਼ਤਰ ਨੂੰ ਸਿਗਰਟ-ਰਹਿਤ ਖੇਤਰ ਬਣਾ ਦਿਉ। ਆਪਣੀ ਸਿਗਰਟ ਡੱਬੀ ਤੇ ਲਾਈਟਰ ਕੂੜੇਦਾਨ ’ਚ ਸੁੱਟ ਦਿਉ। ਆਪਣੇ ਹੱਥਾਂ ਨਾਲ ਅਜਿਹਾ ਕਰਨ ਲੱਗੀਏ ਤਾਂ ਕਿ ਸਿਗਰਟਨੋਸ਼ੀ ਦੀ ਸਥਿਤੀ ਦੀ ਇੱਛਾ ਦਾ ਅੰਤ ਹੋ ਸਕੇ।

# ਗੁਰੂ ਰਵਿਦਾਸ ਦੀ ਸ਼ਹੀਦੀ ਦਾ ਇਕ ਭੇਦ ਇਹ ਵੀ

ਗੁਰੂ ਰਵੀਦਾਸ ਸਮਤਾ ਮਿਸ਼ਨ ਦੀ ਲੜਾਈ ਲੜਦੇ-ਲੜਦੇ ਸ਼ਹੀਦ ਹੋਏ। ਕੁਝ ਸਹਾਇਕ ਤੱਥਾਂ ਪੁਖਤਾ ਕਰਦੇ ਹਨ ਕਿ ਗੁਰੂ ਰਵੀਦਾਸ ਦੀ ਹੱਤਿਆ ਹੋਈ। ਗੁਰੂ ਰਵੀਦਾਸ ਜੀ ਗੈਰ ਬ੍ਰਾਹਮਣ ਧਰਮ ਚੇਤਨਾ ਦੀ ਇਕ ਮਹੱਤਵਪੂਰਨ ਕੜੀ ਰਹੇ ਹਨ। ਇਹ ਲੋਕ ਇਨਕਲਾਬ ਯੱਗਾਂ, ਨਾਗਾਂ, ਨਾਸਤਿਕਾਂ, ਬੱਧ ਗੁਰੂਆਂ, ਸਿੱਧਾਂ, ਨਾਥਾਂ, ਵੀਰਾਂ, ਵਿਨਾਇਕਾਂ, ਪੀਰਾਂ ਤੋਂ ਹੁੰਦਾ ਹੋਇਆ ਨਿਰਗੁਣੀਆਂ ਸੰਤਾਂ ਤਕ ਚਲਾ ਜਾਂਦਾ ਹੈ। ਗੁਰੂ ਰਵੀਦਾਸ ਜੀ ਇਸ ਮਿਸ਼ਨ ਦੇ ਜੁਝਾਰੂ ਨਾਇਕ ਸਨ ਲੋਕ ਕ੍ਰਾਂਤੀ ਗੈਰ ਬ੍ਰਾਹਮਣ ਧਾਰਮਿਕ ਰਵਾਇਤ ਦੇ ਸਾਰੇ ਨਾਇਕ ਲੁਟੇਰੇ ਸਭਿਆਚਾਰ ਰਾਹੀਂ ਨਾ ਸਿਰਫ਼ ਠਿਠ ਕੀਤੇ ਗਏ ਬਲਕਿ ਸ਼ਹੀਦ ਵੀ ਕੀਤੇ ਗਏ। ਖੁਦ ਰਵੀਦਾਸ ਜੀ ਵੀ ਇਸ ਦਾਇਰੇ 'ਚ ਆਉਂਦੇ ਹਨ। ਜੋ ਉਹਨਾਂ ਤੋਂ ਪਹਿਲਾਂ ਦੇ ਲੋਕ ਨਾਇਕਾਂ ਨਾਲ ਹੋਇਆ। ਆਖਰ ਹੁਣ ਇਸ ਵਿਚਾਰ 'ਚ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਗਈ ਗੁਰੂ ਰਵਿਦਾਸ ਜੀ ਗੈਰ-ਬ੍ਰਾਹਮਣ ਚੇਤਨਾ ਨਾ ਦੇ ਸਮਤਾ ਮਿਸ਼ਨ ਦੀ ਭੇਂਟ ਚੜ੍ਹੇ ਸਨ। ਗੁਰੂ ਰਵੀਦਾਸ ਜੀ ਬੌਧ ਮੱਤ ਦੇ ਪ੍ਰਚਾਰਕ ਸਨ। ਉਹ ਸਹਿਜਆ ਫਿਰਕਾ 'ਚ ਸਨ। ਜੋ ਬੌਧ ਰਵਾਇਤ ਦੀ ਇਕ ਕੜੀ ਰਹੀ ਹੈ। ਬ੍ਰਾਹਮਣ ਬੌਧੀਆਂ ਦੇ ਚਿਰ-ਪ੍ਰਚਾਰਿਤ ਦੁਸ਼ਮਣ ਰਹੇ ਹਨ। ਇਤਿਹਾਸ 'ਚ ਜ਼ਿਕਰ ਹੈ ਕਿ ਬ੍ਰਾਹਮਣਾ ਨੇ ਬੋਧੀਆਂ ਨੂੰ ਗਾਜਰ-ਮੂਲੀ ਵਾਂਗੂੰ ਕੱਟਿਆ ਹੈ। ਜਿਉਂਦੇ ਸਾੜਿਆ ਹੈ। ਆਖਰ ਆਪਣੀ ਇਸ ਚਿਰਾਂ ਤੋਂ ਪ੍ਰਚਾਰਿਤ ਦੁਸ਼ਮਣੀ ਦਾ ਨਿਰਵਾਹ ਉਹਨਾਂ ਨੇ ਬੋਧ-ਸਤ ਗੁਰੂ ਰਵੀਦਾਸ ਜੀ ਤੋਂ ਵੀ ਕੀਤਾ।

ਬ੍ਰਾਹਮਣਾ ਦਾ ਕਰਮਕਾਡਾਂ ਦਾ ਵਿਰੋਧ ਜੇ ਇਕ ਮੋਚੀ ਕਰੇ, ਤਾਂ ਇਹ ਗੱਲ ਅੱਜ ਵੀ ਬਹੁਤ ਵੱਡੀ ਹੈ। ਉਸ ਯੁੱਗ ਦੇ ਡਿੱਬੇਬੰਦ ਸਮਾਜ ਲਈ ਇਹ ਗੱਲ ਕਿੰਨੀ ਵੱਡੀ ਰਹੀ ਹੋਵੇਗੀ। ਅਸਾਨੀ ਨਾ ਸਮਝਿਆ ਜਾ ਸਕਦਾ ਹੈ। ਰਵੀਦਾਸ ਜੀ ਇਹੀ ਸਭ ਕਰ ਰਹੇ ਸਨ। ਉਹ ਉਪਰਲੇ ਦੋ ਪ੍ਰਮੁੱਖ ਵਰਣਾ-ਬ੍ਰਾਹਮਣਾ ਤੇ ਖੱਤਰੀਆਂ ਦੋਨੋਂ ਦੀਆਂ ਅੱਖਾਂ 'ਚ ਰੜਕ ਰਹੇ ਸਨ। ਸਵਰਣ ਅੱਜ ਵੀ ਪਿੰਡਾਂ 'ਚ ਛੋਟੀਆਂ-ਛੋਟੀਆਂ ਗੱਲਾਂ ਲਈ ਦਲਿਤਾਂ ਦੀ ਹੱਤਿਆ ਕਰ ਦਿੰਦੇ ਹਨ। ਤਦ ਦੀ ਕਠੋਰ ਮੰਨੂਵਾਦੀ ਪ੍ਰਣਾਲੀ 'ਚ ਰਵੀਦਾਸ ਜੀ ਦੀ ਹੱਤਿਆ ਇਕ ਮਾਮੂਲੀ ਗੱਲ ਰਹੀ ਹੋਣੀ ਹੈ ਕਿਉਂਕਿ ਇਸ 'ਚ ਬ੍ਰਾਹਮਣਾ ਦੇ ਨਾਲ-ਨਾਲ ਖਤਰੀ ਵੀ ਸਹਿਮਤੀ ਰੱਖਦੇ ਸਨ। ਮੀਰਾ ਨੂੰ ਤਸੀਹੇ ਉਸ ਦੀ ਭਗਤੀ ਭਾਵਨਾ ਕਾਰਨ ਨਹੀਂ ਦਿੱਤੇ ਜਾਂਦੇ ਸਨ। ਉਹਨਾਂ ਨੂੰ ਤਸੀਹੇ ਇਸ ਗੱਲ ਲਈ ਦਿੱਤੇ ਜਾਂਦੇ ਸਨ ਕਿ ਉਹ ਇਕ ਨੀਚ ਗੁਰੂ ਦੇ ਕੋਲ ਨੀਚਾਂ ਦੀ ਬਸਤੀ ਵਿੱਚ ਕਿਉਂ ਜਾਂਦੀ ਸੀ। ਮੀਰਾ ਦੇ ਗੁਰੂ ਦਾ ਚਮਾਰ ਹੋਣਾ ਹੀ ਉਸ ਦੇ ਤਸੀਹਿਆਂ ਦਾ ਮੁਖ ਕਾਰਨ ਸੀ। ਮੀਰਾ ਨੇ ਆਪਣੀ ਬਾਣੀ 'ਚ ਵੀ ਇਸ ਦਾ ਜ਼ਿਕਰ ਕੀਤਾ ਹੈ। ਮਨੂੰਵਾਦੀਆਂ ਨੂੰ ਇਹ ਗੰਵਾਰਾ ਨਹੀਂ ਸੀ। ਅੰਤ ਮੀਰਾ ਆਪਣੇ ਗੁਰੂ ਦੀ ਹੱਤਿਆ ਦਾ ਸਭ ਤੋਂ ਵੱਡਾ ਕਾਰਨ ਬਣੀ ਇਸ 'ਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ।

ਮੀਰਾ ਨੂੰ ਜਾਨੋ ਮਾਰਨ ਦੀਆਂ ਕੋਸ਼ਿਸ਼ਾਂ ਦੋ ਵਾਰ ਕੀਤੀਆਂ ਗਈਆਂ। ਗੁਰੂ ਰਵੀਦਾਸ ਜੀ ਦੇ ਮਿਸ਼ਨ ਦੇ ਸਹਿਯੋਗੀ ਰਹੇ ਸੰਤ ਪਲਟੂ ਸਾਹਿਬ ਨੂੰ ਬ੍ਰਾਹਮਣਾ ਨੇ ਉਹਨਾਂ ਦੀ ਝੌਂਪੜੀ ਨੂੰ ਅੱਗ ਲਾ ਕੇ ਸਾੜਣ ਦੀ ਕੋਸ਼ਿਸ਼ ਕੀਤੀ ਸੀ। ਮੀਰਾ ਤੇ ਪਲਟੂ ਜੀ ਦੀ ਹੱਤਿਆ ਦੀਆਂ ਕੋਸ਼ਿਸ਼ਾਂ ਨੂੰ ਵੇਖਦਿਆਂ ਸਾਬਤ ਹੋ ਜਾਂਦਾ ਹੈ ਕਿ ਮਨੂੰਵਾਦੀ

ਆਪਣੇ ਵਿਰੋਧੀਆਂ ਦੀਆਂ ਹੱਤਿਆਵਾਂ ਤਕ ਕਰਨ 'ਤੇ ਉਤਾਰੂ ਹੋ ਜਾਂਦੇ ਸਨ। ਅਜਿਹੇ 'ਚ ਉਹਨਾਂ ਲਈ ਰਵੀਦਾਸ ਜੀ ਦੀ ਹੱਤਿਆ ਕੋਈ ਵੱਡੀ ਗੱਲ ਨਹੀਂ ਸੀ। ਮੀਰਾ ਨੇ ਮਹਿਲ ਛੱਡਣ ਦਾ ਫੈਸਲਾ ਵੀ ਇਸੇ ਕਾਰਨ ਕੀਤਾ ਜਿਸ ਮਹਿਲ 'ਚ ਉਸ ਦੇ ਅਧਿਆਤਮਕ ਗੁਰੂ ਦੀ ਹੱਤਿਆ ਹੋਈ ਸੀ ਉਹ ਉਥੇ ਇਕ ਪਲ ਵੀ ਨਹੀਂ, ਰੁਕ ਸਕਦੀ ਸੀ। ਮੀਰਾਂ ਵਰਗੀ ਸੰਸਕਾਰਨ ਹਿੰਦੂ ਔਰਤ ਨੇ ਆਪਣੇ ਪਤੀ ਦਾ ਘਰ ਉਜ ਹੀ ਨਹੀਂ ਛੱਡਿਆ ਹੋਵੇਗਾ। ਗੁਰੂ ਰਵੀਦਾਸ ਜੀ ਦੇ ਚਿਤੌੜ 'ਚ ਨਿਵਾਸ 'ਤੇ ਲਗਭਗ ਸਾਰੇ ਵਿਦਵਾਨ ਸਹਿਮਤ ਹਨ। ਇਸ ਤੋਂ ਵੀ ਚਿਤੌੜਗੜ੍ਹ ਵਿੱਚ ਉਹਨਾਂ ਦੀ ਹੱਤਿਆ ਹੋਣ ਦੀ ਗੱਲ ਨੂੰ ਬਲ ਮਿਲਦਾ ਹੈ। ਗੁਰੂ ਰਵੀਦਾਸ ਜੀ ਚਮਤਕਾਰਵਾਦ ਦੇ ਸਖਤ ਵਿਰੋਧੀ ਸਨ। ਉਹਨਾਂ ਨੇ ਆਪਣਾ ਸੀਨਾ ਚੀਰ ਕੇ ਜਨੇਊ ਵਿਖਾਉਣ ਦਾ ਚਮਤਕਾਰ ਵਿਖਾਇਆ ਹੋਵੇਗਾ, ਇਹ ਗੱਲ ਸਭ ਵਿਦਵਾਨਾ ਨੇ ਨਾਕਾਰੀ ਹੈ ਅੰਤ ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਉਹਨਾਂ ਦੀ ਸੀਨਾ ਮੰਨੂਵਾਦੀਆਂ ਵਲੋਂ ਹੀ ਚੀਰਿਆ ਗਿਆ ਸੀ।

ਰਾਣਾ ਦੇ ਦਰਬਾਰ 'ਚ ਘਟਦੀ ਉਸ ਘਟਨਾ ਜਿਸ ਨੂੰ ਬ੍ਰਾਹਮਣਾ ਨੇ ਚਮਤਕਾਰ ਕਿਹਾ ਹੈ ਦੇ ਪਿੱਛੋਂ ਕਿਤੇ ਵੀ ਗੁਰੂ ਰਵੀਦਾਸ ਜੀ ਦਾ ਜ਼ਿਕਰ ਨਹੀਂ ਮਿਲਦਾ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਦੋਂ ਹੀ ਉਹ ਸ਼ਹੀਦੀ ਪਾ ਗਏ। ਕਾਂਸ਼ੀ ਦੇ ਰਾਜ ਦੇ ਦਰਬਾਰ 'ਚ ਜੋ ਬ੍ਰਾਹਮਣ ਤੇ ਗੁਰੂ ਰਵੀਦਾਸ ਜੀ ਵਿਚਕਾਰ ਵਿਵਾਦ ਹੋਇਆ ਸੀ ਉਸ ਦੇ ਸੰਕੇਤ ਗੁਰੂ ਜੀ ਦੀ ਬਾਣੀ ਵਿਚ ਵੀ ਹਨ। ਇਸ ਤਰ੍ਹਾਂ ਜੇ ਰਾਣਾ ਦੇ ਦਰਬਾਰ 'ਚ ਉਹਨਾਂ ਆਪਣਾ ਸੀਨਾ ਖੁਦ ਚੀਰ ਕੇ ਜਨੇਊ ਵਿਖਾਇਆ ਹੁੰਦਾ ਤੇ ਘਟਨਾ ਪਿੱਛੋਂ ਜਿੰਦਾ ਰਹੇ ਹੁੰਦੇ ਤਾਂ ਘਟਨਾ ਦਾ ਜ਼ਿਕਰ ਬਾਣੀ 'ਚ ਜ਼ਰੂਰ ਕਰਦੇ। ਸਪੱਸ਼ਟ ਹੈ ਕਿ ਉਹਨਾਂ ਦੀ ਉਥੇ ਹੀ ਹੱਤਿਆ ਹੋ ਚੁੱਕੀ ਹੋਵੇਗੀ। ਆਪਣਾ ਸੀਮਾ ਚੀਰਨ ਲਈ ਗੁਰੂ ਜੀ ਪਾਸ ਹਥਿਆਰ-ਔਜਾਰ (ਰੰਬੀ) ਕਿੱਥੋਂ ਆਈ? ਉਹ ਰਾਜੇ ਦੇ ਦਰਬਾਰ 'ਚ ਕੋਈ ਚਮੜਾ ਕੱਟਣ ਤਾਂ ਗਏ ਨਹੀਂ ਸਨ। ਉਹ ਆਪਣੇ ਨਾਲ ਰੰਬੀ ਕਿਉਂ ਲੈ ਗਏ? ਸਪਸ਼ਟ ਹੈ ਕਿ ਇਹ ਕੂੜ-ਪ੍ਰਚਾਰ ਹੈ ਕਿ ਉਹਨਾਂ ਨੇ ਆਪਣੀ ਸੀਨਾ ਹੀ ਰੰਬੀ ਨਾਲ ਚੀਰ ਲਿਆ। ਅਸਲ 'ਚ ਇਹ ਸੀਨਾ ਮੰਨੂਵਾਦੀਆਂ ਨੇ ਹੀ ਚੀਰਿਆ ਸੀ। ਰਾਣਿਆਂ ਦੇ ਕਿਲੇ 'ਚ ਇਕ ਚਮਾਰ ਦਾ ਸਮਾਰਕ ਕਿਵੇਂ ਬਣਿਆ? ਇਕ ਇਹ ਵਿਚਾਰਨਯੋਗ ਸੁਆਲ ਹੈ।

ਅੱਜ ਵੀ ਉਥੋਂ ਦੇ ਮੰਨੂਵਾਦੀ ਕਿਸੇ ਦਲਿਤ ਦੀ ਸ਼ਾਦੀ 'ਚ ਉਸ ਨੂੰ ਘੋੜੀ 'ਤੇ ਨਹੀਂ ਬੈਠਣ ਦਿੰਦੇ। ਜਦ ਛੂਤਛਾਤ ਸਿਖਰ ਤੇ ਸੀ ਤਾਂ ਉਥੇ ਇਕ ਚਮਾਰ ਦਾ ਸਮਾਰਕ ਕਿਵੇਂ ਬਣੇ ਗਿਆ? ਇਹ ਪ੍ਰਸ਼ਨ ਉਹਨਾਂ ਦੀ ਹੱਤਿਆ ਦੀ ਉਲਝੀ ਗੁਥੀ ਨੂੰ ਸੁਲਝਾਉਣ ਲਈ ਬਹੁਤ ਮਦਦਗਾਰ ਹੈ। ਇਸ ਅਧਾਰ 'ਤੇ ਤਾਂ ਸਪਸ਼ਟ ਹੀ ਹੈ ਕਿ ਉਹਨਾਂ ਦੀ ਹੱਤਿਆ, ਚਿਤੌੜਗੜ੍ਹ 'ਚ ਜਨ ਚੇਤਨਾ ਦੀ ਇਕ ਪ੍ਰਚੰਡ ਜੋਤੀ ਨੂੰ ਸਾਜਿਸ ਤਹਿਤ ਬੁਝਾਇਆ ਗਿਆ ਸੀ। ਕਬੀਰ ਸਾਹਿਬ ਦੇ ਨਿਰਵਾਰਣ ਪਿੱਛੋਂ ਨਿਰਗੁਣਵਾਦ ਦੀ ਕਮਾਂਡ ਰਵੀਦਾਸ ਜੀ ਦੇ ਹੱਥ 'ਚ ਆ ਗਈ ਸੀ। ਉਹ ਸਮਤਾ ਮਿਸ਼ਨ ਦੇ ਨਾਇਕ ਬਣ ਚੁੱਕੇ ਸਨ। ਲਾਜਮੀ ਹੈ ਕਿ ਉਹ ਮੰਨੂਵਾਦੀਆਂ ਦੀਆਂ ਅੱਖਾਂ 'ਚ ਰੜਕ ਰਹੇ ਸਨ ਉਹਨਾਂ ਪ੍ਰਤੀ ਘਿਰਣਾ ਵਧਦੀ ਜਾ ਰਹੀ ਸੀ ਜਿਸ ਦੀ ਪਰਣਿਤੀ ਉਹਨਾਂ ਦੀ ਹੱਤਿਆ ਦੇ ਰੂਪ 'ਚ ਹੋਈ। ਗੁਰੂ ਰਵੀਦਾਸ ਸਬੰਧੀ 'ਰਵਿਦਾਸ ਰਮਾਇਣ

'ਚ ਪ੍ਰਸੰਗ ਹੈ 'ਸੰਦੇਹ ਗੁਪਤ' ਬ੍ਰਾਹਮਣਾ ਨੇ ਉਹਨਾਂ ਦੀ ਹੱਤਿਆ ਨੂੰ ਜਨਾਉ ਵਿਖਾਉਣ ਦਾ ਚਮਤਕਾਰ ਐਲਾਨ ਦਿੱਤਾ ਸੀ ਪਰ ਆਮ ਲੋਕਾਂ ਨੂੰ ਇਸ ਬ੍ਰਾਹਮਣਵਾਦੀ ਪ੍ਰਚਾਰ ਸਬੰਧੀ ਕੁਝ ਸ਼ੰਕਾ ਰਿਹਾ ਹੋਵੇਗੀ। ਇਹ 'ਸੰਦੇਹ ਗੁਪਤ' ਪਿੱਛੋਂ 'ਸੰਦੇਹ ਗੁਪਤ' 'ਚ ਤਬਦੀਲ ਹੋਇਆ ਹੈ। ਇਹ ਤੱਥ ਵੀ ਉਹਨਾਂ ਦੀ ਹੱਤਿਆ ਵੱਲ ਸੰਕੇਤ ਕਰਦਾ ਹੈ। ਇਸ ਤੋਂ ਇਲਾਵਾ ਜ਼ਿਆਦਾਤਰ ਦਲਿਤ ਵਿਚਾਰਕ ਵੀ ਇਸ ਮਤ ਦੀ ਹਮਾਇਤ ਕਰਦੇ ਹਨ ਕਿ ਗੁਰੂ ਰਵਿਦਾਸ ਦੀ ਹੱਤਿਆ ਹੋਈ ਸੀ।

# ਕੀ ਹੈ ਅਲਰਜੀ?

ਅਲਰਜੀ ਸ਼ਬਦ 'ਨਾਪਸੰਦ' ਦਾ ਦੂਜਾ ਰੂਪ ਹੈ। ਅਕਸਰ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੋਵੇਗਾ।" ਮੈਨੂੰ ਆਪਣੇ ਬਾਸ ਤੋਂ ਅਲਰਜੀ ਹੈ" ਇਸ ਦਾ ਮਤਲਬ ਵੀ ਇਹੀ ਹੈ ਡਾਕਟਰਾਂ ਦੀ ਭਾਸ਼ਾ 'ਚ ਅਲਰਜੀ ਸ਼ਬਦ ਭਾਵੇਂ ਹੀ ਅਜਿਹੇ ਭਾਵ ਦਾ ਪੂਰਨ ਪ੍ਰਤੀਕ ਨਾ ਹੋਵੇ ਪਰ ਅਰਥ ਇਸਦਾ ਇਹੋ ਜਿਹਾ ਹੀ ਹੈ। ਆਮ ਹਾਲਤਾਂ 'ਚ ਕਿਸੇ ਬੰਦੇ 'ਤੇ ਸਾਧਾਰਨ ਪਦਾਰਥਾਂ ਜਿਵੇਂ ਪਰਾਗਕਣ, ਪਸ਼ੂਆਂ ਦੇ ਵਾਲ, ਕੱਪੜੇ ਧੋਣ ਦਾ ਪਾਊਡਰ, ਅੰਡਿਆਂ ਆਦਿ ਦੀ ਕੋਈ ਉਲਟਾ ਅਸਰ ਨਹੀਂ ਪੈਂਦਾ ਫਿਰ ਵੀ ਲਗਭਗ 20 ਫੀਸਦੀ ਬੰਦੇ ਇਹਨਾਂ ਸਾਧਾਰਨ ਪਦਾਰਥਾਂ ਤੋਂ ਵਾਧੂ ਪ੍ਰਭਾਵਿਤ ਹੁੰਦੇ ਹਨ। ਅਜਿਹੇ ਬੰਦਿਆਂ ਨੂੰ ਪ੍ਰਾਗਕਣਾ ਜਾਂ ਪਸ਼ੂਆਂ ਦੇ ਵਾਲਾਂ ਦੇ ਸੰਪਰਕ 'ਚ ਆਉਂਦਿਆਂ ਹੀ ਸਾਹ ਲੈਣ 'ਚ ਬੇਹੱਦ ਔਖ ਹੋਣ ਲੱਗਦੀ ਹੈ ਜਾਂ ਫਿਰ ਗਹਿਣਿਆਂ, ਕੱਪੜੇ ਧੋਣ ਦੇ ਵਸਤੂਆਂ ਦੇ ਛੂਹਣ ਨਾਲ ਹੀ ਉਹਨਾਂ ਦੀ ਚਮੜੀ 'ਤੇ ਖੁਰਕ ਹੋਣ ਲੱਗਦੀ ਹੈ ਅਤੇ ਦਾਣੇ ਦਾਣੇ ਜਿਹੇ ਉਭਰ ਆਉਂਦੇ ਹਨ। ਦੂਜੇ ਸ਼ਬਦਾਂ 'ਚ ਉਹਨਾਂ ਦੇ ਸਰੀਰ ਇਹਨਾਂ ਪਦਾਰਥਾਂ ਨੂੰ ਪਸੰਦ ਨਹੀਂ ਕਰਦੇ ਤੇ ਉਹਨਾਂ ਦੇ ਸੰਪਰਕ 'ਚ ਆਉਂਦਿਆਂ ਹੀ ਤੇਜ ਪ੍ਰਤੀਕ੍ਰਿਆ ਹੁੰਦੀ ਹੈ। ਸੰਨ 1906 'ਚ ਕਲੀਮੇਂਸ ਵਾਨ ਪਿਰਕੇ (1874-1929) ਨਾਂ ਦੇ ਆਸਟਰੀਆ ਦੇ ਇਕ ਬਾਲ-ਮਾਹਰ ਨੇ ਇਹਨਾਂ ਹਾਲਤਾਂ ਨੂੰ 'ਅਲਰਜੀ' ਦਾ ਨਾਂ ਦਿੱਤਾ। ਇਸ ਸ਼ਬਦ ਦੀ ਉਤਪਤੀ ਯੂਨਾਨੀ ਭਾਸ਼ਾ ਦੇ 'ਏਲੋ' ਭਾਵ ਭਿੰਨ ਅਤੇ ਅਰਗੋਨ ਸ਼ਬਦਾਂ ਨੂੰ ਮਿਲਕੇ ਹੋਈ ਹੈ। ਆਲਰਜੀ ਦਾ ਸ਼ਬਦੀ ਅਰਥ 'ਵੱਖਰਾ ਕੰਮ' ਜਾਂ ਇਉਂ ਕਹੋ ਅਲਰਜੀ ਉਹ ਹੈ ਜਿਸ 'ਚ ਆਮ ਤੋਂ ਹਟ ਕੇ ਕੰਮ ਵਖਰੇਵਾ ਹੋਏ। ਉਹ ਪਦਾਰਥ (ਪਰਾਗ ਕਣ ਜਾਂ ਕੱਪੜੇ ਧੋਣ ਦੇ ਪਾਊਡਰ 'ਚ ਮੌਜੂਦ ਰਸਾਇਣ) ਜੋ ਇਸ ਤਰ੍ਹਾਂ ਦੀਆਂ ਵੱਖਰੀਆਂ ਪ੍ਰਤੀਕ੍ਰਿਆਵਾਂ ਨੂੰ ਜਨਮ ਦਿੰਦੇ ਹਨ, ਅਲਰਜਨਕ ਤੇ ਜਾਂਦੇ ਹਨ। ਇਸ ਬਾਰੇ ਅਜੇ ਤਕ ਭਲੀਭਾਤ ਸਪਸ਼ਟ ਨਹੀਂ ਹੈ ਕਿ ਕੁਝ ਬੰਦੇ ਇਹਨਾਂ ਆਮ ਵਸਤੂਆਂ ਤੋਂ ਹੈਰਾਨੀਜਨਕ ਰੂਪ 'ਚ ਕਿਉਂ ਪ੍ਰਭਾਵਿਤ ਹੁੰਦੇ ਹਨ। ਸਿਰਫ਼ ਕੁਝ ਧਾਰਨਾਵਾਂ ਹੀ ਸਾਹਮਣੇ ਆਈਆਂ ਹਨ।

ਜਦ ਵੀ ਕੋਈ ਬਾਹਰੀ ਪ੍ਰੋਟੀਨ ਸਰੀਰ 'ਚ ਦਾਖਲ ਹੋ ਜਾਂਦਾ ਹੈ ਤਾਂ ਸਰੀਰ ਉਸ ਨੂੰ ਦੁਸ਼ਮਣ ਮੰਨ ਲੈਂਦਾ ਹੈ ਅਤੇ ਉਸ ਵਿਰੁੱਧ ਰਸਾਇਣਾ ਦੀ ਪੈਦਾਵਾਰ ਕਰਨ ਲੱਗਦਾ ਹੈ। ਇਸ ਸਭ ਪਦਾਰਥ ਜੋ ਸਰੀਰ ਨੂੰ ਰਸਾਇਣ ਦੇ ਨਿਰਮਾਣ ਲਈ ਮਜ਼ਬੂਰ ਕਰਦੇ ਹਨ ਐਂਟੀਜਨ ਆਖੇ ਜਾਂਦੇ ਹਨ। ਸਾਰੇ ਅਲਰਜਨ, ਅਸਲ 'ਚ ਐਂਟੀਜਨ ਹਨ। ਸਰੀਰ ਜਿਹਨਾਂ ਰਸਾਇਣਾ ਨੂੰ ਇਹ ਐਂਟੀਜਨ ਵਿਰੁੱਧ ਪੈਦਾ ਕਰਦਾ ਉਹ ਪ੍ਰਤੀ ਪਿੰਡ (ਐਂਟੀਬਾਡੀਜ਼) ਕਹੇ ਜਾਂਦੇ ਹਨ। ਪ੍ਰਤੀਪਿੰਡ ਪ੍ਰੋਟੀਨ ਅਣੂ ਹੁੰਦੇ ਹਨ ਅਤੇ ਖ਼ੂਨ 'ਚ ਮੌਜੂਦ ਰਹਿੰਦੇ ਹਨ। ਮਨੁੱਖ ਦੇ ਖ਼ੂਨ ਦੇ ਪ੍ਰਤੀ 100 ਘਣ ਸੈ. ਮੀ. 'ਚ ਲਗਭਗ ਸਤ ਗ੍ਰਾਮ ਪ੍ਰੋਟੀਨ ਹੁੰਦਾ ਹੈ ਜਿਹਨਾਂ 'ਚ ਤਿੰਨ ਮੁਖ ਭਾਗ ਹਨ। ਇਹਨਾਂ 'ਚ ਸਭ ਤੋਂ ਵੱਡਾ ਭਾਗ ਲਗਭਗ 60 ਫੀਸਦੀ ਅਲਬਿਊਮਿਨ ਦਾ ਹੈ। 35 ਫੀਸਦੀ ਭਾਗ ਗਲੋਬੂਲਿਨ ਦਾ ਹੈ ਅਤੇ 5 ਫੀਸਦੀ ਭਾਗ ਫਾਈਬ੍ਰੋਜਿਨ ਦਾ ਹੁੰਦਾ ਹੈ। ਸਾਰੇ ਪ੍ਰਤੀ ਪਿੰਡ ਰਕਤਦੇ ਗਲੋਬੂਲਿਨ ਭਾਗ ਨਾਲ ਸਬੰਧਿਤ ਹਨ ਅਤੇ ਕਿਉਂਕਿ ਇਹ ਸਰੀਰ ਦੀ ਰੋਗ-ਪ੍ਰਤੀ ਰੋਧਕ (ਇਮੂਨ) ਪ੍ਰਕ੍ਰਿਆਵਾਂ ਨਾਲ ਜੁੜੇ ਹੁੰਦੇ ਹਨ। ਇਹਨਾਂ ਨੂੰ ਇਮੂਨੋਗਲੋਬੂਲਿਨ

ਕਿਹਾ ਜਾਂਦਾ ਹੈ। ਜੋ ਇਮੂਨੋਗਲੋਬੂਲਿਨ ਰੋਗ ਪ੍ਰਤੀ ਰੋਧਕ ਕ੍ਰਿਆਵਾਂ ਨਾਲ ਸਬੰਧਤ ਨਹੀਂ ਰੱਖਦੇ ਉਹ ਆਰੋਗ ਵਿਰੋਧੀ ਗਲੋਬੂਲਿਨ ਆਖੇ ਜਾਂਦੇ ਹਨ ਅਤੇ ਉਹਨਾਂ ਦਾ ਕੰਮ ਖੂਨ 'ਚ ਵੱਖ-ਵੱਖ ਰਸਾਇਣਾ ਦਾ ਸਮਾਨਾਂਤਰ ਹੈ। ਰਚਨਾ ਦੇ ਅਧਾਰ 'ਤੇ ਇਮੂਨੋਗਲੋਬੂ ਲਿਨ ਦੀਆਂ ਮੁੱਖ 5 ਕਿਸਮਾਂ ਨੂੰ ਪਹਿਚਾਣਿਆ ਗਿਆ ਹੈ ਅਤੇ ਉਹਨਾਂ ਦਾ ਪੂਰਾ ਨਾ ਲੈਣ ਦੀ ਥਾਂ ਅੰਗਰੇਜ਼ੀ ਦੇ ਵਰਣ ਅੱਖਰਾਂ ਨਾਲ ਉਹਨਾਂ ਨੂੰ ਸੰਬੋਧਿਤ ਹੋਇਆ ਜਾਂਦਾ ਹੈ। ਜੋ ਇਹ ਗਲੋਬੂਲਿਨ ਰੋਗ ਪ੍ਰਤੀਰੋਧਕ ਕ੍ਰਿਆਵਾਂ ਨਾਲ ਸਬੰਧ ਨਹੀਂ ਰੱਖਦੇ। ਇਹ ਮੁੱਖ ਪੰਜ ਇਮੂਨੋਗਲੋਬੂਲਿਨ-ਆਈ. ਜੀ. ਐਮ. (ਆਈ ਜੀ ਦੀ ਵਰਤੋਂ ਇਮੂਨੋਗਲੋਬੂਲਿਨ ਲਈ ਹੈ) ਆਈ ਜੀ-ਜੀ ਆਈ ਜੀ ਏ; ਆਈਜੀ-ਈ ਤੇ ਆਈ ਜੀ-ਡੀ ਹਨ ਜੋ ਅਲਰਜਿਦ ਪ੍ਰਤੀਕ੍ਰਿਆ ਦੇ ਕਾਰਕ ਹਨ ਤੇ ਇਹ ਉਹੀ 'ਰਿਈਜਿਨ' ਹਨ ਜਿਹਨਾਂ ਦੀ ਚਰਚਾ ਪ੍ਰਾਸਨਿੱਜ ਨੇ ਕੀਤੀ ਸੀ। ਸਭ ਬੈਕਟੀਰੀਆ, ਵਿਸ਼ਾਣੂ ਤੇ ਰੋਗ ਪੈਦਾ ਕਰਨ ਵਾਲੇ ਸੂਖਮ ਜੀਵਾਣੂਆਂ ਦੀ ਰਚਨਾ ਪ੍ਰੋਟੀਨ ਵਾਲੀ ਹੁੰਦੀ ਹੈ। ਸਰੀਰ ਦਾ ਰੋਗ-ਵਿਰੋਧੀ ਤੰਤਰ ਇਹਨਾਂ ਭਿਆਨਕ ਪ੍ਰੋਟੀਨਾ ਨੂੰ ਅਵਿਲੰਭ ਸਮਝ ਲੈਂਦਾ ਹੈ ਤੇ ਉਹਨਾਂ ਵਿਰੁੱਧ ਐਂਟੀਬਾਡੀਜ਼ ਤਿਆਰ ਕਰਨ ਲਗਦਾ ਹੈ। ਸਾਰੀਆ ਐਂਟੀਬਾਡੀਜ਼ ਸਭ ਪ੍ਰਤੀਜਨਾ ਨਾਲ ਲੜ ਨਹੀਂ ਸਕਦੀਆਂ। ਹੁੰਦਾ ਇਹ ਹੈ ਕਿ ਕੋਈ ਵਿਸ਼ੇਸ਼ ਪ੍ਰਤੀ ਪਿੰਡ (ਐਂਟੀਬਾਡੀਜ਼) ਕਿਸੇ ਵਿਸ਼ੇਸ਼ ਪ੍ਰਤੀਜਨ (ਐਂਟੀਜਨ) ਨਾਲ ਲੜ ਸਕਦਾ ਹੈ। ਇਹ ਇਵੇਂ ਹੀ ਹੈ ਕਿ ਇਕ ਚਾਬੀ ਆਪਣੇ ਹੀ ਤਾਲੇ ਨੂੰ ਖੋਹਲ ਸਕਦੀ ਹੈ, ਹੋਰਾਂ ਨੂੰ ਨਹੀਂ। ਅਸਲ 'ਚ ਇਹ ਇਕ ਵਿਡੰਬਨਾ ਹੈ ਕਿ ਬੈਕਟੀਰੀਆ ਤੇ ਵਿਸ਼ਾਣੂਆਂ ਤੋਂ ਸਰੀਰ ਦੀ ਰਾਖੀ ਕਰਨ ਵਾਲਾ ਇਹ ਤਾਣਾ ਬਾਣਾ ਆਪਣੇ ਰਾਹ ਤੋਂ ਭਟਕ ਕੇ ਅਲਰਜੀ-ਜਨਿਤ ਕਸ਼ਟਦਾਈ ਲੱਛਣਾ ਨੂੰ ਜਨਮ ਦਿੰਦਾ ਹੈ। ਲਗਦਾ ਹੈ ਕਿ ਕਿਸੇ ਜਟਿਲ ਪ੍ਰਕਰਮਾ ਦੀ ਮਦਦ ਨਾਲ, ਜੋ ਅਜੇ ਵਿਗਿਆਨੀਆਂ ਨੂੰ ਪੂਰੀ ਤਰ੍ਹਾਂ ਸਪਸ਼ਟ ਨਹੀਂ ਹਨ, ਕਿਸ ਤੰਦਰੁਸਤ ਬੰਦੇ ਦੀ ਆਮ ਰੋਗ ਪ੍ਰਤੀ ਰੋਧਕ ਪ੍ਰਣਾਲੀ ਹਾਨੀ ਰਹਿਤ ਪ੍ਰੋਟੀਨ ਜਿਵੇਂ ਭੋਜਨ ਦੇ ਪ੍ਰੋਟੀਨ ਤੇ ਹਾਨੀਕਾਰਕ ਬਾਹਰੀ ਪ੍ਰੋਟੀਨ ਜਿਵੇਂ ਵਿਸ਼ਣੂ ਦੇ ਅੰਦਰ ਨੂੰ ਸਪਸ਼ਟ ਤੌਰ 'ਤੇ ਪਹਿਚਾਣ ਲੈਂਦੀ ਹੈ। ਪਰੰਤੂ ਅਲਰਜੀ ਦੇ ਰੋਗੀ ਬੰਦੇ ਦੀ ਰੋਗ ਵਿਰੋਧੀ ਵਿਵਸਥਾ ਅਜਿਹਾ ਨਹੀ ਕਰ ਸਕਦੀ। ਇਹ ਕਿਸ ਵੀ ਹਾਨੀ ਰਹਿਤ ਬਾਹਰੀ ਪ੍ਰੋਟੀਨ ਨੂੰ ਹਾਨੀਕਾਰਕ ਸਮਝੇ ਨੇ ਪ੍ਰਤੀ ਪਿੰਡ (ਐਟੀ ਬਾਡੀਜ਼) ਬਣਾਉਣਾ ਸ਼ੁਰੂ ਕਰ ਦਿੰਦੀਆਂ ਹਨ। ਇਹ ਅਜਿਹਾ ਹੀ ਹੈ ਜਿਵੇਂ ਮੱਖੀ ਦੇ ਸ਼ਿਕਾਰ ਲਈ ਹਾਥੀ ਮਾਰਨ ਵਾਲੀ ਰਾਈਫਲ ਦੀ ਵਰਤੋਂ ਕੀਤੀ ਜਾਵੇ।

ਇਹਨਾਂ ਹਾਨੀਰਹਿਤ ਪ੍ਰੋਟੀਨਾ ਲਈ ਬਣੀਆ ਐਂਟੀਬਾਡੀਜ਼ ਆਈ ਜੀ-ਈ ਵਰਗ ਦੇ ਇਮੂਨੋ ਗਲੋਬੂਲਿਨ ਹੁੰਦੀਆਂ ਹਨ। ਜੋ ਵਿਸ਼ੇਸ਼ ਕਿਸਮ ਦੇ ਸੈਲਾਂ ਜਿਹਨਾਂ ਨੂੰ ਮਾਸਟ ਸੈਲ ਕਹਿੰਦੇ ਹਨ ਦੀ ਸਤਹਿ 'ਤੇ ਮੌਜੂਦ ਰਹਿੰਦੇ ਹਨ। ਇਹ ਸੈਲ ਚਮੜੀ, ਭੋਜਨ ਤੇ ਸਾਹ 'ਚ ਕਾਫੀ ਮਾਤਰਾ 'ਚ ਪਾਏ ਜਾਂਦੇ ਹਨ। ਇਹਨਾਂ 'ਚ ਕਈ ਤਰ੍ਹਾਂ ਦੇ ਰਸਾਇਣਕ ਪਦਾਰਥ ਹੁੰਦੇ ਹਨ। ਜਿਹਨਾਂ ਵਿੱਚੋਂ ਹਿਸਟੇਮੀਨ ਮੁਖ ਹੈ। ਤਦ ਕਦੀ ਕੋਈ ਹਾਨੀਰਹਿਤ ਪ੍ਰੋਟੀਨ ਜਾਂ ਅਲਰਜ ਜਿਵੇਂ ਪ੍ਰਾਗਕਣ, ਸ਼ਰੀਰ 'ਚ ਦਾਖਲ ਹੁੰਦਾ ਹੈ ਤਾਂ ਇਹ ਮਾਸਟ ਸੈਲਾਂ ਤਕ ਪੁਜਦਾ ਹੈ। ਜਿਹਨਾਂ ਦੀ ਤਹਿ 'ਤੇ ਇਸ ਅਲਰਜਨ ਵਿਰੋਧੀ ਐਂਟੀ ਬਾਡੀਜ਼ ਪਹਿਲਾਂ ਹੀ ਮੌਜੂਦ ਹੁੰਦੀਆਂ ਹਨ। ਮਾਸਟ ਸੈਲਾਂ ਦੀ ਸਤਹਿ 'ਤੇ ਇਹਨਾਂ ਦੋਹਾਂ ਦਰਮਿਆਨ ਭਿਅੰਕਰ ਲੜਾਈ ਹੁੰਦੀ ਹੈ। ਸੈਲ ਟੁੱਟ ਜਾਂਦੇ ਹਨ

ਅਤੇ ਉਹਨਾਂ ਅੰਦਰਲਾ ਰਸਾਇਣਕ ਪਦਾਰਥ ਹਿਸਟੇਮਿਨ ਅਜ਼ਾਦ ਹੋ ਜਾਂਦਾ ਹੈ ਥੋੜ੍ਹੀ ਮਾਤਰਾ 'ਚ ਸਰੀਰ ਲਈ ਲਾਭਦਾਇਕ ਇਸ ਵਿਟਾਮਿਨ ਦੇ ਕਾਫ਼ੀ ਮਾਤਰਾ 'ਚ ਨਿਕਲਣ ਨਾਲ ਅਲਰਜੀ ਅਮਲ ਪ੍ਰਗਟ ਹੋ ਜਾਂਦੇ ਹਨ। ਸਰੀਰ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਦੀ ਤੁਲਨਾ ਕਿਸੇ ਦੇਸ਼ ਦੀ ਫੌਜ ਨਾਲ ਕੀਤੀ ਜਾ ਸਕਦੀ ਹੈ। ਕੋਈ ਵੀ ਚਲਾਕ ਫੌਜ ਸਿਰਫ਼ ਮਾੜੀ ਨੀਅਤ ਨਾਲ ਦੇਸ਼ 'ਤੇ ਹਮਲਾ ਕਰਨ ਵਾਲੇ ਦੁਸ਼ਮਣ 'ਤੇ ਹੀ ਵਾਰ ਕਰੇਗੀ ਪਰ ਮੂਰਖ ਤੇ ਲੋੜੋਂ ਵੱਧ ਜੋਸ਼ ਵਾਲੀ ਫੌਜ ਦੀਆਂ ਹੱਦਾਂ 'ਚ ਅਣਜਾਨੇ ਘੁਸ ਜਾਣ ਵਾਲੇ ਹਾਨੀਕਾਰਕ ਤੱਤਾਂ ਜਿਵੇਂ ਖਰਗੋਸਾਂ ਨੂੰ ਬਾਹਰ ਕੱਢਣ 'ਚ ਆਪਣੀ ਸ਼ਕਤੀ ਨਸ਼ਟ ਕਰ ਸਕਦੀ ਹੈ। ਏਨਾ ਹੀ ਨਹੀਂ ਇਹ ਇਨ੍ਹਾਂ ਹਾਨੀ ਰਹਿਤ ਜੰਤੂਆਂ ਨੂੰ ਭਜਾਉਣ ਦੇ ਅਮਲ 'ਚ ਆਪਣੀ ਜ਼ਮੀਨ ਦੀ ਹਰਿਆਵਲ ਨੂੰ ਹੀ ਨਸ਼ਟ ਕਰ ਸਕਦੀਆਂ ਹਨ। ਠੀਕ ਹੀ ਕਿਹਾ ਹੈ ਕਿ ਜੇ ਰੋਗਾਵਿਰੋਧੀ ਅਮਲ ਸਰੀਰ ਦੀ ਬੁਧੀਮਤਾ ਹੈ ਤਾਂ ਅਲਰਜੀ ਸਰੀਰ ਦੀ ਮੂਰਖਤਾ ਹੈ। ਦਮਾ ਤੇ ਪਰਾਗਜ ਅਲਰਜਾਂ ਤੋਂ ਪੈਦਾ ਹੋਣ ਵਾਲੀਆਂ ਦੋ ਮੁੱਖ ਅਲਰਜੀਆਂ ਹਨ। ਪ੍ਰਾਗਜ ਬੁਖਾਰ ਬਾਰੇ ਪਹਿਲਾ ਹੀ ਦੱਸ ਦਿੱਤਾ ਗਿਆ ਹੈ। ਦਮਾ ਰੋਗ 'ਚ ਪ੍ਰਾਗਕਣ, ਜਾਨਵਰਾਂ ਦੇ ਵਾਲ ਜਾਂ ਧੂੜ ਚਿੰਚੜੀ ਅੱਖਾਂ ਨੂੰ ਨਾ ਦਿਸਣ ਵਾਲਾ ਇਕ ਛੋਟਾ ਜਿਹਾ ਅਲਰਜ ਹੈ ਜਿਸ ਬਿਸਤਰਿਆਂ, ਪਰਦਿਆਂ ਜਾਂ ਗਲੀਚਿਆਂ 'ਚ ਲੁਕਿਆ ਰਹਿੰਦਾ। ਇਸ ਲਈ ਜਦ ਧੋਣ ਤੋਂ ਪਹਿਲਾਂ ਪਰਦਿਆਂ ਜਾਂ ਗੱਦਿਆਂ ਨੂੰ ਜੋਰ ਨਾਲ ਝਾੜਿਆ ਜਾਂਦਾ ਹੈ ਤਾਂ ਸੰਵੇਦਨਸ਼ੀਲ ਵਿਅਕਤੀ ਨੂੰ ਦਮੇ ਦਾ ਦੌਰਾ ਪੈ ਸਕਦਾ ਹੈ।

ਭੋਜਨ ਦੀ ਅਲਰਜੀ ਖਾਣੇ ਦੇ ਨਾਲ ਅੰਦਰ ਜਾਣ ਵਾਲੇ ਅਲਰਜਨਾ ਕਾਰਣ ਹੁੰਦੀ ਹੈ। ਇਹ ਕਿਸੇ ਵੀ ਭੋਜਨ ਨਾਲ ਹੋ ਸਕਦੀ ਹੈ ਪਰ ਜ਼ਿਆਦਾਤਰ ਦੁੱਧ, ਆਟਾ, ਆਂਡੇ, ਸਟ੍ਰਬੇਰੀਜ਼, ਸ਼ਲੇਫਿਸ਼, ਗਿਰੀਦਾਰ ਫਲ ਤੇ ਭੋਜਨ 'ਚ ਮਿਲਾਏ ਜਾਣ ਵਾਲੇ ਕੁਝ ਪਦਾਰਥਾਂ ਨਾਲ ਹੁੰਦੀ ਹੈ। ਇਸ ਅਲਰਜੀ 'ਚ ਜੀ ਕੱਚਾ ਹੋਣਾ, ਉਲਟੀ ਆਦਿ ਤੋਂ ਇਲਾਵਾ ਜੀਭ ਤੇ ਬੁਲਾਂ ਉਪਰ ਸੋਜ ਆ ਜਾਂਦੀ ਹੈ। ਜੇ ਅਲਰਜ ਖੂਨ 'ਚ ਪਹੁੰਚ ਜਾਣ ਤਾਂ ਚਮੜੀ ਤੇ ਇਕ ਜ਼ੀਮਾ ਵਾਂਗੂੰ ਧੱਫੜ ਬਣ ਸਕਦੇ ਹਨ। ਸੰਸਪਰਸ਼ੀ ਅਲਰਜਾਂ ਨਾਲ ਤਾਂ ਅਲਰਜੀ ਹੁੰਦੀ ਹੈ। ਉਹਨਾਂ 'ਚ ਕੰਟੈਕਟ ਡਰਮੇ ਟਾਈਟਸ ਜਾਂ ਚਮੜੀ ਦੀ ਸੋਜ ਜਾਂ ਖਾਰਸ਼ ਮੁਖ ਹਨ। ਸੰਸਪਰਸ਼ੀ ਚਮੜੀ ਦੀ ਅਲਰਜੀ ਗਹਿਣਿਆਂ ਜਾਂ ਧੋਣ ਵਾਲੇ ਪਾਊਡਰਾਂ 'ਚ ਪਾਏ ਜਾਂਦੇ ਰਸਾਇਣਾ ਕਾਰਨ ਹੋ ਸਕਦੀ ਹੈ। ਇਸ 'ਚ ਚਮੜੀ 'ਚ ਖਾਰਸ ਭਰੇ ਫਫੋਲੇ ਹੋ ਜਾਂਦੇ ਹਨ। ਹਾਈਬਜ ਕੁਝ ਪੌਦਿਆਂ 'ਚ ਦੇ ਸੰਸਰਗ ਜਾਂ ਠੰਡੇ-ਗਰਮ ਪਾਣੀ ਦੀ ਵਰਤੋਂ ਨਾਲ ਹੁੰਦੀ ਹੈ। ਜਿਸ 'ਚ ਲਾਲ-ਖਾਰਸ਼ ਭਰੀ ਸੋਜ ਆ ਜਾਂਦੀ ਹੈ। ਅਲਰਜੀ ਦਾ ਇੱਕ ਸੋਖਾ ਇਲਾਜ ਹੈ। ਅਲਰਜਨ ਤੋਂ ਬਚਣ ਪਰੰਤੂ ਇਹ ਪਹਿਚਾਣ ਕਰਨੀ ਹਮੇਸ਼ਾ ਸੌਖਾ ਨਹੀਂ ਹੁੰਦਾ ਕਿ ਕਿਹੜੇ ਪਦਾਰਥ ਨਾਲ ਇਹ ਲੱਛਣ ਉਭਰਦੇ ਹਨ। ਸਾਡੇ ਚਾਰੋਂ ਪਾਸੇ ਅਨੇਕਾਂ ਕਿਸਮ ਦੇ ਪਦਾਰਥ ਹਨ ਅਤੇ ਪਤਾ ਨਹੀਂ ਕਿਹੜੇ ਪਦਾਰਥ ਨਾਲ ਅਲਰਜੀ ਹੋ ਜਾਵੇ। ਫੁਲਾਂ ਦੀਆਂ ਅਣਗਿਣਤ ਕਿਸਮਾਂ ਹਨ। ਉਹਨਾਂ ਦਾ ਪਰਾਗ ਨੂੰ ਜਾਨਣ ਲਈ 'ਪ੍ਰਿਕ ਟੈਸਟ' ਨਾਂ ਦੀ ਵਿਧੀ ਵਰਤੀ ਜਾਂਦੀ ਹੈ। ਇਸ ਵਿਧੀ 'ਚ ਡਾਕਟਰ ਬਾਂਹ ਦੀ ਚਮੜੀ 'ਚ ਇਕ ਸੂਈ ਖਭੋਂਦਾ ਹੈ ਅਤੇ ਫਿਰ ਉਸ ਥਾਂ 'ਤੇ ਕਿਸੇ ਘੋਲ ਦੀ ਬੂੰਦ ਪਾ ਦਿੰਦਾ ਹੈ। ਇਸ ਘੋਲ 'ਚ ਕਿਸੇ ਵਿਸ਼ੇਸ਼ ਅਲਰਜਨ ਦੀ ਥੋੜ੍ਹੀ ਜਿੰਨੀ ਮਾਤਰਾ ਹੁੰਦੀ ਹੈ। ਕਿਸੇ ਇਕ ਸਮੇਂ 'ਚ ਚਾਲ੍ਹੀ

ਵਾਰੀ ਸੂਈਆਂ ਖਭੋਕੇ 40 ਅਲਰਜਾਂ ਦੀ ਜਾਂਚ ਬਿਨਾਂ ਕਿਸੇ ਕਸ਼ਟ ਦੇ ਕੀਤੀ ਜਾ ਸਕਦੀ ਹੈ। ਜੇ ਕੋਈ ਵਿਅਕਤੀ ਇਹਨਾਂ 'ਚੋਂ ਕਿਸੇ ਇਕ ਪ੍ਰਤੀ ਅਲਰਜਕ ਹੈ ਤਾਂ ਲਗਭਗ 15 ਮਿੰਟ 'ਚ ਚੁਭੇ ਦੀ ਥਾਂ 'ਤੇ ਇਕ ਗੱਲ ਨਾਲ ਧਫੜ ਉਭਰ ਆਉਂਦਾ ਹੈ।

ਭੋਜਨ ਦੇ ਨਾਲ ਗਏ ਅਲਰਜਾਂ ਦੀ ਪਹਿਚਾਣ ਲਈ ਛੰਟੀ ਹੋਈ ਖੁਰਾਕ (ਏਲੀ ਮਿਨੇਸ਼ਨ ਡਾਈਟ) ਦੀ ਵਰਤੋਂ ਕੀਤੀ ਜਾਂਦੀ ਹੈ। ਜੇਇਸ ਖੁਰਾਕ ਦੀ ਕੁਝ ਦਿਨਾਂ ਦੀ ਵਰਤੋਂ ਨਾਲ ਰੋਗੀ 'ਚ ਸੁਧਾਰ ਹੁੰਦਾ ਹੈ ਤਾਂ ਭੋਜਨ 'ਚੋਂ ਹਟਾਇਆ ਗਿਆ ਭਾਗ ਹੀ ਅਲਰਜੀ ਦਾ ਕਾਰਣ ਹੈ ਕਿਉਂਕਿ ਇਸ ਜਾਂਚ 'ਚਵੱਧ ਸਮਾਂ ਲਗਦਾ ਹੈ ਇਸ ਲਈ ਕੁਝ ਡਾਕਟਰ ਉਤੇਜਨਾ ਜਾਂਚ ਦੀ ਵਰਤੋਂ ਕਰਦੇ ਹਨ। ਇਸ ਕ੍ਰਿਆ 'ਚ ਵੱਖ-ਵੱਖ ਭੋਜਨਾ ਦੇ ਹਲਕੇ ਘੋਲ ਨੂੰ ਜੀਭ ਦੇ ਹੇਠਾਂ ਪਾਇਆ ਜਾਂਦਾ ਹੈ ਅਤੇ ਵੇਖਿਆ ਜਾਂਦਾ ਹੈ ਕਿ ਕਿਸੇ ਘੋਲ ਨਾਲ ਰੋਗੀ ਦੇ ਬੁਲ੍ਹਾਂ ਤੇ ਜੀਭ ਉਪਰ ਸੋਜ ਆਉਂਦੀ ਹੈ।

ਅਲਰਜਨ ਦੀ ਪਹਿਚਾਣ ਆਉਣ 'ਤੇ ਉਸ ਤੋਂ ਬਚਣਾ ਸਭ ਤੋਂ ਫਾਇਦੇਮੰਦ ਹੈ। ਰੋਗੀ ਨੂੰ ਕਿਸੇ ਵਿਸ਼ੇਸ਼ ਅਲਰਜ ਪ੍ਰਤੀ ਸੰਵੇਦਨ ਰਹਿਤ ਕਰਨ ਲਈ ਡਾਕਟਰ ਉਸ ਅਲਰਜ ਦੀ ਥੋੜ੍ਹੀ ਥੋੜ੍ਹੀ ਮਾਤਰਾ ਵਾਰੀ ਵਾਰੀ ਦਿੰਦੇ ਹਨ। ਇਸ ਦਾ ਪ੍ਰਯੋਜਨ ਸਰੀਰ 'ਚ ਇਕ ਐਂਟੀ ਬਾਡੀ ਦੀ ਬਣਤਰ ਨੂੰ ਉਤਸ਼ਾਹਿਤ ਕਰਨਾ ਹੈ। ਐਂਟੀ ਬਾਡੀ ਖੂਨ 'ਚ ਅਲਰਜਨ ਨੂੰ ਫੜਕੇ ਉਸ ਨੂੰ ਬੇਅਸਰ ਕਰ ਦਿੰਦਾ ਹੈ। ਇਸ ਦੇ ਸਿੱਟੇ ਵਜੋਂ ਅਲਰਜ ਨੂੰ ਮਾਸਟ ਸੈਲਾਂ ਤੱਕ ਜਾ ਕੇ ਵਿਸਫੋਟ ਪ੍ਰਤੀਕ੍ਰਿਆ ਕਰਨ ਦਾ ਮੌਕਾ ਨਹੀਂ ਮਿਲਦਾ। ਕੁਝ ਦਵਾਈਆਂ ਵੀ ਅਲਰਜੀ ਦੀ ਰੋਕਥਾਮ 'ਚ ਕੰਮ ਆਉਂਦੀਆਂ ਹਨ। ਜਿਵੇਂ ਕਿ ਦੱਸਿਆ ਗਿਆ ਹੈ ਕਿ ਹਿਸਾਮੀਨ ਅਲਰਜੀ ਲਈ ਜ਼ਿੰਮੇਵਾਰ ਹੈ। ਉਸ ਨੂੰ ਨਸ਼ਟ ਕਰਨ ਵਾਲੀਆਂ ਦਵਾਈਆਂ ਭਾਵ ਐਂਟੀ ਹਿਸਟਾਮੀਨ ਬੜੀ ਲਾਭਦਾਇਕ ਹੈ। ਦੂਜਾ ਉਪਾਅ ਇਹ ਹੈ ਕਿ ਮਾਸਟ ਸੈਲਾਂ ਤੋਂ ਹਿਸਾਮੀਨ ਬੜੀ ਲਾਭਦਾਇਕ ਹੈ। ਦੂਜਾ ਉਪਾਅ ਇਹ ਹੈ ਕਿ ਮਾਸਟ ਸੈਲਾਂ ਤੋਂ ਹਿਸਾਮੀਨ ਨਿਕਲਣ ਹੀ ਨਾ ਦਿੱਤੀ ਜਾਵੇ। ਸੋਡੀਅਮ ਕਰੋਮੋਗਲਾ ਈਕੇਟ ਨਾਲ ਇਹ ਸੰਭਵ ਹੈ ਪਰ ਇਹ ਦਵਾਈ ਹਿਸਟਾਮੀਨ ਨਿਕਲਣ ਤੋਂ ਪਹਿਲਾਂ ਲੈਣ ਦਾ ਹੀ ਫਾਇਦਾ ਹੈ। ਕੋਰਟੀਕੋ-ਸਟੀਰਾਇਡ ਦਵਾਈਆਂ ਨਾਮਕ ਖਾਸ ਦਵਾਈਆਂ ਅਲਰਜੀ 'ਚ ਬਹੁਤ ਫਾਇਦੇਮੰਦ ਹਨ। ਸਾਹ ਨਾਲੀਆਂ 'ਚ ਫੈਲਾਅ ਲਿਆਉਣ ਵਾਲੀਆਂ ਦਵਾਈਆਂ ਦਮੇ ਦੇ ਦੌਰੇ ਤੋਂ ਛੁਟਕਾਰਾ ਦਿਵਾਉਂਦੀਆਂ ਹਨ। ਇਕ ਹੋਰ ਅਜੀਬ ਉਦਾਹਰਣ ਹੈ। ਇਕ ਔਰਤ ਨੂੰ ਆਪਣੇ ਪਤੀ ਤੋਂ ਅਲਰਜੀ ਹੋ ਗਈ ਸੀ। ਕੰਮ ਤੋਂ ਘਰੇ ਆ ਕੇ ਜਦ ਵੀ ਪਤੀ ਆਪਣੀ ਪਤਨੀ ਨੂੰ ਪਿਆਰ ਕਰਨ ਲਈ ਗਲਵਕੜੀ 'ਚ ਲੈਂਦਾ ਤਾਂ ਪਤਨੀ ਨੂੰ ਨੱਕ 'ਚ ਖੁਜਲੀ, ਛਿੱਕਾਂ ਆਉਂਦੀਆਂ ਅਤੇ ਆਖਰ ਸਾਹ ਲੈਣ 'ਚ ਔਖ ਹੋਣ ਲੱਗਦੀ। ਜਦ ਮਾਮਲਾ ਵੱਧ ਗਿਆ ਤਾਂ ਪਤਾ ਲੱਗਿਆ ਕਿ ਉਸ ਦੇ ਪਤੀ ਨੇ ਸ਼ੌਂਕ ਵਜੋਂ ਘੋੜ ਸੁਆਰੀ ਸ਼ੁਰੂ ਕਰ ਦਿੱਤੀ ਸੀ। ਪਤੀ ਦੇ ਕੱਪੜਿਆਂ ਨੂੰ ਲੱਗੀ ਘੋੜੇ ਦੀ ਉਨ੍ਹ ਪਤਨੀ ਦੇ ਰੋਮਾਂ ਸਰਹਿਤ ਵਿਹਾਰ ਦਾ ਕਾਰਨ ਸੀ। ਘੋੜ ਸੁਆਰੀ ਨੂੰ ਗੌਲਫ 'ਚ ਬਦਲਿਆਂ ਹੀ ਸਭ ਕੁਝ ਠੀਕ ਹੋਇਆ।

# ਮਰੀਜ਼ ਕਿੱਧਰ ਜਾਣ? ਇਲਾਜ ਲਈ

ਇਦੌਂਰ ਸ਼ਹਿਰ 'ਚ ਪਿੱਛਲੇ ਕੁਝ ਦਿਨਾਂ ਤੋਂ ਡਾਕਟਰ ਵਲੋਂ ਮਰੀਜ਼ਾਂ 'ਤੇ ਕੀਤੇ ਗਏ ਦਵਾਈਆਂ ਦੇ ਤਜ਼ਰਬ (ਡਰੱਗ ਟ੍ਰਾਇਲ) ਦਾ ਮਾਮਲਾ ਭਖਦਾ ਜਾ ਰਿਹਾ ਹੈ। ਅਜੇ ਤੱਕ ਮੀਡੀਆ ਤੇ ਰਾਜ ਸਭਾ ਅਤੇ ਵਿਧਾਨ ਸਭਾ 'ਚ ਉਠੇ ਸੁਆਲਾਂ ਕਾਰਨ ਚਰਚਾ 'ਚ ਆਇਆ ਇਹ ਮੁੱਦਾ ਹੁਣ ਰਾਜਕੀ ਆਰਥਿਕ ਅਪਰਾਧ ਜਾਂਚ ਬਿਊਰੋ ਦੀ ਰੀਪੋਟ ਪਿੱਛੋਂ ਹੋਰ ਭਖ ਗਿਆ ਹੈ। ਕੋਈ ਇਕ ਸਾਲ ਪਹਿਲਾਂ ਬਿਊਰੋ ਨੂੰ ਕੀਤੀਆਂ ਗਈਆਂ ਸ਼ਕਾਇਤਾਂ ਦੇ ਅਧਾਰ 'ਤੇ ਮਹਾਰਾਜਾ ਯਸਵੰਤ ਹਸਪਤਾਲ ਦੇ ਛੇ ਪ੍ਰਮੁਖ ਡਾਕਟਰਾਂ ਦੇ ਡਰੱਗ ਟ੍ਰਾਇਲ ਦੀ ਜਾਂਚ ਕੀਤੀ ਗਈ ਅਤੇ ਬਿਊਰੋ ਨੂੰ ਲਗਭਗ ਸਾਰੇ ਮਾਮਲਿਆਂ 'ਚ ਬੇਨਿਯਮੀਆਂ ਦਾ ਦੋਸ਼ੀ ਪਾਇਆ ਗਿਆ। ਇਹ ਡਰੱਗ ਟ੍ਰਾਇਲ 2006-2010 ਵਿਚਕਾਰ ਕੀਤੇ ਗਏ ਹਨ। ਹਾਲਾਂਕਿ ਇਹਨਾਂ ਸਾਰੇ ਡਾਕਟਰਾਂ ਨੇ ਲਾਏ ਗਏ ਦੋਸ਼ਾਂ ਤੇ ਜਾਂਚ ਰੀਪੋਟ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਹੈ ਕਿ ਪੁਲਸ ਡਾਕਟਰੀ ਵਿਗਿਆਨ ਦੀ ਬਰੀਕੀਆਂ ਨੂੰ ਫੜ ਨਹੀਂ ਸਕੀ ਹੈ। ਦਰਅਸਲ ਡਰੱਗ ਟਾਇਲ ਇਕ ਪੇਚੀਦਾ ਤੇ ਵਿਗਿਆਨਕ ਅਮਲ ਹੈ ਅਤੇ ਇਸ 'ਚ ਕੋਈ ਸਰਕਾਰੀ ਏਜੰਸੀਆਂ ਸ਼ਾਮਲ ਹੁੰਦੀਆਂ ਹਨ ਇਸ ਲਈ ਇਹ ਸਮਝਣਾ ਖਾਸਾ ਮੁਸ਼ਕਲ ਹੈ ਕਿ ਡਾਕਟਰ ਡਰੱਗ ਟ੍ਰਾਇਲ ਰਾਹੀਂ ਅਸਲ 'ਚ ਮਨੁਖਤਾ ਦੀ ਸੇਵਾ ਕਰ ਰਹੇ ਹਨ ਜਾਂ ਮਨੁੱਖਾਂ ਨੂੰ ਚੂਹੇ-ਬਾਂਦਰ ਸਮਝ ਕੇ ਤਜ਼ਰਬੇ ਕਰ ਰਹੇ ਹਨ। ਪਰ ਇੰਦੌਰ ਦੇ ਡਾਕਟਰਾਂ ਨੇ ਡਰੱਗ ਟਰਾਇਲ ਪਹਿਲੀ ਹੀ ਨਜ਼ਰ ਅਤੇ ਆਰਥਿਕ ਅਪਰਾਧ ਦੀ ਰੀਪੋਟ ਪਿੱਛੋਂ ਵੀ ਸ਼ੱਕ ਦੇ ਦਾਇਰੇ 'ਚ ਤਾਂ ਆ ਹੀ ਗਏ ਹਨ।

ਜਿਹੜੇ ਦੋਸ਼ਾਂ 'ਤੇ ਸਭ ਤੋਂ ਵੱਧ ਸ਼ੱਕ ਹੈ ਉਹਨਾਂ ਵਿੱਚ ਸਭ ਤੋਂ ਮਹੱਤਵਪੂਰਨ ਹੈ ਮਰੀਜ ਦੀ ਡਰੱਗ ਕੰਟਰੋਲ ਲਈ ਗਲਤ ਤਰੀਕੇ ਨਾਲ ਸਹਿਮਤੀ ਲੈਣਾ। ਸਾਰੇ ਡਾਕਟਰਾਂ ਨੂੰ ਇਸ ਮਾਮਲੇ 'ਚ ਦੋਸ਼ੀ ਪਾਇਆ ਗਿਆ ਹੈ। ਮਰੀਜ਼ਾਂ ਨੂੰ ਇਹ ਦੱਸਿਆ ਗਿਆ ਕਿ ਉਹਨਾਂ ਦਾ ਇਲਾਜ ਚੱਲ ਰਿਹਾ ਹੈ ਇਹ ਨਹੀਂ ਦਸਿਆ ਗਿਆ ਕਿ ਉਹਨਾਂ 'ਤੇ ਦਵਾਈ ਦਾ ਤਜ਼ਰਬਾ ਕਰਕੇ ਵੇਖਿਆ ਜਾ ਰਿਹਾ ਹੈ। ਅੰਗ੍ਰੇਜ਼ੀ 'ਚ ਲਿਖੇ ਕਾਗਜ਼ਾਂ ਉਪਰ ਅੰਗੂਠੇ ਲਵਾਏ ਜਾਂ ਦਸਖਤ ਕਰਵਾਏ ਗਏ ਅਤੇ ਇਹ ਪਰਚੇ ਇਕ ਜਿਹੀ ਲਿਖਤ ਵਾਲੇ ਪਾਏ ਗਏ। ਮਰੀਜਾਂ ਦੇ ਬਿਆਨ ਅਨੁਸਾਰ ਅਮਲ 'ਚ ਪੂਰੀ ਪਾਰਦਰਸ਼ਿਤਾ ਨਹੀਂ ਰੱਖੀ ਗਈ। ਤੇ ਮਰੀਜਾਂ ਨੂੰ ਮਿਲਣ ਵੀ ਪਾਤਰਤਾ ਤੋਂ ਵੀ ਵਾਂਝਿਆ ਰੱਖਿਆ ਗਿਆ। ਮਾੜੇ ਸਿੱਟੇ ਨਿਕਲਣ ਪਿੱਛੋਂ ਮਰੀਜਾਂ ਨੂੰ ਵਿਤੀ ਲਾਭ/ਬੀਮਾ ਲਾਭ ਵੀ ਨਹੀਂ ਦਿੱਤਾ ਗਿਆ। ਇਹਨਾਂ ਪੰਜ ਸਾਲਾਂ 'ਚ ਲਗਭਗ 3300 ਮਰੀਜਾਂ 'ਤੇ ਇਹ ਡਰੱਗ ਟ੍ਰਾਇਲ ਕੀਤੇ ਗਏ। ਸਾਰੇ ਛੇ ਡਾਕਟਰਾਂ ਨੇ ਇਹਨਾਂ ਤਜ਼ਰਬਿਆਂ ਰਾਹੀਂ ਬਹੁਕੌਮੀ ਕੰਪਨੀਆਂ ਤੋਂ 5 ਕਰੋੜ 10 ਲੱਖ ਰੁਪਏ ਮਿਲਣ ਦੀ ਗੱਲ ਵੀ ਮੰਨੀ ਹੈ ਜਦ ਕਿ ਦੋਸ਼ ਤਾਂ ਇਹ ਵੀ ਹਨ ਕਿ ਇਸ ਤੋਂ ਕਈ ਗੁਣਾ ਵੱਧ ਪੈਸਾ ਹਾਸਲ ਕੀਤਾ ਗਿਆ ਹੈ। ਆਰਥਿਕ ਅਪਰਾਧ ਸ਼ਾਖਾ ਨੇ ਆਪਣੀ ਇਸ ਰੀਪੋਟ 'ਚ ਇਸ ਧਨ ਰਾਸ਼ੀ ਦਾ ਜ਼ਿਕਰ ਕੀਤਾ ਹੈ। ਮੱਧ ਪ੍ਰਦੇਸ਼ ਸ਼ਾਸਨ ਸਿਵਲ ਸੇਵਾ ਆਚਰਣ ਕਾਨੂੰਨ 1965 ਅਧੀਨ ਇਹ ਦੁਰਾਚਰਣ ਦੇ ਤਹਿਤ ਆਉਂਦਾ ਹੈ। ਸਾਰੇ ਡਾਕਟਰਾਂ ਵਲੋਂ ਇਸ ਕੰਮ ਲਈ ਕੀਤੀਆਂ ਗਈਆਂ ਵਿਦੇਸ਼ੀ ਯਾਤਰਾਵਾਂ 'ਚ ਸਰਕਾਰੀ ਪ੍ਰਬੰਦ

ਦੀ ਇਜਾਜਤ ਨਾ ਲੈਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਡਾਕਟਰਾਂ ਵਲੋਂ ਭਾਰਤੀ ਮੈਡੀਕਲ ਪ੍ਰੀਸ਼ਦ (ਐਮ. ਸੀ. ਆਈ.) ਦੀ ਧਾਰਾ-20 (ਪੇਸ਼ਾਗਤ ਕਿਰਦਾਰ) ਦੀ ਉਲਘਣਾ ਵੀ ਪਾਈ ਗਈ ਹੈ। ਡਾਕਟਰਾਂ ਅਤੇ ਨੈਤਿਕਤਾ ਕਮੇਟੀ ਦੋਨਾਂ 'ਤੇ ਇਹ ਦੋਸ਼ ਵੀ ਲੱਗੇ ਹਨ ਕਿ ਮਰੀਜ਼ਾਂ 'ਤੇ ਪਏ ਉਲਟੇ ਅਸਰ ਦੇ ਕੇਸ 'ਚ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਨੈਤਿਕਤਾ ਦਿਸ਼ਾਂ ਨਿਰਦੇਸ਼ਾਂ ਦੀ ਉਲੰਘਣਾ ਦੇ ਵੀ ਸਭ ਡਾਕਟਰ ਦੋਸ਼ੀ ਪਾਏ ਗਏ ਹਨ। ਇਹਨਾਂ ਤੱਥਾਂ ਦੇ ਬਾਵਜੂਦ ਹੈਰਾਨ ਜਨਕ ਢੰਗ ਨਾਲ ਆਰਥਿਕ ਅਪਰਾਧ ਸ਼ਾਖਾ ਨੇ ਦੋਸ਼ਾਂ ਦਾ ਮੁਲਅੰਕਣ ਕਰਕੇ ਇਹਨਾਂ ਨੂੰ ਸਿਰਫ਼ ਬੇਨਿਯਮੀ ਮੰਨਿਆ ਹੈ ਅਤੇ ਇਸ ਨੂੰ ਅਪਰਾਧਿਕ ਕਾਰਵਾਈ ਦੇ ਯੋਗ ਨਹੀਂ ਮੰਨਿਆ ਹੈ ਪਰ ਭਾਰਤੀ ਇਲਾਜ ਪ੍ਰੀਸ਼ਦ (MCI) ਦੀ ਧਾਰਾ 20 ਤਹਿਤ ਦੀ ਉਲੰਘਣਾ 'ਤੇ ਧਾਰਾ 24-ਏ ਤਹਿਤ ਕਾਰਵਾਈ ਦੀ ਸਿਫਾਰਸ਼ ਜ਼ਰੂਰ ਕੀਤੀ ਗਈ ਹੈ। ਇਸ ਧਾਰਾ ਦੇ ਤਹਿਤ ਡਾਕਟਰਾਂ ਦੀ ਰਜਿਸਟਰੇਸ਼ਨ ਰੱਦ ਕੀਤੀ ਜਾਂਦੀ ਹੈ। ਭਾਰਤੀ ਡਾਕਟਰੀ ਖੋਜ ਪ੍ਰੀਸ਼ਦ ਵਲੋਂ ਵੀ ਵਿਧਾਨਿਕ ਕਾਰਵਾਈ ਦੀ ਸਿਫਾਰਸ਼ ਕੀਤੀ ਗਈ। ਐਮ. ਸੀ. ਆਈ. ਨੂੰ ਉਸ ਦੇ 10 ਦਸੰਬਰ 2009 ਦੀ ਸੋਧ ਮੁਤਾਬਕ ਕਾਰਵਾਈ ਸਿਫਾਰਸ਼ ਵੀ ਕੀਤੀ ਗਈ ਹੈ। ਜਿਸ ਤਹਿਤ ਦਵਾ ਕੰਪਨੀ ਪ੍ਰਯੋਜਿਤ ਵਿਦੇਸ਼ ਫੇਰੀ ਕਰਨ 'ਤੇ ਡਾਕਟਰ ਦਾ ਲਾਇਸੰਸ ਰੱਦ ਹੋ ਸਕਦਾ ਹੈ। ਪੂਰੇ ਮਾਮਲੇ ਦੀ ਸ਼ਕਾਇਤ ਕਰਨ ਵਾਲੀ ਸਿਹਤ ਸਮਰਪਣ ਸੇਵਾ ਸੰਮਤੀ ਦੇ ਪ੍ਰਧਾਨ ਡਾ. ਅਨੰਦ ਸਿੰਘ ਰਾਜੇ ਦੇ ਦੱਸਣ ਅਨੁਸਾਰ ਕਿ ਅਸੀਂ ਆਰਥਿਕ ਅਪਰਾਧ ਸ਼ਾਖਾ ਦੀ ਰੀਪੋਟ ਨੂੰ ਹਾਈਕੋਰਟ 'ਚ ਲੈ ਜਾਵਾਂਗੇ ਤੇ ਅਦਾਲਤ ਨੂੰ ਬੇਨਤੀ ਕਰਾਂਗੇ ਕਿ ਉਹ ਪੁਲਸ ਨੂੰ ਫ਼ੌਜਦਾਰੀ ਕੇਸ ਦਰਜ ਕਰਨ ਦਾ ਨਿਰਦੇਸ਼ ਜਾਰੀ ਕਰੇ। ਇੱਧਰ ਜਦ ਇਸ ਮਾਮਲੇ 'ਚ ਇਹਨਾਂ ਛੇ ਡਾਕਟਰਾ ਨਾਲ ਗੱਲ ਕੀਤੀ ਗਈ ਤਾਂ ਸੁਭਾਵਿਕ ਤੌਰ 'ਤੇ ਹੀ ਸਭ ਨੇ ਖੁਦ ਨੂੰ ਨਿਰਦੋਸ਼ ਦੱਸਿਆ। ਉਲਟਾ ਮੀਡੀਆ ਨੂੰ ਗਲਤ ਖ਼ਬਰਾਂ ਦੇਣ ਦਾ ਦੋਸ਼ੀ ਵੀ ਠਹਿਰਾਇਆ ਹੈ। ਡਾਕਟਰਾਂ ਅਨੁਸਾਰ ਡਾਕਟਰੀ ਖੋਜ ਮਾਮਲੇ 'ਚ ਮੱਧ ਪ੍ਰਦੇਸ਼ ਪਹਿਲਾਂ ਹੀ ਪਿੱਛੇ ਹੈ ਹੋਰ ਵੱਧ ਪਿਛੜ ਜਾਵੇਗਾ।

ਉਹਨਾਂ ਦਾ ਦੋਸ਼ ਹੈ ਕਿ ਟ੍ਰਾਇਲ ਦੇ ਮਰੀਜਾਂ ਨੂੰ ਭਰਮਾ ਕੇ ਸਾਹਮਣੇ ਲਿਆਂਦਾ ਗਿਆ। ਕਿਸੇ ਦਵਾਈ ਦਾ ਉਲਟਾ ਅਸਰ ਹੋਣ 'ਤੇ ਕਦੀ ਛੁਪਾਇਆ ਨਹੀਂ ਜਾਂਦਾ ਕਿਉਂਕਿ ਕਰਨ ਨਾਲ ਵੱਡੀ ਦਵਾ ਕੰਪਨੀ ਬਦਨਾਮ ਹੋਵੇਗੀ ਅਤੇ ਇਹ ਜੋਖਿਮ ਕੋਈ ਨਹੀਂ ਲਵੇਗਾ। ਡਾ. ਅਸ਼ੋਕ ਵਾਜਪਾਈ ਦਾ ਕਹਿਣਾ ਸੀ ਕਿ ਵਿਗਿਆਨਕ ਕੰਮ ਹੋਇਆ ਤੇ ਜੋ ਪੈਸਾ ਮਿਲਿਆ ਉਸ ਵਿੱਚੋਂ 10 ਫੀਸਦੀ ਕਾਲਜ ਨੂੰ ਦਿੱਤਾ। 10 ਫੀਸਦੀ ਟੀ ਡੀ. ਐਸ ਕਟਿਆ ਗਿਆ ਤੇ ਬਾਕੀ ਪੈਸਾ ਉਪਕਰਣ ਖਰੀਦਣ ਤੇ ਜੂਨੀਅਰ ਸਟਾਫ ਉਪਰ ਖਰਚ ਹੋਇਆ। ਉਧਰ ਸਭ ਤੋਂ ਵੱਧ ਮਰੀਜ਼ (2500) 'ਤੇ ਤਜ਼ਰਬਾਂ ਕਰਨ ਵਾਲੇ ਡਾ. ਹੇਮੰਤ ਜੈਨ ਦਾ ਕਹਿਣਾ ਸੀ ਕਿ ਦੇਸ਼ ਦੇ ਸਾਰੇ ਮਸ਼ਹੂਰ ਹਸਪਤਾਲਾਂ 'ਚ ਅਜਿਹੇ ਤਜ਼ੁਰਬੇ ਚਲ ਰਹੇ ਹਨ ਪਰ ਸਿਰਫ਼ ਇੰਦੌਰ ਦੇ ਹਸਪਤਾਲ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਦਕਿ ਇੰਦੌਰ 'ਚ ਦੂਜੇ ਹਸਪਤਾਲਾਂ ਦੇ ਲਗਭਗ 40 ਡਾਕਟਰ ਵੀ ਅਜਿਹੇ ਤਜ਼ਰਬੇ ਕਰ ਰਹੇ ਹਨ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਸਾਰੇ ਤਜ਼ਰਬੇ ਫੇਜ-4 (ਇਸ ਸਮੇਂ ਦਵਾਈ ਬਾਜ਼ਾਰ ਮੁਹੱਈਆ ਹੁੰਦੇ ਹਨ ਤੇ ਸਾਰੇ ਨਤੀਜੇ ਪਹਿਲਾਂ ਨਿਕਲ ਜਾਂਦੇ ਹਨ) ਦੇ ਸਨ। ਫੇਜ 2 ਜਾਂ ਤਿੰਨ

ਦੇ ਨਹੀਂ ਸਨ। ਜਦ ਕਿ ਅਸਲ ’ਚ ਸਭ ਡਾਕਟਰਾਂ ਨੇ ਫੇਜ 2, 3, 4 ਦੇ ਸਭ ਤਜ਼ਰਬੇ ਕੀਤੇ ਪਰ ਝੂਠ ਮਰੀਜ਼ਾਂ ਨੂੰ ਬੋਲਿਆ ਗਿਆ। ਵਿਗੜੀ ਤਬੀਅਤ ਠੀਕ ਕਰਾਉਣ ਲਈ ਡਾਕਟਰ ਕੋਲ ਜਾਣ ਵਾਲੇ ਰੋਗੀ ਇਹਨੀ ਦਿਨੀਂ ਖਤਰੇ ’ਚ ਹਨ। ਖਤਰਾ ਵੀ ਉਹਨਾਂ ਡਾਕਟਰਾਂ ਤੋਂ ਹੈ ਜਿਹਨਾਂ ਨੂੰ ਉਹ ਰੱਬ ਸਮਝਦੇ ਹਨ। ਜਦੋਂ ਡਾਕਟਰ ਮਰੀਜ਼ ਨੂੰ ਉਹ ਦਵਾ ਦਿੰਦੇ ਹਨ ਜੋ ਵਿਕਰੀ ਲਈ ਬਜ਼ਾਰ ਮਿਲਦੀ ਹੀ ਨਹੀਂ ਤਾਂ ਸਮਝ ਲਓ ਡਾਕਟਰ ਮਰੀਜਾਂ ’ਤੇ ਤਜੱਰਬੇ ਕਰਦੇ ਹਨ। ਆਮ ਤੌਰ ’ਤੇ ਇਹ ਅਣਜਾਣ ਦਵਾਈ ਬਹੁਕੌਮੀ ਕੰਪਨੀਆਂ ਵਲੋਂ ਵਿਕਸਤ ਤੇ ਤਿਆਰ ਕੀਤੀ ਜਾਂਦੀ ਹੈ। ਕੰਪਨੀਆਂ ਦਵਾ ਅਜਮਾਇਸ਼ ਬਦਲੇ ਡਾਕਟਰਾਂ ਨੂੰ ਮੋਟੀ ਰਕਮ (ਪ੍ਰਤੀ ਮਰੀਜ 1.5 ਤੱਕ ਲੱਖ ਰੁਪਏ) ਦਿੰਦੀ ਹੈ। ਇਸ ਰਕਮ ਦੇ ਲਾਲਚ ’ਚ ਡਾਕਟਰ ਮਰੀਜ਼ਾਂ ਨੂੰ ਚੂਹਾ, ਬੰਦਰ ਤੇ ਖਰਗੋਸ਼ (ਗਿਨੀ ਪਿੱਗ) ਮੰਨ ਕੇ ਇਹਨਾਂ ਤਜ਼ਰਬਿਆਂ ’ਚ ਜੁਟ ਜਾਂਦੇ ਹਨ। ਹਿੰਦੁਸਤਾਨੀ ਨੂੰ ਗਿਨੀ ਪਿੱਗ ਮੰਨ ਕੇ ਵਿਦੇਸ਼ੀ ਕੰਪਨੀਆਂ ਵਲੋਂ ਟ੍ਰਾਇਲ ਦੇ ਪੜ੍ਹਦੇ ਪਿੱਛੇ ਗੁਮਨਾਮ ਦਵਾਈਆਂ ਦੀ ਵਰਤੋਂ ਕਰਕੇ ਦੇਸ਼ ਦੇ ਮੁਠੀਭਰ ਡਾਕਟਰਾਂ ਦੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ ਅਤੇ ਖੁਦ ਅਰਬਾਂ ਰੁਪਏ ਮੁਨਾਫਾ ਕੰਪਨੀਆਂ ਕਮਾ ਰਹੀਆਂ ਹਨ।

ਇਕ ਅੰਦਾਜੇ ਅਨੁਸਾਰ ਭਾਰਤ ’ਚ ਡਰੱਗ ਟ੍ਰਾਇਲ ਦਾ ਕਾਰੋਬਾਰ 1500 ਕਰੋੜ ਰੁਪਏ ਦਾ ਹੈ ਜੋ 2012 ਤਕ ਵੱਧ ਕੇ 2700 ਕਰੋੜ ਰੁਪਏ ਤਕ ਪਹੁੰਚ ਜਾਵੇਗਾ। ਅਜੇ ਗਰੀਬ 2000 ਵੱਖ-ਵੱਖ ਦਵਾਈਆਂ ਦੇ ਕਲੀਨੀਕਲ ਟ੍ਰਾਇਲ ਭਾਰਤ ’ਚ ਰਜਿਸਟਰਡ ਹਨ। ਪੂਰੀ ਦੁਨੀਆਂ ਦਾ ਹਰ ਚੌਥਾ ਟਰਾਇਲ ਭਾਰਤ ਵਿੱਚ ਹੁੰਦਾ ਹੈ। ਵਜਾਹ ਸਾਫ਼ ਹੈ ਕਿ ਇੱਥੇ ਡਰੱਗ ਟਰਾਇਲ ਦੀ ਲਾਗਤ ਘੱਟ ਹੈ। ਤੰਤਰ ਭ੍ਰਿਸ਼ਟ ਹੈ, ਤੇ ਮਨੁੱਖ ਦੀਆਂ ਸੱਤ ਜਮਾਂਦਰੂ ਜਾਤੀਆਂ ਵਿਚੋਂ 6 ਭਾਰਤ ’ਚ ਪਾਈਆਂ ਜਾਂਦੀਆਂ ਹਨ। ਜੋ ਦਵਾ ਨੂੰ ਛੇਤੀ ਬਜ਼ਾਰ ’ਚ ਲਿਆਉਣ ਲਈ ਸਹਾਇਕ ਹਨ। ਨਵੀਂ ਦਵਾਈ ਨੂੰ ਚਾਰਾਂ ਪੜਾਵਾਂ ’ਚ ਮਰੀਜ਼ ’ਤੇ ਅਜਮਾਇਆ ਜਾਂਦਾ ਹੈ। ਇਸ ਅਸਲ ਨੂੰ ਡਾਕਟਰੀ ਭਾਸ਼ਾ ’ਚ ਕਲੀਨੀਕਲ ਟ੍ਰਾਇਲ ਕਿਹਾ ਜਾਂਦਾ ਹੈ। ਇਹ ਪ੍ਰੀਖਣ ਚਾਰ ਪੜਾਵਾਂ ’ਚ ਹੁੰਦਾ ਹੈ। ਪਹਿਲੇ ਪੜਾਅ ’ਚ ਦਵਾਈ ਜਾਨਵਰਾਂ ਉਪਰ ਪਰਖੀ ਜਾਂਦੀ ਹੈ ਫਿਰ ਇਸ ਪੜਾਅ ’ਚ ਜਿੰਨੀ ਦਵਾ ਮਨੁੱਖ ਸਹਿਣ ਕਰ ਸਕਦਾ ਹੈ। ਇਹ ਪਤਾ ਕੀਤਾ ਜਾਂਦਾ ਹੈ। ਦੂਜੇ ਪੜਾਅ ’ਚ ਦਵਾ ਦਾ ਪ੍ਰਭਾਅ ਤੇ ਮਾੜਾ ਅਸਰ ਪਤਾ ਕਰਨ ਲਈ 100-150 ਮਰੀਜਾਂ ’ਤੇ ਤਜ਼ਰਬਾ ਕੀਤਾ ਜਾਂਦਾ ਹੈ। ਤੀਜੇ ਪੜਾਅ ’ਚ ਬੀਮਾਰੀ ਵਿਸ਼ੇਸ਼ ਦੀ ਦਵਾਂ ਜਾਂ ਬਜ਼ਾਰ ’ਚ ਪਹਿਲਾਂ ਹੀ ਮੌਜੂਦ ਹੈ ਦੇ ਨਾਲ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ। ਇਹ ਪੜਾਅ 500-1000 ਰੋਗੀਆਂ ’ਤੇ ਤਜ਼ੱਰਬਾ ਹੁੰਦਾ ਹੈ। ਉਕਤ ਤਿੰਨ ਪੜਾਵਾਂ ਦੇ ਸਫਲਤਾਪੂਰਵਕ ਨੇਪਰੇ ਚੜ੍ਹਨ ਪਿੱਛੋਂ ਇਸ ਫਾਰਮੂਲੇ ਨੂੰ ਭਾਰਤੀ ਦਵਾ ਕੰਟਰੋਲਰ ਦੇ ਕੋਲ ਲਾਇਸੰਸ ਲਈ ਭੇਜਿਆ ਜਾਂਦਾ ਹੈ। ਲਾਇਸੰਸ ਮਿਲ ਜਾਣ ਪਿਛੋਂ ਦਵਾਈ ਦੀ ਵਪਾਰਕ ਪੈਦਾਵਾਰ ਸ਼ੁਰੂ ਹੋ ਜਾਂਦੀ ਹੈ। ਫਿਰ ਦਵਾਈ ਬਜ਼ਾਰ ’ਚ ਵਿਕਰੀ ਲਈ ਆਮ ਮਰੀਜ਼ਾਂ ਲਈ ਆਮ ਦੁਕਾਨਾਂ ’ਤੇ ਮੁਹੱਈਆ ਹੁੰਦੀ ਹੈ। ਨਵੀਂ ਐਲੋਪੈਥਿਕ ਦਵਾਈ ਕਾਢ ਆਮ ਤੌਰ ’ਤੇ ਵਿਕਸਤ ਦੇਸ਼ ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ ’ਚ ਹੁੰਦੀ ਹੈ ਪਰ ਇਹਨਾਂ ਦੇ ਮਾੜੇ-ਚੰਗੇ ਅਸਰ ਜਾਨਣ ਲਈ ਤਜ਼ਰਬੇ ਭਾਰਤ, ਪਾਕਿਸਤਾਨ, ਬੰਗਲਾ ਦੇਸ਼, ਭੂਟਾਨ, ਸ੍ਰੀ ਲੰਕਾ ਤੇ ਅਫਰੀਕੀ ਮੁਲਕਾਂ ਵਰਗੇ ਗਰੀਬ ਦੇਸ਼ਾਂ ਦੇ ਸ਼ਹਿਰੀਆਂ ਉਪਰ ਕੀਤੇ ਜਾਂਦੇ ਹਨ। ਤੀਜੇ ਪੜਾਅ ਦੀ ਵਰਤੋਂ

ਦਵਾਈ ਦੇ ਬਜ਼ਾਰ 'ਚ ਆਉਣ ਪਿੱਛੋਂ ਕੀਤੀ ਜਾਂਦੀ ਹੈ।

**ਕਿਵੇਂ ਫਸਦੇ ਹਨ ਗਰੀਬ ਮਰੀਜ਼?** – ਬਹੁਕੌਮੀ ਕੰਪਨੀਆਂ ਦੀਆਂ ਦਵਾਈਆਂ ਨੂੰ ਬਜ਼ਾਰ 'ਚ ਲਿਆਉਣ ਤੋਂ ਪਹਿਲਾਂ ਉਹਨਾਂ ਨੂੰ ਰੋਗੀਆਂ 'ਤੇ ਅਜਮਾਉਣ ਦੀ ਵਿਧਾ ਡਰੱਗ ਟ੍ਰਾਇਲ ਦਾ ਜਾਲ ਬੇਹੱਦ ਚਤਰਾਈ ਨਾਲ ਫੈਲਾਇਆ ਜਾਂਦਾ ਹੈ। ਇਸ ਖਾਤਰ ਇਕ ਤਰ੍ਹਾਂ ਨਾਲ ਸਰਕਾਰ ਵੀ ਦੋਸ਼ੀ ਹੈ ਕਿਉਂਕਿ ਉਹ ਆਮ ਆਦਮੀ ਨੂੰ ਮੁਫਤ ਇਲਾਜ ਮੁਹੱਈਆ ਕਰਨ 'ਚ ਨਾਕਾਮ ਰਹੀ ਹੈ। ਮੱਧ ਪ੍ਰਦੇਸ਼ 'ਚ 17000 ਬੰਦਿਆਂ ਪਿਛੇ ਸਿਰਫ਼ ਇਕ ਡਾਕਟਰ ਹੈ। ਸਰਕਾਰੀ ਹਸਪਤਾਲਾਂ 'ਚ ਇਲਾਜ ਮੁਫਤ ਨਹੀਂ ਹੁੰਦਾ। ਦਵਾਈਆਂ ਬਾਹਰੋਂ ਖਰੀਦਣੀਆਂ ਪੈਂਦੀਆਂ ਹਨ। ਇਸ ਦਾ ਫਾਇਦਾ ਉਠਾਕੇ ਡਰੱਗ ਟਰਾਇਲ (ਤਜ਼ਰਬੇ) ਡਾਕਟਰ ਰੋਗੀ ਨੂੰ ਦਵਾਈ ਮੁਫਤ ਦੇਣ ਦਾ ਲਾਲਚ ਦਿੰਦੇ ਹਨ ਤੇ ਕਹਿੰਦੇ ਹਨ ਕਿ ਆਪ ਨੂੰ ਇਸ ਪ੍ਰੋਜੈਕਟ 'ਚ ਸ਼ਾਮਲ ਕਰ ਰਹੇ ਹਨ ਬਸ ਕੁਝ ਕਾਗਜ਼ਾਂ 'ਤੇ ਅੰਗੂਠਾ ਲਾਉਣ ਜਾਂ ਦਸਖਤ ਕਰਨੇ ਪੈਣਗੇ। ਰੋਗੀ ਨੂੰ ਲਗਦਾ ਹੈ ਕਿ ਬਸ ਅੰਗੂਠਾ ਲਾਉਣ ਨਾਲ ਇਲਾਜ ਮੁਫਤ, ਜਾਂਚ ਹੋ ਰਹੀ ਹੈ ਤਾਂ ਹੋਰ ਕੀ ਚਾਹੀਦੈ। ਡਾਕਟਰਾਂ ਵਲੋਂ ਉਸ ਨੂੰ ਆਉਣ-ਜਾਣ ਦਾ ਕਿਰਾਇਆ ਵੀ ਦਿੱਤਾ ਜਾਂਦਾ ਹੈ। ਮਰੀਜ਼ ਦੇ ਰਾਜ਼ੀ ਹੁੰਦਿਆਂ ਹੀ ਫਟਾਫਟ ਇੱਕ ਵੱਡੀ ਫਾਇਲ ਤਿਆਰ ਕੀਤੀ ਜਾਂਦੀ ਹੈ ਤੇ ਮਰੀਜ਼ ਕੋਲੋਂ ਦਸਖਤ ਕਰਵਾ ਲਏ ਜਾਂਦੇ ਹਨ। ਅਸਲ 'ਚ ਇਹ ਦਵਾ ਤਜ਼ਰਬੇ ਲਈ ਸੂਚਨਾ ਦਾ ਸਹਿਮਤੀ ਪੱਤਰ ਹੁੰਦਾ ਹੈ। ਫਾਇਲ 'ਚ ਮਰੀਜ਼ ਦੇ ਨਾਂ ਦੀ ਥਾਂ ਇਕ ਕੋਡ ਵਰਡ (ਗੁਪਤ ਨਾਂ) ਲਿਖਿਆ ਹੁੰਦਾ ਹੈ। ਇਥੋਂ ਹੀ ਉਹ ਮਰੀਜ਼ ਤੋਂ ਟ੍ਰਾਇਲ ਸਬਜੈਕਟ ਬਣ ਜਾਂਦਾ ਹੈ ਤੇ ਬਹੁ ਕੌਮੀ ਕੰਪਨੀਆਂ ਦੀ ਅਗਿਆਤ ਦਵਾਈ ਨਾਲ ਉਸ ਦਾ ਇਲਾਜ ਸ਼ੁਰੂ ਹੋ ਜਾਂਦਾ ਹੈ। ਇਹ ਅਜਿਹੀ ਦਵਾ ਹੁੰਦੀ ਹੈ, ਜੋ ਸਿਰਫ਼ ਡਾਕਟਰ ਕੋਲ ਹੀ ਹੁੰਦੀ ਹੈ। ਦਵਾਈ ਦੁਕਾਨਾਂ 'ਤੇ ਨਹੀਂ ਮਿਲਦੀ।

ਡਾਕਟਰ ਮਰੀਜ਼ ਨੂੰ ਦਵਾਈਆਂ ਦੇ ਖਾਲੀ ਪੱਤੇ ਵਾਪਸ ਕਰਨ ਨੂੰ ਕਹਿੰਦਾ ਹੈ। ਮਨੁੱਖ ਤੇ ਦਵਾਈ ਦੇ ਗੰਭੀਰ ਮਾੜੇ ਅਸਰ ਹੋਣ ਦਾ ਕਾਫੀ ਡਰ ਰਹਿੰਦਾ ਹੈ। ਇਹੀ ਵਜਾਹ ਹੈ ਕਿ ਕੌਮਾਂਤਰੀ ਪੱਧਰ 'ਤੇ ਡਰੱਗ ਟ੍ਰਾਇਲ ਚਲਾਉਣ ਲਈ ਕੁਝ ਕਾਇਦੇ ਕਾਨੂੰਨ ਤੇ ਮਾਪਦੰਡ ਬਣਾਏ ਗਏ ਹਨ। ਅਣਜਾਣ ਦਵਾਈਆਂ ਦੇ ਮਾੜੇ ਅਸਰਾਂ ਤੋਂ ਬਚਣ ਲਈ 2005 'ਚ ਕੇਂਦਰ ਸਰਕਾਰ ਨੇ ਦਵਾ ਤੇ ਕਾਸਮਟਿਕ ਕਾਨੂੰਨ 'ਚ ਸੋਧ ਕਰਕੇ ਕੁੱਝ ਨਿਯਮ ਬਣਾਏ ਹਨ ਤੇ ਭਾਰਤੀ ਇਲਾਜ ਖੋਜ ਪ੍ਰੀਸ਼ਦ ਜੋ ਭਾਰਤ 'ਚ ਖੋਜ ਲਈ ਮਾਰਗ ਦਰਸ਼ਕ ਸੰਸਥਾ ਹੈ ਵਲੋਂ ਡਰੱਗ ਟ੍ਰਾਇਲ ਲਈ ਸਖ਼ਤ ਮਾਪਦੰਡ ਜਾਰੀ ਕੀਤੇ ਗਏ ਹਨ। ਇਹ ਨਿਯਾਮ ਤੇ ਕਾਇਦੇ ਕਾਨੂੰਨ ਹਨ ਕੀ? ਭਾਰਤੀ ਇਲਾਜ ਖੋਜ ਪ੍ਰੀਸ਼ਦ (ICMR) ਦਾ ਫਰਜ਼ ਹੈ ਕਿ ਉਹ ਦੇਸ਼ 'ਚ ਹੋ ਰਹੇ ਸਾਰੇ ਪ੍ਰਯੋਗਾਂ 'ਤੇ ਨਜ਼ਰ ਰੱਖੇ। ਇਹ ਵਜਾਹ ਹੈ ਕਿ ਉਸ ਨੇ ਦਵਾ ਪ੍ਰੀਖਣ ਲਈ ਇਕ ਦਿਸ਼ਾ-ਨਿਰਦੇਸ ਜਾਰੀ ਕੀਤਾ ਜਿਸ 'ਚ ਸਮੇਂ ਦੇ ਨਾਲ ਕੁਝ ਜ਼ਰੂਰੀ ਗੱਲ ਜੋੜੀ ਗਈ। ਅੱਜਕਲ ਜੋ ਦਿਸ਼ਾ-ਨਿਰਦੇਸ਼ ਲਾਗੂ ਹਨ ਉਸ ਦਾ ਮਨੁੱਖੀ ਭਾਗੀਦਾਰਾਂ 'ਤੇ ਜੈਵ ਇਲਾਜ ਖੋਜ ਦੇ ਲਈ ਨੈਤਿਕਤਾ ਦਿਸ਼ਾ-ਨਿਰਦੇਸ਼ ਹੈ। ਇਸ ਦਾ ਪਾਲਣਾ ਕਰਨਾ ਹਰ ਡਾਕਟਰ ਤੇ ਦਵਾ ਕੰਪਨੀ ਲਈ ਲਾਜਮੀ ਹੈ। ਕੀ ਹਨ ਡਰੱਗ ਟ੍ਰਾਇਲ ਦੇ ਮਾੜੇ ਅਸਰ ਤੇ ਮੌਤਾ? 30 ਜੁਲਾਈ 2010 ਨੂੰ ਮੱਧ ਪ੍ਰਦੇਸ਼ ਦੀ ਵਿਧਾਨ ਸਭਾ 'ਚ ਸਿਹਤ ਰਾਜ ਮੰਤਰੀ ਨੇ ਪਾਰਸ ਸਕਲੇਚਾਂ ਤੇ ਪ੍ਰਤਾਪ ਗ੍ਰੇਵਾਲ ਦੇ ਧਿਆਨ ਦਵਾਊ ਮਤੇ 'ਤੇ ਚਰਚਾ 'ਚ

ਮੰਨਿਆ ਕਿ ਕੁਲ 2365 ਮਰੀਜਾਂ ਜਿਨ੍ਹਾਂ ਵਿੱਚੋਂ 1644 ਬੱਚੇ ਸਨ ’ਤੇ ਸਾਸ਼ਕੀ ਮੈਡੀਕਲ ਰਿਸਰਚ ਨਾਲ ਸਬੰਧਿਤ ਹਸਪਤਾਲਾਂ ’ਚ ਡ੍ਰਗ ਟ੍ਰਾਇਲ ਹੋਏ ਜਿਹਨਾਂ ’ਚ ਪੀੜਤਾਂ ਦੀ ਗਿਣਤੀ 51 ਹੈ। ਇਸ ਤਰ੍ਹਾਂ ਰਾਜ ਸਭਾ ਦੇ ਮੌਜੂਦਾ ਸੈਸ਼ਨ ’ਚ ਲਖਨਊ ਤੋਂ ਰਾਜ ਸਭਾ ਐਮ. ਪੀ. ਕੁਸਮ ਰਾਏ ਦੇ ਸੁਆਲ ਕ੍ਰਮਵਾਰ 2117 ਦੇ ਜੁਆਬ ’ਚ 15 ਮਾਰਚ 2011 ਨੂੰ ਕੇਂਦਰੀ ਸਿਹਤ ਰਾਜ ਮੰਤਰੀ ਨੇ ਮੰਨਿਆ ਕਿ ਦਵਾਈ ਪ੍ਰੀਖਣ ਨਾਲ ਪੂਰੇ ਦੇਸ਼ ’ਚ 288, 2009 ’ਚ 637 ਅਤੇ 2010 ’ਚ ਜੂਨ ਮਹੀਨੇ ਤਕ ਕੁਲ 597 ਮੌਤਾਂ ਹੋਈਆਂ। ਮੱਧ ਪ੍ਰਦੇਸ਼ ’ਚ ਹੋਰ ਵੀ ਮਾੜੇ ਸਿੱਟੇ ਅਤੇ ਮੌਤਾਂ ਇੰਦੌਰ ਦੇ ਸੀ ਐਚ ਐਲ ਅਪੋਲੋ ਹਸਪਤਾਲ ’ਚ ਡਰੱਗ ਟ੍ਰਾਇਲ ਦੌਰਾਨ 5 ਮੌਤਾਂ ਹੋਈਆਂ ਹਨ। ਡ੍ਰੱਗ ਟ੍ਰਾਇਲ ਕਰਕੇ 2008 ’ਚ ਜਬਲਪੁਰ ’ਚ ਨੇਤਾ ਸੁਭਾਸ਼ ਚੰਦਰ ਮੈਡੀਕਲ ਕਾਲਜ ’ਚ ਇਕ ਕੈਂਸਰ ਮਰੀਜ ਰਾਮਮਣੀ ਦੀ ਮੌਤ ਹੋਈ। ਖੰਡਵਾ ਨਿਵਾਸੀ ਅਲਜੀਮਰ ਦੇ ਰੋਗੀ ’ਤੇ ਸਰਕਾਰੀ ਮੈਡੀਕਲ ਕਾਲਜ ਇੰਦੌਰ ’ਚ ਪ੍ਰੀਖਣ ਹੋਇਆ ਸੀ ਡੋਨੇ ਪੇਜਿਲ ਨਾਮਕ ਦਾ ਪ੍ਰੀਖਣ ਹੋਇਆ ਸੀ। ਉਹਨਾਂ ਦੀ ਅਗਸਤ 2010 ਨੂੰ ਮੌਤ ਹੋ ਗਈ। ਐਮ ਜੀ ਐਮ ਮੈਡੀਕਲ ਕਾਲਜ ਇੰਦੌਰ ’ਚ ਪੋਲੀਓ ਟੀਕਾ ਪ੍ਰੀਖਣ ਨਾਲ ਇਕ ਬੱਚੇ ਦੀ ਮੌਤ ਹੋ ਗਈ ਹੈ। ਇਸ ਤਰ੍ਹਾਂ ਇਦੌਰ ਨਿਵਾਸੀ ਯਥਾਰਥ ਨਾਈਕ ਜਦ ਸਿਰਫ਼ ਦੋ ਦਿਨ ਦਾ ਸੀ ਤਦ ਇੰਦੌਰ ਦੇ ਚਾਚਾ ਨਹਿਰੂ ਚਿਲਡਰਸ ਹਸਪਤਾਲ ਦੇ ਡਾ. ਹੇਮੰਤ ਜੈਨ ਨੇ ਉਸ ’ਤੇ ਪੋਲੀਓ ਦੇ ਟੀਕੇ ਦਾ ਤਜ਼ਰਬਾ ਕੀਤਾ ਜਿਸ ਨਾਲ ਉਸ ਦੇ ਪੂਰੇ ਸਰੀਰ ’ਤੇ ਸਫੈਦ ਦਾਗ ਹੋ ਗਏ। ਡਾ. ਬੀਮਾ ਤਾਂ ਕਰਵਾਉਂਦੇ ਹਨ ਪਰ ਕਲੇਮ ਨਹੀਂ ਦਿੰਦੇ। ਨਿਯਮ ਅਨੁਸਾਰ ਮਰੀਜ਼ਾਂ ਦਾ ਬੀਮਾ ਕਰਾਉਣ ਲਾਜਮੀ ਹੁੰਦਾ ਹੈ ਪਰ ਡਾਕਟਰ ਮਰੀਜ਼ ਦਾ ਨਿੱਜੀ ਬੀਮਾ ਕਰਾਉਣ ਦੀ ਥਾਂ ਪੂਰੇ ਦਵਾ ਪ੍ਰੀਖਣ ਅਮਲ ’ਚ ਹੋਏ ਹਰਜੇ ਦਾ ਹੀ ਬੀਮਾ ਕਰਵਾਉਂਦੇ ਹਨ। ਜਦ ਡਰੱਗ ਟ੍ਰਾਇਲ ਪਿਛੋਂ ਰੋਗੀ ਦੀ ਤਬੀਅਤ ਵਿਗੜਦੀ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਪੀੜਤ ਨੂੰ ਕਲੇਮ ਵੀ ਨਹੀਂ ਦਵਾਇਆ ਜਾਂਦਾ ਹੈ।

# ਕੀ ਹਨ ਸੁਧਾਰ ਦੇ ਨੀਮ-ਹਕੀਮੀ ਨੁਸਖੇ?

ਨੀਮ ਹਕੀਮ ਉਹ ਹੁੰਦੇ ਹਨ ਜੋ ਜਾਂ ਤਾਂ ਰੋਗਦੇ ਲੱਛਣਾ ਨੂੰ ਹੀ ਰੋਗ ਸਮਝ ਬੈਠਦੇ ਹਨ ਜਾਂ ਇਕ ਅੱਧੇ ਲੱਛਣ ਨੂੰ ਹੀ ਟਟੋਲਕੇ ਰੋਗ ਦੀ ਜੜ੍ਹ ਤਕ ਪਹੁੰਚਣ ਦਾ ਦਾਅਵਾ ਕਰਦੇ ਹਨ। ਵਿਗਿਆਨਕ ਨਜ਼ਰੀਏ ਵਾਲਾ ਡਾਕਟਰ ਰੋਗ ਦੇ ਵੱਧ ਤੋਂ ਵੱਧ ਲੱਛਣਾ ਦੀ ਘੋਖ ਕਰਕੇ ਉਹਨਾਂ ਨੂੰ ਮੇਲਕੇ ਵੇਖਦਾ ਹੈ। ਉਪਰੀ ਸੱਚ ਨੂੰ ਭੇਦ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਆਪਣੇ ਸ਼ੁਰੂ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਪੈਥਾਲੋਜੀਨਲ ਟੈਸਟ, ਐਕਸ-ਰੇ, ਅਲਟ੍ਰਾਸੋਨੋਗ੍ਰਾਫੀ, ਇੰਡੋਸਕੋਪੀ ਆਦਿ ਵਿਗਿਆਨਕ ਜਾਂਚਾਂ ਦਾ ਸਹਾਰਾ ਲੈਂਦਾ ਹੈ ਤੇ ਫਿਰ ਹੱਲ ਦਸਦਾ ਹੈ। ਨੀਮ ਹਕੀਮ ਸਿੱਧੇ ਸਾਧੇ ਨਸੁੱਖਿਆ ਨੂੰ ਰਾਮਬਾਣ ਨੁਸਖਾ ਦਸਦੇ ਹਨ। ਦੁਖ-ਦਰਦ ਤੋਂ ਪ੍ਰੇਸ਼ਾਨ ਭੋਲੇ-ਭਾਲੇ ਮਰੀਜ਼ ਨੂੰ ਉਸ ਦੀ ਗੱਲ ਫਟਾਫਟ ਅਪੀਲ ਕਰਦੀ ਹੈ। ਇਸ ਤਰ੍ਹਾਂ ਲੰਮੇ ਸਮੇਂ ਤੱਕ ਉਹ ਇੱਕ ਤੋਂ ਦੂਜੇ ਨੀਮ ਹਕੀਮ ਤੇ ਝਾੜ-ਫੂਕ ਕਰਨ ਵਾਲੇ ਚੱਲਿਆ ਜਾਂਦਾ ਰਹਿੰਦਾ ਹੈ। ਵਿਗਿਆਨੀਆਂ ਤੇ ਡਾਕਟਰਾਂ ਦਾ ਰਾਹ ਚੇਲਿਆਂ ਪੀਰਾਂ, ਫਕੀਰਾਂ, ਨੀਮ ਹਕੀਮਾ ਤੋਂ ਔਖਾ ਤੇ ਲੰਬਾ ਹੁੰਦਾ ਹੈ। ਇਹ ਵਿਆਪਕ ਲੱਛਣਾ ਦੇ ਸਮੀਕਰਣਾ ਦੇ ਵਿਗਿਆਨਕ ਸੂਤਰੀਕਰਣ ਤੇ ਫਿਰ ਉਹਨਾਂ ਦੇ ਪ੍ਰਯੋਗ ਦਾ ਰਾਹ ਹੁੰਦਾ ਹੈ। ਵਿਗਿਆਨ ਦਾ ਕੰਮ ਸਤਹੀ ਯਥਾਰਥ ਨਾਲ ਮੇਲ ਕੇ ਕੁਲ ਯਥਾਰਥ ਤਕ ਪਹੁੰਚਣਾ ਹੁੰਦਾ ਹੈ। ਆਮ ਆਦਮੀ ਵਿਗਿਆਨ ਦੀ ਗੱਲ ਉਦੋਂ ਸੁਣਦਾ ਹੈ ਜਦ ਸਾਰੇ ਸਰਲ ਨੁਸਖਿਆਂ ਦੀ ਅਸਲੀਅਤ ਆਪਣੇ ਤਜਰਬੇ ਰਾਹੀਂ ਜਾਣ ਜਾਂਦਾ ਹੈ। ਰੋਗ ਗੰਭੀਰ ਹੋ ਜਾਂਦਾ ਹੈ। ਪੀੜ ਗਲਤ-ਅਧੂਰੇ ਇਲਾਜਾਂ ਦੇ ਅਨੁਭਵ ਨਾਲ ਉਸ ਦੀ ਚੇਤਨਾ ਉੱਨਤ ਹੋ ਜਾਂਦੀ ਹੈ।

ਸਮਾਜ ਅਰਥਨੀਤੀ ਤੇ ਰਾਜਨੀਤੀ ਨੇ ਖੇਤਰ ਵਿੱਚ ਵੀ ਅਜਿਹੇ ਨੀਮ ਹਕੀਮਾਂ ਦੀ ਭਰਮਾਰ ਹੁੰਦੀ ਹੈ ਜੋ ਕਦੀ ਭ੍ਰਿਸ਼ਟਾਚਾਰ ਰੋਕੋ, ਕਦੀ 'ਸਾਦਾ ਜੀਵਨ ਉਚੇ ਵਿਚਾਰ' ਦੀ ਨੈਤਿਕ ਸਿੱਖਿਆ ਤਾਂ ਕਦੀ ਅਬਾਦੀ ਕੰਟਰੋਲ ਜਾਂ ਸਮਾਜਿਕ, ਆਰਥਿਕ ਸੁਧਾਰ ਦੀ ਕਿਸੇ ਸੀਮਤ ਕਾਰਵਾਈ ਰਾਹੀਂ ਲੋਕਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਅਚੂਕ ਰਾਮਬਾਣ ਨੁਸਖਾ ਪੇਸ਼ ਕਰਦੇ ਹਨ। ਜੰਤਰ-ਮੰਤਰ ਤੇ ਰਾਮਲੀਲਾ ਮੈਦਾਨ 'ਤੇ ਮਜਮਾ ਲਾ ਕੇ ਵਿਵਸਥਾ ਦੀਆਂ ਸਾਰੀਆਂ ਬੀਮਾਰੀਆਂ ਦੇ ਸ਼ਰਤੀਆਂ ਇਲਾਜ ਦੇ ਸਾਰੇ ਦਾਅਵੇ ਇਹਨੀ ਦਿਨੀਂ ਖੂਬ ਪੇਸ਼ ਕੀਤੇ ਜਾ ਰਹੇ ਹਨ। ਅਖ਼ਬਾਰਾਂ 'ਚ ਨਿਊਜ਼ ਚੈਨਲਾਂ 'ਚ ਅਜਿਹੇ ਨੀਮ ਹਕੀਮਾ ਦੀ ਖੂਬ ਚਰਚਾ ਹੋ ਰਹੀ ਹੈ। 'ਸਿਵਲ ਸੁਸਾਇਟੀ' ਦਾ ਸਾਈਨ ਬੋਰਡ ਖੂਬ ਚਮਕ ਰਿਹਾ ਹੈ। ਫਿਲਹਾਲ ਅਜਿਹੇ ਨੀਮ ਹਕੀਮਾਂ ਦੀ ਭਰਮਾਰ ਹੈ ਜੋ ਦਸ ਰਹੇ ਹਨ ਕਿ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਭ੍ਰਿਸ਼ਟਾਚਾਰ ਹੈ। ਜੇ ਕਮਿਸ਼ਨ ਖੋਰੀ ਰਿਸ਼ਵਤਖੋਰੀ, ਕਾਲਾਬਜ਼ਾਰੀ, ਮਿਲਾਵਟ, ਜਮ੍ਹਾਖੋਰੀ, ਆਦਿ ਬੰਦ ਹੋ ਜਾਵੇ ਤਾਂ ਆਮ ਆਦਮੀ ਦੀਆਂ ਸਾਰੀਆਂ ਸਮੱਸਿਆਵਾਂ ਸੁਲਝ ਜਾਣ ਅਤੇ ਦੇਸ਼ ਤਰੱਕੀ ਦੀ ਰਾਹ 'ਤੇ ਦੌੜਨ ਲੱਗੇ। ਅਜਿਹਾ ਸੋਚਣ ਵਾਲੇ ਸਾਰੇ ਲੋਕ ਹਨ। ਐਸੀ ਸੋਚ ਦਰਅਸਲ ਰੋਗ ਦੀ ਜੜ ਤਕ ਪਹੁੰਚਣ ਦੀ ਬਜਾਏ ਸਿਰਫ਼ ਉਪਰੀ ਲੱਛਣਾ ਦਾ ਇਲਾਜ ਕਰਨ ਦੀ ਕੋਸ਼ਿਸ਼ ਹੈ। ਇਹ ਲੋਕ ਮੂਲ ਰੋਗ ਦੀ ਪਹਿਚਾਣ ਕਰਨ ਦੀ ਬਜਾਏ, ਵੱਧ ਤੋਂ ਵੱਧ ਕੁਝ ਦਰਦ ਨਿਵਾਰਕ ਦਵਾਈਆਂ ਦੀ ਸਲਾਹ ਦਿੰਦੇ ਹਨ। ਅਜਿਹੇ ਲੋਕਾਂ ਨੂੰ ਨੇਤਾਵਾਂ, ਨੌਕਰਸ਼ਾਹਾਂ ਇੰਜਨੀਅਰਾਂ ਆਦਿ ਰਾਹੀਂ ਕੀਤੀ ਜਾ ਰਹੀ

ਕਮਿਸ਼ਨ ਖੋਰੀ, ਘੂਸਖੋਰੀ ’ਤੇ ਇਤਰਾਜ਼ ਹੈ। ਕਮਿਸ਼ਨ ਤੇ ਰਿਸ਼ਵਤ ਦੇਣ ਵਾਲਿਆਂ ਕੰਪਨੀਆਂ ਤੇ ਪੂੰਜੀਪਤੀ ਪ੍ਰਬੰਦ ਭ੍ਰਿਸ਼ਟਾਚਾਰ ਤੋਂ ਮੁਕਤ ਹੋ ਹੀ ਨਹੀਂ ਸਕਦਾ। ਪੂੰਜੀਵਾਦੀ ਲੁੱਟ ਦੀ ਮੂਲ ਬੀਮਾਰੀ, ਰਿਸ਼ਵਤਖੋਰੀ-ਜਮਾਖੋਰੀ-ਕਾਲਾ ਧਨ-ਮਿਲਾਵਟਖੋਰੀ ਆਦਿ ਸਾਰੀਆਂ ਸਹਾਇਕ ਬੀਮਾਰੀਆਂ ਨੂੰ ‘ਬਾਈ ਪ੍ਰੋਡਕਟ’ ਵਜੋਂ ਜਨਮ ਦਿੰਦਾ ਹੈ। ਜਾਇਜ਼ ਲੁੱਟ, ਨਜਾਇਜ਼ ਲੁੱਟ ਨੂੰ ਜਨਮ ਦਿੰਦੀ ਹੈ। ਸਫੈਦ ਧਨ ਕਾਲੇ ਧਨ ਨੂੰ ਜਨਮ ਦਿੰਦਾ ਹੈ। ਸਵਾਮੀ ਜਮਾਤ ਤਾਂ ਪੂੰਜੀਪਤੀ ਹੈ ਜਿਸ ਦੀ ਹੋਂਦ ਹੀ ਕਿਰਤ ਦੀ ਲੁੱਟ ਕਰਕੇ ਕਾਇਮ ਹੈ। ਨੇਤਾ, ਨੌਕਰਸ਼ਾਹ ਤੇ ਉਚ ਅਹੁਦਿਆਂ ਵਾਲੇ ਬੁੱਧੀ ਜੀਵੀ ਉਹਨਾਂ ਦੇ ਪ੍ਰਬੰਧਕ ਤੇ ਚਾਕਰ ਹਨ। ਲੁਟੇਰਿਆਂ ਦੇ ਪ੍ਰਬੰਧਕ ਤੇ ਚਾਕਰ ਕਦੀ ਵੀ ਸੱਚ ਤੇ ਸ਼ਹਿਰਦ ਭਲਾਂ ਕਿਉਂ ਹੋਣਗੇ? ਉਹਨਾਂ ਨੂੰ ਵੀ ਇਥੇ ਮੌਕਾ ਮਿਲਦਾ ਹੈ। ਪੈਸਾ ਬਣਾਉਂਦੇ ਹਨ ਅਤੇ ਪੀੜ੍ਹੀਦਾਰ ਪੀੜ੍ਹੀ ਲਈ ਅਰਾਮ ਪ੍ਰਸਤ ਜ਼ਿੰਦਗੀ ਦੀ ਗਰੰਟੀ ਕਰ ਲੈਣਾ ਚਾਹੁੰਦੇ ਹਨ। ਸੱਚਾਈ ਇਹ ਹੈ ਕਿ ਪੂੰਜੀਵਾਦ ਖੁਦ ’ਚ ਹੀ ਅਪਰਾਧ ਤੇ ਭ੍ਰਿਸ਼ਟਾਚਾਰ ਹੈ। ਜੇ ਭ੍ਰਿਸ਼ਟਾਚਾਰ ਇਕ ਦਮ ਖ਼ਤਮ ਹੋ ਜਾਵੇ (ਜੋ ਕਿ ਅਸੰਭਵ ਹੈ) ਤਾਂ ਵੀ ਜਦ ਤਕ ਪੈਦਾਵਾਰ ਦੇ ਵਸੀਲਿਆਂ ’ਤੇ ਨਿੱਜੀ ਮਾਲਕੀ ਰਹੇਗੀ, ਤਦ ਤਕ ਸਮਾਜ ’ਚ ਧਨੀ-ਗਰੀਬ ਦੀ ਵਧਦੀ ਖਾਈ ਰਹੇਗੀ। ਤਦ ਤਕ ਬੇਰੁਜ਼ਗਾਰੀ ਬਣੀ ਰਹੇਗੀ ਤਦ ਤਕ ਸਮਾਜ ’ਚ ਹੇਠਲੇ ਪੱਧਰ ’ਤੇ ਖੜ੍ਹੇ ਲੋਕ ਨਰਕੀ ਜੀਵਨ ਜਿਉਣ ਲਈ ਸਰਾਪੇ ਰਹਿਣਗੇ। ਪੂੰਜੀਵਾਦ ਚਾਹੇ ਜਿੰਨਾ ਮਰਜੀ ਇਮਾਨਦਾਰ ਹੋਵੇ, ਹਰ ਸਾਲ ਦੀ ਪੈਦਾਵਾਰ ਦੇ ਅਮਲ ’ਚ ਵਾਧੂ ਕਿਰਤ ਨੂੰ ਲੁੱਟ ਕੇ ਪੂੰਜੀਵਾਦ ਮੁਨਾਫਾ ਕਮਾਏਗਾ ਹੀ ਇਸ ਬਿਨਾਂ ਪੂੰਜੀ ਖੁਦ ਨੂੰ ਵਧਾ ਹੀ ਨਹੀਂ ਸਕਦੀ ਅਤੇ ਜੇ ਉਹ ਇਉਂ ਨਹੀਂ ਕਰੇਗੀ ਤਾਂ ਖ਼ਤਮ ਹੋ ਜਾਵੇਗੀ। ਮੇਹਨਤ ਕਸ਼ਾਂ ਨੂੰ ਨਿਚੋੜ ਕੇ ਛੋਟੇ ਮਾਲਕਾਂ ਨੂੰ ਉਜਾੜਦੇ ਰਹਿ ਕੇ ਸੜਕਾਂ ’ਤੇ ਬੇਰੁਜ਼ਗਾਰਾਂ ਦੀ ਭੀੜ ਵਧਾਕੇ ਹੀ ਪੂੰਜੀਵਾਦ ਆਪਣੇ ਆਪ ਨੂੰ ਜਿਉਂਦਾ ਰੱਖ ਸਕਦਾ ਹੈ।

“ਭ੍ਰਿਸ਼ਟਾਚਾਰ ਮੁਕਤ ਪੂੰਜੀਵਾਦ” ਵੀ ਸਮਾਜਕ ਨਾ-ਬਰਾਬਰੀ ਖਤਮ ਨਹੀਂ ਕਰ ਸਕਦਾ ਅਤੇ ਸਭ ਨੂੰ ਬਰਾਬਰ ਦੇ ਮੌਕੇ ਨਹੀਂ ਹਨ। ਦੂਜੀ ਗੱਲ ਇਹ ਕਿ ਪੂੰਜੀਵਾਦ ਕਦੀ ਭ੍ਰਿਸ਼ਟਾਚਾਰ ਮੁਕਤ ਹੋ ਹੀ ਨਹੀਂ ਸਕਦਾ ਜਦ ਭ੍ਰਿਸ਼ਟਾਚਾਰ ਦਾ ਰੋਗ ਕੰਟਰੋਲ ਤੋਂ ਬਾਹਰ ਹੋ ਕੇ ਪੂੰਜੀਵਾਦੀ ਲੁੱਟ-ਘਸੁੱਟ ਦੀ ਆਰਥਿਕ ਪ੍ਰਣਾਲੀ ਲਈ ਤੇ ਪੂੰਜੀਵਾਦੀ ਜਮਹੂਰੀਅਤ ਦੀ ਰਾਜਸੀ ਪ੍ਰਣਾਲੀ ਲਈ ਸਿਰਦਰਦੀ ਬਣ ਜਾਂਦਾ ਹੈ ਤਾਂ ਖੁਦ ਪੂੰਜੀਪਤੀ ਤੇ ਪੂੰਜੀਵਾਦੀ ਨੀਤੀ ਨਿਰਮਾਤਾ ਹੀ ਇਸ ’ਤੇ ਕੰਟਰੋਲ ਦੇ ਉਪਾਅ ਕਰਦੇ ਹਨ। ਸਾਰੀ ਕਿਸਮ ਦੇ ਰਾਜਸੀ ਸੁਧਾਰਾਂ ਦੀਆਂ ਜਮਾਤਾਂ ਬਿਨਾਂ ਇਨਕਲਾਬੀ ਤਬਦੀਲੀ ਦੇ, ਵਿਵਸਥਾ ਨੂੰ ਦਰੁਸਤ ਕਰਨ ਲਈ “ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨਾ’ ਕਰਨ ਲੱਗਦੀਆਂ ਹਨ। ਇਹ ਪੂੰਜੀਵਾਦੀ ਪ੍ਰਬੰਦ ਦੀ “ਕੰਟਰੋਲ ਤੇ ਸੰਤੁਲਨ” ਦੀ ਅੰਦਰਲੀ ਬੀਮਾਰੀ ਹੈ। ਸੁਧਾਰਵਾਦੀਆਂ ਸਿਧਾਂਤਕਾਰਾਂ ਦਾ ਵੱਡਾ ਹਿੱਸਾ ਤਾਂ ਪੂੰਜੀਵਾਦੀ ਪ੍ਰਬੰਦ ਦੇ ਘਾਗ ਰਾਖਿਆਂ ਦਾ ਹੁੰਦਾ ਹੈ। ਉਹਨਾਂ ਦੇ ਹੇਠਾਂ ਇਕ ਬਹੁਤ ਵੱਡੀ ਨੀਮ ਹਕੀਮੀ ਜਮਾਤ ਹੁੰਦੀ ਹੈ ਜੋ ਪੂਰੀ ਸਮਾਜਿਕ-ਆਰਥਿਕ ਵਿਵਸਥਾ ਦੀ ਕਾਰਜ-ਪ੍ਰਣਾਲੀ ਨੂੰ ਪੜ੍ਹੇ ਬਗੈਰ ਕੁਝ ਯੂਟੋਪੀਆਈ ਹਵਾਈ ਨੁਸਖੇ ਸੁਝਾਉਂਦੀ ਰਹਿੰਦੀ ਹੈ। ਲੋਕਾਂ ਨੂੰ ਭਰਮ ’ਚ ਪਾਉਂਦੀ ਰਹਿੰਦੀ ਹੈ। ਅਜਿਹੇ ਲੋਕਾਂ ਦੀ ਨੀਅਤ ਚਾਹੇ ਜੋ ਵੀ ਹੋਵੇ ਉਹ ਪੂੰਜੀਵਾਦ ਦੇ ਫਟੇ ਚੋਗੇ ਨੂੰ ਰਫੂ ਕਰਨ, ਉਸ ਦੇ ਪੁਰਾਣੇ ਜੁਤੇ ਦੀ ਮੁਰੰਮਤ ਕਰਨ

ਅਤੇ ਉਸ ਦੇ ਘੋੜੇ ਦੀ ਨਾਲ ਠੋਕਣ ਦਾ ਹੀ ਕੰਮ ਕਰਦੇ ਰਹਿੰਦੇ ਹਨ। ਵਿਗਿਆਨਕ ਨਜ਼ਰੀਆਂ ਤੇ ਇਨਕਲਾਬੀ ਚੇਤਨਾ ਨਾਲ ਲੈਸ ਸਮਾਜ ਦੇ ਮੋਹਰੀ ਦਸਤੇ ਦੇ ਲੋਕ ਸਮਾਜਕ ਬੀਮਾਰੀਆਂ ਦਾ ਇਲਾਜ ਵਿਗਿਆਨਕ ਨਜ਼ਰੀਏ ਤੇ ਪ੍ਰਣਾਲੀ ਨਾਲ ਲੱਭਦੇ ਹਨ ਅਤੇ ਦਸਦੇ ਹਨ। ਜੋ ਅਪਰਾਧ, ਭ੍ਰਿਸ਼ਟਾਚਾਰ, ਦੁਰਾਚਾਰ ਤੇ ਸਮਾਜਿਕ ਬੁਰਾਈਆਂ ਰੋਜਾਨਾ ਦੇ ਜੀਵਨ ਵਿੱਚ ਉਪਰੋਂ ਦਿਸਦੀਆਂ ਹਨ। ਸਮਾਜ ਵਿਗਿਆਨੀ ਉਹਨਾਂ ਦੀ ਜੜ੍ਹ ਤਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ ਕਿ ਸਾਰੀਆਂ ਸਮਾਜਿਕ ਵਿਰੋਧਤਾਈਆਂ 'ਚ ਬੁਨਿਆਦੀ ਵਿਰੋਧਤਾਈ ਕਿਹੜੀ ਹੈ। ਬੁਨਿਆਦੀ ਵਿਰੋਧਤਾਈਆਂ 'ਚ ਪ੍ਰਧਾਨ ਜਾਂ ਮੁੱਖ ਵਿਰੋਧਤਾਈ ਕਿਹੜੀ ਹੈ ਅਤੇ ਸਮੇਂ ਵਿਸ਼ੇਸ਼ 'ਚ ਮੁਖ ਪ੍ਰਧਾਨ ਅੰਤਰ ਵਿਰੋਧ ਦੇ ਦੋ ਪੱਖਾਂ ਵਿੱਚੋਂ ਕਿਹੜਾ ਪੱਖ ਪ੍ਰਧਾਨ ਹੈ। ਉਹ ਸਮੱਸਿਆਵਾਂ ਦੀ ਗੰਢ ਖੋਹਲਣ ਲਈ ਕੁੰਜੀਵਤ ਕੜੀ ਲੱਭਦੇ ਹਨ। ਉਹ ਹਰ ਸਮੇਂ ਸਮਾਜਿਕ ਵਿਰੋਧਾਂ ਦੇ ਕੁੰਜੀਵਤ ਬਿੰਦੂਆਂ ਨੂੰ ਵੇਖਦੇ ਹਨ। ਜੋ ਸਮਾਜਿਕ ਵਿਗਿਆਨਕ ਇਨਕਲਾਬੀ ਹੁੰਦੇ ਹਨ, ਉਹ ਹਾਲਤਾਂ ਵਿਸਲੇਸ਼ਣ ਹੀ ਨਹੀਂ ਕਰਦੇ ਰਹਿੰਦੇ। ਉਹਨਾਂ ਦੇ ਵਿਸਲੇਸ਼ਣ ਦਾ ਉਦੇਸ਼ ਉਹਨਾਂ ਨੂੰ ਬਦਲਣਾ ਹੁੰਦਾ ਹੈ ਤੇ ਇਸ ਵਿੱਚ ਜਨ ਸਮੂਹ ਦੀ ਚੇਤਨ ਭੂਮਿਕਾ ਨੂੰ ਉਹ ਬੁਨਿਆਦੀ ਚੀਜ਼ ਮੰਨਦੇ ਹਨ। ਉਹ ਲੋਕਾਂ ਨੂੰ ਜਾਗ੍ਰਿਤ ਤੇ ਸਿੱਖਿਅਤ ਕਰਦੇ ਹਨ। ਉਹਨਾਂ ਦੀ ਸਮਾਜਿਕ ਚੇਤਨਾ ਨੂੰ ਉਨਤ ਤੇ ਮਜ਼ਬੂਤ ਕਰਦੇ ਹਨ ਤੇ ਉਹਨਾਂ ਨੂੰ ਜਥੇਬੰਦ ਹੋ ਕੇ ਘੋਲ ਕਰਨਾ ਸਿਖਾਉਂਦੇ ਹਨ। ਉਹ ਇਨਕਲਾਬੀ ਪੂੰਜੀਵਾਦੀ ਵਿਵਸਥਾ ਦੇ ਹਰ ਅਪਰਾਧ ਬਾਰੇ ਲੋਕਾਂ ਨੂੰ ਲਗਾਤਾਰ ਦਸਦੇ ਹਨ। ਉਹ ਮੌਜੂਦਾ ਸੰਸਾਰ ਤੋਂ ਬੁਨਿਆਦੀ ਤੇ ਗੁਣਾਤਮਕ ਰੂਪ ਨਾਲ ਇੱਕ ਵੱਖਰੇ ਬੇਹਤਰ ਸੰਸਾਰ ਦੀ ਜ਼ਰੂਰਤ, ਸੰਭਾਵਨਾ ਤੇ ਉਸ ਤਕ ਪਹੁੰਚਣ ਦੇ ਰਾਹ ਬਾਰੇ ਲਗਾਤਾਰ ਦਸਦੇ ਰਹਿੰਦੇ ਹਨ। ਉਹ ਪਾਬੰਦਸਾਜੀ ਦੇ ਸਾਰੇ ਨੀਮ ਹਕੀਮੀ ਨੁਸਖਿਆਂ ਦੀ ਅਸਲੀਅਤ ਉਜਾਗਰ ਕਰਦੇ ਰਹਿੰਦੇ ਅਤੇ ਇਹ ਦਸਦੇ ਰਹਿੰਦੇ ਹਨ ਕਿ ਸਿਰਫ਼ ਕੁਝ ਗਿਣਤੀ ਦੇ ਸੁਧਾਰਾਂ ਤੇ ਉਪਰੀ ਤਬਦੀਲੀਆਂ ਨਾਲ ਲੋਕਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਉਹ ਬੁਨਿਆਦੀ ਜਮਹੂਰੀਅਤ ਬਾਰੇ ਸੁਧਾਰਵਾਦੀ ਬੁੱਧੀ ਜੀਵੀਆਂ ਤੇ ਮੀਡੀਆ ਵਲੋਂ ਫੈਲਾਏ ਜਾਂਦੇ ਭਰਮਾਂ ਦਾ ਪਰਦਾਫਾਸ਼ ਕਰਦੇ ਰਹਿੰਦੇ ਹਨ। ਪ੍ਰਚਾਰ ਤੇ ਸਿੱਖਿਆ ਦੇ ਨਾਲ ਹੀ ਉਹ ਲੋਕਾਂ ਨੂੰ ਬੁਨਿਆਦੀ ਅਧਿਕਾਰਾਂ ਤੇ ਰੋਜਾਨਾ ਦੀਆਂ ਸਮੱਸਿਆਵਾਂ ਸਬੰਧੀ ਸੰਘਰਸ਼ ਕਰਨ ਲਈ ਜਥੇਬੰਦ ਕਰਦੇ ਹਨ।

ਬੁਨਿਆਦੀ ਜਮਹੂਰੀਅਤ ਦੇ ਸਿਧਾਂਤ ਲੋਕਾਂ ਦੇ ਜਿਹਨਾਂ ਅਧਿਕਾਰਾਂ ਤੇ ਸਰਕਾਰ ਦੇ ਜਿਹੜੇ ਫਰਜਾਂ ਦਾ ਵਿਸਲੇਸ਼ਣ ਕਰਦੇ ਹਨ। ਪੂੰਜੀਵਾਦ ਜਮਹੂਰੀਅਤ ਦੇ ਸਿਧਾਂਤ ਜਨਤਾ ਦੇ ਜਿਹਨਾਂ ਅਧਿਕਾਰਾਂ ਤੇ ਸਰਕਾਰ ਦੇ ਜਿਹਨਾਂ ਫਰਜਾਂ ਦੀ ਮੰਗ ਕਰਦੇ ਹਨ (ਜਿਹਨਾਂ ਪ੍ਰਤੀ ਪੂੰਜੀਵਾਦੀ ਸੰਸਦੀ ਰਾਜਸੀ ਆਗੂ ਆਪਣੀ ਪ੍ਰਤੀਬੱਧਤਾ ਦੁਹਾਰਾਉਂਦੇ ਰਹਿੰਦੇ ਹਨ)। ਪੂੰਜੀਵਾਦੀ ਜਮਹੂਰੀ ਸੰਵਿਧਾਨ ਲੋਕਾਂ ਨਾਲ ਜੋ ਵਾਹਦਾ ਕਰਦਾ ਹੈ ਅਤੇ ਸਰਕਾਰ ਕਾਗਜ਼ਾਂ 'ਤੇ ਜੋ ਕਾਨੂੰਨੀ ਅਧਿਕਾਰ ਦਿੰਦੀ ਹੈ। ਉਹਨਾਂ ਨੂੰ ਅਮਲ 'ਚ ਲਿਆਉਣ ਦੀ ਮੰਗ ਨਾਲ ਲੋਕ ਆਪਣੇ ਸੰਘਰਸ਼ਾਂ ਦੀ ਸ਼ੁਰੂਆਤ ਕਰਦੇ ਹਨ। ਸੰਘਰਸ਼ਾਂ ਦਾ ਦਬਾਅ ਹਾਕਮਾ ਨੂੰ ਕੁਝ ਮੰਗਾਂ ਮੰਨਣ ਲਈ ਮਜ਼ਬੂਰ ਕਰਦਾ ਹੈ ਪਰ ਕੋਈ ਵੀ ਪੂੰਜੀਵਾਦੀ ਜਨਵਾਦੀ ਸਤਾ ਆਪਣੇ ਸਾਰੇ ਵਾਅਦਿਆਂ ਨੂੰ ਕਦੀ ਪੂਰਾ ਨਹੀਂ ਕਰਦੀ। ਇਸ ਦੇ ਉਲਟ ਸੰਘਰਸ਼ਾ ਦਾ ਦਬਾਅ ਵਧਦਿਆ ਹੀ ਉਹਨਾਂ ਦਾ

ਜਾਲਮ ਕਿਰਦਾਰ ਸ਼ਰੇਆਮ ਨੰਗਾ ਹੁੰਦਾ ਜਾਂਦਾ ਹੈ। ਜਮਾਤੀ ਪੱਖ ਸਤਾ ਤੇ ਆ ਜਾਂਦਾ ਹੈ ਤੇ ਜਨਵਾਦ ਦੀਆਂ ਲਫਾਫੇ ਬਾਜੀਆਂ ਤਾਕ 'ਤੇ ਰੱਖ ਦਿੱਤੀਆਂ ਜਾਂਦੀਆਂ ਹਨ। ਲੋਕ ਤਜਰਬੇ ਤੇ ਅਮਲ ਰਾਹੀਂ ਪੂੰਜੀਵਾਦੀ ਪ੍ਰਬੰਦ ਦੀ ਅਸਲੀਅਤ ਜਾਣ ਜਾਂਦੀ ਹੈ। ਪੂੰਜੀਵਾਦ ਆਪਣੀ ਹਕੂਮਤ ਲਈ ਜੋ ਮਾਨਤਾ ਤੇ ਵਾਜਬੀਅਤ ਹਾਸਲ ਕਰੀ ਰੱਖਦਾ ਹੈ, ਉਹ ਤਹਿਸ ਨਹਿਸ ਹੋ ਜਾਂਦੀ ਹੈ। ਵਿਵਸਥਾ ਦੀਆਂ ਸੀਮਤਾਈਆਂ ਨੂੰ ਦੇਖ ਸਮਝ ਲੈਣ ਪਿਛੋਂ ਜਨਤਾ ਉਹਨਾਂ ਦੇ ਖਾਤਮੇ ਬਾਰੇ ਸੋਚਣ ਲੱਗਦੀ ਹੈ। ਉਹ ਇਕ ਬਦਲਵਾਂ, ਨਿਆਂਪੂਰਨ, ਸਮਾਜਿਕ ਢਾਂਚੇ ਦੀ ਉਸਾਰੀ ਬਾਰੇ ਸੁਨਣ ਸਮਝਣ ਲਈ ਵੱਧ ਤਿਆਰ ਹੋ ਜਾਂਦੀ ਹੈ। ਜੇ ਬਾਹਰਮੁੱਖੀ ਹਾਲਤਾਂ ਤਿਆਰ ਹੋਣ, ਲੁੱਟ-ਘਸੁੱਟ ਦਾ ਸ਼ਿਕਾਰ ਜਨ-ਸਮੂਹ ਨੂੰ ਅਗਵਾਈ ਦੇਣ ਵਾਲਾ ਹਰਿਆਵਲ ਦਸਤਾ ਤਿਆਰ ਹੋਵੇ। ਸਮਾਜਿਕ ਅੰਤਰ ਵਿਰੋਧਾਂ ਅਤੇ ਸੰਘਰਸ਼ ਦੀ ਦਿਸ਼ਾ ਤੇ ਰਾਹ ਦਾ ਉਹਨਾਂ ਦਾ ਵਿਗਿਆਨਕ ਮੁਲਅੰਕਣ ਠੀਕ ਹੋਵੇ। ਇਨਕਲਾਬੀ ਪ੍ਰਚਾਰ ਦੇ ਨਾਲ ਉਹ ਲੋਕਾਂ ਨੂੰ ਉਪਰ ਤੋਂ ਉਪਰਲੇ ਧਰਾਤਲ ਦੇ ਸੰਘਰਸ਼ਾਂ 'ਚ ਅਗਵਾਈ ਦੇਣ 'ਚ ਸਫਲ ਹੋਣ (ਇਹ ਸਿੱਧੀ ਰੇਖਾ ਵਿੱਚ ਨਹੀਂ ਹੋਵੇਗਾ ਬੇਸ਼ੱਕ ਵਿੱਚੋ ਵਿੱਚ ਉਤਰਾਅ-ਝੜਾਅ ਦੇ ਦੌਰ ਵੀ ਆਉਣਗੇ) ਤਾਂ ਨਿਸ਼ਚੈ ਹੀ ਇਨਕਲਾਬੀ ਤਬਦੀਲੀ ਦੀ ਸੰਭਾਵਨਾ ਨੂੰ ਅਸਲੀਅਤ 'ਚ ਬਦਲਿਆ ਜਾ ਸਕਦਾ ਹੈ। ਚੀਜ਼ਾਂ ਨੂੰ ਬਦਲਣ ਲਈ ਚੀਜ਼ਾਂ ਨੂੰ ਸਮਝਣਾ ਹੋਵੇਗਾ। ਬਦਲਣ ਦੇ ਅਸਲ ਦੇ ਦੌਰਾਨ ਵੀ ਸਮਝ ਬਣਦੀ ਬਦਲਦੀ ਰਹਿੰਦੀ ਹੈ। ਚੀਜਾਂ ਨੂੰ ਬਦਲਦੇ ਹੋਏ ਲੋਕ ਖੁਦ ਨੂੰ ਵੀ ਬਦਲਦੇ ਹਨ। ਭਾਵੀ ਨਵੇਂ ਸਮਾਜ ਦਾ ਕੇਂਦਰੀ ਤੱਤ-ਨਵਾਂ ਮਨੁੱਖ ਵੀ ਕ੍ਰਾਂਤੀਕਾਰੀ ਤਬਦੀਲੀ ਦੌਰਾਨ ਵਧੀਆ ਪੱਖ ਵੱਲ ਢਲਦਾ ਰਹਿੰਦਾ ਹੈ।

# ਕੀ ਡੂੰਘਾ ਹੋ ਰਿਹਾ ਹੈ ਵਿਸ਼ਵੀ ਆਰਥਿਕ ਸੰਕਟ

ਮੌਜੂਦਾ ਆਰਥਿਕ ਸੰਕਟ ਦੇ ਸ਼ੁਰੂ ਹੋਣ ਦੇ ਚਾਰ ਸਾਲ ਪਿੱਛੋਂ ਵੀ ਇਹ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਇਸ ਦੇ ਉਲਟ ਦੁਨੀਆਂ ਭਰ ਦੇ ਸ਼ੇਅਰ ਇਸ ਸਮੇਂ ਦੀ ਉਥਲ ਪੁਥਲ ਦੇ ਨਾਲ ਇਹਨਾਂ ਦਾ ਡਿੱਗਣਾ ਵੀ ਜਾਰੀ ਹੈ। ਮੌਜੂਦਾ ਆਰਥਿਕ ਸੰਕਟ ਦੀ ਸ਼ੁਰੂਆਤ ਜੁਲਾਈ ਅਗਸਤ 2007 'ਚ ਹੋਈ ਸੀ। ਅਮਰੀਕਾ ਦੇ ਸਬ ਪ੍ਰਾਈਮ ਬਜ਼ਾਰ 'ਚ ਸੰਕਟ ਦੇ ਨਾਲ ਸ਼ੇਅਰ ਬਾਜ਼ਾਰ 'ਚ ਡਿੱਗਣੇ ਸ਼ੁਰੂ ਹੋਏ ਅਤੇ ਜਲਦੀ ਹੀ ਸਮੁੱਚਾ ਵਿਤੀ ਬਾਜ਼ਾਰ ਗੰਭੀਰ ਸੰਕਟ ਦੀ ਮਾਰ ਹੇਠ ਆ ਗਿਆ। ਬਾਅਦ ਦਸੰਬਰ 2008 'ਚ ਜਦ ਲੇਹਮਾਨ ਬ੍ਰਦਰਸ਼ ਦਿਵਾਲੀਆ ਹੋਇਆ ਤਾਂ ਅਮਰੀਕਾ ਸਮੇਤ ਦੁਨੀਆਂ ਦਾ ਵਿੱਤੀ ਬਜ਼ਾਰ ਢਹਿ ਢੇਰੀ ਹੋਣ ਦੇ ਨੇੜੇ ਪਹੁੰਚ ਗਿਆ। ਸਿਰਫ਼ ਸਭ ਸਰਕਾਰਾਂ ਦੀਆਂ ਕੋਸ਼ਿਸ਼ਾਂ ਤੇ ਹਜ਼ਾਰ ਅਰਬ ਡਾਲਰ ਬਜ਼ਾਰ 'ਚ ਝੋਕੇ ਜਾਣ ਕਰਕੇ ਹੀ ਇਸ ਨੂੰ ਟਾਲਿਆ ਜਾ ਸਕਿਆ। ਇਸ ਦੌਰਾਨ ਅਰਥ ਵਿਵਸਥਾਵਾਂ ਤਿਖੀ ਮੰਦੀ ਵੱਲ ਗਈਆਂ ਅਤੇ ਉਹਨਾਂ 'ਚ ਪੰਜਾ, ਦਸ ਜਾਂ ਪੰਦਰਾਂ ਫੀਸਦੀ ਦੀ ਗਿਰਾਵਟ ਆਈ। ਤਦ ਹਰ ਕੋਈ ਇਕ ਪਾਸੇ ਮਹਾਂਮੰਦੀ ਦੇ ਡਰ ਕਰਕੇ ਭੈਭੀਤ ਸੀ ਪਰ ਅਰਥਚਾਰੇ ਦੇ ਉਤਰਾਅ 'ਚ ਜਿਉਂ ਹੀ ਅਰਥਚਾਰਿਆਂ 'ਚ ਥੋੜਾ ਸੁਧਾਰ ਦਿਸਿਆ ਖਾਸ ਕਰਕੇ ਸ਼ੇਅਰ ਬਾਜ਼ਾਰ 'ਚ, ਪੂੰਜੀਪਤੀ ਜਮਾਤ ਨੇ ਆਰਥਿਕ ਸੰਕਟ 'ਚੋਂ ਉਭਰਨ ਦਾ ਐਲਾਨ ਕਰ ਦਿੱਤਾ। ਹਾਲਾਂਕਿ ਅਰਥਚਾਰੇ ਦੇ ਸਾਰੇ ਸੰਕੇਤ ਗੰਭੀਰ ਹਾਲਾਤ ਵੱਲ ਇਸ਼ਾਰਾ ਕਰ ਰਹੇ ਸਨ ਪਰ ਸਰਮਾਏਦਾਰ ਜਮਾਤ ਨੇ ਸੋਚਿਆ ਕਿ ਤੇਜੀ ਦੀ ਖੁਸ਼ਫਹਿਮੀ ਪੈਦਾ ਕਰਕੇ ਮੰਦੀ ਤੋਂ ਖਹਿੜਾ ਛੁਡਵਾਇਆ ਜਾ ਸਕਦਾ ਹੈ। ਅਜਿਹਾ ਹੋ ਨਹੀਂ ਸਕਦਾ ਤੇ ਨਾ ਹੋਇਆ ਹੈ। ਜਿਸ ਕਾਰਨ ਅਰਥਚਾਰੇ ਤੋਂ ਸੰਕਟ ਬਾਹਰ ਨਹੀਂ ਆਇਆ ਕਿਉਂਕਿ ਪਿਛਲੇ ਦੋ ਸਵਾਲਾਂ 'ਚ ਕੁਝ ਵੀ ਨਹੀਂ ਹੋਇਆ। ਜਿਸ ਨਾਲ ਸੰਕਟ 'ਚ ਆਏ ਤੇ ਹੁਣ ਪੂੰਜੀਪਤੀ ਜਮਾਤ ਦੀਆਂ ਸਾਰੀਆਂ ਖੁਸ਼ਫਹਿਮੀ ਦੇ ਬਾਵਜੂਦ ਇਕ ਵਾਰ ਫਿਰ ਅਕਾਸ਼ ਟੁੱਟਦਾ ਦਿਖਾਈ ਦੇ ਰਿਹਾ ਹੈ। 2007 'ਚ ਸ਼ੁਰੂ ਹੋਏ ਮੌਜੂਦਾ ਸੰਕਟ ਪਿਛੇ ਮੂਲ ਕਾਰਨ ਮਜ਼ਦੂਰ ਜਮਾਤ ਦੀ ਕਾਰਜਸ਼ਕਤੀ ਦਾ ਲਗਾਤਾਰ ਡਿਗਦੇ ਜਾਣਾ ਅਤੇ ਪੂੰਜੀ ਨਿਵੇਸ਼ ਦੀ ਸੰਭਾਵਨਾ ਦਾ ਸੀਮਤ ਹੋ ਜਾਣਾ ਸੀ। ਪਿਛਲੇ ਤਿੰਨ ਦਹਾਕਿਆਂ ਦੀਆਂ ਨਿੱਜੀਕਰਨ, ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਦਾ ਇਕੋ ਇਕ ਉਦੇਸ਼ ਸੀ ਮਜ਼ਦੂਰ ਜਮਾਤ ਨੂੰ ਹੋਰ ਵੱਧ ਨਿਚੋੜਨਾ ਤੇ ਪੂੰਜੀ ਦੇ ਮੁਨਾਫੇ ਨੂੰ ਵਧਾਉਣਾ। ਸਰਮਾਏਦਾਰੀ ਜਮਾਤ ਇਸ 'ਚ ਖੂਬ ਸਫਲ ਰਹੀ। ਇਕ ਪਾਸੇ ਜਿੱਥੇ ਪੈਦਾਵਾਰੀ ਸ਼ਕਤੀ ਵਧਦੀ ਰਹੀ ਦੂਜੇ ਪਾਸੇ ਮਜ਼ਦੂਰ ਜਮਾਤ ਦੀ ਹਾਲਤ ਹੋਰ ਖਰਾਬ ਹੋਈ।

ਸਰਮਾਏਦਾਰਾਂ ਦਾ ਮੁਨਾਫਾ ਖੂਬ ਵਧਿਆ ਪਰ ਉਹਨਾਂ ਦੀ ਮਾਲ ਖਰੀਦਣ ਦੀ ਮਜ਼ਦੂਰਾਂ ਦੀ ਖਰੀਦ ਸ਼ਕਤੀ ਘੱਟ ਹੋਈ। ਇਸ ਨਾਲ ਮਜ਼ਦੂਰ ਜਮਾਤ ਦੇ ਸਾਹਮਣੇ ਆਪਣਾ ਮਾਲ ਵੇਚਣ ਤੇ ਪੂੰਜੀ ਨਿਵੇਸ਼ ਦਾ ਸੰਕਟ ਖੜ੍ਹਾ ਹੋ ਗਿਆ। ਸਰਮਾਏਦਾਰ ਜਮਾਤ ਨੇ ਇਸ ਸੰਕਟ ਨਾਲ ਨਿਬੜਨ ਲਈ ਦੋ ਤਰੀਕੇ ਕੱਢੇ। ਆਪਣਾ ਮਾਲ ਵੇਚਣ ਲਈ ਉਸ ਨੂੰ ਸਮਾਜ 'ਚ ਵੱਡੇ ਪੈਮਾਨੇ ਦੀ ਕਰਜਦਾਰੀ ਨੂੰ ਹੱਲਾਸ਼ੇਰੀ ਦਿੱਤੀ। ਮਕਾਨ ਖਰੀਦਣ ਤੋਂ ਲੈ ਕੇ ਰੋਜਾਨਾ ਵਰਤੋਂ ਦੀਆਂ ਚੀਜ਼ਾਂ ਖਰੀਦਣ ਲਈ ਭਾਰੀ ਮਾਤਰਾ 'ਚ ਕਰਜੇ ਦਿੱਤੇ ਗਏ ਪਰ ਸਮਾਜ ਕਰਜਦਾਰ ਬਣਾ ਦਿੱਤਾ ਗਿਆ। ਦੂਜੇ ਪਾਸੇ ਪੂੰਜੀ

ਨਿਵੇਸ਼ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੱਟੇਬਾਜੀ ਨੂੰ ਬਹੁਤ ਵੱਡੇ ਪੈਮਾਨੇ 'ਤੇ ਵਧਾ ਦਿੱਤਾ ਗਿਆ। ਸੱਟੇਬਾਜ਼ੀ ਦੇ ਰਾਹ ਦੇ ਸਾਰੇ ਅੜਿਕੇ ਦੂਰ ਕਰ ਦਿੱਤੇ ਗਏ। ਮਕਾਨ ਦੇ ਕਰਜਿਆਂ ਸਬੰਧੀ ਤਾਂ ਉਧਾਰ ਤੇ ਸੱਟੇਬਾਜੀ ਦੋਨੋਂ ਮਿਲ ਗਈਆਂ। ਇਹ ਸਭ 1980 ਦੇ ਦਹਾਕੇ 'ਚ ਸ਼ੁਰੂ ਹੋਇਆ ਤੇ ਲਗਾਤਾਰ ਵੱਡੇ ਪੈਮਾਨੇ 'ਤੇ ਵਧਦਾ ਫੂਲਦਾ ਗਿਆ। 2005-06 ਤਕ ਇਹ ਚੋਟੀ 'ਤੇ ਪਹੁੰਚ ਗਿਆ ਪਰ ਉਧਾਰ ਤੇ ਸੱਟੇਬਾਜੀ ਉਪਰ ਟਿਕੀ ਇਹ ਪ੍ਰਣਾਲੀ ਨੇ ਕਦੀ ਨਾ ਕਦੀ ਵਿਸਫੋਟ ਦਾ ਸ਼ਿਕਾਰ ਹੋਣਾ ਹੀ ਸੀ ਅਤੇ 2007 ਦੇ ਉਤਰਾਅ 'ਚ ਅਜਿਹਾ ਹੀ ਹੋ ਗਿਆ। ਵਿਤੀ ਵਿਵਸਥਾ ਤੇ ਪੈਦਾਵਾਰ-ਵੰਡ ਪ੍ਰਣਾਲੀ ਦੋਨੋ ਗੰਭੀਰ ਸੰਕਟ 'ਚ ਫਸ ਗਏ। ਅਜਿਹੇ 'ਚ ਇਹ ਸੁਭਾਵਿਕ ਹੀ ਸਿਟਾ ਨਿਕਲਦਾ ਸੀ ਕਿ ਸਰਮਾਏਦਾਰ ਜਮਾਤ ਦੀਆਂ ਪਿਛਲੇ ਤਿੰਨ ਦਹਾਕਿਆਂ ਦੀਆਂ ਨੀਤੀਆਂ ਤੋਂ ਆਪਣੇ ਪੈਰ ਪਿੱਛੇ ਖਿਚੇਗੀ ਤੇ ਸੰਕਟ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੇਗੀ। ਇਹ ਉਧਾਰ ਦੀ ਪ੍ਰਣਾਲੀ ਨੂੰ ਖ਼ਤਮ ਕਰੇਗੀ ਤੇ ਅਰਥਚਾਰੇ 'ਚੋਂ ਸੱਟੇਬਾਜੀ ਨੂੰ ਬਾਹਰ ਕੱਢੇਗੀ। ਇਸ ਸਭ ਕਾਸੇ ਲਈ ਇਹ ਅਰਥਚਾਰੇ ਦੀ ਮੁੜ-ਵਿਉਂਤਬੰਦੀ ਕਰੇਗੀ। ਪਰ ਸਰਮਾਏਦਾਰ ਜਮਾਤ ਜੇ ਅਸਾਨੀ ਨਾਲ ਅਜਿਹਾ ਕਰ ਦਿੰਦੀ ਤਾਂ ਉਹ ਸਰਮਾਏਦਾਰ ਹੀ ਨਾ ਰਹਿੰਦੀ। ਇਸ ਲਈ ਸਰਮਾਏਦਾਰਾਂ ਨੇ ਅਜਿਹਾ ਕਰਨ ਬਦਲੇ ਠੀਕ ਉਲਟਾ ਕਰਨਾ ਸ਼ੁਰੂ ਕਰ ਦਿੱਤਾ। ਸੰਕਟ ਦੌਰਾਨ ਆਪਣੇ ਡਿਗਦੇ ਮੁਨਾਫੇ ਦੀ ਪੂਰਤੀ ਕਰਨ ਲਈ ਉਸ ਨੇ ਮਜ਼ਦੂਰ ਜਮਾਤ ਨੂੰ ਹੋਰ ਵੱਧ ਚੂਸਣਾ ਸ਼ੁਰੂ ਕਰ ਦਿੱਤਾ। ਨਾ ਸਿਰਫ਼ ਮਜ਼ਦੂਰਾਂ ਦੀ ਵੱਡੇ ਪੈਮਾਨੇ 'ਤੇ ਛਾਂਟੀ ਕੀਤੀ ਗਈ। ਉਹਨਾਂ ਦੀਆਂ ਤਨਖਾਹਾਂ ਸਹੂਲਤਾਂ 'ਚ ਕਟੌਤੀ ਕੀਤੀ ਗਈ। ਇਸ ਲਈ ਸਰਮਾਇਆ 'ਤੇ ਹੋਰ ਵੱਧ ਪੈਸਾ ਲੁਟਾਇਆ। ਇਸ ਕਾਰਨ ਸੰਕਟ ਨੇ ਬੁਨਿਆਦੀ ਕਾਰਨ ਹੋਰ ਵੱਧ ਮਜ਼ਬੂਤ ਹੋਈ ਅਤੇ ਸੰਕਟ ਦੇ ਬਣੇ ਰਹਿਣ ਤੇ ਡੂੰਘੇ ਹੋਣ ਦੀ ਸੰਭਾਵਨਾ ਹੋਰ ਵੱਧ ਮਜ਼ਬੂਤ ਹੋ ਗਈ। ਹੁਣ ਜੁਲਾਈ-ਅਗਸਤ 2011 ਵਿੱਚ ਜੋ ਹੋ ਰਿਹਾ ਹੈ ਜੋ ਉਸ ਨੇ ਬੀਜਿਆ ਸੀ। ਮਾਮਲੇ ਦੇ ਤਕਨੀਕੀ ਪਹਿਲੂ 'ਤੇ ਗੱਲ ਕਰਦਿਆਂ ਅਸੀਂ ਦੇਖਦੇ ਹਾਂ ਕਿ ਹਾਲਤਾਂ ਕੁਝ ਕੇਸਾਂ 'ਚ 2007-08 ਤੋਂ ਗੰਭੀਰ ਹੋ ਗਈਆਂ ਹਨ।

2007-08 'ਚ ਜਦ ਵਿੱਤੀ ਤਰਲਤਾ (ਉਧਾਰ ਦੇਣ ਲਈ ਪੈਸੇ ਦੀ ਉਪਲੱਭਤਾ) ਨੂੰ ਬਣਾਈ ਰੱਖਣ ਲਈ ਪੈਸਾ ਬਾਜ਼ਾਰ 'ਚ ਝੋਕਿਆ। ਬੈਂਕਾਂ ਤੇ ਵਿਤੀ ਅਦਾਰਿਆਂ ਦੇ ਕਰਜਿਆਂ 'ਤੇ ਸਰਕਾਰੀ ਗਰੰਟੀ ਦਿੱਤੀ, ਵਿਆਜ ਦੀਆਂ ਦਰਾਂ ਘਟਾਈਆਂ ਤੇ ਉਹਨਾਂ ਨੂੰ ਜੀਰੋ ਤਕ ਪਹੁੰਚਾ ਦਿੱਤਾ। ਦੂਜੇ ਪਾਸੇ ਉਹਨਾਂ ਨੇ ਦਿਵਾਲੀਆ ਹੁੰਦੇ ਵਿਤੀ ਅਦਾਰਿਆਂ ਦਾ ਕੌਮੀਕਰਨ ਕੀਤਾ ਜਾਂ ਉਹਨਾਂ ਨੂੰ ਪੈਸੇ ਦੇਕੇ ਬਚਾਇਆ। ਇਹਨਾਂ ਸਾਰਿਆਂ 'ਚ ਸਰਕਾਰਾਂ ਨੇ ਹਜ਼ਾਰਾਂ ਅਰਬ ਡਾਲਰ ਖਰਚ ਕੀਤੇ। ਇਸ ਨਾਲ ਮੰਦੇ ਨੂੰ ਡੂੰਘਾ ਹੋਣ ਤੋਂ ਰੋਕਣ ਲਈ ਸਰਕਾਰਾਂ ਨੇ ਉਤਸ਼ਾਹ ਦੀ ਰਾਸ਼ੀ ਦੇ ਨਾਂ ਹੇਠ ਹਜ਼ਾਰਾਂ ਅਰਬ ਡਾਲਰ ਖਰਚ ਕੀਤੇ। ਇਹ ਸਾਰਾ ਪੈਸਾ ਤਰ੍ਹਾਂ ਤਰ੍ਹਾਂ ਦੇ ਤਰੀਕਿਆਂ ਨਾਲ ਸਰਮਾਏਦਾਰਾਂ ਤੱਕ ਪਹੁੰਚਾਇਆ ਗਿਆ। ਉਪਰੋਕਿਤ ਸਭ ਕਾਸੇ 'ਚ ਦੁਨੀਆਂ ਭਰ ਦੀਆਂ ਸਰਕਾਰਾਂ ਨੇ 20 ਹਜ਼ਾਰ ਅਰਬ ਡਾਲਰ ਤੋਂ ਵੱਧ ਖਰਚ ਕੀਤੇ (ਕੁਲ ਵਿਸ਼ਵੀ ਪੈਦਾਵਾਰ 60 ਹਜ਼ਾਰ ਅਰਬ ਡਾਲਰ ਹੈ) ਅਮਰੀਕੀ ਸਲਾਨਾ ਪੈਦਾਵਾਰ 15 ਹਜ਼ਾਰ ਅਰਬ ਡਾਲਰ ਅਤੇ ਭਾਰਤੀ ਸਲਾਨਾ ਪੈਦਾਵਾਰ ਕਰੀਬ 1300 ਅਰਬ

ਡਾਲਰ ਹੈ। ਇਹਨਾਂ ਸਭ ਦੇ ਚਲਦਿਆਂ ਸਰਕਾਰਾਂ 'ਤੇ ਭਿਅੰਕਰ ਕਰਜਾ ਚੜ੍ਹ ਗਿਆ। ਉਹਨਾਂ ਦੇ ਕਰਜੇ ਨਾਲ ਦੋ ਗੁਣਾ ਵਾਧਾ ਹੋ ਗਿਆ। ਸਰਕਾਰਾਂ ਦਾ ਬਜਟ ਘਾਟਾ ਕੁਲ ਘਰੇਲੂ ਪੈਦਾਵਾਰ ਦੇ 2-4 ਫੀਸਦੀ ਤੋਂ ਵੱਧ ਕੇ 10-15 ਫੀਸਦੀ ਤਕ ਜਾਂ ਪਹੁੰਚਿਆ। ਜੇ ਹੁਣ ਮੰਦੀ ਪਿਛੋਂ ਤੇਜੀ ਦਾ ਦੌਰ ਆਉਂਦਾ ਹੈ ਤਾਂ ਸਰਕਾਰਾਂ ਵੱਧ ਟੈਕਸ ਉਗਰਾਹੀ ਕਰਕੇ ਆਪਣੇ ਕਰਜੇ ਆਪਣੇ ਕਰਜੇ ਤੇ ਬਜਟ ਘਾਟੇ ਤੋਂ ਮੁਕਤੀ ਹਾਸਲ ਕਰ ਸਕਦੀਆਂ ਹਨ ਪਰ ਤੇਜੀ ਤਾਂ ਆਈ ਨਹੀਂ ਤੇ ਮਜ਼ਦੂਰ ਜਮਾਤ ਅੰਦਰ ਹਾਲਤ ਨੂੰ ਵੇਖਦਿਆਂ ਇਹ ਆ ਵੀ ਨਹੀਂ ਸਕਦੀ। ਹੁਣ ਸਰਮਾਏਦਾਰਾਂ ਦੀਆਂ ਸਰਕਾਰਾਂ ਸਰਮਾਏਦਾਰਾਂ ਤੋਂ ਵਸੂਲੀ ਕਰ ਆਪਣੇ ਕਰਜੇ ਦੀ ਪੂਰਤੀ ਤਾਂ ਕਰਨਗੀਆਂ ਨਹੀਂ ਇਸ ਲਈ ਉਹਨਾਂ ਨੇ ਮਜ਼ਦੂਰਾਂ ਨੂੰ ਹੋਰ ਨਿਚੋੜਨਾ ਸ਼ੁਰੂ ਕਰ ਦਿੱਤਾ ਪਰ ਸਰਕਾਰ ਦਾ ਇਹ ਕਰਜ਼ਾ ਏਨਾ ਵੱਧ ਚੁਕਿਆ ਹੈ ਕਿ ਫੌਰੀ ਉਸ ਤੋਂ ਮੁਕਤੀ ਮਿਲਣੀ ਅਸੰਭਵ ਹੈ। ਇਸ ਤੋਂ ਵੀ ਉਪਰ ਚੱਕਰ ਇਹ ਹੈ ਕਿ ਜਿਸ ਵਿਤੀ ਬਜ਼ਾਰ ਨੂੰ ਬਚਾਉਣ ਲਈ, ਖਾਸ ਕਰਕੇ ਵਿਤੀ ਸੱਟੇਬਾਜਾਂ ਨੂੰ, ਸਰਕਾਰਾਂ ਨੇ ਇਹ ਕਰਜਾ ਚੁਕਿਆ, ਉਸ ਵਿਤੀ ਬਜ਼ਾਰ ਦੀ ਸੱਟੇਬਾਜ਼ੀ 'ਚ ਅਨੇਕਾ ਖਿਡਾਰੀ ਸਰਕਾਰਾਂ ਦੇ ਕਰਜੇ ਉਪਰ ਸਟੇਬਾਜੀ ਕਰਕੇ ਉਹਨਾਂ ਨੂੰ ਦਿਵਾਲੀਆ ਬਣਾਉਣ ਵੱਲ ਧੱਕ ਰਹੇ ਹਨ। ਆਇਰਲੈਂਡ, ਗ੍ਰੀਸ, ਪੁਰਤਗਾਲ, ਸਪੇਨ ਤੇ ਇਟਲੀ ਦੀਆਂ ਸਰਕਾਰਾਂ ਇਸ ਸੰਕਟ ਦਾ ਹੁਣ ਜਦ ਤਕ ਇਕ ਵਾਰੀ ਫੇਰ ਸੰਕਟ ਡੂੰਘਾ ਹੋ ਰਿਹਾ ਹੈ ਤਦ ਅਰਥਚਾਰਿਆਂ ਨੂੰ ਬਚਾਉਣ ਲਈ ਸਰਕਾਰਾਂ ਮੁਹੱਈਆ ਨਹੀਂ ਹਨ ਕਿਉਂਕਿ ਉਹ ਖੁਦ ਹੀ ਸੰਕਟ ਦੀਆਂ ਸ਼ਿਕਾਰ ਹਨ। 2007-08 'ਚ ਸਰਕਾਰ ਵਲੋਂ ਬਜ਼ਾਰ 'ਚ ਪੈਸਾ ਝੋਕ ਕੇ ਅਤੇ ਦਿਵਾਲੀਆ ਹੁੰਦੇ ਅਦਾਰਿਆਂ 'ਚ ਨਿਵੇਸ਼ ਕਰਕੇ ਜਾਂ ਉਹਨਾਂ ਦਾ ਕੌਮੀਕਰਨ ਕਰਕੇ ਉਹਨਾਂ ਨੂੰ ਬਚਾਇਆ ਗਿਆ। ਹੁਣ ਸਰਕਾਰਾਂ ਕੋਲ ਇਹ ਸਮਰੱਥਾ ਰਹੀ ਨਹੀਂ। ਉਹ ਖੁਦ ਹੀ ਦਿਵਾਲੀਆ ਹੋਣ ਕਿਨਾਰੇ ਹਨ। ਅਜਿਹੇ 'ਚ ਮੌਜੂਦਾ ਝਟਕੇ ਬਹੁਤ ਅਸਾਨੀ ਨਾਲ ਵੱਡੇ ਪੈਮਾਨੇ ਦੀ ਢਹਿ ਢੇਰੀ 'ਚ ਤਬਦੀਲ ਹੋ ਜਾਣਗੇ। ਅਸਲ 'ਚ ਇਸ ਸਮੇਂ ਸਰਮਾਏਦਾਰ ਜਮਾਤ ਲਈ ਸੰਕਟ ਦੀ ਸਭ ਤੋਂ ਚਿੰਤਾਜਨਕ ਗੱਲ ਇੱਥੋਂ ਤੱਕ ਸੀਮਤ ਨਹੀਂ ਹੈ। ਮੌਜੂਦਾ ਸੰਕਟ ਪਿੱਛੇ ਵਿਤੀ ਅਦਾਰਿਆਂ ਦਾ ਬੇਲਗਾਮ ਵਰਤਾਅ ਤੇ ਬਹੁਤ ਵੱਡੇ ਪੈਮਾਨੇ ਦੀ ਸਟੇਬਾਜੀ ਇਕ ਮੁਖ ਚੀਜ਼ ਸੀ।

ਸਤੰਬਰ 2008 'ਚ ਸਰਮਾਏਦਾਰ ਜਮਾਤ ਨੇ ਚੀਖ ਚੀਖ ਕੇ ਐਲਾਨ ਕੀਤਾ ਕਿ ਸਮੁੱਚੇ ਵਿਤੀ ਤੰਤਰ 'ਚ ਬੁਨਿਆਦੀ ਤਬਦੀਲੀ ਕੀਤੀ ਜਾਵੇ। ਇਸ ਦਾ ਸਿੱਧਾ ਜਿਹਾ ਸਿੱਟਾ ਨਿਕਲਦਾ ਸੀ ਕਿ ਵਿਤੀ ਅਦਾਰਿਆਂ ਲਈ ਨਵੇਂ ਸਖ਼ਤ ਕਾਨੂੰਨ। ਨਿਯਮ ਬਣਾਏ ਜਾਣਗੇ ਉਧਾਰ ਪ੍ਰਣਾਲੀ ਨੂੰ ਲਗਾਮ ਪਾਈ ਜਾਵੇਗੀ। ਪੂੰਜੀ ਦੇ ਵਹਾਅ ਨੂੰ ਕੰਟਰੋਲ ਕੀਤਾ ਜਾਵੇਗਾ। ਸੱਟੇਬਾਜੀ 'ਤੇ ਰੋਕ ਲਾਈ ਜਾਵੇਗੀ ਆਦਿ ਪਰ ਇਹ ਹੋ ਨਹੀਂ ਸਕਦਾ ਸੀ ਅਤੇ ਹੋਇਆ ਵੀ ਨਹੀਂ। ਅੱਜ ਅਸਲ 'ਚ ਵਿਤੀ ਸਰਮਾਏਦਾਰੀ ਜਮਾਤ ਹੀ ਰਾਜ ਕਰ ਰਹੀ ਹੈ। ਸਰਕਾਰਾਂ ਉਪਰ ਉਹਨਾਂ ਦਾ ਪਿਛਲੇ ਦਰਵਾਜਿਓ ਕੰਟਰੋਲ ਹੈ। ਇਸ ਸਰਕਾਰਾਂ ਉਂਜ ਹੀ ਉਸ 'ਤੇ ਲਗਾਮ ਨਹੀਂ ਕਸ ਸਕਦੀਆਂ ਸਨ। ਇਸ ਲਈ ਯੂਰਪ ਤੋਂ ਲੈ ਕੇ ਅਮਰੀਕਾ ਤਕ ਹਰ ਥਾਂ ਵਿਤੀ ਪੂੰਜੀ 'ਤੇ ਕੰਟਰੋਲ ਕਾਇਮ ਕਰਨ ਦਾ ਨਾਟਕ ਖੇਡਿਆ ਗਿਆ ਪਰ ਅਸਲ 'ਚ ਕੀਤਾ ਕੁਝ ਵੀ ਨਹੀਂ ਗਿਆ, ਜੋ ਨਿਯਮ ਕਾਨੂੰਨ ਬਣਾਏ ਸਨ ਉਹ ਮਜ਼ਾ ਵੱਧ ਸਨ ਇਹਨਾਂ ਨਾਲ ਸੱਟੇਬਾਜੀ ਦਾ

ਭੋਰਾ ਵੀ ਵਾਲ ਨਹੀਂ ਵਿੰਗਾ ਹੋਣਾ ਸੀ। ਇਸ ਕਾਰਨ ਵਿਤੀ ਸਟੇਬਾਜ ਅਮਰੀਕਾ ਦੱਖਣੀ ਯੂਰਪ ਦੀਆਂ ਸਰਕਾਰਾਂ ਨੂੰ ਦਿਵਾਲਿਆਂ ਹੋਣ ਵੱਲ ਧੱਕ ਰਹੇ ਹਨ। ਇਸ ਕਾਰਣ ਅਮਰੀਕੀ ਵਿਤੀ ਸਟੇਬਾਜ ਅਮਰੀਕੀ ਸਰਕਾਰ ਦੀ ਰੇਟਿੰਗ ਉਸ ਤੋਂ ਆਪਣੀ ਗੱਲ ਮਨਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਵਿਤੀ ਸਟੇਬਾਜਾਂ ਦੀ ਤਾਕਤਾਂ ਅਤੇ ਕਾਰਗੁਜਾਰੀਆਂ ਜਿਉਂ ਦੀਆਂ ਤਿਉਂ ਹਨ। ਮਕਾਨਾਂ ਦੇ ਕਰਜਿਆਂ 'ਤੇ ਸੱਟੇਬਾਜੀ ਤੋਂ ਅੱਗੇ ਵੱਧ ਕੇ ਉਹਨਾਂ ਨੂੰ ਹੁਣ ਸਰਕਾਰਾਂ ਦੇ ਕਰਜਿਆਂ 'ਤੇ ਸਟੇਬਾਜੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਸਰਕਾਰਾਂ ਉਹਨਾਂ ਦੇ ਇਸ਼ਾਰਿਆਂ 'ਤੇ ਨੱਚ ਰਹੀਆਂ ਹਨ 2006 'ਚ ਸੰਕਟ ਡੂੰਘਾ ਹੋਣ 'ਤੇ ਸਰਕਾਰਾਂ ਤੇ ਭਾਂਤ-ਭਾਂਤ ਦੀਆਂ ਸੰਸਥਾਵਾਂ ਨੇ ਸੰਕਟ ਦੇ ਅਧਿਐਨ ਤੇ ਸੁਝਾਅ-ਫਰਮਾਇਸ਼ਾਂ ਲਈ ਕਮਿਸ਼ਨ ਬਣਾਇਆ। ਕੌਮਾਂਤਰੀ ਮੁਦਰਾ ਕੋਸ਼, ਵਿਸ਼ਵੀ ਬੈਂਕ ਤੇ ਬੈਂਕ ਫਾਰ ਇੰਟਰਨੈਸ਼ਨਲ ਸੇਟਲਮੈਂਟ ਨੇ ਵੀ ਅਧਿਐਨ ਤੇ ਸਿੱਟੇ ਪੇਸ਼ ਕੀਤੇ। ਇਸ ਤੋਂ ਇਲਾਵਾ ਜੀ-7 ਅਤੇ ਜੀ-20 ਵਰਗੀਆਂ ਸੰਸਥਾਵਾਂ ਇਹਨਾਂ ਸਭ ਦਾ ਸਿੱਟਾ ਕੀ ਨਿਕਲਿਆ? ਮਹੀਨਿਆਂ ਬੱਧੀ ਮੇਹਨਤ ਕਰਕੇ ਹਜ਼ਾਰਾਂ ਸਫਿਆਂ 'ਚ ਪੇਸ਼ ਕੀਤੇ ਗਏ ਇਹ ਸਿੱਟੇ, ਉਹਨਾਂ ਹੀ ਸਫਿਆਂ 'ਚ ਕੈਦ ਰਹਿ ਗਏ। ਉਦਾਹਰਣ ਵਜੋਂ ਇਹ ਨੁਕਤੇ ਬਹੁਤ ਜੋਰ ਸ਼ੋਰ ਨਾਲ ਕਿਹਾ ਗਿਆ ਕਿ ਸੰਕਟ ਦਾ ਇਕ ਮਜ਼ਬੂਤ ਕਾਰਨ ਵਿਸ਼ਵੀ ਅਸੰਤੁਲਨ ਹੈ ਅਤੇ ਉਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਅਮਰੀਕਾ ਵੱਡੇ ਪੈਮਾਨੇ 'ਤੇ ਦਰਾਮਦ ਟੈਕਸ ਵਰਤ ਰਿਹਾ ਹੈ। ਇਸ ਨਾਲ ਅਮਰੀਕਾ 'ਚ ਵੱਡੀ ਚਾਲੂ ਖਾਤਾ ਖਪਤ ਪੈਦਾ ਹੋ ਗਈ ਹੈ। ਤੇ ਚੀਕ 'ਚ ਬਹੁਤਾਤ। ਫਿਰ ਚੀਨ ਦਾ ਇਹ ਵਾਧੂ (ਬਹੁਤਾਤ) ਕਰਜ਼ੇ ਦੇ ਰੂਪ 'ਚ ਅਮਰੀਕਾ ਆ ਰਿਹਾ ਹੈ ਅਤੇ ਸਟੇਬਾਜ਼ੀ ਨੂੰ ਜਨਮ ਦੇ ਰਿਹਾ ਹੈ। ਇਸ ਲਈ ਚੀਨ 'ਚ ਅੰਦਰੂਨੀ ਖਪਤ ਵਧਾ ਕੇ ਬਰਾਮਦ ਘੱਟ ਕੀਤੀ ਜਾਣੀ ਚਾਹੀਦੀ ਹੈ। ਜਦਕਿ ਅਮਰੀਕਾ 'ਚ ਬਚਤ ਵੱਧ ਕਰਕੇ ਕਰਜ਼ਾ ਘੱਟ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਵਿਸ਼ਵੀ ਅਸੰਤੁਲਨ ਦੂਰ ਹੋਵੇਗਾ। ਪਰ ਹੋਇਆ ਕੀ? ਆਰਥਿਕ ਸੰਕਟ ਕਾਰਨ ਚੀਨ ਦਾ ਵਪਾਰਕ ਫਾਲਤੂ ਘੱਟ ਹੋਇਆ ਹੋਵੇ ਤਾਂ ਹੋਇਆ ਹੋਵੇ ਪਰ ਚੀਨ ਦਾ ਸਰਮਾਏਦਾਰ ਉਸੇ ਤਰ੍ਹਾਂ ਨਾਲ ਆਪਣੀ ਮਜ਼ਦੂਰ ਜਮਾਤ ਦੀ ਕਾਰਜ ਸ਼ਕਤੀ ਨਹੀਂ ਵਧਾਏਗਾ ਜਿਵੇਂ ਅਮਰੀਕਾ ਦੀ ਸਰਮਾਏਦਾਰ ਜਮਾਤ ਜੇ ਇਹ ਹੋਇਆ ਹੁੰਦਾ ਤਾਂ ਤਿੰਨ ਦਹਾਕੇ ਪਹਿਲਾਂ ਪੂਰੇ ਮਾਮਲੇ ਦੀ ਸ਼ੁਰੂਆਤ ਹੀ ਨਾ ਹੋਈ ਹੁੰਦੀ। ਸਰਮਾਏਦਾਰ ਜਮਾਤ ਨਾ ਤਾਂ ਕਦੀ ਇਸ ਤਰ੍ਹਾਂ ਦੀ ਸੀ ਅਤੇ ਨਾ ਹੋਵੇਗੀ। ਅਸਲ 'ਚ ਅਮਰੀਕਾ 'ਚ ਇਸ ਦਾ ਠੀਕ ਉਲਟਾ ਅਮਲ ਚਲ ਰਿਹਾ ਹੈ।

2007 'ਚ ਸੰਕਟ ਤੋਂ ਕਰਜੇ ਅਸਾਨੀ ਨਾਲ ਮਿਲਦੇ ਹਨ ਤੇ ਲੋਕ ਕਰਜੇ ਲੈ ਕੇ ਖਪਤ ਕਰ ਰਹੇ ਸਨ। ਹੁਣ ਮਕਾਨਾ ਦੀਆਂ ਕੀਮਤਾਂ ਲਗਾਤਾਰ ਡਿੱਗਣ ਕਰਕੇ ਅਤੇ ਕਰਜੇ ਦੀ ਸਹੂਲਤ ਘਟਣ ਕਰਕੇ ਖਪਤ ਹੋਰ ਵੱਧ ਘਟ ਗਈ ਹੈ। ਲੋਕਾਂ ਦੀ ਬਚਤ ਦੀ ਸੰਭਾਵਨਾ ਹੋਰ ਘੱਟ ਹੋ ਗਈ ਹੈ। ਹੁਣ ਜੇ ਮਜ਼ਦੂਰ ਜਮਾਤ ਬਚਤ ਕਰੇਗੀ ਤਾਂ ਸਿਰਫ਼ ਆਪਣੇ ਨਿਹਾਇਤ ਜ਼ਰੂਰੀ ਖਰਚਿਆਂ 'ਚ ਕਟੌਤੀ ਕਰਕੇ ਹੀ। ਵਿਸ਼ਵੀ ਅਸੰਤੁਲਨ ਦਾ ਮਾਮਲਾ ਜਿਉਂ ਦਾ ਤਿਉਂ ਹੈ। ਇਸ ਤਰ੍ਹਾਂ ਵਿਤੀ ਪੂੰਜੀ ਦੇ ਵਹਾਅ ਦੀ ਸਮੱਸਿਆ ਵੀ ਜਿਉਂ ਦੀ ਤਿਉਂ ਹੈ। ਇਕ ਸਮੇਂ ਤੋਂ ਮੁਦਰਾਵਾਂ ਦਾ ਉਤਰਾਅ ਚੜ੍ਹਾਅ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ ਅਤੇ ਵਿੱਤੀ ਹਲਚਲਾਂ ਦੌਰਾਨ ਹੋਰ ਵੱਧ ਦਿੱਕਤ ਪੈਦਾ ਕਰ ਦਿੰਦਾ ਹੈ ਇਸ ਤੋਂ ਨਿਜਾਤ ਲਈ ਭਾਂਤ ਭਾਂਤ ਦੇ ਸੁਝਾਅ

ਪੇਸ਼ ਕੀਤੇ ਜਾ ਰਹੇ ਹਨ। ਕੁਝ ਮੁਦਰਾਵਾਂ ਦੀ ਸਮੂਹਕ ਟੋਕਰੀ ਤੋਂ ਲੈ ਕੇ ਕੌਮਾਂਤਰੀ ਮੁਦਰਾ ਕੋਸ਼ ਦੇ ਐਸ ਡੀ ਆਰ ਤੱਕ ਸਾਰੇ ਸੁਝਾਅ ਸਾਹਮਣੇ ਹਨ ਪਰ ਕੌਮਾਂਤਰੀ ਸਰਮਾਏਦਾਰ ਜਮਾਤ 'ਚ ਇਸ 'ਤੇ ਕੋਈ ਸਹਿਮਤੀ ਨਹੀਂ ਹੈ ਹੁਣ ਜਦ ਕਿ ਅਮਰੀਕੀ ਸਰਕਾਰ ਦੀ ਸ਼ਾਖ ਵਿਤੀ ਸਟੇਬਾਜ ਸੁਆਲੀਆ ਚਿੰਨ ਲਾ ਰਹੇ ਹਨ ਤਾਂ ਮੁਦਰਾਵਾਂ ਦੇ ਇਸ ਸੰਕੇਤ ਤੋਂ ਖਹਿੜਾ ਛਡਾਉਣ ਦਾ ਇਕੋ ਇਕ ਰਾਹ ਸੋਨੇ 'ਚ ਦਿਸ ਰਿਹਾ ਹੈ। ਸੋਨਾ ਧੜਾਧੜ ਖਰੀਦਿਆ ਜਾ ਰਿਹਾ ਹੈ ਤੇ ਉਸ ਦੇ ਭਾਅ ਚੜ੍ਹ ਰਹੇ ਹਨ। ਅਤੀ ਅਧੁਨਿਕ ਪੂੰਜੀਵਾਦ ਆਪਣੇ ਸੰਕਟ ਦੌਰਾਨ ਆਦਮ ਪੂੰਜੀਵਾਦ ਵੱਲ ਵਾਪਸ ਮੁੜ ਰਿਹਾ ਹੈ। 2008 'ਚ ਸੰਕਟ ਡੂੰਘਾ ਹੋਇਆ ਸੀ ਤਾਂ ਸਾਮਰਾਜੀਆਂ ਨੇ ਇਸ ਸੰਕਟ ਨੂੰ ਰੋਕਣ ਲਈ ਜੀ-20 ਨਾਂ ਦਾ ਇਕ ਵੱਡਾ ਮੰਚ ਬਣਾਇਆ ਸੀ। ਵੈਸੇ ਤਾਂ ਇਹ ਸੰਘ 1997-98 ਦੇ ਏਸ਼ੀਆਈ ਸੰਕਟ ਸਮੇਂ ਹੋਂਦ 'ਚ ਆਇਆ ਸੀ ਪਰ ਹੁਣ ਇਸ ਨੂੰ ਵੱਧ ਮਹੱਤਵ ਦਿੱਤਾ ਗਿਆ।

ਐਲਾਨਿਆ ਗਿਆ ਕਿ ਇਹ ਅਜਿਹਾ ਮੰਚ ਹੋਵੇਗਾ ਜਿਸ ਰਾਹੀਂ ਸਿਰਫ਼ ਸੰਕਟ 'ਚੋਂ ਨਿਕਲਿਆ ਜਾਵੇਗਾ ਬਲਕਿ ਪਿਛੋਂ ਵੀ ਸਮੁੱਚੇ ਵਿਸ਼ਵੀ ਅਰਥਚਾਰੇ ਨੂੰ ਚਲਾਉਣ ਲਈ ਇਹ ਵਿਆਪਕ ਮੈਕੇਨਿਜ਼ਮ ਤਿਆਰ ਕਰੇਗਾ। ਪਰ ਹੋਇਆ ਕੀ? ਜਿਉਂ ਸੰਕਟ ਥੋੜਾ ਹਲਕਾ ਪੈਂਦਾ ਦਿਸਿਆ ਸਾਮਰਾਜੀ ਪੂੰਜੀਪਤੀ ਜਮਾਤ ਆਪਣੇ ਪੁਰਾਣੇ ਰਾਹ ਚਲ ਪਈ। ਵੈਸੇ ਵੀ ਜੀ-20 ਨੂੰ ਅਸਲ 'ਚ ਇਕ ਵਿਆਪਕ ਮੰਚ ਬਣਾਉਣ ਸਾਮਰਾਜੀਆਂ ਦੀ ਮੰਸ਼ਾ ਨਹੀਂ ਹੋ ਸਕਦੀ ਸੀ। ਉਹ ਭਾਰਤ ਦੀ ਦਲਾਲ ਸਰਮਾਏਦਾਰੀ ਤੋਂ ਕੰਮ ਲੈਂਦੇ ਨਹੀਂ ਰਹਿ ਸਕਦੇ ਸਨ। ਇਸ ਲਈ ਜੀ-20 ਦੇ ਬਹੁਤੇ ਐਲਾਨ ਪਵਿਤਰ ਐਲਾਨ ਬਣੇ ਰਹੇ। ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ 'ਚ ਸੁਧਾਰ ਦੀਆਂ ਗੱਲਾਂ ਵੀ ਸਿਰਫ਼ ਗੱਲਾਂ ਹੀ ਬਣੀਆਂ ਰਹੀਆਂ। ਉਹਨਾਂ 'ਚ ਨਾ ਮਾਤਰ ਦੇ ਸੁਧਾਰ ਕੀਤੇ ਗਏ। ਹਾਂ, ਇਸ ਦੌਰਾਨ ਇਹ ਜ਼ਰੂਰ ਹੋਇਆ ਕਿ ਬਦਨਾਮ ਕੌਮਾਂਤਰੀ ਮੁਦਰਾ ਕੋਸ਼ ਇਕ ਵਾਰੀ ਫਿਰ ਸੰਕਟ ਗ੍ਰਸਿਤ ਦੇਸ਼ਾਂ ਨੂੰ ਚੂਸਣ ਲਈ ਸਰਗਰਮ ਹੋ ਗਿਆ। ਸਾਮਰਾਜੀ ਸੱਟੇਬਾਜ ਵਿਤੀ ਪੂੰਜੀ ਦੀ ਸੇਵਾ 'ਚ ਇਹ ਜ਼ੋਰ-ਸ਼ੋਰ ਨਾਲ ਲੱਗਿਆ ਰਿਹਾ। ਦੱਖਣੀ ਯੂਰਪ ਦੀਆਂ ਸਰਕਾਰਾਂ 'ਤੇ ਸ਼ਰਤਾਂ ਠੋਸਣ 'ਚ ਉਸ ਨੇ ਵਧ ਚੜ੍ਹ ਕੇ ਭੂਮਿਕਾ ਨਿਭਾਈ ਕੁਲ ਮਿਲਾ ਕੇ ਸਥਿਤੀ ਅੱਜ ਵਿਤੀ ਅਰਥਚਾਰੇ ਲਈ ਚਾਰ ਸਾਲ ਪਹਿਲਾਂ ਦੇ ਮੁਕਾਬਲੇ ਵੱਧ ਖਤਰਨਾਕ ਹੈ। ਤਦ ਸੱਟੇਬਾਜੀ ਤੇ ਉਧਾਰ 'ਤੇ ਟਿਕੀ ਇਕ ਤੇਜੀ ਸੀ ਅਤੇ ਸਰਕਾਰਾਂ ਗਲੇ ਤਕ ਕਰਜੇ 'ਚ ਡੁੱਬੀਆਂ ਹੋਈਆਂ ਹਨ ਅਤੇ ਖੁਦ ਦਿਵਾਲੀਆ ਹੋਣ ਤੋਂ ਬਚਣ ਲਈ ਅੱਡੀ ਚੋਟੀ ਦਾ ਜੋਰ ਲਾ ਰਹੀਆਂ ਹਨ। ਅਜਿਹੇ 'ਚ ਇਸ ਸੰਕਟ ਦੇ ਤੇਜੀ ਨਾਲ ਡੂੰਘਾ ਹੋਣ ਦੀ ਸੰਭਾਵਨਾ ਬਹੁਤ ਹੈ। ਬਹੁਤ ਸਾਰੇ ਲੋਕ 2008 ਤੋਂ ਹੀ ਇਕ ਹੋਰ ਮਹਾਂਮੰਦੀ ਦੀ ਭਵਿੱਖ ਬਾਣੀ ਕਰਦੇ ਰਹੇ ਹਨ। ਅਜਿਹਾ ਕਰਨ ਦੇ ਉਹਨਾਂ ਦੇ ਅਧਾਰ ਵੱਖ-ਵੱਖ ਰਹੇ ਹਨ। ਹੁਣ ਉਹਨਾਂ ਦੀ ਭਵਿੱਖਬਾਣੀ ਪਹਿਲਾਂ ਤੋਂ ਕਿਤੇ ਵੱਧ ਅਸਲੀਅਤ ਫੜਦੀ ਨਜ਼ਰ ਆ ਰਹੀ ਹੈ। ਇਕ ਹੋਰ ਮਾਮਲੇ 'ਚ ਵੀ ਹਾਲਤਾਂ ਚਾਰ ਸਾਲ ਪਹਿਲਾਂ ਤੋਂ ਵੱਖਰੀਆਂ ਹਨ। ਚਾਰ ਸਾਲ ਪਹਿਲਾਂ ਨਾ ਤਾਂ ਅਰਬ ਦੀਆਂ ਲੋਕ ਬਗਾਵਤਾਂ ਸਨ, ਨਾ ਯੂਰਪ 'ਚ ਵੱਡੇ ਪੈਮਾਨੇ 'ਤੇ ਵਿਆਪਕ ਸੰਘਰਸ਼ ਅਤੇ "ਯੂਰਪੀ ਇਨਕਲਾਬ" ਦੀਆਂ ਗੱਲਾਂ ਤਦ ਤਾਂ ਅਮਰੀਕਾ ਵਿੱਚ ਵੀ ਮਜ਼ਦੂਰ ਸੰਘਰਸ਼ ਨਹੀਂ ਸੀ ਤਦ ਵਿੰਸਕੋਸਿਨ ਦਾ ਕਬਜਾ ਨਹੀਂ ਸੀ।

ਜਦ 2007 'ਚ ਆਰਥਿਕ ਸੰਕਟ ਆਇਆ ਤਾਂ ਇਸ ਤੋਂ ਪਹਿਲਾਂ ਮਜ਼ਦੂਰ ਜਮਾਤ ਤਿੰਨ ਦਹਾਕਿਆਂ ਤਕ ਨਚੋੜੀ ਜਾ ਚੁਕੀ ਸੀ। ਸਰਮਾਏਦਾਰਾਂ ਨੇ ਜਿਥੇ ਅਥਾਹ ਦੌਲਤ ਬਟੋਰੀ ਉਥੇ ਮਜ਼ਦੂਰਾਂ ਨੂੰ ਰਸਾਤਲ 'ਚ ਪਹੁੰਚਾ ਦਿੱਤਾ। ਅਜਿਹੇ 'ਚ ਆਰਥਿਕ ਸੰਕਟ ਦੇ ਝਟਕੇ ਨਾਲ ਮਜ਼ਦੂਰ ਜਮਾਤ ਇਕ ਵਾਰੀ ਹੋਰ ਸਹਿਮ ਗਈ ਪਰ ਫਿਰ ਉਸ ਦਾ ਗੁੱਸਾ ਫਟਣਾ ਸ਼ੁਰੂ ਹੋਇਆ ਅਤੇ ਜਦ ਸਰਕਾਰਾਂ ਨੇ ਪੂਰੀ ਬੇਸ਼ਰਮੀ ਨਾਲ ਸੰਕਟ ਦਾ ਸਾਰਾ ਬੋਝ ਮਜ਼ਦੂਰਾਂ ਤੇ ਸੁਟਣਾ ਲਈ ਅਖੌਤੀ 'ਆਸਟਰਿਟੀ ਕਦਮ' ਉਠਾਉਣਾ ਸ਼ੁਰੂ ਕੀਤਾ ਤਾਂ ਇਸ ਨੇ ਸਾਰੇ ਬੰਨ ਨੂੰ ਤੋੜ ਦਿੱਤਾ। ਤਿੰਨ-ਚਾਰ ਹਫਤਿਆਂ ਤਕ ਲੱਖਾਂ ਲੋਕਾਂ ਵਲੋਂ ਚੌਂਕ 'ਤੇ ਡਟ ਜਾਣਾ ਕਮਾਲ ਸੀ। ਵਿੰਸਕੋਸਿਨ ਦੇ ਮਜ਼ਦੂਰਾਂ ਵਲੋਂ ਹਫਤਿਆਂ ਤਕ ਵਿਧਾਨ ਸਭਾ 'ਤੇ ਕਬਜਾ ਕਰ ਲੈਣਾ ਮਿਸਲੀ ਸੀ। ਹਾਲਤ ਕਿੱਥੇ ਜਾ ਪਹੁੰਚੀ ਹੈ ਇਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਕਿ ਇਜ਼ਰਾਇਲ ਦੇ ਮਜ਼ਦੂਰਾਂ ਨੇ ਦੋ ਹਫਤਿਆਂ ਦੇ ਲਗਾਤਾਰ ਵਿਰੋਧ ਪਿਛੋਂ 7 ਅਗਸਤ ਨੂੰ ਆਪਣੇ ਇਤਿਹਾਸ ਦਾ ਸਭ ਤੋਂ ਵੱਡਾ ਮੁਜਾਹਰਾ ਕੀਤਾ। ਇਕ ਅਰਬ ਵਿਰੋਧੀ ਦੇਸ਼ 'ਚ ਲੋਕਾਂ ਨੇ ਸ਼ਰੇਆਮ ਮਿਸ਼ਰ ਦੇ ਤਹਿਰੀਰ ਚੌਂਕ ਤੋਂ ਸਿਖਣ ਅਤੇ ਉਸ ਦੀ ਨਕਲ ਕਰਨ ਦਾ ਐਲਾਨ ਕੀਤਾ। 1930 ਦੇ ਦਹਾਕੇ ਦੀ ਮੰਦੀ ਸਮੇਂ ਵੀ ਸਰਮਾਏਦਾਰ ਜਮਾਤ ਨੇ ਸ਼ੁਰੂਆਤੀ ਚਾਰ ਸਾਲ ਅਜਿਹਾ ਹੀ ਵਰਤਾਅ ਕੀਤਾ ਸੀ। ਜਿਹੋ ਜਿਹਾ ਉਹ ਹੁਣ ਕਰ ਰਿਹਾ ਹੈ। ਉਸ ਪਿੱਛੋਂ ਅਮਰੀਕਾ ਵਿੱਚ ਐਫ. ਡੀ. ਰੂਜ਼ਵੈਲਟ ਸਤਾ 'ਚ ਆਏ ਅਤੇ 'ਨਿਊ ਡੀਲ' ਸ਼ੁਰੂ ਕੀਤੀ ਪਰ ਇਹ 'ਨਿਊ ਡੀਲ' ਵੀ ਮਜ਼ਦੂਰ ਜਮਾਤ ਦੇ ਦਬਾਅ 'ਚ ਅੱਧਾ-ਅਧੂਰਾ ਕਦਮ ਸੀ ਅਤੇ ਇਸ ਨੂੰ ਮਜ਼ਦੂਰ ਜਮਾਤ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪੂੰਜੀਪਤੀ ਜਮਾਤ ਨੇ ਬੜੀ ਮੁਸ਼ਕਲ ਨਾਲ ਇਸ ਨੂੰ ਮੰਨਿਆ ਅਤੇ ਸੁਧਾਰ ਦੇ ਪਹਿਲੇ ਸੰਕੇਤ ਮਿਲਦਿਆਂ ਹੀ ਉਸ ਨੂੰ ਛੱਡ ਦਿੱਤਾ ਗਿਆ। ਸਰਮਾਏਦਾਰ ਜਮਾਤ ਨੇ ਤਦ ਵੀ ਠੀਕ ਵੈਸਾ ਵਰਤਾਅ ਕੀਤਾ ਜਿਹੋ ਜਿਹਾ ਉਹ ਹੁਣ ਕਰ ਰਹੀ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਅਮਰੀਕਾ 'ਚ ਪਾਲਤੂ ਏ. ਐਲ. ਐਫ. ਖਿਲਾਫ਼ ਬਗਾਵਤ ਦੇ ਸਿੱਟੇ ਵਜੋਂ 1936 'ਚ ਸੀ. ਆਈ. ਓ. ਦਾ ਜਨਮ ਹੋਇਆ। ਇਸ ਤੋਂ ਪਹਿਲਾਂ ਮਜ਼ਦੂਰਾਂ ਦੇ ਖਾੜਕੂ ਸੰਘਰਸ਼ ਹੋਣੇ ਸ਼ੁਰੂ ਹੋ ਗਏ ਸਨ। ਇਹਨਾਂ ਸੰਘਰਸ਼ਾਂ ਨੇ ਵੀ 'ਨਿਊਡੀਲ' 'ਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ।

ਅੱਜ 1930 ਦੀ ਮਹਾਂਮੰਦੀ, ਮਜ਼ਦੂਰ ਜਮਾਤ ਦਾ ਤਿੱਖਾ ਵਿਰੋਧ, 'ਨਿਊ ਡੀਲ' ਦੂਜੀ ਸੰਸਾਰ ਜੰਗ, ਇਕ ਸਾਮਰਾਜੀ ਖੇਮੇ ਦਾ ਉਭਾਰ ਆਦਿ ਇਤਿਹਾਸ ਦੀਆਂ ਘਟਨਾਵਾਂ ਇਕ ਵਾਰ ਫਿਰ ਆਪਣੀ ਯਾਦ ਦਵਾ ਰਹੀਆਂ ਹਨ। ਜੇ ਆਰਥਿਕ ਸੰਕਟ 1930 ਦੀ ਮਹਾਂਮੰਦੀ ਦੀ ਯਾਦ ਦਿਲਾ ਰਿਹਾ ਹੈ ਤਾਂ ਹੋਰ ਘਟਨਾਵਾਂ ਵੀ ਆਪਣੀ ਯਾਦ ਤਾਜਾ ਕਰ ਰਹੀਆਂ ਹਨ। ਨਿਸ਼ਚੇ ਹੀ ਇਤਿਹਾਸ ਆਪਣੇ ਆਪ ਨੂੰ ਉਸੇ ਰੂਪ 'ਚ ਕਦੀ ਨਹੀਂ ਦੁਹਰਾਉਂਦਾ। ਇਸ ਵਾਰੀ ਵੀ ਇਹ ਉਸੇ ਰੂਪ 'ਚ ਆਪਣੇ ਆਪ ਨੂੰ ਨਹੀਂ ਦੋਹਰਾਏਗਾ। ਪਰ ਆਉਣ ਵਾਲਾ ਸਮਾ ਬਹੁਤ ਉਥਲ ਪੁਥਲ ਭਰੀਆਂ ਘਟਨਾਵਾਂ ਦਾ ਗਵਾਹ ਹੋਵੇਗਾ, ਇਹ ਤਹਿ ਹੈ। 2011 ਦੀ ਸ਼ੁਰੂਆਤ 'ਚ ਅਰਬ ਜਗਤ ਦੀ ਲੋਕ ਬਗਾਵਤ ਤੋਂ ਜੋ ਉਥਲ ਪੁਥਲ ਹੋਈ ਸ਼ੁਰੂ ਹੋਈ ਹੈ ਉਹ ਰੁਕੇਗੀ ਨਹੀਂ ਬਲਕਿ ਵਧੇਗੀ ਹੀ। ਮੌਜੂਦਾ ਸੰਕਟ ਬਲਦੀ 'ਤੇ ਤੇਲ ਦਾ ਕੰਮ ਹੀ ਕਰੇਗਾ। ਇਸ

ਤਰ੍ਹਾਂ ਜੇ ਮੌਜੂਦਾ ਸੰਕਟ ਦੇ ਡੂੰਘੇ ਹੋਣ ਨਾਲ ਮਜ਼ਦੂਰ ਜਮਾਤ ਦੀ ਜ਼ਿੰਦਗੀ ਹੋਰ, ਬਦਹਾਲ ਹੋਵੇਗੀ ਤਾਂ ਉਸ ਦੀਆਂ ਬਗਾਵਤਾਂ ਵੀ, ਵੱਡੇ ਪੈਮਾਨੇ 'ਤੇ ਫੁਟਣਗੇ। ਸਾਮਰਾਜੀ ਸਰਮਾਏਦਾਰ ਜਮਾਤ ਆਉਣ ਵਾਲੇ ਦਿਨਾਂ 'ਚ ਮਜ਼ਦੂਰਾਂ ਦੇ ਫੌਲਾਦੀ ਹੱਥਾਂ ਦੀ ਮਾਰ ਨੂੰ ਮਹਿਸੂਸ ਜ਼ਰੂਰ ਕਰੇਗੀ।

# ਸਾਮਰਾਜੀ ਜਬਰ ਬਨਾਮ ਸੀਰੀਆ ਦਾ ਸੰਕਟ

ਸੀਰੀਆ ਨੂੰ ਲਿਬੀਆ ਬਣਾਉਣ ਦੀ ਕੋਸ਼ਿਸ਼ 'ਚ ਅਮਰੀਕੀ ਸਾਮਰਾਜੀ ਤੇ ਇਜ਼ਰਾਇਲੀ ਵਿਸਥਾਰਵਾਦੀ ਦਿਨ ਰਾਤ ਇਕ ਕਰ ਰਹੇ ਹਨ। ਸੀਰੀਆ ਦੀ ਬਸਰ ਅਲ ਅਸਦ ਦੀ ਸਰਕਾਰ ਖਿਲਾਫ਼ ਸਥਾਨਕ ਲੋਕਾਂ ਦੇ ਗੁੱਸੇ ਨੇ ਹਵਾ ਦੇਣ ਲਈ ਹਰ ਹੱਥ ਕੰਡੇ ਅਪਣਾਏ ਜਾ ਰਹੇ ਹਨ। ਇਕ ਤੋਂ ਇਕ ਸਾਜਿਸ਼ ਰਚੀ ਜਾ ਰਹੀ ਹੈ। ਅਮਰੀਕਾ ਦੀ ਵਿਦੇਸ਼ ਮੰਤਰੀ ਚੀਨ, ਭਾਰਤ ਤੇ ਰੂਸ ਉਪਰ ਲਗਾਤਾਰ ਇਸ ਗੱਲ ਦਾ ਦਬਾਅ ਬਣ ਰਹੀ ਹੈ ਕਿ ਉਹ ਸੀਰੀਆ ਨਾਲ ਆਪਣੇ ਸਬੰਧਾਂ ਨੂੰ ਖ਼ਤਮ ਕਰੇ ਅਤੇ ਅਮਰੀਕਾ ਜਿਸ ਦੇ ਪਹਿਲਾਂ ਤੋਂ ਹੀ ਸੀਰੀਆ ਨਾਲ ਆਪਣੇ ਸਬੰਧਾਂ ਨੂੰ ਖ਼ਤਮ ਕਰੇ ਅਤੇ ਅਮਰੀਕਾ ਜਿਸ ਦੇ ਪਹਿਲਾਂ ਤੋਂ ਹੀ ਸੀਰੀਆ ਨਾਲ ਕੋਈ ਖਾਸ ਆਰਥਿਕ ਤੇ ਸਿਆਸੀ ਸਬੰਧ ਨਹੀਂ ਰਹੇ ਹਨ, ਵਲੋਂ ਲਾਈਆਂ ਜਾ ਰਹੀਆਂ ਪਾਬੰਦੀਆਂ 'ਚ ਉਸ ਦਾ ਸਾਥ ਨਾ ਦੇਣ। ਅਮਰੀਕਾ ਦੀ ਸੀਰੀਆ ਸੋਵੀਅਤ ਸੰਘ ਨਾਲ ਚਲੀ ਸੀਤ ਜੰਗ ਦੇ ਜ਼ਮਾਨੇ ਤੋਂ ਹੀ ਕਿਰਕਮ ਬਣਿਆ ਹੋਇਆ ਹੈ। ਇਰਾਕ ਯੁੱਧ ਤੇ ਇਜਰਾਇਲ ਦੇ ਨਾਲ ਇਮਾਸ ਜੰਗ ਸਮੇਂ ਉਹ ਉਸੇ ਨਜ਼ਰੀਏ ਦੀ ਸ਼੍ਰੇਣੀ 'ਚ ਰਹਿ ਕੇ ਸਬਕ ਸਿਖਾਉਣਾ ਚਾਹੁੰਦਾ ਰਿਹਾ ਹੈ ਪਰ ਕੋਈ ਹੋਰ ਵਜਾਹਾਂ ਕਰਕੇ ਉਹ ਅਜਿਹਾ ਨਹੀਂ ਕਰ ਸਕਿਆ। ਹੁਣ ਅਮਰੀਕਾ ਸੀਰੀਆ ਅੰਦਰ ਚਲ ਰਹੇ ਸਮਾਜਕ ਤਣਾਅ ਤੇ ਰਾਸ਼ਟਰਪਤੀ ਅਸਦ ਖਿਲਾਫ਼ ਰੋਸ ਤੇ ਬੇਚੈਨੀ ਨੂੰ ਇਕ ਮੌਕਾ ਮੰਨ ਰਿਹਾ ਹੈ। ਜਿਵੇਂ ਹਮਲਾ ਇਸ ਵਕਤ ਲੀਬੀਆ 'ਚ ਨਾਟੋ ਦੀਆਂ ਫ਼ੌਜਾਂ ਰਾਹੀਂ ਅਮਰੀਕਾ ਤੇ ਫਰਾਂਸ ਦੀ ਅਗਵਾਈ 'ਚ ਹੋ ਰਿਹਾ ਹੈ। ਅਜਿਹਾ ਹੀ ਉਹ ਸੀਰੀਆ 'ਚ ਕਰਨਾ ਚਾਹੁੰਦੇ ਹਨ ਅਤੇ ਆਪਣੀ ਕਠਪੁਤਲੀ ਸਰਕਾਰ ਨੂੰ ਸੀਰੀਆ 'ਚ ਗੱਦੀ ਦੇਣਾ ਚਾਹੁੰਦੇ ਹਨ। ਸਾਉਦੀ ਅਰਬ, ਕਤਰ, ਇਜ਼ਰਾਇਲ ਵਰਗੀਆਂ ਅਮਰੀਕਾ ਸਾਮਰਾਜ ਪਰਸਤ ਸਰਕਾਰਾਂ ਸੀਰੀਆਂ 'ਚ ਬਗਾਵਤ ਭੜਕਾਉਣ 'ਚ ਲੱਗੀਆਂ ਹੋਈਆਂ ਹਨ। ਇੱਥੋਂ ਤਕ ਕਿ ਸੀਰੀਆ ਦੇ ਮੁਕਾਬਲਤਣ ਸਹਿਗੂਣ ਸਮਾਜ 'ਚ ਮੁਸਲਿਮ ਕਟੜ ਪੰਥੀਆਂ ਖਾਸ ਕਰਕੇ ਮੁਸਲਿਮ ਬ੍ਰਦਰਹੁੱਡ ਦੇ ਸੰਘਰਸ਼ ਨੂੰ ਬਾਹਰੋਂ ਖ਼ੂਬ ਸਹਾਇਤਾ ਦਿੱਤੀ ਜਾ ਰਹੀ ਹੈ।

ਮੁਸਲਿਮ ਬ੍ਰਦਰਹੁੱਡ ਧਾਰਮਿਕ ਕੱਟੜਵਾਦ ਨੂੰ ਭੜਕਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਫਰਾਂਸ ਸਮੇਤ ਹੋਰ ਪੱਛਮੀ ਦੇਸ਼ਾਂ ਦੇ ਰਾਜਸੀ ਵਿਦਰੋਹੀ ਇਲਾਕਿਆਂ ਦਾ ਸਫਰ ਕਰਕੇ ਉਹਨਾਂ ਨੂੰ ਭੜਕਾਉਣ ਅਤੇ ਅਸਦ ਦੇ ਮਸੌਦਿਆਂ ਨੂੰ ਠੁਕਰਾਉਣ ਲਈ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਰਾਸ਼ਟਰਪਤੀ ਅਸਦ ਨੇ ਮਾਰਚ ਤੋਂ ਭੜਕੇ ਰੋਸ ਨੂੰ ਘੱਟ ਕਰਨ ਲਈ ਜਬਰ ਤੇ ਸੁਲਾਹ ਦੀ ਨੀਤੀ ਅਪਣਾਈ ਜਾ ਰਹੀ ਹੈ। ਸੀਰੀਆ ਦੀ ਫ਼ੌਜ ਵਿਦਰੋਹੀ ਅਸਰ ਵਾਲੇ ਇਲਾਕਿਆਂ 'ਚ ਟੈਂਕਾਂ ਨਾਲ ਹਮਲੇ ਕਰ ਰਹੇ ਹਨ। ਇਹਨਾਂ ਹਮਲਿਆਂ ਦਾ ਬਾਗੀ ਵੀ ਪੂਰੀ ਤਾਕਤ ਨਾਲ ਜੁਆਬ ਦੇ ਰਹੇ ਹਨ। ਇਹਨਾਂ ਸੰਘਰਸ਼ਾਂ ਵਿੱਚ ਨਿਰਦੋਸ਼ ਸ਼ਹਿਰੀਆਂ ਸਮੇਤ ਹਜ਼ਾਰਾਂ ਲੋਕ ਮਾਰੇ ਗਏ ਹਨ। ਸੀਰੀਆ 'ਚ ਪਹਿਲਾਂ ਪਾ ਸਾਲਾਂ ਤੋਂ ਅਸਦ ਪ੍ਰੀਵਾਰ ਦੀ ਇਕਹਿਰੀ ਹਕੂਮਤ ਰਹੀ ਹੈ। ਅਸਦ ਪ੍ਰੀਵਾਰ ਦੀ ਇਸ ਹਕੂਮਤ ਖਿਲਾਫ਼ ਜੇ ਸਮੇਂ-ਸਮੇਂ ਸਿਰ ਆਵਾਜ਼ ਉਠਦੀ ਰਹੀ ਪਰ ਹਰ ਵਿਰੋਧ ਨੂੰ ਕੁਚਲ ਦਿੱਤਾ ਗਿਆ ਹੈ। ਅਸਦ ਪ੍ਰੀਵਾਰ ਨੇ ਜੇ ਸੀਰੀਆ ਦੇ ਬਹੁ-ਸਭਿਆਚਾਰ ਸਮਾਜ 'ਚ ਇਸ ਲਾਇਕ ਕੱਟੜਪੁਣੇ ਨੂੰ ਹਾਵੀ ਨਹੀਂ

ਹੋਣ ਦਿੱਤਾ ਗਿਆ ਪਰ ਇੱਕ ਪਰਿਵਾਰ ਤੇ ਇਕ ਪਾਰਟੀ ਦੀ ਹਕੂਮਤ ਫ਼ੌਜੀ ਰਾਜ ਵਾਂਗੂੰ ਹੀ ਕੰਮ ਕਰਦੀ ਰਹੀ ਹੈ। ਇਸ ਦੌਰਾਨ ਸੀਰੀਆ 'ਚ ਆਮ ਸ਼ਹਿਰੀ ਜਮਹੂਰੀ ਅਧਿਕਾਰਾਂ ਦੀ ਬੇਹੱਦ ਘਾਟ ਰਹੀ ਹੈ। ਇਹਨਾਂ ਹੱਕਾਂ ਦੀ ਕਮੀ ਅਤੇ ਇਸ ਸਮੇਂ ਛਾਏ ਵਿਸ਼ਵੀ ਆਰਥਿਕ ਸੰਕਟ ਦੇ ਅਸਰਾਂ ਨੇ ਸੀਰੀਆ ਦੇ ਲੋਕਾਂ ਦੇ ਇਕ ਵੱਡੇ ਹਿੱਸੇ 'ਚ ਬੇਚੈਨੀ ਨੂੰ ਜਨਮ ਦਿੱਤਾ ਹੈ। ਅਰਬ ਲੋਕ ਉਭਾਰ ਦਾ ਵਿਆਪਕ ਅਸਰ ਸੀਰੀਆ ਵਿੱਚ ਵੀ ਮਹਿਸੂਸ ਕੀਤਾ ਗਿਆ ਹੈ ਅਤੇ ਮਾਰਚ ਤੋਂ ਸੀਰੀਆ ਵਿੱਚ ਵੀ ਅਸਦ ਦੀ ਇਕ ਤਰਫਾ ਹਕੂਮਤ ਦੇ ਖਿਲਾਫ਼ ਵਿਰੋਧ ਦੀ ਆਵਾਜ਼ ਉਭਰਨ ਲੱਗੀ ਹੈ। ਅਸਦ ਨੇ ਹਰ ਹੱਠੀ ਤੇ ਸੂਰਖ ਹਕੂਮਤ ਵਾਂਗੂੰ ਲੋਕਾਂ ਦੀ ਆਵਾਜ਼ ਤੇ ਮੰਗਾਂ ਨੂੰ ਪਹਿਲਾਂ ਸੁਨਣੋ ਇਨਕਾਰ ਕਰ ਦਿੱਤਾ ਫਿਰ ਜ਼ਬਰ ਦਾ ਰਾਹ ਅਪਣਾਇਆ। ਭਾਰੀ ਦਬਾਅ ਅਤੇ ਅਮਰੀਕੀ ਸਮੇਤ ਸਾਮਰਾਜੀਆਂ ਦੇ ਸੰਭਾਵਿਤ ਫ਼ੌਜੀ ਦਖਲ ਨੂੰ ਵੇਖਦੇ ਹੋਇਆ ਕਈ ਸੁਧਾਰਾਂ ਲਈ ਅਸਦ ਤਿਆਰ ਹੋਏ। ਪਰ ਅਮਰੀਕਾ ਦੀ ਅੱਖਾਂ ਵਿੱਚ ਅਸਦ, ਸਦਾਮ ਹੁਸੈਨ, ਗਦਾਫੀ ਤੇ ਕਿੰਮ ਜਾਂਗ ਵਾਂਗੂੰ ਚੁੱਪ ਰਹੇ। ਹੁਣ ਉਸ ਦੀ ਮੰਸ਼ਾ ਕੁਝ ਹੋਰ ਹੀ ਹੈ। ਉਹ ਜਲਦੀ ਤੋਂ ਜਲਦੀ ਸੀਰੀਆ ਨੂੰ ਲੀਬੀਆ ਬਣਾਉਣਾ ਚਾਹੁੰਦੇ ਹਨ। ਸੀਰੀਆ ਦੇ ਲੋਕ ਇਸ ਤਰ੍ਹਾਂ ਨਾਲ ਦੇਸ਼ ਜਾਲਮ ਹਾਕਮ, ਅਮਰੀਕਾ ਤੇ ਇਜ਼ਰਾਇਲ ਵਰਗੇ ਤਾਕਤਵਰ ਦੇਸ਼ਾਂ ਦੀ ਸਾਜਿਸ਼ ਤੇ ਵੱਧਦੇ ਇਸਲਾਮਿਕ ਕੱਟੜ ਪੰਥ ਦੀ ਤਿਕੋਨ 'ਚ ਫਸ ਗਏ ਹਨ। ਸਥਾਨਕ ਪੱਧਰ 'ਤੇ ਜੁਝਾਰੂ ਤੇ ਇਨਕਲਾਬੀ ਸੰਗਠਨਾ ਦੀ ਘਾਟ ਉਸ ਨੂੰ ਹੋਰ ਵੀ ਜ਼ਿਆਦਾ ਇਸ ਤਿਕੋਨ 'ਚ ਉਲਝਣ ਲਈ ਮਜ਼ਬੂਰ ਕਰ ਰਹੀ ਹੈ।

ਸਾਲ 2007 ਤੋਂ ਸ਼ੁਰੂ ਹੋਈ ਮੰਦੀ ਨੇ 2008 ਦੇ ਅਕਤੂਬਰ ਮਹੀਨੇ ਤੱਕ ਆਉਂਦੇ ਆਉਂਦੇ ਪੂਰੀ ਦੁਨੀਆਂ 'ਚ ਥਰਥਲੀ ਮਚਾ ਦਿੱਤੀ ਸੀ। ਤਦ ਅਮਰੀਕਾ 'ਚ ਲਗਭਗ 125 ਬੈਂਕ ਉਜੜ ਗਏ ਸਨ। ਅਮਰੀਕਾ ਸਮੇਤ ਪੂਰੀ ਦੁਨੀਆਂ ਦੇ ਸ਼ੇਅਰ ਬਾਜ਼ਾਰ 'ਚ ਭਾਰੀ ਗਿਰਾਵਟ ਜਾਰੀ ਹੈ। ਪੂੰਜੀਵਾਦੀ ਸਰਕਾਰਾਂ ਨੇ ਇਸ ਸੰਕਟ 'ਚੋਂ ਨਿਕਲਣ ਲਈ ਹਜ਼ਾਰ ਖਰਬ ਡਾਲਰ ਝੋਕ ਦਿੱਤੇ ਹਨ। ਬਜ਼ਾਰ ਅਰਥਚਾਰੇ ਦੇ ਹਵਾਲੇ ਸਭ ਕੁਝ ਕਰ ਦੇਣ ਵਾਲੀਆਂ ਸਰਮਾਏਦਾਰ ਸਰਕਾਰ ਜੋ ਕਿ ਅਜੇ ਤਕ 'ਬਜ਼ਾਰ ਨੂੰ ਸਭ ਕੁਝ ਤਹਿ ਕਰਨ ਦਿਉ ਦਾ ਨਾਹਰਾ ਉਛਾਲ ਕੇ ਇਸ 'ਚ ਦਖਲ ਅੰਦਾਜੀ ਨਾ ਕਰਨਲ ਦਾ ਪਾਖੰਡ ਕਰ ਰਹੀਆਂ ਹਨ। ਹੁਣ ਤੁਰੰਤ ਸੰਕਟ 'ਚ ਪੈਂਦਿਆਂ ਹੀ ਸੰਕਟ ਮੋਚਕ ਦੀ ਭੂਮਿਕਾ 'ਚ ਆ ਗਈਆਂ ਹਨ। ਪੂੰਜੀਪਤੀਆਂ ਨੂੰ ਬਚਾਉਣ ਲਈ ਅੰਨੇਵਾਹ ਪੈਸਾ ਝੋਕਿਆ ਗਿਆ। ਪੂੰਜੀਵਾਦੀ ਸਰਕਾਰਾਂ ਵਲੋਂ ਇਸ ਤਰ੍ਹਾਂ ਦਖਲ ਅੰਦਾਜ਼ੀ ਨਾਲ ਵਿਤੀ ਸੰਸਥਾਵਾਂ ਤੇ ਕਾਰਪੋਰੇਸ਼ਨਾ ਦਾ ਸੰਕਟ ਤਬਦੀਲ ਹੋਕੇ ਸਰਕਾਰ ਤਕ ਪਹੁੰਚ ਗਿਆ ਹੈ ਪਰ ਪੂੰਜੀਵਾਦੀ ਸਰਕਾਰਾਂ ਦੇ ਇਸ ਦਖਲ ਅੰਦਾਜੀ ਨਾਲ ਅਰਥਚਾਰੇ 'ਚ ਹੋ ਰਹੀ ਗਿਰਾਵਟ ਦੀ ਰਫਤਾਰ ਮੱਠੀ ਤੇ ਬਜ਼ਾਰਾਂ ਦਾ ਲੜਖੜਾਉਣਾ ਰੁਕ ਗਈ ਹੈ। ਪੂੰਜੀਵਾਦੀ-ਸਾਮਰਾਜੀ ਹਕੂਮਤਾਂ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਕਿ ਹੁਣ ਸੰਕਟ ਖ਼ਤਮ ਹੋ ਗਿਆ ਹੈ। ਹੁਣ ਫਿਰ ਤੋਂ ਪਟੜੀ ਤੇ ਲਿਆਉਣ ਦੀ ਕਸਰਤ ਹੋਣ ਲੱਗੀ ਸੀ। ਸ਼ੇਅਰ ਬਜ਼ਾਰ ਹੁਣ ਫਿਰ ਤੋਂ ਰਫਤਾਰ ਫੜਨ ਲੱਗਿਆ ਸੀ। ਇਸ ਦੌਰ 'ਚ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਸਰਦਾਰ ਵੀ ਸ਼ੁਰੂਆਤ 'ਚ ਵਿਸ਼ਵੀ ਸੰਕਟ ਦੀ ਲਪੇਟ 'ਚ ਨਾ ਆਉਣ ਦਾ ਦਮ ਭਰ ਰਹੀ ਸੀ ਪਰ ਭਾਰਤੀ ਅਰਥਚਾਰਾ ਕਿਸ ਹੱਦ ਤਕ ਸਾਮਰਾਜੀ ਅਰਥਚਾਰੇ ਨਾਲ ਘੁਲ ਮਿਲ ਗਿਆ ਹੈ। ਇਹ ਤਤਕਾਲ ਹੀ ਦੇਖਣ

'ਚ ਆਇਆ ਹੈ ਕਿ ਜਦ ਭਾਰਤੀ ਸ਼ੇਅਰ ਬਾਜ਼ਾਰ ਸੂਚਕਾਂਕ 'ਚ 30-40 ਫੀਸਦੀ ਤਕ ਦੀ ਗਿਰਾਵਟ ਆ ਗਈ। ਐਸੋਚਮਲੇ ਆਪਣੀ ਰੀਪੋਟ 'ਚ ਬੇਰੁਜ਼ਗਾਰੀ ਵਧਣ ਦੀ ਗੱਲ ਕੀਤੀ ਤਾਂ ਮਨਮੋਹਨ ਸਿੰਘ ਇਸ 'ਤੇ ਉਸ ਨੂੰ ਝਿੜਕ ਮਾਰੀ। ਛੋਟੇ ਨਿਵੇਸ਼ਕ ਤਬਾਹ ਹੋ ਗਏ। ਇਸ ਤੋਂ ਇਲਾਵਾ ਕੱਪੜਾ ਤੇ ਹੀਰਾ ਸਨਅਤ ਦੀ ਮੰਗ 'ਚ ਆਈ ਗਿਰਾਵਟ ਕਾਰਨ ਕਈ ਲੱਖਾਂ ਮਜ਼ਦੂਰ ਬੇਕਾਰ ਹੋ ਗਏ। ਪਰ ਸਰਕਾਰ ਨੇ ਇਹਨਾਂ ਜ਼ਰੂਰਤ ਮੰਦਾਂ ਦੀ ਬਜਾਏ ਸਰਮਾਏਦਾਰ ਜਮਾਤ ਨੂੰ 3 ਲੱਖ 25 ਹਜ਼ਾਰ ਕਰੋੜ ਰੁਪਏ ਦੀ ਰਾਹਤ ਦਾ ਪੈਕੇਜ਼ ਦਿੱਤਾ। ਇਸ ਨੂੰ ਫਿਰ ਅਗਲੇ ਦਿਨ ਵੀ ਜਾਰੀ ਰੱਖਿਆ ਗਿਆ। ਇਸ ਦੇ ਨਾਲ-ਨਾਲ ਆਰਥਿਕ ਸੁਧਾਰਾਂ ਦੇ ਅਮਲ ਨੂੰ ਤੇਜੀ ਨਾਲ ਲਾਗੂ ਕਰਨ ਵੱਲ ਵਧਿਆ ਗਿਆ।

ਸੰਸਾਰ ਪੱਧਰ 'ਤੇ ਜਦ ਸਾਮਰਾਜੀ ਮੂਲ ਸੰਕਟ ਖ਼ਤਮ ਹੋਣ ਦਾ ਵਾਅਦਾ ਕਰ ਰਹੇ ਸਨ। ਉਸ ਵਕਤ ਖਾੜੀ ਮੁਲਕ 'ਚ ਤਾਂ ਫਿਰ ਆਇਰਲੈਂਡ 'ਚ ਸੰਕਟ ਆ ਗਿਆ। ਉਸ ਦੇ ਕੁਝ ਸਮੇਂ ਬਾਅਦ ਹੀ ਇਹ ਗ੍ਰੀਸ, ਸਪੇਨ, ਪੁਰਤਗਾਲ ਵਰਗੇ ਮੂਲ ਸੰਕਟ 'ਚ ਫਸ ਗਏ। ਵਿੱਤੀ ਅਦਾਰਿਆਂ ਨੂੰ ਬਚਾਉਣ ਵਾਲੀਆਂ ਸਰਕਾਰਾਂ ਹੁਣ ਖੁਦ ਹੀ ਕਰਜਾਈ ਹੋ ਗਈਆਂ। ਇਹਨਾਂ ਮੁਲਕਾਂ ਦਾ ਬਜਟ ਘਾਟਾ ਤੇ ਕਰਜਾ ਵੱਧਦਾ ਗਿਆ। ਹੁਣ ਇਹਨਾਂ ਵਿਕਸਿਤ ਮੁਲਕਾਂ ਗ੍ਰੀਸ ਤੇ ਆਇਰਲੈਂਡ ਨੂੰ ਯੂਰਪੀ ਸੰਘ ਤੇ ਆਈ. ਐਮ. ਐਫ. ਨੇ ਸ਼ਰਤਾਂ ਸਮੇਤ ਕਰਜਾ ਦਿੱਤਾ। ਜਦ ਇਹਨਾਂ ਮੁਲਕਾਂ 'ਚ 'ਆਸਟਰਿਟੀ ਪੈਕੇਜ' ਦੇ ਨਾਂ ਹੇਠ ਕਲਿਆਣਕਾਰੀ ਮਦਾਂ ਤੇ ਜਨਤਕ ਖੇਤਰ ਦੇ ਕਰਮੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ 'ਚ ਭਾਰੀ ਕਟੌਤੀ ਹੋ ਰਹੀ ਹੈ। ਅਮਰੀਕੀ ਸਰਕਾਰ ਵੀ ਇਸ ਤੋਂ ਅਣਭਿਜ ਨਹੀਂ ਰਹੀ। ਇਹ ਪਹਿਲਾਂ ਤੋਂ ਕਈ ਟ੍ਰਿਲੀਅਨ ਡਾਲਰ ਦੀ ਕਰਜਦਾਰ ਹੈ। 2008 'ਚ ਮੰਦੀ 'ਚ ਵੀ ਸੈਂਕੜੇ ਅਰਬ ਡਾਲਰ ਵਿੱਤੀ ਕੰਪਨੀਆਂ ਨੂੰ ਉਭਾਰਨ 'ਚ ਝੋਕ ਦਿੱਤੇ ਸਨ। ਹੁਣ ਕਰਜੇ ਦੀ ਹੱਦ ਨੂੰ ਵਧਾਉਣ ਦੇ ਪ੍ਰਸਤਾਅ ਓਬਾਮਾ ਸਰਕਾਰ ਨੇ ਸੈਨਟ 'ਚ ਪਾਸ ਕਰਵਾਇਆ। ਸੁਆਲ ਇਹ ਵੀ ਦੁਨੀਆਂ ਲਈ ਪੈਦਾ ਹੋ ਗਿਆ ਕਿ ਇਸ ਵਧਦੇ ਕਰਜੇ ਦਾ ਭੁਗਤਾਨ ਅਮਰੀਕੀ ਸਰਕਾਰ ਕਿਵੇਂ ਕਰੇਗੀ? ਅਰਥਚਾਰੇ ਦਾ ਮੁਲਅੰਕਣ ਕਰਕੇ ਰੇਟਿੰਗ ਦੇਣ ਵਾਲੀ ਸਟੈਂਡਰਡ ਐਂਡ ਪੁਅਰ ਸੰਸਥਾ ਨੇ ਇਸ ਆਧਾਰ 'ਤੇ ਇਸ ਦੀ ਰੇਟਿੰਗ ਡੇਗ ਦਿੱਤੀ। ਅਮਰੀਕੀ ਅਰਥਚਾਰੇ ਦੀ ਸ਼ਾਖ ਦੇ ਕੰਮਜੋਰ ਪੈਂਦਿਆਂ ਹੀ ਪੂਰੀ ਦੁਨੀਆਂ ਦੇ ਸ਼ੇਅਰ ਸੂਚਕਾਂਕ ਢਹਿ ਢੇਰੀ ਹੋਏ ਡਿੱਗਣ ਲੱਗੇ। ਯੂਰਪ ਖਾੜੀ ਮੁਲਕ ਤੇ ਏਸ਼ੀਆਂ ਵਿੱਚ ਵੀ ਸੰਕਟ ਦਿਸਣ ਲੱਗਿਆ ਹੈ। ਭਾਰਤ ਸਰਕਾਰ ਫਿਰ ਇਸ ਸੰਕਟ ਤੋਂ ਬੇਅਸਰ ਰਹਿਣ ਦੀਆਂ ਸ਼ੇਖੀਆਂ ਮਾਰ ਰਹੀਆਂ ਹਨ। ਵਿੱਤ ਮੰਤਰੀ ਆਰਥਿਕ ਰਫਤਾਰ ਨੂੰ ਤੇਜ ਕਰਨ ਦਾ ਬਿਆਨ ਜਾਰੀ ਕਰ ਰਹੇ ਹਨ। ਇਸ ਦਾ ਸਿੱਧਾ ਅਰਥ ਹੈ ਜਨਤਕ ਕਲਿਆਣਕਾਰੀ ਮਦ 'ਚ ਖਰਚ ਕੀਤੀ ਜਾਣ ਵਾਲੀ ਰਾਸ਼ੀ 'ਚ ਤੇ ਸਰਕਾਰੀ ਕਾਰਖਾਨਿਆਂ 'ਚ ਮਜ਼ਦੂਰ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਚ ਭਾਰੀ ਕਟੌਤੀ ਨਾਲ ਹੀ ਸਭ ਕੁਝ ਸਰਮਾਏਦਾਰ ਦੀ ਲੁੱਟ ਲਈ ਬਜ਼ਾਰ ਹਵਾਲੇ ਕਰ ਦੇਣਾ।

ਭਾਰਤ ਸਰਕਾਰ ਅਜਿਹਾ ਤੇਜੀ ਨਾਲ ਕਰ ਰਹੀ ਹੈ। ਅਰਥਚਾਰਾ ਜਿਸ ਹੱਦ ਤਕ ਆਰਥਿਕ ਸੰਕਟ ਤੋਂ ਬਚਿਆ ਰਿਹਾ ਹੈ ਉਸ ਦਾ ਕਾਰਨ ਬੈਂਕ ਬੀਮਾ ਵਰਗੇ ਅਦਾਰਿਆਂ ਤੇ ਸਰਕਾਰੀ ਕੰਟਰੋਲ ਹੈ। ਪਿਛਲੇ 3-4 ਸਾਲਾਂ 'ਚ ਪੂੰਜੀਵਾਦੀ ਆਰਥਿਕ

ਸੰਕਟ ਨੇ ਸਰਕਾਰ ਦੇ ਕਿਰਦਾਰ ਨੂੰ ਕਾਫੀ ਬੇ-ਨਿਕਾਬ ਕੀਤਾ ਹੈ। ਪੂੰਜੀਵਾਦੀ ਸਰਕਾਰ ਨੇ ਪੂੰਜੀਪਤੀਆਂ ਨੂੰ ਬਚਾਉਣ ਹਿੱਤ ਪੂੰਜੀਵਾਦੀ ਪ੍ਰਣਾਲੀ ਨੂੰ ਬਚਾਉਣ ਲਈ ਸੰਕਟ ਦਾ ਸਾਰਾ ਬੋਝ ਮਜ਼ਦੂਰ ਜਮਾਤ ਸਮੇਤ ਆਮ ਲੋਕਾਂ ਤੇ ਪਾ ਦਿੱਤਾ ਹੈ। ਪੂੰਜੀਪਤੀ ਜਮਾਤ ਨੇ ਅਜਿਹਾ ਕਰਕੇ ਆਪਣੇ ਲੋਕ ਵਿਰੋਧੀ ਕਿਰਦਾਰ ਦਾ ਸਬੂਤ ਦਿੱਤਾ ਹੈ। ਇਸ ਦਾ ਜੁਆਬ ਅਤੀਤ 'ਚ ਮਜ਼ਦੂਰ ਜਮਾਤ ਨੇ ਆਪਣੇ ਇਨਕਲਾਬੀ ਸੰਘਰਸ਼ ਰਾਹੀਂ ਦਿੱਤਾ ਹੈ। ਅੱਜ ਮਜ਼ਦੂਰ ਜਮਾਤ ਤੇ ਵਿਆਪਕ ਮੇਹਨਤਕਸ਼ ਤਬਕੇ ਫਿਰ ਸੜਕਾਂ 'ਤੇ ਸੰਘਰਸਸ਼ੀਲ ਹਨ। ਦੇਰ-ਸਵੇਰ ਉਹ ਸਰਮਾਏਦਾਰ ਜਮਾਤ ਦੀ ਸਤਾ ਨੂੰ ਚਕਨਾਚੂਰ ਕਰ ਦੇਵੇਗਾ। ਦਰਅਸਲ ਇਹੀ ਸਰਮਾਏਦਾਾ ਜਮਾਤ ਦੀ ਸਥਿਤੀ ਹੈ। ਇਤਿਹਾਸ ਉਸ ਨੂੰ ਇਸ ਦਿਸ਼ਾ 'ਚ ਧੱਕ ਰਿਹਾ ਹੈ।

# ਹਿੱਸੇਦਾਰੀ ਵਾਲੀ ਜਮਹੂਰੀਅਤ-ਬਨਾਮ ਸਰਮਾਏਦਾਰੀ

ਨਿੱਜੀਕਰਨ–ਉਦਾਰੀਕਰਨ–ਵਿਸ਼ਵੀਕਰਨ ਤੇ ਗੈਰ ਸਰਕਾਰੀ ਸੰਗਠਨਾ ਦੀ ਸਰਗਰਮੀ ਦੇ ਪਿਛਲੇ ਤਿੰਨ ਦਹਾਕਿਆਂ 'ਚ ਦੁਨੀਆਂ ਭਰ 'ਚ ਹਿੱਸੇਦਾਰੀ ਵਾਲੀ ਜਮਹੂਰੀਅਤ (ਪਾਰਟੀ ਸੀ ਪੇਟਰੀ ਡੇਮੋਕਰੇਸੀ) ਦੀ ਗੱਲ ਜੋਰ ਸ਼ੋਰ ਨਾਲ ਉਠਾਈ ਗਈ ਹੈ। ਕਿਹਾ ਗਿਆ ਕਿ ਲੋਕਾਂ ਨੂੰ ਸਿਰਫ਼ ਆਪਣੇ ਨੁਮਾਇੰਦਿਆਂ ਨੂੰ ਚੁਨਣ ਤਕ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਫੈਸਲੇ ਲੈਣ ਦੇ ਅਮਲ 'ਚ ਉਸ ਨੂੰ ਖੁਦ ਸ਼ਾਮਲ ਹੋਣਾ ਚਾਹੀਦਾ ਹੈ। ਵੱਧ ਨੇੜਿਉਂ ਦੇਖਣ ਪਿੱਛੋਂ ਹੀ ਪਤਾ ਲੱਗਦਾ ਹੈ ਕਿ ਹਿੱਸੇਦਾਰੀ ਵਾਲੀ ਜਮਹੂਰੀਅਤ ਦੀ ਇਹ ਗੱਲ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਭਾਵ ਰਾਜ ਤੇ ਕੇਂਦਰ ਪੱਧਰ ਦੀਆਂ ਸੰਸਥਾਵਾਂ ਬਾਰੇ ਨਹੀਂ ਕੀਤੀ ਜਾਂਦੀ। ਇਹ ਗੱਲ ਸਥਾਨਕ ਭਾਵ ਸ਼ਹਿਰ ਤੇ ਪਿੰਡ ਪੱਧਰਾ ਦੀਆਂ ਪ੍ਰਤੀਨਿਧ ਸੰਸਥਾਵਾਂ ਬਾਰੇ ਹੀ ਕੀਤੀ ਜਾਂਦੀ ਹੈ। ਇਹ ਕਹਿਣ ਦੀ ਗੱਲ ਨਹੀਂ ਕਿ ਦੇਸ਼ ਦੇ ਪੱਧਰ ਦੀ ਰਾਜਨੀਤੀ ਹੀ ਦੇਸ਼ ਦੀਆਂ ਸਾਰੀਆਂ ਚੀਜ਼ਾਂ ਨੂੰ ਚਲਾਉਂਦੀ ਹੈ। ਉਸ ਨਾਲ ਦੇਸ਼ ਦੀਆਂ ਸਾਰੀਆਂ ਨੀਤੀਆਂ ਤਹਿ ਹੁੰਦੀਆਂ ਹਨ। ਅਜਿਹੇ 'ਚ ਜੇ ਹਿੱਸੇਦਾਰੀ ਵਾਲੀ ਜਮਹੂਰੀਅਤ ਇਸ ਪੱਧਰ 'ਤੇ ਲਾਗੂ ਨਹੀਂ ਹੁੰਦੀ ਤਾਂ ਸੁਭਾਵਿਕ ਹੈ ਕਿ ਉਹ ਦੇਸ਼ ਦੀ ਮੂਲ ਰਫਤਾਰ ਵੀ ਨਹੀਂ ਤਹਿ ਕਰ ਰਿਹਾ ਹੈ। ਤਦ ਉਹ ਸਿਰਫ਼ ਇਸ ਮੂਲ ਰਫਤਾਰ ਦੇ ਦੋਮ ਦਰਜੇ ਦੇ ਪਹਿਲੂਆਂ ਨੂੰ ਹੀ ਪ੍ਰਭਾਵਿਤ ਕਰ ਸਕਦਾ ਹੈ। ਇਹੀ ਅਸਲ 'ਚ ਹੁੰਦੀ ਵੀ ਹੈ। ਯੂਰਪ ਅਮਰੀਕਾ ਤੋਂ ਲੈ ਕੇ ਭਾਰਤ ਤਕ ਸਥਾਨਕ ਗਠਜੋੜ ਜਾਂ ਚਾਹੇ ਵੱਧ ਅਧਿਕਾਰਾਂ ਵਾਲੇ ਹੋਣ ਜਾਂ ਘੱਟ ਉਹ ਜੀਵਨ ਦੇ ਬਹੁਤ ਘੱਟ ਪਹਿਲੂਆਂ ਨੂੰ ਅਸਰ ਅੰਦਾਜ ਕਰਨ ਦੀ ਸਮਰੱਥਾ ਰੱਖਦੇ ਹਨ। ਉਹਨਾਂ ਦਾ ਕੰਮ ਤੇ ਪ੍ਰਭਾਵ ਖੇਤਰ ਸੀਮਤ ਹੁੰਦਾ ਹੈ। ਅਜਿਹੇ 'ਚ ਜੇ ਇਹਨਾਂ 'ਚ ਹਿੱਸੇਦਾਰੀ ਵਾਲੀ ਜਮਹੂਰੀਅਤ ਲਾਗੂ ਵੀ ਕਰ ਦਿੱਤੀ ਜਾਵੇ ਤਾਂ ਇਸ ਨਾਲ ਬਹੁਤ ਕੁਝ ਨਹੀਂ ਬਦਲਣ ਵਾਲਾ ਪਰ ਖੁਦ ਹਿੱਸੇਦਾਰੀ ਵਾਲੇ ਤੰਤਰ ਦੀ ਕੀ ਅਸਲੀਅਤ ਹੈ? ਕੀ ਇਸ ਦੇ ਰਾਹੀਂ ਸਥਾਨਕ ਗਠਜੋੜਾਂ 'ਚ ਅਸਲ 'ਚ ਲੋਕਾਂ ਦੀ ਹਿੱਸੇਦਾਰੀ (ਸ਼ਮੂਲੀਅਤ) ਯਕੀਨੀ ਹੁੰਦੀ ਹੈ? ਭਾਰਤ ਦੀ ਪੰਚਾਇਤੀ ਰਾਜ ਪ੍ਰਣਾਲੀ ਨੂੰ ਹੀ ਲਿਆ ਜਾਵੇ। ਪੰਚਾਇਤੀ ਰਾਜ ਦੀ ਸੰਵਿਧਾਨਿਕ ਸੋਧ ਕਰਦੇ ਸਮੇਂ ਭਾਰਤੀ ਹਾਕਮਾਂ ਵਲੋਂ ਇਹ ਕਿਹਾ ਗਿਆ ਕਿ ਉਸ ਰਾਹੀਂ ਉਹ ਪਿੰਡਾਂ 'ਚ, ਪਿੰਡਾਂ ਦੇ ਸਾਰੇ ਕੇਸਾਂ 'ਚ ਆਮ ਲੋਕ ਸਭ ਕੁਝ ਤਹਿ ਕਰਨਗੇ। ਇਹ ਉਸ ਦਾ ਆਪਣਾ ਰਾਜ ਪ੍ਰਬੰਧ ਹੋਵੇਗਾ। ਇਸ ਦੇ ਅਧੀਨ ਅਨੇਕਾਂ ਸਰਕਾਰੀ ਯੋਜਨਾਵਾਂ ਤੋਂ ਲੈ ਕੇ ਪ੍ਰਾਇਮਰੀ ਸਕੂਲਾਂ ਤਕ ਨੂੰ ਪਿੰਡ ਪੰਚਾਇਤਾਂ ਦੇ ਸਪੁਰਦ ਕਰ ਦਿੱਤਾ ਗਿਆ। ਬਾਹਰੀ ਤੌਰ 'ਤੇ ਇਹਨਾਂ ਸਾਰਿਆਂ 'ਤੇ ਲੋਕਾਂ ਦੇ ਦਿੱਤਾ ਗਿਆ। ਬਾਹਰੀ ਤੌਰ 'ਤੇ ਇਹਨਾਂ ਸਾਰਿਆਂ 'ਤੇ ਲੋਕਾਂ ਦੇ ਚੁਣੇ ਨੁਮਾਇੰਦਿਆਂ ਅਤੇ ਲੋਕਾਂ ਦੀ ਸਤਾ ਕਾਇਮ ਹੋ ਗਈ ਪਰ ਕੀ ਹੋਇਆ?

ਅਸਲ 'ਚ ਹੋਇਆ ਇਹ ਕਿ ਇਹਨਾਂ ਸਾਰਿਆਂ 'ਤੇ ਪਿੰਡਾਂ ਦੇ ਪ੍ਰਭਾਵਸ਼ਾਲੀ ਲੋਕਾਂ ਦਾ ਕਬਜਾ ਹੋ ਗਿਆ। ਜੇ ਪਿੰਡ ਪੰਚਾਇਤਾਂ ਨੂੰ ਹੋਰ ਅਧਿਕਾਰ ਮਿਲਦੇ ਗਏ ਤਾਂ ਇਸ ਨਾਲ ਇਹਨਾਂ ਪ੍ਰਭਾਵਸ਼ਾਲੀ ਲੋਕਾਂ ਨੂੰ ਹੋਰ ਅਧਿਕਾਰ ਮਿਲਦੇ ਗਏ। ਇਹਨਾਂ ਦਾ ਦਾਬਾ ਹੋਰ ਵਧਦਾ ਜਾਵੇਗਾ। ਪਿੰਡ ਪੰਚਾਇਤਾਂ ਨੂੰ ਹੋਰ ਅਧਿਕਾਰ ਮਿਲਣ ਨਾਲ ਪਿੰਡ ਪ੍ਰਸ਼ਾਸ਼ਨ 'ਚ ਲੋਕਾਂ ਦੀ ਹੋਰ ਵੱਧ ਸ਼ਮੂਲੀਅਤ ਨਹੀਂ ਵਧੀ ਬਲਕਿ ਇਸ ਨਾਲ

ਠੀਕ ਉਲਟ ਲੋਕਾਂ 'ਤੇ ਪ੍ਰਭਾਵਸ਼ਾਲੀ ਲੋਕਾਂ ਦਾ ਦਬ-ਦਬਾਅ ਕਾਇਮ ਹੋ ਗਿਆ। ਇਸ ਨਾਲ ਵੀ ਕੋਈ ਫਰਕ ਨਹੀਂ ਪਿਆ ਕਿ ਇਹਨਾਂ ਥਾਵਾਂ 'ਚ ਦਲਿਤਾਂ ਜਾਂ ਔਰਤਾਂ ਨੂੰ ਰਾਖਵਾਂਕਰਨ ਦਿੱਤਾ ਗਿਆ। ਨਿੱਜੀ ਜਾਇਦਾਦ ਦੀ ਵਿਵਸਥਾ 'ਚ ਸਥਾਨਕ ਅਦਾਰਿਆਂ ਨੂੰ ਹੋਰ ਵੱਧ ਅਧਿਕਾਰਾਂ ਦਾ ਸਿਰਫ਼ ਇਕ ਹੀ ਸਿੱਟਾ ਨਿਕਲ ਸਕਦਾ ਹੈ- ਸਥਾਨਕ ਪ੍ਰਭਾਵਸ਼ਾਲੀ ਲੋਕਾਂ ਦੇ ਦਬਾਅ 'ਚ ਵਾਧਾ ਅਤੇ ਅਸਲ 'ਚ ਪੰਚਾਇਤੀ ਰਾਜ ਲਾਗੂ ਕਰਨ ਪਿੱਛੇ ਹਾਕਮਾ ਦੀ ਨੀਅਤ ਵੀ ਇਹੀ ਸੀ, ਉਪਰੀ ਤੌਰ 'ਤੇ ਚਾਹੇ ਕੁਝ ਵੀ ਪ੍ਰਚਾਰਿਆ ਗਿਆ ਹੋਵੇ। ਪੂਰੇ ਦੇਸ਼ ਵਾਂਗੂੰ ਪਿੰਡ 'ਚ ਵੀ ਲੋਕ ਵੱਖ-ਵੱਖ ਜਮਾਤਾਂ 'ਚ ਵੰਡੇ ਹੋਏ ਹਨ। ਇਕ ਪਾਸੇ ਅਮੀਰ, ਪ੍ਰਭਾਵਸ਼ਾਲੀ ਲੋਕ, ਦੂਜੇ ਪਾਸੇ ਹਨ ਗਰੀਬ ਲੋਕ। ਖੇਤੀਬਾੜੀ 'ਚ ਲੱਗੇ ਹੋਏ ਲੋਕਾਂ 'ਚ ਇਹਨਾਂ ਵੱਡੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਰੂਪ 'ਚ ਜਾਹਰ ਹੁੰਦਾ ਹੈ। ਪਿੰਡਾਂ 'ਚ ਲੋਕ ਜਦ ਗੈਰ ਖੇਤੀਬਾੜੀ ਧੰਦਿਆਂ 'ਚ ਲਗਦੇ ਹਨ ਤਾਂ ਇਹ ਪੂੰਜੀਪਤੀਆਂ ਤੇ ਮਜ਼ਦੂਰਾਂ ਦੇ ਰੂਪ 'ਚ ਜਾਹਰ ਹੁੰਦਾ ਹੈ। ਪਿੰਡ ਦੀ ਰਾਜਨੀਤੀ 'ਚ ਸਾਰੇ ਲੋਕ ਇਕੋ ਜਿੰਨੇ ਬਰਾਬਰ ਨਹੀਂ ਹੁੰਦੇ। ਪ੍ਰਭਾਵਸ਼ਾਲੀ ਲੋਕਾਂ ਦਾ ਦਬ-ਦਬਾਅ ਨਾ ਸਿਰਫ਼ ਪਿੰਡਾਂ 'ਚ ਕਾਇਮ ਹੁੰਦਾ ਹੈ ਬਲਕਿ ਉਹ ਪਿੰਡ ਤੋਂ ਬਾਹਰੋਂ ਬਲਕਿ ਪਿੰਡਾਂ ਦੇ ਕਾਡਰ ਦੀ ਰਾਜਸੀ-ਪ੍ਰਸਾਸ਼ਨਿਕ ਤੰਤਰ ਦੇ ਨਾਲ ਜੁੜੇ ਹੁੰਦੇ ਹਨ ਅਤੇ ਉਥੇ ਤਾਕਤ ਹਾਸਲ ਕਰਦੇ ਹਨ। ਪ੍ਰਸਾਸ਼ਨਿਕ ਇਲਾਕਿਆਂ ਵਿੱਚ ਉਸ ਦੇ ਸਬੰਧੀ ਰਿਸ਼ਤੇਦਾਰੀਆਂ ਹੁੰਦੀਆਂ ਹਨ ਕਿ ਰਾਜਸੀ ਤਾਣੇ ਬਾਣੇ 'ਚ ਉਹ ਖੁਦ ਹੇਠਲੇ ਪਾਏਦਾਨ 'ਤੇ ਹੁੰਦੇ ਹਨ। ਪੂੰਜੀਵਾਦੀ ਰਾਜਸੀ ਪਾਰਟੀਆਂ ਦੇ ਨੇਤਾਵਾਂ ਦਾ ਜੋਰ ਉਹਨਾਂ 'ਤੇ ਆ ਕੇ ਖ਼ਤਮ ਹੁੰਦਾ ਹੈ।

ਇਹਨਾਂ ਸਾਰੇ ਕਾਰਨਾਂ ਕਰਕੇ ਪਿੰਡ ਦੀ ਰਾਜਨੀਤੀ ਇਹਨਾਂ ਪ੍ਰਭਾਵਸ਼ਾਲੀ ਲੋਕਾਂ ਦੇ ਕੰਟਰੋਲ ਵਿੱਚ ਹੁੰਦੀ ਹੈ। ਪਿੰਡ ਪੰਚਾਇਤਾਂ 'ਤੇ ਇਹਨਾਂ ਦਾ ਕਬਜਾ ਹੁੰਦਾ ਹੈ। ਜੇ ਇਹ ਖੁਦ ਸਰਪੰਚ ਜਾਂ ਮੁਖੀ ਨਹੀਂ ਹੁੰਦੇ ਤਾਂ ਇਨ੍ਹਾਂ ਦੇ ਕੰਟਰੋਲ ਦਾ ਕੋਈ ਵੀ ਬੰਦਾ ਇਹਨਾਂ ਅਹੁਦਿਆਂ 'ਤੇ ਹੁੰਦਾ। ਇਹ ਵੱਡੇ ਲੋਕ (ਅਸਰਦਾਸ ਲੋਕ) ਵੋਟ ਖਰੀਦ ਸਕਦੇ ਹਨ। ਡਰਾਅ ਧਮਕਾ ਕੇ ਹਾਸਲ ਕਰ ਸਕਦੇ ਹਨ। ਜਾਂ ਲਾਲਚ ਦੀ ਵਰਤੋਂ ਕਰ ਸਕਦੇ ਹਨ। ਅਜਿਹੇ 'ਚ ਭਾਗੀਦਾਰੀ ਵਾਲੀ ਜਮਹੂਰੀਅਤ ਇਸ 'ਚ ਕਈ ਭੂਮਿਕਾ ਅਦਾ ਕਰ ਸਕਦੀ ਹੈ? ਕੀ ਇਹ ਪਿੰਡਾਂ ਦੇ ਵੱਡੇ ਲੋਕਾਂ ਦੇ ਪਿੰਡ ਪੰਚਾਇਤਾਂ 'ਤੇ ਕੰਟਰੋਲ ਨੂੰ ਖ਼ਤਮ ਕਰ ਸਕਦਾ ਹੈ? ਕੀ ਇਹ ਗਰੀਬ ਤੇ ਬੇਜ਼ਮੀਨੇ ਲੋਕਾਂ ਨੂੰ ਵੱਡੇ ਪ੍ਰਭਾਵਸ਼ਾਲੀ ਲੋਕਾਂ ਦੇ ਪੱਧਰ 'ਤੇ ਲਿਆ ਸਕਦਾ ਹੈ। ਸੁਭਾਵਿਕ ਹੈ ਕਿ ਨਿੱਜੀ ਸੰਪਤੀ ਦੀ ਵਿਵਸਥਾ ਨੂੰ ਮਾਨਤਾ ਦੇਣ ਵਾਲੇ ਵਲੋਂ ਇਹ ਜ਼ਰਾ ਵੀ ਨਹੀਂ ਕੀਤਾ ਜਾ ਸਕਦਾ। ਜੇ ਕਿਤੇ ਵੀ ਅਮੀਰ ਲੋਕਾਂ ਦਬਦਬਾ ਵਾਲਿਆਂ ਤੇ ਜਾਇਦਾਦ ਦੇ ਮਾਲਕਾਂ ਦੀਆਂ ਸਾਰੀਆਂ ਚਾਲਾਂ ਨੂੰ ਕਟਦੇ ਹੋਇਆ ਜੇ ਲੋਕਾਂ ਨੂੰ ਜਥੇਬੰਦ ਕਰਕੇ ਵੀ ਬਸ ਏਨਾ ਹੋਵੇਗਾ ਕਿ ਫੌਰੀ ਤੌਰ 'ਤੇ ਕੁਝ ਭ੍ਰਿਸ਼ਟਾਚਾਰ ਨੂੰ ਰੋਕਿਆ ਜਾ ਸਕੇਗਾ ਪਰ ਕੁਝ ਸਮੇਂ ਪਿੱਛੋਂ ਇਹ ਵੀ ਨਹੀਂ ਹੋਣਾ ਕਿਉਂਕਿ ਨਿੱਜੀ ਜਾਇਦਾਦ ਦੇ ਦਬਾਅ ਹੇਠ ਜਨਤਕ ਲਾਮਬੰਦੀ ਖਿੰਡ ਜਾਵੇਗੀ। ਕੁਝ ਲਾਲਚ ਤੇ ਕੁਝ ਡਰ ਰਾਹੀਂ ਉਹਨਾਂ ਦੀ ਏਕਤਾ ਭੰਗ ਕਰ ਦਿੱਤੀ ਜਾਵੇਗੀ। ਅਜਿਹੇ 'ਚ ਲੋਕ ਭਾਗੀਦਾਰੀ ਸਿਰਫ਼ ਏਨੀ ਬਚੇਗੀ ਕਿ ਸਮੇਂ ਸਮੇਂ ਸਿਰ ਲੋਕਾਂ ਨੂੰ ਇਕੱਠਾ ਕਰਕੇ ਉਹਨਾਂ ਤੋਂ ਉਹਨਾਂ ਗੱਲਾਂ 'ਤੇ ਹੱਥ ਉਠਾਇਆ ਜਾਵੇ ਜੋ ਪਹਿਲਾਂ ਤੋਂ ਤਹਿ ਕੀਤੇ ਜਾ ਚੁੱਕੇ ਹਨ। ਹਿੱਸੇਦਾਰੀ ਲਈ ਗੈਰ ਸਰਕਾਰੀ ਸੰਗਠਨਾ

ਦੀ ਕੋਸ਼ਿਸ਼ ਸਿਰਫ਼ ਇਹੀ ਹਾਸਲ ਕਰ ਸਕਦੀ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਨਿੱਜੀ ਜਾਇਦਾਦ ਦੇ ਰਹਿੰਦਿਆਂ ਜਨਤਕ ਭਾਗੀਦਾਰੀ ਦੀ ਗੱਲ ਬਿਲਕੁਲ ਧੋਖਾ ਹੈ ਅਤੇ ਇਸ ਨੂੰ ਸਰਮਾਏਦਾਰਾਂ ਵਲੋਂ ਕੀਤੇ ਜਾਂਦੇ ਪ੍ਰਚਾਰ ਤੋਂ ਵੱਧ ਮਹੱਤਵ ਨਹੀਂ ਦਿੱਤਾ ਜਾ ਸਕਦਾ। ਅਸਲ 'ਚ ਆਮ ਤੌਰ 'ਤੇ ਰਾਜ ਤੇ ਖਾਸ ਕਰਕੇ ਪੂੰਜੀਵਾਦ ਰਾਜ ਦੇ ਆਪਣੇ ਕਿਰਦਾਰ ਕਾਰਨ ਅਜਿਹਾ ਹੁੰਦਾ ਹੈ ਕਿ ਇਹ ਜ਼ਿਆਦਾਤਰ ਲੋਕਾਂ ਨੂੰ ਰਾਜ ਭਾਗ ਨੂੰ ਚਲਾਉਣ ਤੋਂ ਵੰਚਿਤ ਕਰਕੇ ਇਸ ਨੂੰ ਕੁਝ ਉਚ ਲੋਕਾਂ ਦੇ ਮਾਹਰਾਂ ਦੇ ਹੱਥਾਂ 'ਚ ਸੌਂਪ ਦਿੰਦਾ ਹੈ। ਇਕ ਰੂਪ 'ਚ ਰਾਜ ਨਿੱਜੀ ਜਾਇਦਾਦ ਦਾ ਸਿੱਟਾ ਹੈ। ਜੋ ਦੂਜੇ ਰੂਪ 'ਚ ਇਸ ਸਮਾਜ 'ਚ ਵਧਦੀ ਕਿਰਤ ਵੰਡ ਦਾ ਸਿੱਟਾ ਹੈ।

ਨਿੱਜੀ ਜਾਇਦਾਦ ਦੀ ਪ੍ਰਣਾਲੀ 'ਚ ਇਹ ਕਿਰਤ ਵੰਡ ਸਾਰੇ ਸਮਾਜ ਦੇ ਸੰਚਾਲਨ ਦਾ ਸੰਚਾਲਨ ਕੁਝ ਵਿਸ਼ੇਸ਼ ਲੋਕਾਂ ਦੇ ਹੱਥ 'ਚ ਸੌਂਪ ਦਿੰਦਾ ਹੈ ਜੋ ਕੁਝ ਇਸ ਰੂਪ 'ਚ ਸੰਚਾਲਨ ਕਰਦੇ ਹਨ ਕਿ ਨਿੱਜੀ ਜਾਇਦਾਦ ਤੇ ਉਸ ਦੇ ਮਾਲਕ ਸੁਰੱਖਿਅਤ ਰਹਿਣ। ਪੂੰਜੀਵਾਦ ਰਾਜ ਮਸ਼ੀਨਰੀ ਤੇ ਹੋਰ ਵੱਧ ਵਿਸ਼ਾਲ ਤੇ ਜਟਿਲ ਤੇ ਸਰਭ-ਵਿਆਪੀ ਹੋ ਜਾਂਦੀ ਹੈ। ਇਸ ਲਈ ਹੋਰ ਵੱਧ ਮਾਹਰਾਂ ਦੀ ਲੋੜ ਹੁੰਦੀ ਹੈ। ਨਾਲ ਹੀ ਨਿੱਜੀ ਜਾਇਦਾਦ ਦੀ ਰਾਖੀ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਵਿਆਪਕ ਲੋਕਾਂ ਨੂੰ ਇਸ ਰਾਜ ਮਸ਼ੀਨਰੀ ਤੋਂ ਦੂਰ ਰੱਖਿਆ ਜਾਵੇ। ਜਦ ਸਰਕਾਰ ਦਾ ਸੰਸਦੀ ਚੁਣਾਵੀ ਤਰੀਕਾ ਅਪਣਾਇਆ ਜਾਂਦਾ ਹੈ ਤਦ ਵੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਚੁਣੇ ਜਾਣ ਵਾਲੇ ਲੋਕ ਪੇਸ਼ਾਵਰ ਸਿਆਸੀ ਤੇ ਖੁਦ ਚੁਣੇ ਹੋਏ ਨੁਮਾਇੰਦੇ ਵੀ ਸਥਾਈ ਮਸ਼ੀਨਰੀ ਦੇ ਵਿਰੋਧ 'ਚ ਨਾ ਜਾਣ। ਜੇ ਕਦੀ ਉਹ ਅਜਿਹਾ ਕਰਦੇ ਹਨ ਤਾਂ ਪਾਰਲੀਮਾਨੀ ਜਮਹੂਰੀਅਤ ਨੂੰ ਬਿਨਾਂ ਰਿਆਇਤ ਦੇ ਖ਼ਤਮ ਕਰ ਦਿੱਤਾ ਜਾਂਦਾ ਹੈ ਬਾਕੀ ਦਾ ਵੱਧ ਅਹਿਮ ਹਿੱਸਾ ਸਰਕਾਰ ਚਲਾਉਂਦੀ ਰਹਿੰਦੀ ਹੈ। ਇਸ ਤਰ੍ਹਾਂ ਕਿਹਾ ਜਾਵੇ ਤਾਂ ਪੂੰਜੀਵਾਦੀ ਰਾਜ ਆਪਣੀ ਪ੍ਰੀਭਾਸ਼ਾ 'ਚ ਹੀ ਅਜਿਹਾ ਹੈ ਕਿ ਰਾਜਭਾਗ ਚਲਾਉਣ ਵਿੱਚ ਵਿਆਪਕ ਜਨਤਾ ਭਾਗੀਦਾਰੀ ਨਹੀਂ ਕਰ ਸਕਦੀ। ਉਹ ਸਿਰਫ਼ ਪ੍ਰਤੀਕ੍ਰਿਆਤਮਕ ਭਾਗੀਦਾਰੀ ਕਰ ਸਕਦੀ ਹੈ। ਇਹ ਪ੍ਰਤੀਕ੍ਰਿਆਤਮਕ ਭਾਗੀਦਾਰੀ ਪਾਰਲੀਮੈਂਟਰੀ ਚੋਣਾਂ ਵੇਲੇ ਹੀ ਹੋ ਸਕਦੀ ਹੈ। ਜਾਂ ਅਖੌਤੀ ਲੋਕ ਸ਼ਮੂਲੀਅਤ ਦੀ ਵੀ। ਰਾਜਕਾਲ 'ਚ ਵਿਸ਼ਾਲ ਲੋਕਾਂ ਦੀ ਸਿੱਧੀ ਜਾਂ ਅਸਲੀ ਸ਼ਮੂਲੀਅਤ ਦਾ ਮਤਲਬ ਹੋਵੇਗਾ ਕਿ ਵਿਆਪਕ ਲੋਕਾਈ ਵਲੋਂ ਸਾਰੇ ਮਸਲਿਆਂ ਨੂੰ ਆਪਣੇ ਹੱਥਾਂ 'ਚ ਲੈ ਲੈਣਾ ਪਰ ਸਭ ਵਰਗਾਂ 'ਚ ਵੰਡੀ ਨਿੱਜੀ ਜਾਇਦਾਦ ਵਾਲੇ ਸਮਾਜ 'ਚ ਕੀ ਹੋਵੇਗਾ। ਇਸ ਦੇ ਦੋ ਹੀ ਸਿੱਟੇ ਹੋ ਸਕਦੇ ਹਨ। ਲੁੱਟ-ਘਸੁੱਟ ਦਾ ਸ਼ਿਕਾਰ ਲੋਕਾਈ ਵਲੋਂ ਜਾਇਦਾਦ ਦੇ ਮਾਲਕਾਂ ਨੂੰ ਜਾਇਦਾਦ ਤੋਂ ਵਾਂਝੇ ਕਰਕੇ ਨਵਾਂ ਸਮਾਜ ਕਾਇਮ ਕਰਨਾ ਜਾਂ ਫਿਰ ਜਾਇਦਾਦ ਮਾਲਕਾਂ ਤੇ ਜਾਇਦਾਦ ਵਿਹੂਣਿਆਂ ਵਿਚਕਾਰ ਜਬਰਦਸਤ ਸੰਘਰਸ਼ 'ਚ ਦੋਹਾਂ ਦਾ ਖਾਤਮਾ। ਮਹਾਨ ਫਰਾਂਸੀਸੀ ਇਨਕਲਾਬ ਤੇ ਰੂਸ ਦੇ ਇਨਕਲਾਬ ਅਸਲ ਵਿੱਚ ਇਸ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਪਹਿਲਾਂ ਮਹਾਨ ਫਰਾਂਸੀਸੀ ਇਨਕਲਾਬ ਨੂੰ ਹੀ ਲਈਏ। ਇਹ ਇਨਕਲਾਬ ਆਜ਼ਾਦੀ, ਬਰਾਬਰੀ, ਭਰਾਤਰੀ ਭਾਵ 'ਤੇ ਅਧਾਰਤ ਨਾਹਰਿਆਂ ਦਾ ਇਨਕਲਾਬ ਸੀ ਫ਼ਰਾਂਸ ਦੇ ਅਠਾਰਵੀਂ ਸਦੀ ਦੇ ਮਹਾਨ ਦਾਰਸ਼ਨਿਕਾਂ ਨੇ ਇਹਨਾਂ ਨਾਹਰਿਆਂ ਨੂੰ ਸਥਾਪਤ ਅਤੇ ਪ੍ਰਚਾਰਨ ਦਾ ਕੰਮ ਕੀਤਾ। ਜਦ ਮਹਾਨ ਫਰਾਂਸਿਸ ਕ੍ਰਾਂਤੀ ਹੋਈ ਸੀ ਤਾਂ ਇਹਨਾਂ ਨਾਹਰਿਆਂ ਦੀਆਂ ਅੰਤਰ ਵਿਰੋਧਤਾਈ ਖੁਲ੍ਹ

ਕੇ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ।

ਉਭਰ ਰਹੇ ਪੂੰਜੀਪਤੀ ਨੇ ਸਤਾ 'ਤੇ ਕਬਜਾ ਕਰਨ ਦੇ ਇਨਕਲਾਬ ਨੂੰ ਇੱਥੋਂ ਤਕ ਹੀ ਸੀਮਤ ਕਰ ਦੇਣਾ ਚਾਹਿਆ ਸੀ। ਪਰ ਇਨਕਲਾਬ 'ਚ ਇਹ ਲੋਕ ਤਾਂ ਸ਼ਾਮਲ ਹੋ ਚੁੱਕੇ ਸਨ। ਇਸ ਨੂੰ ਇਉਂ ਹੀ ਲਾਂਭੇ ਨਹੀਂ ਕੀਤਾ ਜਾ ਸਕਦਾ ਸੀ। ਇਨਕਲਾਬ ਦੇ ਸ਼ੁਰੂ ਹੋਣ ਦੇ ਨਾਲ ਇਹਨਾਂ ਲੋਕਾਂ ਦਾ ਖਾਸ ਕਰਕੇ ਰਾਜਧਾਨੀ ਪੈਰਿਸ ਦੇ ਗਰੀਬ ਲੋਕਾਂ (ਛੋਟੇ ਦੁਕਾਨਦਾਰ ਦਸਤਕਾਰ ਤੇ ਮਜ਼ਦੂਰ) ਦਾ ਅਸਰ ਇਨਕਲਾਬ 'ਚ ਵਧਦਾ ਗਿਆ ਤੇ ਜੋ ਕੋਬਿਨ ਕਾਲ (1793-94) 'ਚ ਇਹ ਟੀਸੀ 'ਤੇ ਪਹੁੰਚ ਗਿਆ। ਜਦੋਂ ਲੋਕਾਂ ਨੇ ਉਸ ਚੀਜ਼ ਨੂੰ ਖਾਲਿਸ ਅੰਦਾਜ਼ 'ਚ ਨੇਪਰੇ ਚਾੜਿਆ ਜਿਸ ਨੂੰ ਅੱਜ ਸਾਂਝੀਦਾਰੀ ਜਾਂ ਭਾਗੀਦਾਰੀ ਵਾਲੀ ਜਮਹੂਰੀਅਤ ਕਿਹਾ ਜਾਂਦਾ ਹੈ। ਪੈਰਿਸ ਦੇ ਗਰੀਬ ਲੋਕਾਂ ਨੇ ਆਪਣੇ ਸੈਕਸ਼ੰਸ (ਜਿਸ 'ਚ ਪੈਰਿਸ ਨੂੰ ਚੋਣਾਂ ਲਈ ਵੰਡਿਆ ਗਿਆ ਸੀ) 'ਚ ਸਮੂਹਿਕ ਮੀਟਿੰਗ ਕਰਕੇ ਸਮੂਹਕ ਫੈਸਲੇ ਲਏ ਤੇ ਆਪਣੇ ਇਹਨਾਂ ਨੁਮਾਇੰਦਿਆਂ ਨੂੰ ਉਪਰ ਪਹੁੰਚਾਉਣ ਲਈ ਹੁਕਮ ਦਿੱਤਾ। ਉਸ ਨੇ ਇਹਨਾਂ ਨੁਮਾਇੰਦਿਆਂ ਦੀਆਂ ਕਾਰਗੁਜਾਰੀਆਂ ਦਾ ਮੁਲਅੰਕਣ ਕੀਤਾ। ਉਸ ਨੇ ਆਪਣੇ ਨੁਮਾਇੰਦਿਆਂ ਨੂੰ ਬਦਲਿਆ ਪਰ ਅਜਿਹਾ ਕਰਦਿਆਂ ਉਹਨਾਂ ਨੇ ਨਾ ਸਿਰਫ ਪੈਰਿਸ ਬਲਕਿ ਪੂਰੇ ਦੇਸ਼ ਦੇ ਭਵਿੱਖ ਦਾ ਫੈਸਲਾ ਕੀਤਾ। ਜਿਸ ਹੱਦ ਤੱਕ ਇਨਕਲਾਬ ਵਿਦੇਸ਼ੀਆਂ ਨਾਲ ਜੰਗ ਰਾਹੀਂ ਵਿਕਸਤ ਹੋ ਰਿਹਾ ਸੀ। ਉਸ ਹੱਦ ਤੱਕ ਉਸ ਨੇ ਯੂਰਪ ਦੇ ਇਤਿਹਾਸ ਨੂੰ ਵੀ ਬਦਲਿਆ। ਮਤਲਬ ਇਹ ਕਿ ਇਕ ਇਨਕਲਾਬੀ ਜਨਤਾ ਹੀ ਇਸ ਤਰ੍ਹਾਂ ਦੀ ਭਾਗੀਦਾਰੀ ਵਾਲੀ ਜਮਹੂਰੀਅਤ ਕਾਇਮ ਕਰ ਸਕਦੀ ਹੈ ਤੇ ਉਸ ਵਿੱਚ ਸਚਮੁੱਚ ਹਿੱਸੇਦਾਰੀ ਕਰ ਸਕਦੀ ਹੈ। ਇਕ ਅਜਿਹਾ ਇਨਕਲਾਬੀ ਜਨਤਾ ਜੋ ਇਕ ਪੁਰਾਣੇ ਸਮਾਜ ਨੂੰ ਤਹਿਸ ਨਹਿਸ ਕਰਕੇ ਨਵੇ ਨਰੋਏ ਸਮਾਜ ਦੀ ਸਿਰਜਨਾ ਕਰ ਸਕਦੀ ਹੈ। ਇਸ ਇਨਕਲਾਬੀ ਜਨਤਾ ਨੇ ਆਪਣੇ ਤੇ ਆਪਣੇ ਦੇਸ਼ ਦਾ ਭਵਿੱਖ ਸੱਚਮੁੱਚ ਆਪਣੇ ਹੱਥ ਵਿੱਚ ਲੈ ਲਿਆ ਸੀ। ਉਦੋਂ ਰਾਜ ਮਸ਼ੀਨਰੀ ਨੂੰ ਕੁੱਝ ਉਚ ਪੱਧਰ ਦੇ ਲੋਕ ਨਹੀਂ ਉਹ ਖੁਦ ਚਲਾ ਰਹੀ ਸੀ। ਸੁਭਾਵਿਕ ਸੀ ਕਿ ਇਹ ਇਨਕਲਾਬੀ ਲੋਕ ਸਰਮਾਏਦਾਰਾਂ ਦੇ ਹਿੱਤਾਂ ਤੋਂ ਪਹਿਲਾਂ ਆਪਣੇ ਹਿੱਤਾਂ ਨੂੰ ਪਹਿਲ ਦਿੰਦੇ। ਇਕ ਅਜਿਹੇ ਇਨਕਲਾਬ 'ਚ ਇਹ ਇਸਦੀ ਸਭ ਤੋਂ ਵੱਡੀ ਸੀਮਾ ਸੀ। ਜਿਸ ਦਾ ਮਕਸਦ ਪੂੰਜੀਵਾਦੀ ਸਮਾਜ ਕਾਇਮ ਕਰਨਾ ਸੀ। ਪੂੰਜੀਵਾਦੀ ਸਮਾਜ ਪੂੰਜੀਪਤੀ ਵਰਗ ਦੇ ਹਿੱਤਾਂ ਬਲੀ ਦੇ ਕੇ ਅਤੇ ਗ਼ਰੀਬ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾ ਕੇ ਨਹੀਂ ਕਾਇਮ ਕੀਤਾ ਜਾ ਸਕਦਾ ਸੀ ਭਾਵੇਂ ਹੀ ਫੌਰੀ ਤੌਰ 'ਤੇ ਪੂੰਜੀਵਾਦੀ ਇਨਕਲਾਬ ਨੂੰ ਨੇਪਰੇ ਚੜ੍ਹਾਉਣ ਲਈ ਮਾਮਲੇ ਦਾ ਇਸ ਹੱਦ ਤੱਕ ਜਾਣਾ ਜ਼ਰੂਰੀ ਸੀ। ਪੂੰਜੀਵਾਦੀ ਕ੍ਰਾਂਤੀ 'ਚ ਲੋਕਾਂ ਦੀ ਸ਼ਮੂਲੀਅਤ ਨੇ ਪੂੰਜੀਵਾਦ ਦਾ ਖਾਤਮਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਵੱਡੀ ਕਰਵਟ ਲਈ। ਇਹ ਭਿਅੰਕਰ ਮਾਰ ਧਾੜ ਦੇ ਪਿੱਛੋਂ ਇਨਕਲਾਬ 'ਚ ਗਰੀਬ ਜਨਤਾ ਦੀ ਇਹ ਭੂਮਿਕਾ ਖ਼ਤਮ ਹੋ ਗਈ ਤੇ ਪੂੰਜੀਵਾਦੀ ਤਾਨਾਸ਼ਾਹੀ ਕਾਇਮ ਹੋ ਗਈ। ਪਿੱਛੋਂ ਇਸ ਰੁਝਾਣ ਨੂੰ ਅੱਗੇ ਵਧਾਉਂਦਿਆਂ ਨੇਪੋਲੀਅਨ ਬੋਨਾਪਾਰਟ ਹਾਕਮ ਬਣ ਬੈਠਾ।

ਰੂਸੀ ਕ੍ਰਾਂਤੀ 'ਚ ਲੋਕਾਂ ਨੇ ਆਪਣੇ ਆਪਾ ਨੂੰ ਦੂਜੀ ਤਰ੍ਹਾਂ ਨਾਲ ਆਪਣੀ ਹੋਣੀ ਆਪਣੇ ਹੱਥ 'ਚ ਲਈ। ਫਰਵਰੀ ਕ੍ਰਾਂਤੀ ਦੀ ਮਜ਼ਦੂਰ ਜਮਾਤ ਤੇ ਗ਼ਰੀਬ ਲੋਕਾਂ ਲਈ ਇਹ ਵਧੇਰੇ ਸਪਸ਼ਟ ਹੋ ਗਿਆ ਸੀ ਕਿ ਇਹ ਕ੍ਰਾਂਤੀ ਨਿੱਜੀ ਪੂੰਜੀ ਦੇ ਖਾਤਮੇ

ਲਈ ਅੱਗੇ ਜਾ ਵਧਦੀ ਤਾਂ ਇਹ ਕੁਝ ਖਾਸ ਹਾਸਲ ਨਹੀਂ ਕਰ ਸਕਦੀ ਸੀ। ਵਧ ਤੋਂ ਵੱਧ ਪੱਛਮੀ ਦੇਸ਼ਾਂ ਵਾਂਗੂ ਲੋਕ ਰਾਜ ਕਾਇਮ ਹੋ ਜਾਂਦਾ। ਪਰ ਸੋਵੀਅਤ 'ਚ ਲਾਮਬੰਦ ਲੋਕਾਂ ਨੂੰ ਇਹ ਮਨਜ਼ੂਰ ਨਹੀਂ ਸੀ। ਸੋਵੀਅਤਾਂ ਬੁਨਿਆਦੀ ਤੌਰ 'ਤੇ ਲੋਕ ਸ਼ਮੂਲੀਅਤ ਵਾਲੀਆਂ ਸੰਸਥਾਵਾਂ ਸਨ। ਉਹ ਕ੍ਰਾਂਤੀ ਕਾਲ 'ਚ ਪੈਦਾ ਹੋਈ ਅਤੇ ਕ੍ਰਾਂਤੀ ਦਾ ਔਜਾਰ ਸੀ। ਅੰਤ ਲੋਕਾਂ ਆਪਣੀ ਹੋਣ ਦਾ ਫੈਸਲਾ ਖੁਦ ਆਪ ਕਰਨ ਨਿਕਲੇ ਲੋਕਾਂ ਨੇ ਜੋ ਸੋਵੀਅਤ 'ਚ ਜਥੇਬੰਦ ਸਨ, ਉਸ ਨੇ ਸਰਮਾਏਦਾਰ ਜਮਾਤ ਨੂੰ ਸਤਾ ਤੋਂ ਭਜਾ ਕੇ ਸਤਾ ਆਪਣੇ ਹੱਥ 'ਚ ਲੈ ਲਈ ਤੇ ਨਿੱਜੀ ਜਾਇਦਾਦ ਤੋਂ ਮੁਕਤ ਇਕ ਸਮਾਜਕ ਪ੍ਰਬੰਦ 'ਚ ਲੱਗ ਗਈ। ਇਹਨਾਂ ਦੋਹਾਂ ਇਨਕਲਾਬਾਂ ਦੇ ਇਤਿਹਾਸ ਤੋਂ ਸਪਸ਼ਟ ਹੈ ਕਿ ਸਿਰਫ਼ ਕ੍ਰਾਂਤੀਕਾਰੀ ਲੋਕ ਹੀ ਅਸਲ ਭਾਗੀਦਾਰੀ ਵਾਲਾ ਲੋਕਰਾਜ ਕਾਇਮ ਕਰ ਸਕਦੀ ਹੈ। ਇਹ ਲੋਕ ਇਨਕਲਾਬ ਨੇਪਰੇ ਚਾੜ ਕੇ ਆਪਣੇ ਭਵਿੱਖ ਦੀ ਉਸਾਰੀ ਖੁਦ ਕਰਨ ਦੇ ਲਈ ਨਹੀਂ ਨਿਕਲੀ ਤਾਂ 'ਭਾਗੀਦਾਰੀ ਵਾਲੀ ਜਮਹੂਰੀ ਅਤੇ' ਸਿਰਫ਼ ਮਾਖੌਲ, ਪੂੰਜੀਵਾਦੀ ਜਮਾਤ ਦੇ 'ਧੋਖੇ ਦੀ ਟੱਟੀ' ਤੇ ਗੈਰ ਸਰਕਾਰੀ ਸੰਗਠਨਾ ਦਾ ਮਾਇਆ ਜਾਲ ਹੀ ਹੋਵੇਗਾ। ਲੋਕਾਂ ਤੋਂ ਹਕੂਮਤ-ਸਮਾਜਕ ਚਲਾਉਣ 'ਚ ਸ਼ਮੂਲੀਅਤ ਦੀ ਮੰਗ ਕਰਨਾ ਤੇ ਪੂੰਜੀਵਾਦ ਨੂੰ ਉਵੇਂ ਹੀ ਛੱਡ ਦੇਣਾ। ਇਹ ਲੋਕਾਂ ਨਾਲ ਭੱਦਾ ਮਜ਼ਾਕ ਹੈ ਪਰ ਜਦ ਪੂੰਜੀਪਤੀ ਜਮਾਤ ਅੱਜ ਇਤਿਹਾਸਕ ਤੌਰ 'ਤੇ ਆਖਰੀ ਘੜੀਆਂ ਗਿਣ ਰਿਹਾ ਹੋਵੇ ਤਾਂ ਇਹ ਵੀ ਸੁਭਾਵਿਕ ਹੈ ਕਿ ਇਹ ਮਜ਼ਦੂਰ ਜਮਾਤ ਨੂੰ ਭਰਮ 'ਚ ਪਾਉਣ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਅਪਣਾਵੇ।

# ਪਿੱਛਾ ਕਰਦੀ ਦਹਿਸ਼ਤ ਕਦੋਂ ਤੱਕ?

ਰਾਮ ਸਿੰਘ ਉਰਫ ਵਿਜੇ ਨੇ ਰਾਧਿਕਾ ਤੰਵਰ ਨੂੰ ਸਭ ਤੋਂ ਪਹਿਲਾਂ 2007 'ਚ ਵੇਖਿਆ ਅਤੇ ਇਕ ਜੀਨਜ ਫੈਕਟਰੀ 'ਚ ਕੰਮ ਕਰਨ ਵਾਲਾ ਇਹ 20 ਸਾਲਾ ਮਜ਼ਦੂਰ ਉਸ 'ਤੇ ਲੋਟੂ ਹੋ ਗਿਆ ਸੀ। ਉਹ ਉਸ ਦਾ ਪਿੱਛਾ ਕਰਨ ਲੱਗਿਆ। ਉਸੇ ਬੱਸ 'ਤੇ ਸਫ਼ਰ ਸਫ਼ਰ ਕਰਨ ਲੱਗਿਆ ਜਿਸ 'ਤੇ ਉਹ ਜਾਂਦੀ ਸੀ। ਇੱਥੋਂ ਤੱਕ ਕਿ ਉਸ ਨੂੰ ਪ੍ਰੇਮ ਪੱਤਰ ਵੀ ਭੇਜਣ ਲੱਗਿਆ। ਇਸ ਸਾਲ 5 ਮਾਰਚ ਨੂੰ ਵੀ ਉਸ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਪ੍ਰੇਸ਼ਾਨ ਕਰਨ ਲੱਗਾ। ਰਾਧਿਕਾ ਹਮੇਸ਼ਾ ਉਸ ਪ੍ਰਤੀ ਉਦਾਸੀਨ ਰਹੀ। 8 ਮਾਰਚ ਨੂੰ ਉਸ ਨੇ ਰਾਧਿਕਾ ਨੂੰ ਦਿਲੀ ਉਸਦੇ ਕਾਲਜ ਤੋਂ ਸਿਰਫ਼ 200 ਮੀਟਰ ਦੀ ਦੂਰੇ 'ਤੇ ਗੋਲੀ ਮਾਰ ਦਿੱਤੀ। ਰਾਧਿਕਾ ਦੇ ਪਿਤਾ 45 ਸਾਲ ਰਜਿੰਦਰ ਸਿੰਘ ਤੰਵਰ ਅਤੇ ਮਾਂ 40 ਸਾਲ ਮਮਤਾ ਦਾ ਕਹਿਣਾ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਹਨਾਂ ਦੀ ਬੇਟੀ ਦਾ ਪਿੱਛਾ ਕੀਤਾ ਜਾਂਦਾ ਸੀ। ਜੇ ਸਾਨੂੰ ਇਹ ਪਤਾ ਹੁੰਦਾ ਤਾਂ ਅਸੀਂ ਇਹ ਹੋਣ ਹੀ ਨਾ ਦਿੰਦੇ। ਕੀ ਰਾਧਿਕਾ ਨੂੰ ਡਰ ਸੀ ਕਿ ਉਸ ਦੀ ਅਜ਼ਾਦੀ ਖੁਸ਼ ਜਾਵੇਗੀ? ਦਿਲੀ ਦੇ ਅਪਰਾਧ ਮਨੋਵਿਗਿਆਨੀ ਰਜਤ ਮਿਸ਼ਰਾ ਅਨੁਸਾਰ, "ਲਗਾਤਾਰ ਪਿੱਛਾ ਕਰਨਾ ਸਮਾਜ ਨੂੰ ਸੰਕੇਤ ਦਿੰਦਾ ਹੈ ਕਿ ਇਕ ਬਲਾਤਕਾਰੀ ਤੇ ਹਤਿਆਰਾ ਜਨਮ ਲੈ ਚੁੱਕਿਆ ਹੈ।" ਪਿੱਛਾ ਕਰਨ ਵਾਲੇ ਨੂੰ ਹੱਤਿਆ ਕਰਨ ਦਾ ਕੋਈ ਅਫਸੋਸ ਨਹੀਂ ਹੁੰਦਾ। ਕਿਉਂਕਿ ਉਹ ਮੰਨਦਾ ਹੈ ਕਿ "ਲੜਕੀ ਉਸ ਦੀ ਨਹੀਂ ਹੋਈ ਤਾਂ ਕਿਸੇ ਦੀ ਵੀ ਨਾ ਹੋ ਸਕੇ।" ਫੇਸਬੁਕ ਦੇ ਇਸ ਯੁੱਗ 'ਚ ਲਗਾਤਾਰ ਪਿੱਛਾ ਕਰਨ ਦੇ ਨਵੇਂ ਤੇ ਖਤਰਨਾਕ ਆਯਾਮ ਪੈਦਾ ਹੋ ਚੁੱਕੇ ਹਨ। ਪਿੱਛਾ ਕਰਨਾ, ਘਟੀਆ ਐਸ. ਐਮ. ਐਸ. ਭੇਜਣ ਤੇ ਦੇਰ ਰਾਤ ਫੋਨ ਕਰਨ ਤੋਂ ਇਲਾਵਾ ਠੁਕਰਾਏ ਗਏ ਪ੍ਰੇਮੀ ਪੀੜਤਾ ਦੇ ਫਰਜੀ ਸਾਈਬਰ ਪ੍ਰੋਫਾਇਲ ਬਣਾ ਦਿੰਦੇ ਹਨ ਅਤੇ ਉਸ ਦੀਆਂ ਨਿੱਜੀ ਜਾਣਕਾਰੀਆਂ ਜਾਂ ਸ਼ਾਦੀ ਦੇ ਪ੍ਰਸਤਾਵ ਦੇ ਚਿਤਰ ਪ੍ਰਕਾਸ਼ਿਤ ਕਰ ਦਿੰਦੇ ਹਨ। ਜ਼ਿਆਦਾਤਰ ਕੇਸਾਂ 'ਚ ਇਹ ਖਾੜਕੂ ਰੂਪ ਲੈ ਲੈਂਦਾ ਹੈ। 22 ਸਾਲਾ ਮਨੀਸ਼ ਨੂੰ ਪਟਨਾ 'ਚ ਸੀ. ਆਰ. ਪੀ. ਐਫ ਦੇ ਸਿਪਾਹੀ ਜਸਵੰਤ ਸਿੰਘ ਨੇ ਇਸ ਕਾਰਨ ਗੋਲੀ ਨਾਲ ਉਡਾ ਦਿੱਤਾ ਕਿ, ਕਿਉਂਕਿ ਮਨੀਸ਼ਾ ਨੇ ਉਸ ਦੀ ਪਹਿਲ ਕਦਮੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਕੌਮੀ ਖੇਡਾਂ ਲਈ ਮਨੀਸ਼ਾ ਦੇ ਰਾਂਚੀ ਜਾਣ ਤੋਂ ਇਕ ਦਿਨ ਪਹਿਲਾਂ 9 ਫਰਵਰੀ 2011 ਨੇ ਉਸ ਨੂੰ ਟੋਕਿਆ ਤੇ ਉਸ ਤੋਂ ਉਸ ਦਾ ਮੋਬਾਇਲ ਨੰ: ਪੁੱਛਿਆ। ਇਹ ਜਵਾਨ ਪਿਛਲੇ ਕੁਝ ਸਮੇਂ ਤੋਂ ਉਸ ਦਾ ਪਿੱਛਾ ਕਰਦਾ ਆ ਰਿਹਾ ਸੀ ਪਰ ਮਨੀਸ਼ਾ ਨੇ ਆਪਣਾ ਸਾਰਾ ਧਿਆਨ ਆਪਣੀ ਖੇਡ 'ਤੇ ਇਸ ਤਰ੍ਹਾਂ ਲਾ ਰੱਖਿਆ ਸੀ ਕਿ ਉਹ ਹਤਿਆਰੇ ਦੇ ਇਰਾਦਿਆਂ ਨੂੰ ਭਾਂਪ ਨਾ ਸਕੀ। ਜਦ ਮਨੀਸ਼ਾ ਨੇ ਜਸਵੰਤ ਸਿੰਘ ਤੇ ਨਰਾਜ਼ਗੀ ਜਤਾਈ ਤਾਂ ਉਸ ਨੇ ਗੁੱਸੇ 'ਚ ਅੰਨੇ ਹੋ ਕੇ ਉਸ 'ਤੇ ਪੰਜ ਗੋਲੀਆਂ ਦਾਗ ਦਿੱਤੀਆਂ। ਇਸ ਪਿੱਛੋਂ ਖੁਦਕੁਸ਼ੀ ਕਰ ਲਈ।

ਕੋਈ ਔਰਤ ਸੁਰੱਖਿਅਤ ਨਜ਼ਰ ਨਹੀਂ ਆਉਂਦੀ। ਅਗਸਤ 2010 'ਚ ਮੁੰਬਈ ਪੁਲਸ ਨੇ ਅਭਿਨੇਤਰੀ ਕੰਗਨਾ ਰਾਨੌਤ ਦਾ ਲਗਾਤਾਰ ਪਿੱਛਾ ਕਰਨ ਦੇ ਜੁਰਮ 'ਚ ਆਕਾਸ਼ ਭਾਰਦਵਾਜ ਨੂੰ ਗ੍ਰਿਫ਼ਤਾਰ ਕੀਤਾ। ਆਕਾਸ਼ ਕੰਗਨਾ ਨੂੰ ਚਿੱਠੀਆਂ ਲਿਖਦਾ ਰਹਿੰਦਾ ਸੀ। ਉਹ ਇਸ ਅਹਿਸਾਸ 'ਚ ਜਿਉਣ ਲੱਗਿਆ ਸੀ ਕਿ ਕੰਗਨਾ ਵੀ ਉਸ

ਨੂੰ ਪਿਆਰ ਕਰਦੀ ਹੈ। ਬੰਗਲੌਰ ਵਿੱਚ ਸਕੂਲ ਪੜ੍ਹਨ ਵਾਲੇ ਦੋ ਬੱਚਿਆਂ ਦੀ ਮਾਂ 36 ਸਾਲਾ ਰਿਤੂ ਗੁਪਤਾ – ਜੋ ਇਕੱਲੀ ਹੈ, ਨੂੰ ਇੱਕ 26 ਸਾਲਾ ਸਖਸ਼ ਦੇ ਕਾਰਨ ਆਪਣਾ ਸੈਲੂਨ ਬੰਦ ਕਰਕੇ ਦੂਜੇ ਸ਼ਹਿਰ 'ਚ ਵਸਣਾ ਪਿਆ ਜਦ ਰਿਤੂ ਨੇ ਸ਼ਾਦੀ ਦੇ ਉਸ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਤਾਂ ਉਸ ਨੇ ਉਸਨੂੰ ਤੇ ਉਸ ਦੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ। ਮੁੰਬਈ ਦੇ ਇਕ ਐਲ. ਐਚ. ਹੀਰਾਨੰਦੀ ਹਸਪਤਾਲ 'ਚ ਮਨੋਰੋਗਾਂ ਦੇ ਮਾਹਰ ਡਾ. ਹਰੀਸ਼ ਸ਼ੈਟੀ ਕਹਿੰਦੇ ਹਨ ਕਿ "ਬੇਹੱਦ ਤੇਜ ਭਾਵਨਾਵਾਂ ਲੰਬੇ ਸਮੇਂ ਤੱਕ ਬਣੀਆਂ ਰਹੀਆਂ ਹੋਣ ਤਾਂ ਕ੍ਰੋਧ ਤੇ ਹਿਤਾਸ਼ਾ 'ਚ ਬਦਲ ਜਾਂਦੀਆਂ ਹਨ ਕਿਉਂਕਿ ਇਕ ਤਰ੍ਹਾਂ ਦਾ ਸਨਕੀ ਜਨੂੰਨ ਪੈਦਾ ਹੋ ਗਿਆ ਹੁੰਦਾ ਹੈ।" ਪਿੱਛਾ ਕਰਨ ਵਾਲਿਆਂ ਦਾ ਕੋਈ ਅਕਸਰ ਅਸ਼ਾਂਤ ਇਤਿਹਾਸ ਵੀ ਹੁੰਦਾ ਹੈ। ਡਾ. ਸ਼ੈਟੀ ਕਹਿੰਦੇ ਹਨ "ਬਚਪਨ 'ਚ ਇਹਨਾਂ ਲੋਕਾਂ ਨੇ ਬਹੁਤ ਜ਼ਿਆਦਾ ਬੰਦਸ਼ਾ ਝੱਲੀਆਂ ਹੁੰਦੀਆਂ ਹਨ। ਉਹਨਾਂ ਅੰਦਰ ਦਮਿਦ ਕਾਮੁਕਤਾ ਹੁੰਦੀ ਹੈ ਅਤੇ ਉਹ ਆਪਣੇ ਵਿਅਕਤੀਤਵ 'ਚ ਅਧੂਰੇਪਣ ਦਾ ਵੀ ਅਨੁਭਵ ਕਰਦੇ ਹਨ।" ਪਿੱਛਾ ਕਰਨ ਦੇ ਦੋਸ਼ 'ਚ ਤਿਹਾੜ ਜੇਹਲ 'ਚ ਬੰਦ 43 ਲੋਕਾਂ ਨਾਲ ਗੱਲਬਾਤ ਕਰ ਚੁੱਕੇ ਮਿਤਾ ਮੰਨਦੇ ਹਨ ਕਿ ਪਿੱਛਾ ਕਰਨਾ ਬਲਾਤਕਾਰ ਦੇ ਬਰਾਬਰ ਹੀ ਹੁੰਦਾ ਹੈ। ਜਿਸਦਾ ਮਕਸਦ ਪੀੜਤ ਨੂੰ ਆਪਣੇ ਕਾਬੂ 'ਚ ਕਰਨਾ ਹੁੰਦਾ ਹੈ। ਬੰਬੇ ਹਾਈਕੋਰਟ ਨੇ 2008 'ਚ ਸੁਝਾਅ ਦਿੱਤਾ ਸੀ ਕਿ ਪਿਛਾ ਕਰਨ ਵਾਲਿਆ ਖਿਲਾਫ਼ ਸਖ਼ਤ ਕਾਨੂੰਨ ਦੀ ਲੋੜ ਹੈ ਪਰ ਇਸ ਦਿਸ਼ਾ 'ਚ ਕੋਈ ਖਾਸ ਪ੍ਰਾਪਤੀ ਨਹੀਂ ਹੋਈ ਹੈ। ਅਮਰੀਕਾ ਆਸਟ੍ਰੇਲੀਆ ਤੇ ਕੈਨੇਡਾ 'ਚ ਪਿੱਛਾ ਕਰਨ ਵਾਲਿਆਂ ਖਿਲਾਫ਼ ਸੁਪਰਭਾਸ਼ਿਤ ਕਾਨੂੰਨ ਹੈ ਜੋ ਪਿੱਛਾ ਕਰਨ ਨੂੰ ਅਪਰਾਧ ਮੰਨਦੇ ਹਨ। ਦਿੱਲੀ ਦੇ ਡੀ. ਸੀ. ਪੀ. (ਦੱਖਣੀ) ਐਚ. ਜੀ. ਐਸ. ਧਾਲੀਵਾਲ ਦਾ ਮੰਨਣਾ ਹੈ ਕਿ ਦੇਸ਼ 'ਚ ਮਹਿਲਾ ਛੇੜਛਾੜ ਖਿਲਾਫ਼ ਕਾਨੂੰਨ ਨੂੰ ਬਦਲਣ ਦੀ ਲੋੜ ਹੈ।" ਕਾਨੂੰਨ ਪਹਿਲੀ ਵਾਰ ਇਹ ਅਪਰਾਧ ਕਰਨ ਵਾਲੇ ਅਤੇ ਕਈ ਵਾਰ ਅਪਰਾਧ ਕਰ ਚੁੱਕੇ ਵਿਅਕਤੀ ਵਿਚਕਾਰ ਫਰਕ ਨਹੀਂ ਕਰਦਾ। ਇਸ ਅਪਰਾਧ ਨੂੰ ਰੋਕਣ ਲਈ ਸਖ਼ਤ ਕਾਨੂੰਨ ਦੀ ਲੋੜ ਹੈ।" ਪਿੱਛਾ ਕਰਨ ਵਾਲਿਆਂ ਨੂੰ ਪੁਲਸ 24 ਘੰਟੇ ਤਕ ਹਿਰਾਸਤ 'ਚ ਰੱਖ ਸਕਦੀ ਹੈ ਤੇ ਉਸ ਉੱਪਰ ਯੋਨ ਉਤਪੀੜਣ ਵਿਰੋਧੀ ਕਾਨੂੰਨ ਤਹਿਤ ਦੋਸ਼ ਲਾ ਸਕਦੀ ਹੈ। ਅਜਿਹੇ ਲੋਕਾਂ ਨੂੰ ਸਜਾ ਵੀ ਘੱਟ ਹੁੰਦੀ ਹੈ। ਇਹ ਵੀ ਇਕ ਅੜਚਨ ਹੈ।

ਕੌਮੀ ਅਪਰਾਧ ਬਿਊਰੋ ਵੱਲੋਂ ਕੀਤੀ ਗਈ ਰਿਪੋਰਟ ਦਸਦੀ ਹੈ ਕਿ ਯੌਨ ਲੁੱਟ ਦੇ ਸਿਰਫ਼ 49.2 ਫੀਸਦੀ ਕੇਸ਼ਾਂ ਵਿੱਚ ਹੀ ਸਜਾ ਹੋ ਸਕੀ ਹੈ ਹੋਰ ਤਾਂ ਹੋਰ ਬਲਾਤਕਾਰ ਦੇ ਦੋਸ਼ ਵਿੱਚ ਸਿਰਫ਼ 26.9 ਫੀਸਦੀ ਨੂੰ ਸਜਾ ਹੋ ਸਕਦੀ। ਜੋ ਔਰਤਾਂ ਸ਼ਕਾਇਤ ਕਰਦੀਆਂ ਹਨ ਉਹਨਾਂ ਨੂੰ ਹਰ ਕਿਸਮ ਦੇ ਸਿੱਟੇ ਭੁਗਤਣੇ ਪੈਂਦੇ ਹਨ ਜਿਵੇਂ ਕਿ 19 ਸਾਲਾ ਦੀ ਗੀਤਾ ਰਾਏ ਦੇ ਨਾਲ ਹੋਇਆ ਜਿਸ ਨੂੰ ਐਸ. ਐਮ. ਐਸ. ਰਾਹੀਂ ਪਿੱਛਾ ਕਰਨ ਵਾਲਿਆਂ ਤੋਂ ਪਿੱਛਾ ਛੁਡਾਉਣ ਲਈ ਆਪਣਾ ਨੰਬਰ ਚਾਰ ਵਾਰੀ ਬਦਲਣਾ ਪਿਆ ਜਦ ਉਹ ਪੁਲਸ ਥਾਣੇ ਗਈ ਤਾਂ ਉਸ ਨੇ ਵੇਖਿਆ ਕਿ ਪੁਲਸ ਨੂੰ ਉਹਨਾਂ ਨਾਲ ਕੋਈ ਹਮਦਰਦੀ ਨਹੀਂ ਸੀ। ਬਲਕਿ ਪੁਲਸ ਵਾਲੇ ਹੀ ਉਸ ਨੂੰ ਘੂਰਨ ਲੱਗੇ ਸਨ। ਤਾਮਿਲਨਾਡੂ 'ਚ ਇਕ ਕਸਟਮ ਅਧਿਕਾਰੀ ਨੂੰ ਜਿਸ ਦਾ ਪਿੱਛਾ ਇਕ ਉਚ ਅਫਸਰ ਕਰਦਾ ਸੀ। ਆਪਣੇ ਪਿੱਛੇ ਲੱਗੇ ਬੰਦੇ 'ਤੇ ਹਮਲਾ ਕੀਤੇ ਜਾਣ ਪਿੱਛੋਂ ਇਕ ਮਹੀਨੇ

ਤਕ ਹਸਪਤਾਲ 'ਚ ਦਾਖਲ ਰਹਿਣਾ ਪਿਆ ਸੀ। ਉਹ ਕਹਿੰਦੀ ਹੈ "ਦੋ ਮਹੀਨਿਆਂ ਤੋਂ ਵੱਧ ਹੋ ਚੁੱਕੇ ਹਨ ਪਰ ਮੈਂ ਖੌਫ ਤੋਂ ਅਜ਼ਾਦ ਨਹੀਂ ਹੋ ਸਕੀ ਹਾਂ।" ਚੇਨਈ 'ਚ ਇਕ ਮੁੱਖ ਆਈ. ਟੀ. ਕੰਪਨੀ 'ਚ ਕੰਮ ਕਰਨ ਵਾਲੀ 30 ਸਾਲਾ ਇਕ ਔਰਤ ਨੂੰ ਆਪਣੀ ਨੌਕਰੀ ਛੱਡਣੀ ਪਈ ਕਿਉਂਕਿ ਉਸ ਦੇ ਮਾਪਿਆਂ ਨੇ ਉਸ ਲਈ ਜਿਸ ਨੂੰ ਚੁਣਿਆ ਸੀ ਉਹੀ ਸਖਸ਼ ਉਸ ਦੇ ਪਿੱਛੇ ਪੈ ਗਿਆ ਸੀ ਕਿਉਂਕਿ ਉਸ ਨੇ ਕਿਸੇ ਹੋਰ ਨਾਲ ਸ਼ਾਦੀ ਕੀਤੀ। ਪਿਛਾ ਕਰਨ ਵਾਲੇ ਇਸ ਬੰਦੇ ਨੇ ਇਹਨਾਂ ਪਤੀ-ਪਤਨੀ ਨਾਲ ਦੋਸਤੀ ਕੀਤੀ ਤੇ ਤੋਹਫੇ ਲੈ ਕੇ ਉਹਨਾਂ ਦੇ ਘਰ ਜਾਣ ਲੱਗਿਆ। ਇਸ ਔਰਤ ਦਾ ਪਤੀ ਕਿਸੇ ਕੰਮ ਵਿਦੇਸ਼ ਗਿਆ ਸੀ ਤਾਂ ਉਸ ਨੇ ਉਸ ਔਰਤ 'ਤੇ ਹਮਲਾ ਕੀਤਾ। ਦਿੱਲੀ ਦੇ ਸ਼ਾਲੀਮਾਰ ਬਾਗ 'ਚ ਰਹਿਣ ਵਾਲੀ ਇਕ ਸੇਲਜ ਗਰਲ 27 ਸਾਲਾ ਨਰਾਇਣੀ ਨੂੰ ਆਪਣੇ ਕੇਸ ਇਸ ਕਾਰਨ ਕਟਵਾਉਣੇ ਪਏ ਕਿਉਂਕਿ ਉਸ ਦਾ ਪਿੱਛਾ ਕਰਨ ਵਾਲਾ ਕੋਈ ਅਗਿਆਤ ਬੰਦਾ ਉਸ ਨੂੰ ਰੋਜਾਨਾ 50 ਐਸ. ਐਮ. ਐਸ. ਭੇਜ ਕੇ ਉਸ ਦੇ ਵਾਲਾਂ ਦੀ ਤਰੀਫ਼ ਕਰਦਾ ਹੁੰਦਾ ਸੀ। ਜਦ ਉਹ ਇਸ 'ਤੇ ਵੀ ਨਹੀਂ ਰੁਕਿਆ ਤਾਂ ਉਸ ਨੇ ਆਪਣਾ ਫਲੈਟ ਨੰਬਰ ਬਦਲ ਲਿਆ ਅਤੇ ਕਿਸੇ ਹੋਰ ਫਲੈਟ 'ਚ ਰਹਿਣ ਲੱਗੀ। 23 ਸਾਲਾ ਸ਼ਿਲਪੀ ਤੇ 22 ਸਾਲਾ ਸ੍ਰੇਆ ਨੂੰ ਪ੍ਰਤਿਕਾਰ ਦਾ ਬੁਰਾ ਸਬਕ ਮਿਲਿਆ। ਪਿਛਲੇ ਸਤੰਬਰ 'ਚ ਕਾਲਕਾਜ਼ੀ 'ਚ ਸ਼ਾਮ 7 ਵਜੇ ਮੋਟਰਬਾਈਕ ਸਵਾਰ ਦੋ ਲੜਕਿਆਂ ਨੇ ਜਦ ਉਹਨਾਂ 'ਤੇ ਰੀਮਾਰਕਸ ਕਸੇ ਤਾਂ ਉਹਨਾਂ ਨੂੰ ਮੋੜਵਾਂ ਜੁਆਬ ਦਿੱਤਾ। ਇਹ ਲੜਕੇ ਉਸ ਸਮੇਂ ਤਾਂ ਚਲੇ ਗਏ ਪਰ ਪਿਛੋਂ ਵਾਪਸ ਮੁੜ ਕੇ ਸ਼੍ਰੇਆ ਨੂੰ ਪੇਟ 'ਚ ਮੁੱਕਾ ਮਾਰ ਕੇ ਜਖਮੀ ਕਰ ਦਿੱਤਾ। ਮੁੰਬਈ ਦਾ ਡਾਨਸਰ ਲੀਨਾ ਵਾਸਵਾਨੀ ਨੂੰ ਮਹੀਨਿਆਂ ਤਕ ਮਾਸਨਿਕ ਜਬਰ ਝਲਣਾ ਪਿਆ। ਉਹਨਾਂ ਦਾ ਪਿੱਛਾ ਕਰਨ ਵਾਲਾ ਉਹਨਾਂ ਨੂੰ ਚਿੱਠੀਆਂ ਤੇ ਗੁਲਦਸਤੇ ਭੇਜਦਾ ਸੀ। ਉਹ ਕਹਿੰਦੀ ਹੈ "ਮੈਂ ਕਾਫ਼ੀ ਪ੍ਰੇਸ਼ਾਨ ਹੋ ਗਈ ਸੀ" ਅਜਿਹਾ ਹੀ 27 ਸਾਲਾ ਦੀ ਦੀਪਾਲੀ ਦੇ ਨਾਲ ਹੋਇਆ। ਗ੍ਰਾਫਿਕ ਡਿਜ਼ਾਨਿਰ ਦੀਪਾਲੀ ਦਿਲੀ 'ਚ ਪੇਇੰਗ ਗੈਸਟ ਬਣ ਕੇ ਇਕੱਲੀ ਰਹਿੰਦੀ ਹੈ। 6 ਮਹੀਨੇ ਪਹਿਲਾਂ ਇਕ ਵਾਕਫਕਾਰ ਨੇ ਉਸ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪੁਲਸ ਦੀ ਮਦਦ ਨਾਲ ਉਸ ਨੂੰ ਰੋਕਣਾ ਪਿਆ। ਉਹ ਕਹਿੰਦੀ ਹੈ "ਮੈਂ ਬਹੁਤ ਪ੍ਰੇਸ਼ਾਨ ਹੋ ਗਈ ਸੀ। ਮੇਰੀ ਮਾਨਸਿਕ ਹਾਲਤ ਅਜਿਹੀ ਹੈ ਜਿਹੋ ਜਿਹੀ ਭੂਚਾਲ ਜਾਂ ਸੁਨਾਮੀ ਤੋਂ ਬਚ ਗਏ ਸਖ਼ਸ਼ ਦੀ ਹੁੰਦੀ ਹੈ। ਮੈਨੂੰ ਲੱਗਦਾ ਹੈ ਜਿਵੇਂ ਹਰ ਸਮੇਂ ਮੇਰਾ ਕੋਈ ਪਿਛਾ ਕਰ ਰਿਹਾ ਹੋਵੇ।" ਹੁਣ ਪਿਛਾ ਕਰਨ ਵਾਲਿਆਂ ਦੀ ਇਕ ਨਵੀਂ ਨਸਲ ਸਾਈਬਰ ਦੁਨੀਆਂ 'ਤੇ ਤਿਆਰ ਹੋ ਗਈ ਹੈ।

ਨਵੀਂ ਦਿੱਲੀ ਵਿੱਚ 23 ਸਾਲਾਂ ਦੀ ਇਕ ਐਮ. ਬੀ. ਏ. ਵਿਦਿਆਰਥਣ ਦਾ ਆਰਕੁਟ ਅਕਾਊਂਟ ਉਸ ਦੇ ਇਕ ਮਿੱਤਰ ਨੇ ਹੈਗ ਕਰ ਲਿਆ। ਉਸ ਦੀ ਤਸਵੀਰਾਂ ਨੂੰ ਤਰੋੜ ਮਰੋੜ ਕੇ ਅਸ਼ਲੀਲ ਬਣਾ ਦਿੱਤਾ ਤੇ ਉਸ 'ਤੇ ਅਸ਼ਲੀਲ ਸੰਦਸ਼ ਭੇਜ ਦਿੱਤੇ। ਕਰੀਬ ਦੋ ਮਹੀਨੇ ਤਕ ਸਹਿਣ ਕਰਨ ਪਿਛੋਂ ਉਸ ਨੇ ਪੁਲਸ ਨਾਲ ਸੰਪਰਕ ਕੀਤਾ ਤੇ ਪ੍ਰੇਸ਼ਾਨ ਕਰਨ ਵਾਲਾ ਘੇਰ ਲਿਆ ਗਿਆ। ਕੰਨੜ ਫਿਲਮ ਹੀਰੋਇਨ ਨਿਧੀ ਸੁਬੈਆ ਨੂੰ ਇੰਟਰਨੈੱਟ 'ਤੇ ਪ੍ਰੇਸ਼ਾਨ ਕਰਨ ਵਾਲਾ ਬੰਦਾ ਪੁਲਸ ਨੇ ਦੋ ਦਿਨ ਅੰਦਰ ਫੜ ਲਿਆ। ਇਕ ਹੋਰ ਹੀਰੋਇਨ ਰਮਆ ਨੂੰ ਐਸ. ਐਮ. ਐਸ. ਕਰਕੇ ਪ੍ਰੇਸਾਨ ਕਰਨ ਵਾਲਿਆਂ ਦੇ ਨੰਬਰ ਟ੍ਵੀਟ ਕਰਨੇ ਪਏ ਜਿਸ 'ਚ ਉਹਨਾਂ ਨੇ ਆਪਣੇ ਮਿਤਰਾਂ ਤੇ ਪ੍ਰਸ਼ੰਸਕਾਂ ਕਿਹਾ

“ਤਾਮਿਲ ਹੀਰੋਇਨ ਸਨੇਹਾ ਵੀ ਪ੍ਰੇਸ਼ਾਨ ਕਰਨ ਵਾਲਿਆਂ ਦਾ ਸ਼ਿਕਾਰ ਹੋਈ ਜੋ ਉਸ ਨੂੰ ਭੱਦੇ ਸੰਦੇਸ਼ ਐਸ. ਐਮ. ਐਸ. ਕਰਦਾ ਸੀ ਕਿਉਂਕਿ ਉਹ ਸਨੇਹਾ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ। ਚੇਨਈ ਪੁਲਸ ਨੇ ਇਸ ਸਖਸ਼ ਬੰਗਲੌਰ ਦੇ 35 ਸਾਲਾ ਰਿਅਲ ਇਸਟੇਟ ਕਾਰੋਬਾਰੀ ਰਾਘਵੈਂਦਰ ਨੂੰ ਗ੍ਰਿਫ਼ਤਾਰ ਕੀਤਾ। ਉਚ ਆਈ. ਪੀ. ਐਸ. ਅਧਿਕਾਰੀ ਮੀਰਾ ਬੋਰਵਣਕਰ, ਜੋ ਦੋ ਸਾਲ ਪਹਿਲਾਂ ਖੁਦ ਸਟਾਕਰ ਤੋਂ ਪ੍ਰੇਸ਼ਾਨ ਹੋ ਚੁੱਕੀ ਸੀ ਕਹਿੰਦੀ ਹੈ ਕਿ ਪਿੱਛਾ ਕਰਨ ਵਾਲਿਆਂ ਖਿਲਾਫ਼ ਇਕ ਸਖ਼ਤ ਕਾਨੂੰਨ ਬਣਾਇਆ ਜਾਣਾ ਜ਼ਰੂਰੀ ਹੈ। “ਜਦ ਮੇਰੇ ਵਰਗੀ ਪੁਲਸ ਅਧਿਕਾਰੀ ਇਸ ਦਾ ਸਾਹਮਣਾ ਕਰਦੀ ਹੈ ਤਾਂ ਰਾਧਿਕਾ ਤੰਵਰ ਵਰਗੀ ਨਾਗਰਿਕਤਾ ਲਾਜਮੀ ਖ਼ਤਰੇ ਦੇ ਦਾਇਰੇ ’ਚ ਹੈ। ਕਿਸੇ ਨੂੰ ਇਹ ਸਾਬਤ ਕਰਨ ਲਈ ਆਪਣੀ ਜਾਨ ਨਹੀਂ ਗਵਾਉਣੀ ਚਾਹੀਦੀ ਕਿ ਉਸ ਦਾ ਪਿੱਛਾ ਕੀਤਾ ਜਾ ਰਿਹਾ ਹੈ।” ਸਾਈਬਰ ਅਪਰਾਧ ਸ਼ਾਖਾ ਦੇ ਪੁਲਸ ਉਪਯੁਕਤ ਐਮ ਸੁਧਾਕਰ ਕਹਿੰਦੇ ਹਨ, “ਸਾਈਬਰ ਅਪਰਾਧ ਸ਼ਾਖਾ ਲਗਾਤਾਰ ਪਿੱਛਾ ਕੀਤੇ ਜਾਣ ਵਾਲਿਆਂ ਨੂੰ ਜਬਰ ਦੀ ਕਾਰਵਾਈ ਮੰਨਦੀ ਹੈ। ਜਿਸ ’ਚ ਘੱਟੋ ਘੱਟ ਸੱਤ ਸਾਲ ਦੀ ਕੈਦ ਦੀ ਵਿਵਸਥਾ ਹੈ।” ਹਾਲਾਂਕਿ ਸੁਧਾਕਰ ਇਹ ਵੀ ਕਹਿੰਦੇ ਹਨ ਕਿ ਇੰਟਰਨੈਟ ਤੋਂ ਪਿਛਾ ਕਰਨ ਦਾ ਸਬੂਤ ਕਿਸੇ ਗੰਭੀਰ ਅਪਰਾਧ ’ਚ ਨਹੀਂ ਜਾਂਦਾ ਹੈ। ਮਾਰਚ 2011 ’ਚ ਇਕ ਹਸਪਤਾਲ ਪ੍ਰਸਾਸ਼ਕ ਸਟੀਫਨ ਏਂਡ੍ਰੀਆਸਨ ਬ੍ਰਿਟੇਨ ’ਚ ਅਜਿਹਾ ਪਹਿਲਾ ਸਖਸ਼ ਹੈ ਜਿਸ ਨੂੰ ਬਲਾਗ ਰਾਹੀਂ ਆਪਣੀ ਸਾਬਕਾ ਗਰਲ ਫ੍ਰੈਂਡ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ੀ ਮੰਨ ਕੇ ਜੇਹਲ ਭੇਜਿਆ ਗਿਆ। ਭਾਰਤ ਨੂੰ ਇਸ ਮਾਮਲੇ ਤੋਂ ਸਬਕ ਲੈਣ ਦੀ ਲੋੜ ਹੈ।

# ਅਰਬ ਲੋਕ-ਬਗਾਵਤ ਪਿਛੇ ਕੀ ਹਨ ਕਾਰਨ?

ਅੱਜ ਅਸੀਂ ਅਰਬ ਲੋਕ ਬਗਾਵਤ ਪਿੱਛੇ ਅਰਬ ਜਗਤ ਦੇ ਗਵਾਹ ਬਣ ਰਹੇ ਹਾਂ। ਉਸ ਦੇ ਤਿੰਨ ਮੁਖ ਕਾਰਨ ਹਨ।

ਪਹਿਲਾ ਕਾਰਨ ਹੈ ਪੂਰੀ ਅਰਬ ਜਨਤਾ ਵਿੱਚ ਸਾਮਰਾਜ ਖਿਲਾਫ਼ ਭਿਅੰਕਰ ਨਫ਼ਰਤ। ਇਸ ਨਫ਼ਰਤ ਦਾ ਇਤਿਹਾਸ ਬਹੁਤ ਪੁਰਾਣਾ ਹੈ। ਉਨੀਵੀਂ ਸਦੀ ’ਚ ਅਰਬ ਜਗਤ ’ਚ ਤੇਲ ਦੀ ਖੋਜ ਹੋਈ ਅਤੇ ਇਸ ਪਿਛੋਂ ਸਾਮਰਾਜੀ ਤਾਕਤਾਂ ਨੇ ਇਸ ’ਤੇ ਦਾਬਾ ਜਮਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਉਸ ਪਿਛੋਂ ਹੋਰ ਸਾਮਰਾਜੀ ਤਾਕਤਾਂ ਵੀ ਅਰਬ ਜਗਤ ’ਚ ਦਾਖਲ ਹੋਈਆਂ। ਉਸ ਸਮੇਂ ਬ੍ਰਿਟੇਨ ਸਭ ਤੋਂ ਵੱਡੀ ਸਾਮਰਾਜੀ ਤਾਕਤ ਸੀ ਤੇ ਉਸ ਨੇ ਅਰਬ ਦੁਨੀਆਂ ਦਾ ਬਸਤੀਵਾਦੀ ਕਰਨ ਸ਼ੁਰੂ ਕਰ ਦਿੱਤਾ। ਉਨੀਵੀਂ ਸਦੀ ਦਾ ਅੱਧ ਆਉਂਦੇ ਆਉਂਦੇ ਅਰਬ ਜਗਤ ਨੂੰ ਬ੍ਰਿਟੇਨ ਫਰਾਂਸ ਤੇ ਇਟਲੀ ਆਪਣੇ–ਆਪਣੇ ਪ੍ਰਭਾਵ ਖੇਤਰਾਂ ’ਚ ਵੰਡੇ ਜਾ ਚੁੱਕੇ ਸਨ। ਦੂਜੇ ਸੰਸਾਰ ਯੁੱਧ ਦੇ ਖ਼ਾਤਮੇ ਤੇ ਉਸ ਪਿਛੋਂ ਦੇ ਵੀਹ ਸਾਲਾਂ ਤੱਕ ਉਹ ਸਾਮਰਾਜੀ ਸ਼ਕਤੀਆਂ ਤੇਲ ਸਮੇਤ ਅਰਬ ਜਗਤ ਦੀ ਕੁਦਰਤੀ ਧਨ ਦੌਲਤ ਨੂੰ ਬੇਤਹਾਸ਼ਾ ਲੁਟਦੀਆਂ ਰਹੀਆਂ ਤੇ ਉਥੇ ਦੇ ਲੋਕਾਂ ਦੀ ਭਿਅੰਕਰ ਲੁਟ–ਘਸੁੱਟ ਤੇ ਜਬਰ ਕਰਦੀਆਂ ਰਹੀਆਂ। ਦੂਜੀ ਸੰਸਾਰ ਜੰਗ ਪਿਛੋਂ ਅਰਬ ਜਗਤ ’ਚ ਕੌਮੀ ਮੁਕਤੀ ਯੁੱਧਾਂ ਦੀ ਸ਼ੁਰੂਆਤ ਹੋਈ ਅਤੇ 1960 ਦਾ ਦਹਾਕਾ ਆਉਂਦੇ–ਆਉਂਦੇ ਦੂਜੀ ਸੰਸਾਰ ਜੰਗ ਪਿੱਛੋਂ ਕਮਜੋਰ ਹੋ ਚੁੱਕੀਆਂ ਪੁਰਾਣੀਆਂ ਸਾਮਰਾਜੀ ਸ਼ਕਤੀਆਂ ਅਰਬ ਜਗਤ ਛੱਡਣ ਲਈ ਮਜ਼ਬੂਰ ਹੋ ਗਈਆਂ ਪਰ ਦੋ ਦਹਾਕਿਆਂ ਦੇ ਲੰਬੇ ਦੌਰ ਵਿੱਚ ਇਕ ਅਮਲ ’ਚ ਅਰਬ ਜਗਤ ਨੂੰ ਛੱਡਣ ਦੌਰਾਨ ਸਾਮਰਾਜੀਆਂ ਨੇ ਇਸ ਨੂੰ ਕਈ ਦੇਸ਼ਾਂ ’ਚ ਵੰਡ ਦਿੱਤਾ। ਇਤਿਹਾਸਕ ਤੌਰ ’ਤੇ ਅਰਬ ਜਨਤਾ ਇਕ ਸੀ ਅਤੇ ਜੇ ਪੂਰੇ ਅਰਬ ਜਗਤ ’ਚ ਜਿਹੜੇ ਦੋ ਰਾਜਾਂ ਦੀ ਗਲ ਹੁੰਦੀ ਸੀ ਤਾਂ ਉਹ ਸਨ–ਇੱਕ ਅਰਬ ਰਾਜ ਤੇ ਇਕ ਯਹੂਦੀ ਰਾਜ। ਪਰ ਸਾਮਰਾਜੀ ਕਿਸੇ ਇਕਜੁਟ ਅਰਬ ਜਗਤ ਦੀ ਮੌਜੂਦਗੀ ਦਾ ਅਰਥ ਸਮਝਦੇ ਸਨ। ਅਜਿਹਾ ਕੋਈ ਵੀ ਇਕਜੁਟ ਰਾਜ ਆਪਣੀ ਅਥਾਹ ਤੇਲ ਦੀ ਦੌਲਤ ਦੇ ਆਸਰੇ ਭਵਿੱਖ ’ਚ ਉਹਨਾਂ ਲਈ ਚਣੌਤੀ ਬਣ ਸਕਦਾ ਸੀ। ਇਸ ਲਈ ਸਾਮਰਾਜੀਆਂ ਨੇ ਸਾਜਸ਼ੀ ਤਰੀਕੇ ਨਾਲ ਅਰਬ ਲੋਕਾਂ ਨੂੰ ਕਈ ਦੇਸ਼ਾਂ ’ਚ ਵੰਡ ਦਿੱਤਾ। ਜਿਹਨਾਂ ਅਰਬ ਦੇਸ਼ਾਂ ਵਿੱਚ ਸਾਮਰਾਜੀਆਂ ਨੇ ਜਾਣ ਤੋਂ ਪਹਿਲਾਂ ਸੱਤਾ ਕਿਸ ਬਾਦਸ਼ਾਹ ਜਾਂ ਰਾਜੇ ਦੇ ਹਵਾਲੇ ਕੀਤੀ ਉਥੇ ਉਹਨਾਂ ਦੇ ਆਰਥਿਕ ਹਿੱਤ ਕਾਫੀ ਹੱਦ ਤੱਕ ਸੁਰੱਖਿਅਤ ਹੋ ਗਏ। ਇਹਨਾਂ ਦੇਸ਼ਾਂ ’ਤੇ ਸਾਮਰਾਜੀਆਂ ਦਾ ਮਜ਼ਬੂਤ ਪ੍ਰਭਾਵ ਵੀ ਲੰਮੇ ਸਮੇਂ ਤਕ ਬਣਿਆ ਰਿਹਾ। ਇਸ ਦੌਰਾਨ ਅਮਰੀਕੀ ਸਾਮਰਾਜ ਇਕ ਨਵੇਂ ਚੌਧਰੀ ਵਜੋਂ ਉਭਰ ਚੁਕਾ ਸੀ ਤੇ ਅਰਬ ਜਗਤ ’ਤੇ ਸਾਮਰਾਜ ਦਾ ਜਾਰੀ ਪ੍ਰਭਾਵ ਉਸੇ ਵਿਰਾਸਤ ’ਚ ਮਿਲ ਗਿਆ।

ਅਮਰੀਕਾ ਨੇ ਨਵੇਂ ਤੇ ਵੱਧ ਸਾਤਰ ਤਰੀਕੇ ਨਾਲ ਅਰਬ ਜਗਤ ਦੀ ਸਾਮਰਾਜੀ ਲੁਟ ਨੂੰ ਜਾਰੀ ਰੱਖਿਆ। ਇਸ ਦੌਰਾਨ ਇਜ਼ਰਾਇਲ ਦੇ ਰੂਪ ’ਚ ਇਕ ਯਹੂਦੀ ਰਾਜ ਨੂੰ ਅਰਬ ਜਗਤ ’ਚ ਅਨਿਆਪੂਰਨ ਤਰੀਕੇ ਨਾਲ ਸਥਾਪਤ ਕੀਤਾ ਗਿਆ ਅਤੇ ਫਿਲਸਤੀਨੀਆਂ ਨੂੰ ਹਿੰਸਕ ਤਰੀਕਿਆਂ ਨਾਲ ਆਪਣੀ–ਆਪਣੀ ਜ਼ਮੀਨ ਤੋਂ ਉਜਾੜਿਆ ਗਿਆ। ਇਸ ਪ੍ਰੀ ਘਟਨਾ ਨੇ ਸਾਮਰਾਜ ਖਿਲਾਫ਼ ਅਰਬ ਜਨਤਾ ਦੀ ਪਹਿਲਾਂ ਤੋਂ ਹੀ

ਪ੍ਰਬਲ ਘ੍ਰਿਣਾ ਨੂੰ ਕਈ ਗੁਣਾ ਵਧਾ ਦਿੱਤਾ। ਅਮਰੀਕਾ ਨੇ ਇਸ ਦੇ ਬਾਅਦ ਤੋਂ ਆਪਣਾ ਜਾਬਰ ਤਾਕਤ ਦੇ ਜੋਰ ’ਤੇ ਅਰਬ ਜਗਤ ਦੀ ਤੇਲ ਦੌਲਤ ’ਤੇ ਕਬਜਾ ਜਮਾਉਣਾ ਸ਼ੁਰੂ ਕੀਤਾ। ਇਸ ਦੇ ਲਈ ਇਹਨਾਂ ਦੇਸ਼ਾਂ ਵਿੱਚ ਪੈਸੇ ਤੇ ਹਥਿਆਰਾਂ ਨਾਲ ਧਾਰਮਿਕ ਕਟੱੜਤਾ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਜਾਤੀ ਤੇ ਰਵਾਇਤੀ ਵਿਰੋਧਾਂ ਨੂੰ ਭੜਕਾਇਆ ਗਿਆ (ਜਿਵੇਂ ਕੁਰਦ, ਦਰੁਜ, ਸੁੰਨੀ, ਸ਼ਿਆ, ਆਦਿ) ਸਾਰੇ ਦੇਸ਼ਾਂ ’ਚ ਅਮਰੀਕਾ ਨੇ ਆਪਣੇ ਹਿੱਤਾਂ ਦੀ ਸੇਵਾ ਕਰਨ ਵਾਲੀਆਂ ਹਕੂਮਤਾਂ ਨੂੰ ਸਾਜਸ਼ੀ ਢੰਗ ਨਾਲ ਬਿਠਾਇਆ। ਜਿੱਥੇ ਡਾਲਰ ਨਾਲ ਸੰਭਵ ਹੋਇਆ, ਉਥੇ ਡਾਲਰ ਨਾਲ ਤੇ ਜਿੱਥੇ ਹਥਿਆਰ ਨਾਲ ਸੰਭਵ ਹੋਇਆ ਹਥਿਆਰ ਨਾਲ ਆਪਣਾ ਉੱਲੂ ਸਿੱਧਾ ਕੀਤਾ। ਚਾਹੇ ਉਹ ਇਰਾਕ ਵਲੋਂ ਇਰਾਨ ਖਿਲਾਫ਼ ਜੰਗ ਕਰਵਾਈ ਹੋਵੇ ਜਾਂ ਅਰਬ-ਇਜ਼ਰਾਇਲ ਯੁੱਧ ’ਚ ਅਰਬ ਲੋਕਾਂ ਦੀ ਗੈਰ ਮਨੁੱਖੀ ਅਤਿ ਅਦਾਰੀ ਕਾਰਵਾਈ ’ਚ ਇਜ਼ਰਾਇਲੀ ਦੀ ਮਦਦ ਕਰਨਾ ਹੋਵੇ ਜਾਂ ਫਿਰ ਤੇਲ ਤੇ ਕੁਦਰਤੀ ਗੈਸਾਂ ਦੇ ਭੰਡਾਰ ’ਤੇ ਇਜ਼ਾਰੇਦਾਰੀ ਲਈ ਇਰਾਕ ਤੇ ਠੋਸਿਆ ਗਿਆ ਗੈਰ ਮਨੁੱਖੀ ਤੇ ਗੈਰ ਵਾਜਬ ਯੁੱਧ ਹੋਵੇ। ਅਮਰੀਕਾ ਨੇ ਅਰਬ ਜਗਤ ’ਤੇ ਆਪਣੇ ਪ੍ਰਭਾਵ ਨੂੰ ਬਣਾਈ ਰੱਖਣ ਲਈ ਹਰ ਸੰਭਵ ਰਾਹ ਅਪਣਾਇਆ। ਪਹਿਲਾਂ ਬ੍ਰਿਟੇਨ, ਫ੍ਰਾਂਸ ਤੇ ਇਟਲੀ ਵਲੋਂ ਬਸਤੀਵਾਦੀ ਕਰਨ ਤੇ ਵੰਡ ਅਤੇ ਫਿਰ ਅਮਰੀਕਾ ਵਲੋਂ ਭਿਅੰਕਰ ਅਤਿਆਚਾਰ ਤੇ ਲੁਟ ਦਾ ਸਾਹਮਣਾ ਕਰਨ ਵਾਲੀ ਅਰਬ ਜਨਤਾ ਦੇ ਦਿਲ ’ਚ ਸਾਮਰਾਜ ਵਾਦ ਵਿਰੁੱਧ ਭਿਅੰਕਰ ਨਫ਼ਰਤ ਭਰੀ ਹੋਈ ਹੈ। ਅਰਬ ਜਗਤ ’ਚ ਮੌਜੂਦਾ ਲੋਕ ਉਭਾਰ ’ਚ ਇਸ ਨਫ਼ਰਤ ਨੇ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਜਿਹਨਾਂ ਦੇਸ਼ਾਂ ’ਚ ਲੋਕ ਸੜਕਾਂ ’ਤੇ ਹਨ, ਉਥੇ ਰਾਜ ਕਰ ਰਹੇ ਤਾਨਾਸ਼ਾਹ ਅਮਰੀਕੀ ਸਾਮਰਾਜ ਵਾਲ ਸਮਝੌਤੇ ਦੀ ਮੌਕਾਪ੍ਰਸਤ ਨੀਤੀ ਤੇ ਅਮਲ ਕਰਦੇ ਹਨ ਅਤੇ ਇਹ ਉਹਨਾਂ ਦੇਸ਼ਾਂ ਦੇ ਲੋਕਾਂ ਨੂੰ ਉਕਾ ਹੀ ਮੰਜੂਰ ਨਹੀਂ ਹੈ। ਮਿਸ਼ਰ ਦਾ ਹੁਸਨੀ ਮੁਬਾਰਕ ਮੱਧਪੂਰਵ ’ਚ ਇਹ ਅਹਿਮ ਪਿਆਦਾ ਸੀ। ਇਜ਼ਰਾਇਲ ਮੱਧ ਪੂਰਵ ’ਚ ਅਮਰੀਕੀ ਸਾਮਰਾਜੀ ਨੀਤੀ ਲਈ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਪੂਰੇ ਮੱਧਪੂਰਵ ’ਚ ਉਹ ਜਿਸ ਹੱਦ ਤਕ ਨਿਖੜ ਗਿਆ ਉਹ ਉਸਦੇ ਲਈ ਖਤਰਨਾਕ ਹੈ। ਅਰਬ ਜਗਤ ’ਚ ਉਸ ਦੇ ਕੁਝ ਸਹਿਯੋਗੀ ਹੋਣਾ ਲਾਜ਼ਮੀ ਹੈ। ਇਸ ਨਜ਼ਰੀਏ ਤੋਂ ਮਿਸ਼ਰ ਨੂੰ ਅਮਰੀਕਾ ਨੇ 1978 ਤੋਂ ਇਜ਼ਰਾਇਲ ਦਾ ਮੁਖੀ ਸਹਿਯੋਗੀ ਬਣਾ ਰੱਖਿਆ ਹੈ। ਇਜ਼ਰਾਇਲ ਪਿਛੋਂ ਮਿਸ਼ਰ ਨੂੰ ਹੀ ਅਮਰੀਕਾ ਤੋਂ ਸਭ ਤੋਂ ਵੱਧ ਫ਼ੌਜੀ ਮਦਦ ਹੁੰਦੀ ਰਹੀ ਸੀ। ਇਸ ਤਰ੍ਹਾਂ ਯਮਨ ਤੇ ਬਹਿਰੀਨ ਦੇ ਹਾਕਮਾ ਖਿਲਾਫ਼ ਵੀ ਅਮਰੀਕਾ ਨਾਲ ਸਮਝੌਤਾ ਪ੍ਰਸਤੀ ਕਰਨ ਦੇ ਕਾਰਨ ਹੀ ਉਥੋਂ ਦੇ ਲੋਕਾਂ ’ਚ ਭਿਅੰਕਰ ਰੋਹ ਤੇ ਗੁੱਸਾ ਹੈ, ਲੀਬੀਆ ’ਚ ਕਜਾਫੀ ਪ੍ਰਤੀ ਗੁਸੇ ਪਿਛੇ ਵੀ ਇਕ ਕਾਰਨ ਸਾਮਰਾਜ ਨਾਲ ਕਜਾਫੀ ਦੀ ਸਮਝੌਤਾ ਪ੍ਰਸਤੀ ਹੈ। ਦੂਜਾ ਕਾਰਨ ਇਹ ਹੈ ਕਿ ਸਾਰੇ ਅਰਬ ਦੇਸ਼ਾਂ ’ਚ ਕੌਮੀ ਮੁਕਤੀ ਅੰਦੋਲਨਾ ਅਤੇ ਯੁੱਧਾਂ ਪਿੱਛੋਂ ਹਕੂਮਤ ’ਚ ਆਈ ਰੈਡੀਕਲ ਬੁਰਜੂਆ ਜਮਾਤ ਦਾ ਪਤਨ, ਉਸ ਦੀ ਲੀਡਰਸ਼ਿਪ ਦਾ ਖਿੰਡਦੇ ਜਾਣਾ ਤੇ ਉਸ ਦੀਆਂ ਬੁਰਜੂਆ ਹਕੂਮਤਾਂ ਦਾ ਬੇਰਹਿਮ, ਜਾਲਮ ਤਾਨਾਸ਼ਾਹ, ਦਮਨਕਾਰੀ ਤੇ ਭਿਅੰਕਰ ਭ੍ਰਿਸ਼ਟ, ਹਕੂਮਤਾਂ ’ਚ ਤਬਦੀਲ ਹੋ ਜਾਣਾ। ਇਹਨਾਂ ਦੇਸ਼ਾਂ ਦੀ ਸਰਮਾਏਦਾਰ ਜਮਾਤ ਨੂੰ ਲੋਕਾਂ ਨੇ ਆਪਣੀਆਂ ਅੱਖਾਂ ਸਾਹਮਣੇ ਪਿਛਲੇ ਚਾਰ ਦਹਾਕਿਆਂ ’ਚ ਪਤਿਤ ਹੁੰਦੇ ਹੋਏ ਦੇਖਿਆ। ਇਕ ਸਮਾਂ ਸੀ ਜਦ ਇਹਨਾਂ ਦੇਸ਼ਾਂ ਦੀ ਸਰਮਾਏਦਾਰ ਜਮਾਤ ਨੇ ਸਾਮਰਾਜ ਖਿਲਾਫ਼ ਸਮਝੌਤਾ

ਰਹਿਤ ਬੇਕਿਰਕ ਸੰਘਰਸ਼ ਕੀਤਾ ਸੀ ਤੇ ਬਸਤੀਵਾਦੀਆਂ ਨੂੰ ਆਪਣੇ ਦੇਸ਼ ਤੋਂ ਭਜਾਉਣ ’ਚ ਲੋਕਾਂ ਦੀ ਅਗਵਾਈ ਕੀਤੀ ਸੀ।

ਮਿਸ਼ਰ ’ਚ ਜਨਰਲ ਨਾਸਿਰ, ਲੀਬੀਆ ’ਚ ਕਜਾਫੀ, ਅਲਜ਼ੀਰੀਆ ’ਚ ਬੇਨ-ਬੇਲਾ, ਤੇ ਬੇਮੂਦਿਐਨ, ਟਿਊਨੀਸ਼ੀਆ ’ਚ ਹਬੀਬ ਬੁਰਗੀਬਾ ਨੇ ਸਾਮਰਾਜ ਖਿਲਾਫ਼ ਸੰਘਰਸ਼ ’ਚ ਭੂਮਿਕਾ ਨਿਭਾਈ ਅਤੇ ਆਪਣੇ-ਆਪਣੇ ਦੇਸ਼ਾਂ ਨੂੰ ਸਾਮਰਾਜ ਤੋਂ ਅਜ਼ਾਦ ਕਰਾਉਣ ’ਚ ਲੋਕਾਂ ਦੀ ਅਗਵਾਈ ਕੀਤੀ। ਪਰ ਅਜਾਦੀ ਪਿੱਛੋਂ ਇਹਨਾ ਸਾਰਿਆਂ ਨੇ ਪੂੰਜੀਵਾਦ ਵਿਕਾਸ ਦਾ ਰਾਹ ਅਖਤਿਆਰ ਕਰ ਲਿਆ। ਸੰਸਾਰ ’ਚ ਅਮਰੀਕੀ ਤੇ ਸੋਵੀਅਤ ਸਮਾਜਕ ਸਾਮਰਾਜਵਾਦ ਵਿਚਕਾਰ ਮੁਕਾਬਲੇ ਦੀ ਸਰਮਾਏਦਾਰ ਜਮਾਤ ਦੇ ਇਹਨਾਂ ਸਾਰੇ ਨੁਮਾਇੰਦਿਆਂ ਨੇ ਫਾਇਦਾ ਉਠਾਇਆ ਅਤੇ ਆਪਣੇ ਦੇਸ਼ ’ਚ ਦਰਾਮਦ, ਵਟਾਂਦਰੇ, ਜਨਤਕ ਖੇਤਰ ਤੇ ਕੌਮੀਕਰਨ ਦੀਆਂ ਨੀਤੀਆਂ ਵਲੋਂ ਰਾਜਕੀ ਅਜ਼ਾਰੇਦਾਰ ਪੂੰਜੀਵਾਦ ਦਾ ਵਿਕਾਸ ਕੀਤਾ। ਇਸ ਪੂਰੇ ਦੌਰ ਵਿੱਚ ਇਹਨਾਂ ਸਾਰਿਆਂ ਨੇ ਆਪਣੇ-ਆਪਣੇ ਦੇਸ਼ਾਂ ’ਚ ਕਮਿਊਨਿਸ਼ਟਾਂ ’ਤੇ ਦੱਬਕੇ ਅਤਿਆਚਾਰ ਕੀਤੇ। ਕੁੱਝ ਦੇਸ਼ਾਂ ’ਚ ਕੋਈ ਵੀ ਮੌਕਾ ਦਿੱਤੇ ਬਿਨਾਂ ਕਮਿਊਨਿਸ਼ਟਾ ਨੂੰ ਜੇਹਲੀਂ ਡੱਕਿਆ ਗਿਆ, ਤਸੀਹੇ ਦਿੱਤੇ ਗਏ ਜਾਂ ਉਹਨਾਂ ਦਾ ਵੱਡੀ ਗਿਣਤੀ ’ਚ ਕਤਲੇਆਮ ਕੀਤਾ ਗਿਆ। ਹੋਰ ਦੇਸ਼ਾਂ ’ਚ ਸਰਮਾਏਦਾਰ ਜਮਾਤ ਨੇ ਦੇ ਇਹਨਾਂ ਨੁਮਾਇੰਦਿਆਂ ਨੇ ਦੋ ਬਦਲ ਸਾਹਮਣੇ ਰੱਖੇ – ਜਾ ਤਾਂ ਪੂੰਜੀਵਾਦੀ ਸੰਸਦੀ ਪ੍ਰਣਾਲੀ ਦਾ ਅੰਗ ਬਣੋ ਜਾਂ ਆਪਣੇ ਪੂਰਨ ਵਿਨਾਸ਼ ਲਈ ਤਿਆਰ ਹੋ ਜਾਓ। 1956 ’ਚ ਸੋਵੀਅਤ ਸੰਘ ’ਚ ਪੂੰਜੀਵਾਦੀ ਮੁੜ ਸਥਾਪਤੀ ਪਿਛੋਂ ਖਰੁਸ਼ਚੇਵ ਨੇ ‘ਸ਼ਾਂਤੀਪੂਰਨ ਸਹਿਹੋਂਦ’ ‘ਸ਼ਾਂਤੀਪੂਰਨ ਮੁਕਾਬਲੇ’ ਤੇ ‘ਸ਼ਾਂਤੀਪੂਰਨ ਲੜਾਈ’ ਦੇ ਨਾਹਰਿਆਂ ਨਾਲ ਜੋ ਸੋਧਵਾਦੀ ਹਨੇਰੀ ਚਲਾਈ ਉਸ ਦੇ ਪ੍ਰਭਾਵ ਨੇ ਇਹਨਾਂ ਪਾਰਟੀਆਂ ਦੇ ਜੁਝਾਰੂ ਤੇਵਰ ਢਿਲੇ ਕਰ ਦਿੱਤੇ। ਤੇ ਉਹਨਾਂ ਨੂੰ ਸਮਝੌਤਾ ਪ੍ਰਸਤ ਬਣਾਉਣ ’ਚ ਵੱਡੀ ਭੂਮਿਕਾ ਨਿਭਾਈ। 1980 ਦੇ ਦਹਾਕੇ ਤਕ ਬਹੁਤੇ ਅਰਬ ਦੇਸ਼ਾਂ ’ਚ ਕਮਿਊਨਿਸ਼ਟ ਪਾਰਟੀਆਂ ਬੇਹੱਦ ਕਮਜ਼ੋਰ ਹੋ ਗਈਆਂ ਸਨ, ਖਿੰਡ ਚੁੱਕੀਆਂ ਸਨ ਜਾਂ ਖ਼ਤਮ ਹੋਣ ਕੰਢੇ ਪੁੱਜ ਚੁੱਕੀਆਂ ਸਨ ਜਾਂ ਫਿਰ ਪੂੰਜੀਵਾਦੀ ਪ੍ਰਣਾਲੀ ਦਾ ਅੰਗ ਬਣ ਚੁੱਕੀਆਂ ਸਨ। ਇਸ ਪੂਰੇ ਦੌਰ ’ਚ ਸਰਮਾਏਦਾਰ ਜਮਾਤ ਦਾ ਪਤਨ ਜਾਰੀ ਸੀ। ਜਿਸ ਸਰਮਾਏਦਾਰ ਜਮਾਤ ਨੇ ਸਾਮਰਾਜਵਾਦ ਵਿਰੁੱਧ ਸੰਘਰਸ਼ ਕੀਤਾ ਸੀ ਤੇ ਜੋ ਲੋਕਾਂ ਦੇ ਵਿਸ਼ਾਲ ਹਿੱਸਿਆਂ ਦੀ ਨਾਇਕ ਸੀ। ਉਹ ਭ੍ਰਿਸ਼ਟਾਚਾਰ, ਪਤਨ, ਵਿਲਾਸਤਾ ਤੇ ਭਾਈ-ਭਤੀਜਾਵਾਦ ’ਚ ਡੁੱਬ ਚੁੱਕੀ ਸੀ। 1980 ਦੇ ਦਹਾਕੇ ਪਿੱਛੋਂ ਬਹੁਤੇ ਅਰਬ ਦੇਸ਼ਾਂ ’ਚ ਰਾਜਕੀ ਪੂੰਜੀਵਾਦ ਪੂੰਜੀ ਢਾਂਚੇ ’ਚ ਅੜਿਕਾ ਬਣਨ ਲੱਗ ਪਿਆ ਸੀ। ਸਿੱਟੇ ਵਜੋਂ ਇਹਨਾਂ ਦੇਸ਼ਾਂ ਦੀ ਸਰਮਾਏਦਾਰ ਜਮਾਤ ਨੇ ਹੌਲੀ-ਹੌਲੀ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਪੂੰਜੀਵਾਦੀ ਪ੍ਰਣਾਲੀ ਦੇ ਸੰਕਟ ਤੇ ਵਿਸ਼ਵੀਕਰਨ ਦੇ ਦੌਰ ’ਚ ਇਹਨਾਂ ਦੇਸ਼ਾਂ ਦੇ ਪੂੰਜੀਵਾਦ ਕੋਲ ਸਾਮਰਾਜ ਦਾ ਦਲਾਲ ਬਣਨ ਜਾਂ ਸਮਝੌਤਾਪ੍ਰਸਤ ਰੁਖ ਅਖਤਿਆਰ ਕਰਨ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਸੀ। ਇਸ ਨੂੰ ਪੂਰੀ ਦੁਨੀਆਂ ਦੇ ਇਹਨਾਂ ਦੇਸ਼ਾਂ ਦੀ ਹਕੂਮਤੀ ਸਰਮਾਏਦਾਰੀ ਵੱਧ ਤੋਂ ਵੱਧ ਭ੍ਰਿਸ਼ਟ, ਪਤਿਤ ਤੇ ਵਿਲਾਸ ਹੁੰਦੀ ਗਈ। ਇਹਨਾਂ ਦੇਸ਼ਾਂ ਦੇ ਹਾਕਮ ਆਪਣੀਆਂ ਤੇ ਆਪਣੇ ਪ੍ਰੀਵਾਰ ਵਾਲਿਆਂ ਦੀਆਂ ਜੇਬਾਂ ਭਰਨ ਲੱਗੇ ਅਤੇ ਅਮਰੀਕੀ ਸਾਮਰਾਜ ਨਾਲ ਸ਼ਰਮਨਾਕ ਸਮਝੌਤੇ ਕਰਨ ਲੱਗੇ।

ਇਸ ਪੂਰੇ ਅਮਲ ਨੇ ਲੋਕਾਂ ਦੀ ਇਹਨਾਂ ਹਾਕਮਾ ਖਿਲਾਫ਼ ਭਿਅੰਕਰ ਨਫ਼ਰਤ, ਤੇ ਘ੍ਰਿਣਾ ਭਰ ਦਿੱਤੀ। ਮੌਜੂਦਾ ਲੋਕ ਬਗਾਵਤ ਇਹਨਾਂ ਦੀ ਇਸ ਬਗਾਵਤ ਦੇ ਫੁਟਣ ਦਾ ਮੌਕਾ ਸੀ। ਅਸਲ 'ਚ ਸਮਝੌਤੀ ਪ੍ਰਸਤੀ, ਦਲਾਲੀ ਦਾ ਰਾਹ ਅਖਤਿਆਰ ਕਰਨ ਵਾਲੇ ਅਰਬ ਹਾਕਮਾ ਖਿਲਾਫ਼ ਨਫ਼ਰਤ ਨੇ ਜਾਰੀ ਅਰਬ ਲੋਕ ਬਗਾਵਤ 'ਚ ਇਕ ਅਹਿਮ ਭੂਮਿਕਾ ਨਿਭਾਈ ਹੈ।

ਤੀਜਾ ਮੁੱਖ ਕਾਰਨ ਜੋ ਕਿ ਪਹਿਲੇ ਕਾਰਨ ਨਾਲ ਜੁੜਿਆ ਹੋਇਆ ਹੈ, ਉਹ ਹੈ ਫਿਲਸਤੀਨ ਦਾ ਸੁਆਲ। ਫਿਲਸਤੀਨ ਦੇ ਸੁਆਲ ਨੇ ਪੂਰੀ ਅਰਬ ਜਨਤਾ ਨੂੰ ਰੈਡੀਕਲ ਬਣਾਉਣ ਤੇ ਉਸ ਦੇ ਇਨਕਲਾਬੀ ਕਰਨ 'ਚ ਇਕ ਅਹਿਮ ਭੂਮਿਕਾ ਨਿਭਾਈ ਹੈ। 1948 'ਚ ਇਜ਼ਰਾਇਲ ਦੇ ਬਣਨ ਪਿਛੋਂ ਫਿਲਸਤੀਨ ਦੇ ਲੋਕਾਂ ਨੂੰ ਜਿਸ ਤਰ੍ਹਾਂ ਨਾਲ ਆਪਣੀ ਜ਼ਮੀਨ ਤੋਂ ਬੇਦਖਲ ਕੀਤਾ ਗਿਆ। ਉਸ ਨੇ ਪੂਰੇ ਅਰਬ ਜਗਤ 'ਚ ਫਿਲਸਤੀਨੀ ਲੋਕਾਂ ਨਾਲ ਹਮਦਰਦੀ ਦੀ ਲਹਿਰ ਪੈਦਾ ਕਰ ਦਿੱਤੀ। ਉਜਾੜੇ ਗਏ, ਫਿਲਸਤੀਨੀ ਪੂਰੇ ਅਰਬ ਜਗਤ 'ਚ ਖਿੰਡ ਗਏ। ਇਸ ਖਿੰਡਾਅ ਨੇ ਅਰਬ ਜਨਤਾ ਵਿੱਚ ਫਿਲਸਤੀਨ ਦੇ ਉਦੇਸ਼ ਦੇ ਨਾਲ ਭਾਰੀ ਹਮਦਰਦੀ ਪੈਦਾ ਕਰ ਦਿੱਤੀ ਅਤੇ ਫਿਲਸਤੀਨੀ ਲੋਕਾਂ ਦੇ ਨਾਲ ਹੋਏ ਸਲੂਕ ਨੇ ਉਹਨਾਂ ਨੂੰ ਕਾਫੀ ਰੈਡੀਕਲਾਈਜ਼ ਕੀਤਾ। ਇਜ਼ਰਾਇਲ ਨੂੰ ਪੂਰੇ ਅਰਬ ਜਗਤ, ਵਿੱਚ ਘ੍ਰਿਣਾ ਦੇ ਨਾਲ ਵੇਖਿਆ ਜਾਂਦਾ ਹੈ। 1978 'ਚ ਮਿਸ਼ਰ ਨੇ ਕੈਂਪ ਡੈਵਿਡ ਸਮਝੌਤੇ ਪਿਛੋਂ ਇਜ਼ਰਾਇਲ ਦੇ ਸਹਿਯੋਗੀ ਦੀ ਭੂਮਿਕਾ ਅਪਣਾ ਲਈ। ਉਸ ਸਮੇਂ ਤੋਂ ਇਹ ਮਿਸ਼ਰ 'ਚ ਸਭਾ ਦੇ ਖਿਲਾਫ਼ ਲੋਕਾਂ ਦੇ ਗੁਸੇ ਦਾ ਇਕ ਕਾਰਨ ਬਣਿਆ ਹੋਇਆ ਹੈ। ਅਰਬ ਦੇ ਲੋਕਾਂ ਨੇ ਇਸ ਨੂੰ ਫਿਲਸਤੀਨੀ ਉਦੇਸ਼ ਦੇ ਨਾਲ ਗਦਾਰੀ ਵਜੋਂ ਵੇਖਿਆ। ਜਿਹਨਾਂ ਅਰਬ ਦੇਸ਼ਾਂ ਦੇ ਹਾਕਮਾਂ ਨੇ ਫਿਲਸਤੀਨ ਦੇ ਸੁਆਲ 'ਤੇ ਸਮਝੌਤਾ ਪ੍ਰਸਤੀ ਕੀਤੀ। ਉਹਨਾਂ ਸਭ ਦੇਸ਼ਾਂ ਦੇ ਹਾਕਮਾ ਖਿਲਾਫ਼ ਲੋਕਾਂ 'ਚ ਭਿਅੰਕਰ ਰੋਸ ਹੈ। ਇਜ਼ਰਾਇਲ ਦਾ ਘੁਮੰਡ ਤੇ ਉਹਨਾਂ ਵਲੋਂ ਵਾਰ-ਵਾਰ ਕੀਤਾ ਜਾਣ ਵਾਲਾ ਅਰਬ ਲੋਕਾਂ ਦਾ ਕਤਲੇਆਮ ਇਸ ਰੋਸ ਨੂੰ ਹੋਰ ਵੱਧ ਵਧਾਉਂਦਾ ਹੈ। ਇਸ ਸਮੇਂ ਅਮਰੀਕਾ ਤੇ ਇਜ਼ਰਾਇਲ ਕਾਫੀ ਘਬਰਾਏ ਹੋਏ ਹਨ। ਉਹ ਜਾਣਦੇ ਹਨ ਕਿ ਮੌਜੂਦਾ ਬਗਾਵਤਾਂ ਮੱਧ ਪੂਰਬ 'ਚ ਉਹਨਾਂ ਦੇ ਹਿੱਤਾਂ 'ਤੇ ਗੰਭੀਰ ਸੱਟ ਮਾਰ ਸਕਦੀਆਂ ਹਨ। ਅਮਰੀਕਾ ਹੁਣ ਤੋਂ ਇਹਨਾਂ ਕੋਸ਼ਿਸ਼ਾਂ 'ਚ ਲੱਗ ਗਿਆ ਹੈ ਕਿ ਤਾਨਾਸ਼ਾਹਾਂ ਦੀਆਂ ਹਕੂਮਤ ਖੁਸ ਜਾਣ ਪਿਛੋਂ ਕੁਝ ਜਮਹੂਰੀ ਅਧਿਕਾਰ ਦੇਣ ਵਾਲੀਆਂ ਅਜਿਹੀਆਂ ਹਕੂਮਤਾਂ ਇਹਨਾਂ ਦੇਸ਼ਾਂ 'ਚ ਸਥਾਪਤ ਹੋ ਜਾਣ ਜੋ ਉਹਨਾਂ ਦੇ ਹਿੱਤਾਂ ਦੀ ਰਾਖੀ ਕਰਨ। ਇਜ਼ਰਾਇਲ ਪ੍ਰਤੀ ਉਹਨਾਂ ਦਾ ਨਜ਼ਰੀਆਂ ਦੁਸ਼ਮਣਾਨਾ ਨਾ ਹੋਵੇ ਅਤੇ ਫਿਲਸਤੀਨੀ ਲੋਕਾਂ 'ਤੇ ਅਤਿਆਚਾਰ ਦੇ ਸੁਆਲ 'ਤੇ ਇਹਨਾਂ ਹਕੂਮਤਾਂ ਦਾ ਰੁਖ ਅਮਰੀਕਾ-ਇਜ਼ਰਾਇਲ ਵਿਰੋਧੀ ਨਾ ਹੋਵੇ। ਹੋ ਸਕਦਾ ਹੈ ਕਿ ਮਿਸਰਾ ਟਿਊਨੀਸ਼ੀਆ ਤੇ ਲਿਬੀਆ ਵਿੱਚ ਅਜਿਹੀਆਂ ਹਕੂਮਤਾਂ ਹੋਂਦ ਵਿੱਚ ਆਉਣ ਜੋ ਅਮਰੀਕੀ ਹਿੱਤਾਂ 'ਤੇ ਸਿੱਧੀ ਸੱਟ ਨਾ ਮਾਰਨ ਪਰ ਹੁਣ ਖੁਲ੍ਹੇਆਮ ਅਮਰੀਕਾ ਤੇ ਇਜ਼ਰਾਇਲ ਦੀ ਹਮਾਇਤ ਕਰ ਸਕਣਾ ਨਵੀਆਂ ਹਕੂਮਤਾਂ ਲਈ ਮੁਸ਼ਕਲ ਹੋਵੇਗਾ। ਇਹ ਕੰਮ ਜੇ ਜਾਰੀ ਵੀ ਰਹਿੰਦਾ ਹੈ ਤਾਂ ਲੁੱਕ ਛਿਪ ਕੇ ਅਤੇ ਸੰਭਲ ਕੇ ਹੀ ਜਾਰੀ ਰਹਿ ਸਕਦਾ ਹੈ। ਇਹੀ ਇਹ ਤਿੰਨ ਕਾਰਨ ਹਨ ਜੋ ਅਰਬ ਲੋਕਾਂ ਨੂੰ ਵਾਰ-ਵਾਰ ਸੜਕਾਂ 'ਤੇ ਲਿਆਉਂਦੇ ਹਨ। ਇਹ ਉਹ ਕਾਰਨ ਹਨ ਜਿਨਾਂ ਨੇ ਅਰਬ ਜਗਤ ਨੂੰ ਅੱਜ ਵਿਸ਼ਵ ਰਾਜਨੀਤੀ ਵਿੱਚ

ਫਿਸਫੋਟਿਕ ਸਮੱਗਰੀ ਬਣਾ ਰੱਖਿਆ ਹੈ। ਇਹਨਾਂ ਕਾਰਨ ਅੱਜ ਅਰਬ ਜਗਤ ਵਿੱਚ ਜਾਰੀ ਲੋਕ ਬਗਾਵਤਾਂ ਨੇ ਸਾਮਰਾਜੀਆਂ ਦੇ ਦਿਲਾਂ-ਦਿਮਾਗਾਂ 'ਚ ਬੇਚੈਨੀ ਭਰ ਦਿੱਤੀ ਹੈ। ਪੂਰੇ ਮੱਧ ਪੂਰਬ ਵਿੱਚ ਸਾਮਰਾਜ ਦੇ ਹਿੱਤਾਂ ਦਾ ਸਮੀਕਰਣ ਬੇਹੱਦ ਨਾਜ਼ੁਕ ਸੰਤੁਲਨ 'ਤੇ ਟਿਕਿਆ ਹੋਇਆ ਹੈ। ਕੋਈ ਵੀ ਝਟਕਾ ਇਸ ਲਈ ਘਾਤਕ ਸਾਬਤ ਹੋ ਸਕਦਾ ਹੈ। ਅਜਿਹੇ 'ਚ ਮੱਧਪੂਰਬ 'ਚ ਚੀਜ਼ਾਂ ਜਿਸ ਦਿਸ਼ਾਂ 'ਚ ਜਾ ਰਹੀਆਂ ਹਨ ਉਹ ਸਾਮਰਾਜੀ ਹਿੱਤਾਂ ਨੂੰ ਜੋਖਿਮ 'ਚ ਪਾ ਸਕਦੀਆਂ ਹਨ ਪਰ ਅਜਿਹੇ 'ਚ ਸਾਨੂੰ ਕਿਸੇ ਭਰਮ ਭੁਲੇਖੇ ਜਾਂ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਨਿਸ਼ਚੈ ਹੀ ਮਿਸ਼ਰ ਤੇ ਟਿਊਨੀਸ਼ੀਆ ਦੇ ਮਜ਼ਦੂਰਾਂ, ਨੌਜਵਾਨਾਂ ਤੇ ਔਰਤਾਂ ਦੀ ਬਹਾਦਰੀ ਨੂੰ, ਉਹਨਾਂ ਦੇ ਜੁਝਾਰੂਪਣ ਨੂੰ ਸਲਾਮੀ ਦਿੱਤੀ ਜਾਣੀ ਬਣਦੀ ਹੈ ਅਤੇ ਉਹਨਾਂ ਤੋਂ ਸਿੱਖਿਆ ਵੀ ਲੈਣੀ ਚਾਹੀਦੀ ਹੈ। ਅਰਬ ਜਗਤ 'ਚ ਜਾਰੀ ਲੋਕ ਬਗਾਵਤ ਨੇ ਅੱਜ ਦੇ ਨਿਰਾਸ਼ਾ ਦੇ ਦੌਰ ਵਿੱਚ ਇਸ ਗੱਲ ਨੂੰ ਫਿਰ ਰੇਖਾਂਕਿਤ ਕੀਤਾ ਹੈ ਕਿ ਚੀਜ਼ਾਂ ਬਦਲ ਦੀਆਂ ਹਨ। ਕੋਈ ਵੀ ਦਮਨਕਾਰੀ, ਲੁਟੇਰੀ ਹਕੂਮਤ ਸਥਾਈ ਨਹੀਂ ਹੁੰਦੀ। ਤਬਦੀਲੀ ਕੁਦਰਤ ਤੇ ਸਮਾਜ ਦਾ ਨਿਯਮ ਹੈ।

ਵੱਡੇ-ਵੱਡੇ ਤਾਨਸ਼ਾਹਾਂ ਤੇ ਜਨਰਲਾਂ ਦੀਆਂ ਹਕੂਮਤਾਂ ਨੂੰ ਲੋਕ ਸ਼ਕਤੀ ਨੇ ਮਿਟੀ 'ਚ ਮਿਲਾ ਕੇ ਰੱਖ ਦਿੱਤਾ ਹੈ। ਪੈਸੇ ਅਤੇ ਹਥਿਆਰਾਂ ਦੀ ਤਾਕਤ ਲੋਕਾਂ ਦੀ ਜੱਥੇਬੰਦੀ ਤੇ ਇੱਕਮੁਠਤਾ ਦੇ ਸਾਹਮਣੇ ਧਰੀਆਂ-ਧਰਾਈਆਂ ਰਹਿ ਜਾਂਦੀਆਂ ਹਨ। ਇਸ ਰੂਪ ਵਿੱਚ ਮਿਸ਼ਰ, ਟਿਊਨੀਸ਼ੀਆ ਲੀਬੀਆ ਤੇ ਅਰਬ ਜਗਤ ਦੇ ਸਾਰੇ ਦੇਸ਼ਾਂ ਵਿੱਚ ਜਨਤਾ ਜਿਵੇਂ ਲੜ ਰਹੀ ਹੈ ਅਤੇ ਤਾਨਾਸ਼ਾਹਾਂ ਨੂੰ ਖਦੇੜ ਰਹੀ ਹੈ। ਉਹ ਕਾਬਲੇ-ਤਰੀਫ਼ ਹੈ ਪਰ ਸਾਨੂੰ ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਇਸ ਸਮੇਂ ਅਰਬ ਜਗਤ ਵਿੱਚ ਜਾਰੀ ਲੋਕ-ਉਭਾਰ ਇਕ ਪੂਰੀ ਸੂਰੀ ਲੋਕ ਬਗਾਵਤ ਹੈ ਪਰ ਇਸ ਕੋਲ ਕਿਸੇ ਵਿਕਲਪਿਕ ਵਿਵਸਥਾ ਦਾ ਖਾਨਾ ਨਹੀਂ ਹੈ। ਮਿਸ਼ਰ ਦੇ ਮਜ਼ਦੂਰ ਅੰਦੋਲਨ ਦੀ ਅਗਵਾਈ 'ਚ ਕਮਿਊਨਿਸਟ ਇਨਕਲਾਬੀ ਤਾਕਤਾਂ ਵੀ ਸ਼ਾਮਲ ਹਨ ਪਰ ਉਹ ਇਕੋ ਇਕ ਤਾਕਤਾਂ ਨਹੀਂ ਹਨ। ਜੋ ਇਸ ਵਿੱਚ ਸ਼ਾਮਲ ਹਨ। ਕਈ ਪ੍ਰਕਾਰ ਦੀਆਂ ਸ਼ਕਤੀਆਂ ਮਜ਼ਦੂਰ ਅੰਦੋਲਨ ਦੀ ਅਗਵਾਈ ਵਿੱਚ ਹਨ। ਕੋਈ ਇਕਜੁਟ ਇਨਕਲਾਬੀ ਕਮਿਊਨਿਸ਼ਟ ਸ਼ਕਤੀ ਇਸ ਅੰਦੋਲਨ ਨੂੰ ਰਾਜਸੀ ਅਗਵਾਈ ਦੇ ਰਹੀ ਹੈ। ਵਿਦਿਆਰਥੀ, ਨੌਜਵਾਨ ਤੇ ਔਰਤਾਂ ਵੀ ਸੜਕਾਂ 'ਤੇ ਜਮਹੂਰੀ ਅਧਿਕਾਰਾਂ ਲਈ ਉਤਰ ਪਈਆਂ ਹਨ। ਉਹਨਾਂ ਦਾ ਵੀ ਕੋਈ ਇਕ ਜੁਟ ਲੀਡਰਸ਼ਿਪ ਨਹੀਂ ਹੈ। ਇਹੀ ਕਾਰਨ ਹੈ ਕਿ ਹੁਸਨੀ ਮੁਬਾਰਕ ਦੇ ਅਸਤੀਫਾ ਦੇਣ ਪਿੱਛੋਂ ਮਿਸ਼ਰ ਵਿੱਚ ਸੱਤਾ ਅਸਲ 'ਚ ਫ਼ੌਜ ਮੁਖੀ ਤੰਤਾਵੀ ਦੇ ਹੱਥ 'ਚ ਹੈ ਜੋ ਕਿ ਅਮਰੀਕਾ ਦਾ ਵਫਾਦਾਰ ਹੈ। ਤੰਤਾਵੀ ਨੇ ਲੋਕਾਂ ਨਾਲ ਸਾਰੇ ਜਮਹੂਰੀ ਅਧਿਕਾਰਾਂ ਦਾ ਵਾਅਦਾ ਕੀਤਾ ਹੈ ਪਰ ਉਸ ਨੇ ਅਜੇ ਤਕ ਐਮਰਜੰਸੀ ਕਾਨੂੰਨ ਤਕ ਨੂੰ ਵੀ ਨਹੀਂ ਹਟਾਇਆ ਹੈ। ਉਹ ਕਹਿ ਰਿਹਾ ਹੈ ਕਿ ਲੋਕ ਪਹਿਲਾਂ ਤਹਿਰੀਰ ਚੌਂਕ ਤੋਂ ਵਾਪਸ ਚਲੇ ਜਾਣ ਅਤੇ ਉਸ ਪਿਛੋਂ ਹੀ ਐਮਰਜੰਸੀ ਕਾਨੂੰਨ ਨੂੰ ਹਟਾਉਣ 'ਤੇ ਵਿਚਾਰ ਕੀਤਾ ਜਾਵੇਗਾ। ਯਾਨੀ ਪਹਿਲਾਂ ਆਪਣਾ ਮੂੰਹ ਬੰਦ ਰੱਖੋ, ਫਿਰ ਅਸੀਂ ਤੁਹਾਡੇ ਬੋਲਣ ਦੀ ਅਜਾਦੀ ਤੇ ਵਿਚਾਰ ਕਰਾਂਗੇ। ਤੰਤਾਵੀ ਨੇ ਮੁਬਾਰਕ ਦੇ ਹਟਦਿਆਂ ਹੀ ਫੌਰੀ ਇਹ ਵੀ ਕਹਿ ਦਿੱਤਾ ਕਿ ਮਿਸ਼ਰ ਦੀਆਂ ਆਰਥਿਕ ਨੀਤੀਆਂ ਤੇ ਵਿਸ਼ਵ ਰਾਜਨੀਤੀ 'ਚ ਉਹਨਾਂ ਦੀਆਂ ਨੀਤੀਆਂ 'ਚ ਕੋਈ ਵਿਸ਼ੇਸ਼ ਫਰਕ ਨਹੀਂ ਆਉਣ ਦਿੱਤਾ

ਜਾਵੇਗਾ। ਨਵੀਂ ਹਕੂਮਤ ਨੇ ਆਪਣਾ ਅਸਲੀ ਚੇਹਰਾ ਵਿਖਾਉਂਦਿਆਂ ਮਜ਼ਦੂਰਾਂ ਦੀਆਂ ਹੜਤਾਲਾਂ ਨੂੰ ਫੌਰਨ ਬੰਦ ਕਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹੀ ਹਾਲਤ ਟਿਊਨੀਸ਼ੀਆ ਦੀ ਵੀ ਹੈ। ਨਵੀਂ ਹਕੂਮਤ ਨਾਲ ਸੱਤਾ ’ਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਉਣ ਵਾਲੀ। ਲੋਕਾਂ ਅਜੇ ਫ਼ੌਜ ਨਾਲ ਟਕਰਾਅ ਦੀ ਹਾਲਤ ’ਚ ਨਹੀਂ ਹਨ। ਨਾ ਉਹਨਾਂ ਕੋਲ ਕਮਿਊਨਿਸ਼ਟ ਪਾਰਟੀ, ਰਾਜਸੀ ਅਗਵਾਈ ਹੈ ਅਤੇ ਨਾ ਹੀ ਹਥਿਆਰਬੰਦ ਫ਼ੌਜ। ਮਿਸ਼ਰ ’ਚ ਜਨਤਕ ਖੇਤਰ ਦੀਆਂ ਕੰਪਨੀਆਂ ਫ਼ੌਜ ਦੇ ਕੰਟਰੋਲ ’ਚ ਹਨ। ਫ਼ੌਜ ਸਾਮਰਾਜ ਨਾਲ ਮਿਲ ਕੇ ਚਲਦੀ ਹੈ। ਮਿਸ਼ਰ ਦੀ ਮੌਜੂਦਾ ਬਗਾਵਤ ਇਨਕਲਾਬ ’ਚ ਤਬਦੀਲ ਨਹੀਂ ਹੋ ਸਕਦੀ। ਵਿਵਸਥਾ ਤਬਦੀਲੀ ਲਈ ਜਿਹਨਾਂ ਚੀਜ਼ਾਂ ਦੀ ਲੋੜ ਹੈ ਉਹ ਮੌਜੂਦਾ ਨਹੀਂ ਹਨ, ਪਰ ਫਿਰ ਵੀ ਲੋਕਾਂ ਨੂੰ ਕੁਝ ਜਮਹੂਰੀ ਅਧਿਕਾਰ ਤਾਂ ਦੇਣੇ ਹੀ ਪੈਣਗੇ। ਰਾਜਸੀ ਪਹਿਲ ਕਦਮੀ ਹੁਣ ਖੁਲ੍ਹ ਗਈ ਹੈ। ਲੋਕ ਖੁਲ੍ਹਕੇ ਸੋਚਣਗੇ ਤੇ ਆਪਣਾ ਰੁਖ ਤਹਿ ਕਰਨਗੇ। ਜੋ ਤਬਦੀਲੀ ਆਵੇਗੀ ਉਸ ਨਾਲ ਮਜ਼ਦੂਰ ਅੰਦੋਲਨ ਹੋਰ ਅੱਗੇ ਵਧ ਸਕੇਗਾ। ਅੱਜ ਦੀ ਬਗਾਵਤ ਇਕ ਪੜਾਅ ਹੈ ਤੇ ਇਸ ਤੋਂ ਅੱਗੇ ਦਾ ਸਫ਼ਰ ਤਹਿ ਕਰਨ ਲਈ ਊਰਜਾ ਤੇ ਸਮਝ ਦੀ ਹੋਰ ਵਧੇਰੇ ਲੋੜ ਪੈਣੀ ਹੈ।

# ਬੰਗਲਾ ਦੇਸ਼ ਬਨਾਮ ਮਜ਼ਦੂਰ ਲਹਿਰ

1947 ਦੀ ਵੰਡ ਪਿੱਛੋਂ ਪੂਰਬੀ ਬੰਗਾਲ ਪਾਕਿਸਤਾਨ ਦੇ ਹਿੱਸੇ ਅਤੇ ਪੱਛਮੀ ਬੰਗਾਲ ਭਾਰਤ ਦੇ ਹਿੱਸੇ ਆਇਆ। 'ਅਜ਼ਾਦੀ ਦੀ ਲੜਾਈ' 'ਚ ਕਾਂਗਰਸ ਪਾਰਟੀ ਮੁਸਲਿਮ ਲੀਗ ਤੇ ਦੋਨੋ ਬੰਗਾਲਾਂ ਦੇ ਕਮਿਊਨਿਸ਼ਟਾਂ ਨੇ ਹਿੱਸਾ ਲਿਆ ਸੀ। ਕਮਿਊਨਿਸ਼ਟਾ ਦਾ ਮੰਨਣਾ ਸੀ ਕਿ ਇਹ ਅਜ਼ਾਦੀ ਝੂਠੀ ਹੈ ਕਿਉਂਕਿ ਇਸ ਨਾਲ ਮਜ਼ਦੂਰ ਜਮਾਤ ਦੀ ਆਰਥਿਕ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ। ਵੰਡ ਪਿਛੋਂ ਪੂਰਬੀ ਬੰਗਾਲ ਦੇ ਸੀ. ਪੀ. ਆਈ. ਦੇ 20 ਹਜ਼ਾਰ ਮੈਂਬਰਾਂ ਵਿਚੋਂ ਲਗਭਗ ਦੋ ਤਿਹਾਈ ਲੋਕਾਂ ਨੂੰ 1950 ਦੀ ਫਿਰਕੂ ਹਿੰਸਾ ਪਿਛੋਂ ਪੱਛਮੀ ਬੰਗਾਲ 'ਚ ਜਾ ਕੇ ਸ਼ਰਨ ਲੈਣੀ ਪਈ ਕਿਉਂਕਿ ਉਹ ਹਿੰਦੂ ਸਨ। ਉਧਰ ਪੂਰਬੀ ਬੰਗਾਲ 'ਚ ਮੁਸਲਿਮ ਲੀਗ ਦੀ ਸਰਕਾਰ ਨੇ ਰਾਜ ਜ਼ਮੀਨੀ ਕਬਜ਼ਾ ਤੇ ਕਾਸ਼ਤਕਾਰੀ ਕਾਨੂੰਨ 1950 ਨੂੰ ਪਾਸ ਕੀਤਾ। ਜਿਸ ਨੂੰ ਆਮ ਕਰਕੇ ਅਗਾਂਹ ਵਧੂ ਕਾਨੂੰਨ ਸਮਝਿਆ ਜਾਂਦਾ ਸੀ। ਇਸ ਕਾਨੂੰਨ ਨੇ ਪੂਰਬੀ ਬੰਗਾਲ ਭਾਵ ਪਾਕਿਸਤਾਨ ਦੇ ਇਸ ਹਿੱਸੇ 'ਤੇ ਕਾਫੀ ਅਸਰ ਪਾਇਆ ਅਤੇ ਅਜਿਹਾ ਲੱਗਿਆ ਕਿ ਇਕ ਹੱਦ ਤੱਕ ਇਸ ਨਾਲ ਚੰਗੇ ਸਮਾਜ ਦੀ ਉਸਾਰੀ ਹੋ ਸਕਦੀ ਹੈ। ਅਜਿਹਾ ਇਸ ਲਈ ਵੀ ਮਹਿਸੂਸ ਹੋਇਆ ਕਿ ਪੱਛਮੀ ਪਾਕਿਸਤਾਨ ਦੇ ਪੰਜਾਬ, ਸਿੰਧ, ਬਲੋਚਿਸਤਾਨ ਅਤੇ ਸਰਹੱਦੀ ਇਲਾਕਿਆਂ 'ਚ ਜਿੰਮੀਦਾਰੀ ਪ੍ਰਥਾ ਕਾਫੀ ਮਜ਼ਬੂਤ ਸੀ। ਇਸ ਕਾਨੂੰਨ ਨੇ ਇਕ ਧੋਖਾ ਖੜਾ ਕੀਤਾ ਜਿਸ ਨਾਲ ਜਮਾਤੀ ਸੰਘਰਸ਼ ਚਲਾਉਣ ਵਾਲੇ ਕਮਿਊਨਿਸ਼ਟਾਂ ਸਾਹਮਣੇ ਕੁਝ ਦਿੱਕਤਾਂ ਪੈਦਾ ਹੋਈਆਂ। 1956-57 'ਚ ਅਵਾਮੀ ਲੀਗ ਦੇ ਐਚ ਐਸ ਸੁਹਰਾਵਾਦੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ। ਉਹਨਾਂ ਦੀ ਰਵਾਇਤੀ ਵਿਦੇਸ਼ ਨੀਤੀ ਨੇ ਸਮਾਜਵਾਦੀ ਵਿਚਾਰਾਂ ਵਾਲੇ ਮੌਲਾਨਾ ਭਸਾਨੀ ਨੂੰ ਅਵਾਮੀਲੀਗ ਛੱਡਣ ਲਈ ਮਜ਼ਬੂਰ ਕੀਤਾ ਅਤੇ ਉਹਨਾਂ ਨੇ ਨੈਸ਼ਨਲ ਅਵਾਮੀ ਪਾਰਟੀ ਨਾਂ ਦੀ ਇਕ ਨਵੀਂ ਪਾਰਟੀ ਜਥੇਬੰਦ ਕੀਤੀ। ਜਨਰਲ ਅਯੂਬ ਖਾਂ ਦੀ ਸਰਕਾਰ ਜਿਵੇਂ ਜਿਵੇਂ ਚੀਨ ਦੇ ਕਰੀਬ ਪਹੁੰਚਦੀ ਗਈ। ਮੌਲਾਨਾ ਭਸਾਨੀ ਦੀ ਸਮਾਜਵਾਦੀ ਰਾਜਨੀਤੀ ਕਮਜ਼ੋਰ ਪੈਂਦੀ ਗਈ ਅਤੇ ਇਸ ਲੜੀ 'ਚ ਮੁਕਾਬਲਤਨ ਇਕ ਇਨਕਲਾਬੀ ਪਾਰਟੀ 'ਕਮਿਊਨਿਸਟ ਪਾਰਟੀ ਆਫ ਈਸਟ ਪਾਕਿਸਤਾਨ (CPEP) ਦਾ ਗਠਨ ਹੋਣ ਲੱਗਿਆ। ਇਸ ਦੌਰਾਨ 1962 ਆਉਂਦੇ ਆਉਂਦੇ ਕੌਮਾਂਤਰੀ ਕਮਿਊਨਿਸ਼ਟ ਸੰਘਰਸ਼ ਦੋ ਧਾਰਾਵਾਂ 'ਚ ਵੰਡਿਆ ਗਿਆ ਸੀ। ਇਸ ਦਾ ਅਸਰ ਸੀ. ਪੀ. ਈ. ਪੀ. 'ਤੇ ਵੀ ਪਿਆ। ਇਸ 'ਚ ਵੀ ਸੋਵੀਅਤ ਸਮਰਥਕ ਤੇ ਚੀਨ ਸਮਰਥਕ ਦੋ ਖੇਮੇ ਬਣ ਗਏ। ਸੋਵੀਅਤ ਸਮਰਥਕ ਖੇਮੇ ਦੀ ਅਗਵਾਈ ਕਾਮਰੇਡ ਮੋਨੀ ਸਿੰਘ ਕਰ ਰਹੇ ਸਨ। ਜੋ ਪੁਰਾਨੇ ਹਿੰਦੂ ਜਿੰਮੀਦਾਰ ਸਨ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਪੁਰਾਣੇ ਮੈਂਬਰ ਸਨ। ਉਹਨਾਂ ਨੇ ਸ਼ਾਂਤੀਪੂਰਨ ਪਾਰਲੀਮਾਨੀ ਰਾਹ ਰਾਹੀਂ ਸਮਾਜਵਾਦ ਦਾ ਟੀਚਾ ਨੂੰ ਹਾਸਲ ਕਰਨ ਦੀ ਲੀਹ ਅਖਤਿਆਰ ਕੀਤੀ। ਸੀ. ਪੀ. ਈ. ਪੀ. ਦੇ ਚੀਨ ਆਰਥਿਕ ਖੇਮੇ ਦੀ ਅਗਵਾਈ ਮੁਹੰਮਦ ਤੋਹਾ ਤੇ ਸੁਖੇਂਦੂ ਦਸਤੀਦਾਰ ਕਰ ਰਹੇ ਸਨ ਤੇ ਉਹਨਾਂ ਨੇ ਇਨਕਲਾਬੀ ਜਮਾਤੀ ਸੰਘਰਸ਼ ਦੀ ਲੀਹ ਅਖਤਿਆਰ ਕੀਤੀ। ਜਿਸ ਨੇ ਅੱਗੇ ਚਲਕੇ ਮਾਓਵਾਦ ਦਾ ਰੂਪ ਲਿਆ। ਦਰਅਸਲ 1967 'ਚ ਸਿਰਾਜ ਸਕਦਰ ਦੀ ਅਗਵਾਈ 'ਚ ਨੌਜਵਾਨ ਕਮਿਊਨਿਸ਼ਟਾਂ ਨੇ ਢਾਕੇ 'ਚ ਇਕ ਮਾਓ

ਵਿਚਾਰ, ਅਧਿਐਨ ਕੇਂਦਰ ਦੀ ਸਥਾਪਨਾ ਕੀਤੀ ਸੀ। ਮਾਓਵਾਦੀ ਰਾਜਨੀਤੀ ਦੀ ਸ਼ੁਰੂਆਤ ਇਸ ਕੇਂਦਰ ਤੋਂ ਹੀ ਹੋਈ। ਬੰਗਲਾ ਦੇਸ਼ ਸੰਘਰਸ਼ ਦੌਰਾਨ ਚੀਨ ਹਮਾਇਤੀ ਸੀ. ਪੀ. ਈ. ਪੀ. ਦੇ ਦੋ ਟੁਕੜੇ ਹੋ ਗਏ। ਇਸ ਸੰਘਰਸ਼ ਦੌਰਾਨ ਸਿਰਾਜ ਸਕਦਰ ਗੁੱਟ ਨੇ ਪਾਕਿਸਤਾਨ ਤੇ ਭਾਰਤ ਦੋਨਾ ਨੂੰ ਬਸਤੀਵਾਦੀ ਤਾਕਤ ਦਸਦਿਆਂ ਇਹਨਾਂ ਦਾ ਵਿਰੋਧ ਕੀਤਾ। ਇਹਨਾਂ ਦਾ ਟੀਚਾ ਪੂਰਬੀ ਬੰਗਾਲ ਲੋਕਰਾਜੀ ਗਣਰਾਜ ਦੀ ਉਸਾਰੀ ਕਰਨਾ ਸੀ ਅਤੇ ਇਸ ਲਈ ਇਹਨਾਂ ਨੇ ਜੂਨ 1971 'ਚ 'ਪੂਰਬੀ ਬੰਗਾਲ ਪ੍ਰੋਲੇਤਾਰੀ ਪਾਰਟੀ' (ਪੀ ਬੀ ਐਸ ਬੀ) ਦਾ ਗਠਨ ਕੀਤਾ। ਬੰਗਲਾਦੇਸ਼ ਬਣਨ ਪਿਛੋਂ ਮੁਜੀਬ ਸਰਕਾਰ ਖਿਲਾਫ਼ ਇਸ ਦਾ ਹਥਿਆਰਬੰਦ ਸੰਘਰਸ਼ ਜਾਰੀ ਰਿਹਾ। ਸਿਕਦਰ ਦੀ ਪਾਰਟੀ ਨੇ ਪਾਕਿਸਤਾਨ ਦੇ ਖਿਲਾਫ਼ ਸੰਘਰਸ਼ ਦੀ ਜਦ ਸ਼ੁਰੂਆਤ ਕੀਤੀ। ਉਸ ਸਮੇਂ ਚੀਨ ਦੀ ਵਿਦੇਸ਼ ਨੀਤੀ ਭਾਰਤ ਦੇ ਖਿਲਾਫ਼ ਪਾਕਿਸਤਾਨ ਨੂੰ ਹਮਾਇਤ ਦੇਣ 'ਚ ਲੱਗੀ ਸੀ। ਸਿਕਦਰ ਨੇ ਅਮਰੀਕੀ ਸਾਮਰਾਜਵਾਦ ਸੋਵੀਅਤ ਸਮਾਜਿਕ ਸਾਮਰਾਜਵਾਦ, ਭਾਰਤੀ ਵਿਸਥਾਰ ਤੇ ਜਾਗੀਰਦਾਰੀ ਖਿਲਾਫ਼ ਸੰਘਰਸ਼ ਛੇੜ ਦਿੱਤਾ ਸੀ।

1968 ਦੇ ਵਿਚਾਲੇ ਰੂਪੋਸ਼ ਰਹਿੰਦਿਆਂ ਪਾਰਟੀਆਂ ਨੇ ਅਨੇਕਾਂ ਕਾਰਵਾਈਆਂ ਕੀਤੀਆਂ। 6 ਮਈ 1970 ਨੂੰ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਇਸ ਗਰੁੱਪ ਨੇ ਢਾਕਾ ਵਿੱਚ ਪਾਕਿਸਤਾਨ ਕੌਂਸਿਲ ਦੇ ਦਫ਼ਤਰ 'ਤੇ ਬੰਬ ਨਾਲ ਹਮਲਾ ਕੀਤਾ। 18 ਜਨਵਰੀ 1970 ਨੂੰ ਇਸ ਨੇ ਢਾਕਾ, ਮੁੰਸ਼ੀਗੰਜ ਤੇ ਮੈਮਨ ਸਿੰਘ 'ਚ ਪੂਰਬੀ ਬੰਗਾਲ ਦਾ ਝੰਡਾ ਲਹਿਰਾਇਆ। ਜਿਹਨਾਂ 'ਚ ਅਕਤੂਬਰ 1970 ਨੂੰ ਪੂਰਬੀ ਪਾਕਿਸਤਾਨ ਦੀਆਂ ਅਨੇਕਾਂ ਇਮਾਰਤਾਂ ਜਿਹਨਾਂ 'ਚ ਅਮਰੀਕੀ ਸੂਚਨਾ ਵੀ ਸ਼ਾਮਲ ਸਨ, ਹਮਲੇ ਕੀਤੇ ਗਏ। 1971 'ਚ ਮੁਕਤੀ ਜੰਗ ਦੀ ਸ਼ੁਰੂਆਤ ਦੇ ਨਾਲ ਹੀ ਪਾਰਟੀ ਨੇ ਥਾਂ ਥਾਂ ਪ੍ਰਤੀਰੋਧ ਇਕਾਈ ਜਥੇਬੰਦ ਕੀਤੀਆਂ। 30 ਅਪ੍ਰੈਲ 1971 ਨੂੰ ਇਹਨਾਂ ਨੇ 'ਪੂਰਬ ਬੰਗਲੌਰ ਹਥਿਆਰਬੰਦ ਦੇਸ਼ ਪ੍ਰੇਮੀ ਫ਼ੌਜ' ਦਾ ਗਠਨ ਕੀਤਾ ਤੇ ਪਾਕਿਸਤਾਨ ਫ਼ੌਜ ਵਿਰੁੱਧ ਹਥਿਆਰਬੰਦ ਸੰਘਰਸ਼ ਚਲਾਇਆ। ਚੀਨ ਸਮਰਥਕ ਗੁੱਟ ਦੇ ਨਾਂ ਨਾਲ ਜਿੰਨੇ ਵੀ ਗੁਟ ਪੂਰਬੀ ਪਾਕਿਸਤਾਨ ਸਰਗਰਮ ਸਮਝੇ ਜਾਂਦੇ ਸਨ। ਉਹਨਾਂ 'ਚੋਂ ਸਿਕਦਰ ਦੀ ਪਾਰਟੀ ਨੇ ਹੀ ਪਾਕਿਸਤਾਨੀ ਸਰਕਾਰ ਖਿਲਾਫ਼ ਸੰਘਰਸ਼ ਚਲਾਇਆ-ਬਾਕੀ ਗੁੱਟਾਂ ਨੇ ਜਾਂ ਤਾਂ ਸਰਕਾਰ ਦਾ ਸਾਥ ਦਿੱਤਾ ਜਾਂ ਚੁੱਪ ਰਹੇ। ਇਸ ਦਾ ਮੁੱਖ ਕਾਰਨ ਸੀ ਕਿ ਚੀਨ ਪੂਰਬੀ ਬੰਗਾਲ ਨੂੰ ਪਾਕਿਸਤਾਨ ਦਾ ਹਿੱਸਾ ਮੰਨਦਾ ਸੀ ਤੇ ਉਸ ਦੇ ਲਿਹਾਜ ਨਾਲ ਉਸ ਖੇਤਰ 'ਚ ਭਾਰਤੀ ਪਸਾਰਵਾਦ ਸਭ ਤੋਂ ਵੱਡਾ ਖ਼ਤਰਾ ਸੀ। 3 ਜੂਨ 1971 ਨੂੰ ਬਾਰਿਸਲ ਜ਼ਿਲ੍ਹੇ 'ਚ 'ਪੂਰਬ ਬੰਗਾਲ ਮਜ਼ਦੂਰ ਪਾਰਟੀ' ਦੇ ਜਥੇਬੰਦ ਹੋਣ ਪਿੱਛੋਂ ਰਵਾਇਤੀ ਤੌਰ 'ਤੇ ਇਕ ਮਾਓਵਾਦੀ ਪਾਰਟੀ ਨੇ ਕੰਮ ਕਰਨਾ ਸ਼ੁਰੂ ਕੀਤਾ। ਬੰਗਲਾ ਦੇਸ਼ ਬਨਣ ਪਿੱਛੋਂ ਮੁਜੀਬ ਸਰਕਾਰ ਨੂੰ ਭਾਰਤ ਦੀ ਕਠਪੁਤਲੀ ਸਰਕਾਰ ਕਿਹਾ ਤੇ ਇਸ ਵਿਰੁੱਧ ਸੰਘਰਸ਼ ਦਾ ਐਲਾਨ ਕੀਤਾ। 14 ਜਨਵਰੀ 1972 ਨੂੰ ਪਾਰਟੀ ਦੀ ਪਹਿਲੀ ਕਾਨਫਰੰਸ ਨੇ ਸਿਕਦਰ ਨੂੰ ਪਾਰਟੀ ਚੇਅਰਮੈਨ ਚੁਣਿਆ। ਅਪ੍ਰੈਲ 1973 'ਚ 11 ਗੁੱਟਾਂ ਨੂੰ ਮਿਲਾ ਕੇ 'ਪੂਰਬ ਬੰਗਲੇਰ ਜਮਾਤੀ ਮੁਕਤੀ ਮੋਰਚਾ' ਨਾਂ ਹੇਠ ਇਕ ਸਾਂਝੇ ਮੋਰਚਾ ਬਣਿਆ। ਇਸ ਪਿਛੋਂ ਪਾਰਟੀ ਨੇ ਹਥਿਆਰ ਬੰਦ ਸੰਘਰਸ਼ ਦਾ ਐਲਾਨ ਕੀਤਾ। ਢਾਕਾ, ਬਰਸਿਲ, ਫਰੀਦਪੁਰ, ਮੈਮਨ ਸਿੰਘ, ਟੰਗੌਲ, ਚਟਗਾਂਵ, ਸਿਲਹਟ ਤੇ ਕੋਮਿਲਾ ਜ਼ਿਲ੍ਹਿਆਂ 'ਚ ਪਾਰਟੀ ਦਾ ਜ਼ਬਰਦਸਤ ਪ੍ਰਭਾਵ ਸੀ। ਢਾਕਾ ਯੂਨੀਵਰਸਿਟੀ 'ਚ ਵੀ

ਭਾਰੀ ਗਿਣਤੀ 'ਚ ਇਸ ਦੇ ਹਮਾਇਤੀ ਸਨ। ਇਸ ਨੇ ਦੇਸ਼ ਭਰ 'ਚ ਅਵਾਮੀ ਲੀਗ ਵਰਕਰਾਂ ਤੇ ਥਾਣਿਆਂ ਉਪਰ ਹਮਲੇ ਕੀਤੇ। ਦਸੰਬਰ 1974 'ਚ ਰਾਜ ਦੇ ਖੁਫੀਆ ਵਿਭਾਗ ਨੇ ਸਿਰਾਜ ਸਕਦਰ ਨੂੰ ਗ੍ਰਿਫ਼ਤਾਰ ਕਰ ਲਿਆ। 2 ਜਨਵਰੀ 1975 ਨੂੰ ਢਾਕਾ ਹਵਾਈ ਅੱਡੇ ਤੋਂ ਇਕ ਅਰਥਫ਼ੌਜੀ ਕੈਂਪ ਲਿਜਾਂਦੇ ਸਮੇਂ ਉਹਨਾਂ ਦੀ ਹੱਤਿਆ ਕਰਤੀ। ਪਾਰਟੀ 'ਚ ਫੇਰ ਫੁਟ ਪਈ ਪਰ ਮੂਲ ਪਾਰਟੀ ਅਜੇ ਵੀ ਰੂ-ਪੋਸ਼ ਤੇ ਸਰਗਰਮ ਹੈ।

# ਪੂੰਜੀ ਦੀ ਕੁਦਰਤ ਨਾਲ ਅੰਤਰਵਿਰੋਧਤਾਈ ਕੀ ਹੈ?

ਤੱਥਾਂ ਰਾਹੀਂ ਸੱਚ ਦੀ ਤਲਾਸ਼ ਇਕ ਮਾਰਕਸੀ-ਲੈਨਿਨੀ ਵਿਧੀ ਹੈ। ਅੱਜ ਵਾਤਾਵਰਣ ਦਾ ਵਿਨਾਸ਼ ਜਿਸ ਤਰ੍ਹਾਂ ਦੀ ਭਿਅੰਕਰ ਸਥਿਤੀ (ਪੜਾਅ) 'ਤੇ ਪਹੁੰਚ ਗਿਆ ਹੈ ਤੇ ਵਿਸ਼ਵੀ ਗਰਮਾਹਟ (ਦੁਨੀਆਂ ਦੇ ਗਰਮ ਹੋਣ ਦਾ ਅਮਲ) ਖ਼ਤਰਨਾਕ ਤੌਰ 'ਤੇ ਤੇਜ ਹੋ ਗਈ ਹੈ। ਇਸ ਦੇ ਅੰਕੜਿਆਂ ਨੂੰ ਵੱਖ-ਵੱਖ ਦਸਤਾਵੇਜ਼ਾਂ 'ਚ ਸ਼ਾਮਲ ਕੀਤਾ ਗਿਆ ਹੈ ਅਤੇ ਪੂਰੀ ਦੁਨੀਆਂ 'ਚ ਇਸ ਵਿਸ਼ੇ 'ਤੇ ਗੰਭੀਰ ਅਧਿਐਨ ਕੀਤਾ ਜਾ ਰਿਹਾ ਹੈ। ਜੇ ਆਲਮੀ ਤਪਸ਼ ਦਾ ਇਹ ਮੌਜੂਦਾ ਦੌਰ ਜਾਰੀ ਰਿਹਾ ਤਾਂ ਅਗਲੇ 30 ਸਾਲਾਂ ਅੰਦਰ ਗਰਮੀ ਦੇ ਮਹੀਨਿਆਂ 'ਚ ਉਤਰੀ ਧਰੁਵ ਦਾ ਜ਼ਿਆਦਾਤਰ ਹਿੱਸਾ ਬਰਫ਼ ਰਹਿਤ ਹੋ ਜਾਵੇਗਾ। ਯਾਨੀ ਕਿ ਜਲਵਾਯੂ ਤਬਦੀਲੀ ਮੁਲਅੰਕਣ ਰੀਪੋਟ ਤਿਆਰ ਕਰਨ ਲਈ ਗਠਿਤ ਅੰਤਰ-ਸਰਕਾਰੀ ਪੈਨਲ ਵੱਲੋਂ ਅਨੁਮਾਨਿਤ ਸਮੇਂ ਤੋਂ ਚਾਲੀ ਸਾਲ ਪਹਿਲਾਂ ਹੀ ਇਹ ਸਥਿਤੀ ਉਸਰ ਜਾਵੇਗੀ। ਸਭ ਦੀ ਰਾਇ ਇਹ ਹੈ ਕਿ ਪਿਛਲੀ ਵਾਰੀ ਅੱਜ ਤੋਂ ਇਕ ਲੱਖ 40 ਹਜ਼ਾਰ ਸਾਲ ਪਹਿਲਾਂ ਉਤਰੀ ਧਰੁਵ ਬਰਫ਼ ਰਹਿਤ ਹੁੰਦਾ ਸੀ। ਇਹ ਪਿਛਲੇ ਵੱਡੇ ਅੰਤਰ ਗਲੈਸ਼ੀਅਰ ਕਾਲ ਦੀ ਚਰਮ ਸੀਮਾ ਸੀ। ਉਤਰੀ ਧਰੁਵ ਦੀ ਬਰਫ ਦਾ ਅੰਤ ਕਰ ਦੇਣ ਵਾਲਾ ਅੰਤ ਸਾਨੂੰ ਜਾਗਰੂਕ ਕਰਨ ਦਾ ਸੰਕੇਤ ਹੈ ਕਿ ਜਲਵਾਯੂ ਤਬਦੀਲੀ ਨੇ ਦਸਤਕ ਦੇ ਦਿੱਤੀ ਹੈ ਤੇ ਵਿਨਾਸ਼ਕਾਰੀ ਅਸਰ ਪਾ ਰਹੀ ਹੈ।

ਜਲਵਾਯੂ ਮਾਡਲ ਦਰਸਾਉਂਦਾ ਹੈ ਕਿ ਸਮੁੰਦਰੀ ਬਰਫ਼ 'ਚ ਆ ਰਹੀ ਕਮੀ ਮਨੁੱਖ ਵਲੋਂ ਉਸਾਰੀ ਸੰਸਾਰ ਵਿਆਪੀ ਤਪਸ਼ ਨਾਲ ਜੁੜੀ ਹੋਈ ਹੈ। ਜੋ ਸਕਲਤਾ ਪ੍ਰਭਾਵ ਕਾਰਣ, ਜੋ ਸਤਹਿ ਦੀ ਪਰਾਏਵਰਤਨ ਦੀ ਸ਼ਕਤੀ ਨਾਲ ਸਬੰਧਤ ਹੈ। ਉਤਰੀ ਧਰੁਵ 'ਚ ਖ਼ਾਸ ਤੌਰ 'ਤੇ ਵੱਧ ਸਪਸ਼ਟ ਨਜ਼ਰ ਆਉਂਦੀ ਹੈ। ਵੱਖਰੀਆਂ ਕੀਤੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਉਤਰ ਧਰੁਵ ਤੇ ਬਰਫ਼ ਘੱਟ ਹੁੰਦੀ ਜਾ ਰਹੀ ਹੈ। ਇਸ ਦਾ ਖੇਤਰਫਲ ਘਟਦਾ ਜਾ ਰਿਹਾ ਹੈ ਅਤੇ ਇਸ ਦੀ ਪਰਤ ਦੀ ਮੋਟਾਈ ਪਤਲੀ ਹੁੰਦੀ ਜਾ ਰਹੀ ਹੈ। ਵੱਖ-ਵੱਖ ਅਧਿਐਨਾ ਤੋਂ ਸੰਕੇਤ ਮਿਲ ਰਿਹਾ ਹੈ ਕਿ ਵਿਸ਼ਵੀ ਤਪਸ਼ ਦਾ ਪੱਧਰ ਹਰ ਸਾਲ ਵਧਦਾ ਜਾ ਰਿਹਾ ਹੈ। ਇਸ ਲਈ ਵੱਡੀ ਗਿਣਤੀ 'ਚ ਵਿਗਿਆਨੀ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਜੇ ਵਾਤਾਵਰਣ ਦਾ ਵਿਨਾਸ਼, ਕਾਰਬਨ ਗੈਸਾਂ ਦਾ ਨਿਕਲਣਾ ਤੇ ਇਸ ਦੇ ਸਿੱਟੇ ਵਜੋਂ ਹੋਣ ਵਾਲੇ ਵਿਸ਼ਵੀ ਘੁਸ ਦੇ ਅਮਲ ਨੂੰ ਉਲਟਾਇਆ ਨਹੀਂ ਗਿਆ ਤਾਂ ਸੋ ਸਾਲ ਅੰਦਰ ਹੀ ਅਜਿਹੀਆਂ ਹਾਲਤਾਂ ਪੈਦਾ ਹੋ ਜਾਣਗੀਆਂ ਕਿ ਧਰਤੀ 'ਤੇ ਮਨੁੱਖ ਜਾਤੀ ਦੀ ਹੋਂਦ ਬਣਾਈ ਰੱਖਣੀ ਲਗਭਗ ਅਸੰਭਵ ਹੋ ਜਾਵੇਗੀ। ਪੂੰਜੀਵਾਦੀ ਪ੍ਰਬੰਦ ਦੇ ਜਨਮ ਤੇ ਇਸ ਦੇ ਅਸਰ ਦਾ ਵਿਸਲੇਸ਼ਣ ਕਰਦਿਆਂ ਫ੍ਰੇਡਰਿਕ ਏਂਗਲਸ ਨੇ 'ਕੁਦਰਤ 'ਚ ਦਵੰਦ' ਨਾਮਕ ਪੁਸਤਕ 'ਚ ਇਹ ਦੱਸਿਆ ਹੈ ਕਿ ਪੂੰਜੀਵਾਦ ਨੇ ਕੁਦਰਤ ਤੇ ਮਨੁੱਖ ਜਾਤੀ ਵਿਚਕਾਰ ਰਿਸ਼ਤੇ ਨੂੰ ਦੁਸ਼ਮਣਾ ਬਣਾ ਦਿੱਤਾ ਹੈ ਅਤੇ ਜਦ ਪੂੰਜੀਵਾਦ ਅੱਗੇ ਚੱਲ ਕੇ ਇਜ਼ਾਰੇਦਾਰ ਪੂੰਜੀਵਾਦ 'ਚ ਯਾਨੀ ਕਿ ਸਾਮਰਾਜ 'ਚ ਤਬਦੀਲ ਹੋ ਗਿਆ ਤਾਂ ਕੁਦਰਤ ਦੀ ਇਹ ਲੁੱਟ ਕਈ ਗੁਣਾ ਹੋਰ ਤੇਜ ਹੋ ਗਈ। ਅੱਜ ਨਵ-ਉਦਾਰਵਾਦੀ ਨੀਤੀਆਂ ਦੇ ਤਹਿਤ ਕੁਦਰਤ ਦੀ ਲੁੱਟ-ਘਸੁੱਟ ਸਿਰੇ ਤੱਕ ਪਹੁੰਚ ਗਈ ਹੈ। ਵਿਕਾਸ ਦਾ ਲੇਬਲ ਲਾ ਕੇ ਅਸਲ 'ਚ ਕੁਦਰਤ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਕਾਰਲ ਮਾਰਕਸ ਨੇ ਇਸ ਗੱਲ ਦਾ ਜ਼ਿਕਰ ਕੀਤਾ

ਸੀ ਤੇ ਫੈਡ੍ਰਿਕ ਏਂਗਲਸ ਨੇ ਅੱਗੇ ਇਸ ਦੀ ਵਿਆਖਿਆ ਕੀਤੀ ਸੀ ਕਿ ਕੁਦਰਤ ਦੇ ਨਾਲ ਰਿਸ਼ਤੇ ਨੂੰ ਮਿੱਤਰਤਾ ਪੂਰਨ ਬਣਾਈ ਰੱਖਣਾ ਬੇਹੱਦ ਜ਼ਰੂਰੀ ਹੈ ਪਰ ਜਦ ਮਜ਼ਦੂਰ ਜਮਾਤ ਨੇ ਰਾਜਸੀ ਦਖਲ ਦਿੱਤਾ ਅਤੇ ਵਿਕਾਸ ਨੀਤੀਆਂ ਉਪਰ ਅਮਲ ਕਰਨਾ ਸ਼ੁਰੂ ਕੀਤਾ ਤਾਂ ਸਾਮਰਾਜੀ ਵਿਕਾਸ ਨੀਤੀ ਦੇ ਮੁਕਾਬਲੇ ਇਕ ਬਦਲਵੀਂ ਵਿਕਾਸ ਨੀਤੀ ਤਲਾਸ਼ਣ ਦੀ ਬਜਾਏ ਇਥੇ ਵੀ ਜੀ. ਡੀ. ਪੀ. (ਕੁਲ ਘਰੇਲੂ ਪੈਦਾਵਾਰ) ਤੇ ਪੈਦਾਵਾਰ ਟੀਚੇ ਨੂੰ ਹਾਸਲ ਕਰਨ ਦੇ ਬਹਾਨੇ ਅਕਸਰ ਹੀ ਸਾਮਰਾਜੀ ਦੇਸ਼ਾਂ ਵਲੋਂ ਅਪਣਾਈ ਗਈ ਵਿਕਾਸ ਨੀਤੀ ’ਤੇ ਹੀ ਕੁਲ ਮਿਲਾ ਕੇ ਅਮਲ ਕੀਤਾ ਗਿਆ। ਇਸ ਲਈ ਜਦ ਵਾਤਾਵਰਣ ਵਿਨਾਸ਼ ਦੇ ਭਿਅੰਕਰ ਸਿੱਟੇ ਸਾਹਮਣੇ ਆਉਣ ਲੱਗੇ ਤੇ ਕਈ ਅਜ਼ਾਦ ਏਜੰਸੀਆਂ ਤੇ ਅੱਗੇ ਚਲ ਕੇ ਸਵੈ ਸੇਵੀ ਸੰਗਠਨਾ ਨੇ ਵਾਤਾਵਰਣ ਦੀ ਸਮੱਸਿਆ ਨੂੰ ਉਠਾਉਣਾ ਤੇ ਇਸ ਦਾ ਚੈਂਪੀਅਨ ਬਣਨਾ ਸ਼ੁਰੂ ਕੀਤਾ ਤਾਂ ਸਾਬਕਾ ਸਮਾਜਵਾਦੀ ਦੇਸ਼ਾਂ ਤੇ ਬਹੁਤੀਆਂ ਕਮਿਊਨਿਸਟ ਪਾਰਟੀਆਂ ਨੇ ਅੰਤਰ ਮੁਖੀ ਭੌਤਿਕਵਾਦੀ ਢੰਗਾਂ ਨਾਲ ਵਾਤਾਵਰਣ ਦੀ ਸਮੱਸਿਆ ਦੇ ਜ਼ਿਕਰ ਮਾਤਰ ਦਾ ਮਜ਼ਾਕ ਉਡਾਇਆ ਸੀ ਕਿਉਂਕਿ ਸਾਬਕਾ ਸਮਾਜਵਾਦੀ ਦੇਸ਼ ਪੂੰਜੀਪਤੀ ਰਾਹ ’ਚ ਤਬਦੀਲ ਹੋ ਗਏ ਸਨ ਅਤੇ ਜ਼ਿਆਦਾਤਰ ਕਮਿਊਨਿਸਟ ਨਾਂ ਦੀਆਂ ਪਾਰਟੀਆਂ ਨੇ ਸੋਧਵਾਦੀ ਰਾਹ ਅਪਣਾ ਲਿਆ ਸੀ। ਜੋ ਵੀ ਵਾਤਾਵਰਣ ਦੀ ਸਮੱਸਿਆ ਬਾਰੇ ਕੋਈ ਗੱਲ ਕਰਦਾ, ਉਸਦੀ ਆਲੋਚਨਾ ਕਰਦੇ। ਇਹ ਲੋਕ ਉਸ ਨੂੰ ਵਾਤਾਵਰਣ ਕੱਟੜਵਾਦੀ ਜਾਂ ਸਾਮਰਾਜਵਾਦ ਦਾ ਏਜੰਟ ਦੱਸਣ ਲੱਗਦੇ। ਇਹਨਾਂ ਦਾ ਤਰਕ ਹੈ ਕਿ ਇਹ ‘ਵਾਧੂ ਦੇਸ਼ਾਂ ਦੇ ਤੇਜ ਵਿਕਾਸ ਦੀ ਰਾਹ ’ਚ ਅੜਿੱਕੇ ਪੈਦਾ ਕਰ ਰਹੇ ਹਨ। ਜਿੱਥੋਂ ਤੱਕ ਸਾਮਜਸੇਵੀ ਸੰਗਠਨਾ (NGO) ਦਾ ਸਬੰਧ ਹੈ। ਉਹ ਵਾਤਾਵਰਣ ਦੀ ਸਮੱਸਿਆ ਇਕ ਦਾਇਰੇ ’ਚ ਸੀਮਾ ਬੱਧ ਰੱਖਦੇ ਹਨ। ਜਿਵੇਂ ਕਿਤੇ ਇਸ ਦਾ ਹੱਲ ਸੁਧਾਰਵਾਦੀ ਤਰੀਕੇ ਨਾਲ ਸਾਮਰਾਜੀ ਪ੍ਰਬੰਦ ਹੇਠ ਰਹਿ ਕੇ ਹੀ ਕੀਤਾ ਜਾ ਸਕਦਾ ਹੈ।

ਇਸ ਹਾਲਤ ’ਚ ਵਾਤਾਵਰਣ ਵਿਨਾਸ਼ ਦੇ ਮੁੱਦੇ ਨੂੰ ਉਠਾਇਆ ਜਾਣਾ ਚਾਹੀਦਾ ਹੈ ਤੇ ਕਮਿਊਨਿਸਟਾਂ ਨੂੰ ਵਾਤਾਵਰਣ ਵਿਨਾਸ਼ ਵਿਰੁੱਧ ਸੰਘਰਸ਼ਾਂ ਨੂੰ ਅਗਵਾਈ ਮੁਹੱਈਆ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੇ ਦੇਸ਼ ’ਚ ਸਰਗਰਮ ਭੂਮਿਕਾ ਅਦਾ ਕਰਨ ਲੱਗੇ ਹਾਂ। 1986-87 ’ਚ ਕੇਰਲਾ ’ਚ ਬਣਾਏ ਜਾ ਰਹੇ ਪ੍ਰਮਾਣੂ ਬਿਜਲੀ ਘਰ ਬਣਾਏ ਜਾਣ ਖਿਲਾਫ਼ ਸੰਘਰਸ਼ ਹੋਇਆ ਸੀ। ਪੂੰਜੀ ਤੇ ਕੁਦਰਤ ਵਿਚਕਾਰ ਅੰਤਰ ਵਿਰੋਧਾਂ ਨੇ ਦੁਨੀਆਂ ਦੇ ਪੈਮਾਨੇ ’ਤੇ ਇਕ ਮੁੱਖ ਅੰਤਰ ਵਿਰੋਧਤਾਈ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਸੰਸਾਰ ਮਜ਼ਦੂਰ ਇਨਕਲਾਬ ਦੀ ਸਫਲਤਾ ਲਈ ਇਸ ਦਾ ਹੱਲ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਮੁਦੇ ’ਤੇ ਕੁੱਝ ਬਿਆਨ ਜਾਰੀ ਕਰਨ ਜਾਂ ਅਤੇ ਪਾਸ ਕਰਨ ਤਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ। ਅਜਿਹਾ ਕਰਨ ਦਾ ਮਤਲਬ ਹੋਵੇਗਾ ਵਾਤਾਵਰਣ ਵਿਨਾਸ਼ ਦੇ ਖਿਲਾਫ਼ ਸੰਘਰਸ਼ ਨੂੰ ਐਨ. ਜੀ. ਓ. ਦੀ ਰਹਿਮ ਦਿਲੀ ਆਸਰੇ ਛੱਡਣਾ। ਸਿਧਾਂਤਕ ਤੇ ਅਮਲੀ ਪੱਧਰਾਂ ’ਤੇ ਇਨਕਲਾਬੀਆਂ ਨੂੰ ਇਸ ਦੀ ਅਗਵਾਈ ਸਾਂਭਣੀ ਚਾਹੀਦੀ ਹੈ। ਕੁਦਰਤ ਦਾ ਵਿਨਾਸ਼ ਕਰਨ ਵਾਲੀਆਂ ਤਾਕਤਾਂ ਖਿਲਾਫ਼ ਸੰਘਰਸ਼ ’ਚ ਇਨਕ ਪਾਰਟੀ ਨੂੰ ਅਗਲੀ ਕਤਾਰ ’ਚ ਖੜ੍ਹਨਾ ਚਾਹੀਦਾ ਹੈ।